# BANI SANSAR VICH BIRHA SAMVEDNA DE VIBHIN PASAR (BABA FARID, GURU NANAK ATE GURU ARJAN DEV DE PARIPEKH VICH)

## ਬਾਣੀ ਸੰਸਾਰ ਵਿਚ ਬ੍ਰਿਹਾ ਸੰਵੇਦਨਾ ਦੇ ਵਿਭਿੰਨ ਪਾਸਾਰ (ਬਾਬਾ ਫ਼ਰੀਦ, ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਦੇ ਪਰਿਪੇਖ ਵਿਚ)

**A Thesis**

Submitted to the
FACULTY OF ARTS
PANJAB UNIVERSITY, CHANDIGARH
For the degree of

P.U. LIBRARY CHANDIGARH

**DOCTOR OF PHILOSOPHY**

**2010**

**GIAN SINGH**

**GURU NANAK SIKH STUDIES DEPARTMENT**
**PANJAB UNIVERSITY CHANDIGARH**

# BANI SANSAR VICH BIRHA SAMVEDNA DE VIBHIN PASAR
## (BABA FARID, GURU NANAK ATE GURU ARJAN DEV DE PARIPEKH VICH)

# ਬਾਣੀ ਸੰਸਾਰ ਵਿਚ ਬ੍ਰਿਹਾ ਸੰਵੇਦਨਾ ਦੇ ਵਿਭਿੰਨ ਪਾਸਾਰ
## (ਬਾਬਾ ਫ਼ਰੀਦ, ਗੁਰੂ ਨਾਨਕ ਅਤੇ ਗੁਰੂ ਅਰਜਨ ਦੇਵ ਦੇ ਪਰਿਪੇਖ ਵਿਚ)

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੀ ਆਰਟਸ ਫੈਕਲਟੀ
ਦੇ ਅੰਤਰਗਤ ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ

**ਸ਼ੋਧ-ਪ੍ਰਬੰਧ**

2010

ਖੋਜਾਰਥੀ
ਗਿਆਨ ਸਿੰਘ

ਗੁਰੂ ਨਾਨਕ ਸਿੱਖ ਅਧਿਐਨ ਵਿਭਾਗ
**ਪੰਜਾਬ ਯੂਨੀਵਰਸਿਟੀ ਚੰਡੀਗੜ੍ਹ**

# ਤਤਕਰਾ


| | | ਪੰਨਾ ਨੰਬਰ |
|---|---|---|
| | ਭੂਮਿਕਾ | ੳ—ਅ |
| ਅਧਿਆਇ ਪਹਿਲਾ : | | |
| | ਪੰਜਾਬੀ ਕਾਵਿ ਚਿੰਤਨ ਵਿਚ ਬ੍ਰਿਹਾ ਦੀ ਸੰਵੇਦਨਾ | 1—67 |
| ਅਧਿਆਇ ਦੂਜਾ : | | |
| | ਫ਼ਰੀਦ ਬਾਣੀ ਦੀ ਬ੍ਰਿਹਾ ਸੰਵੇਦਨਾ | 68—136 |
| ਅਧਿਆਇ ਤੀਜਾ : | | |
| | ਗੁਰੂ ਨਾਨਕ ਬਾਣੀ ਦੀ ਬ੍ਰਿਹਾ ਸੰਵੇਦਨਾ | 137—180 |
| ਅਧਿਆਇ ਚੌਥਾ : | | |
| | ਗੁਰੂ ਅਰਜਨ ਬਾਣੀ ਦੀ ਬ੍ਰਿਹਾ ਸੰਵੇਦਨਾ | 181—247 |
| | ਨਿਸ਼ਕਰਸ਼ | 248—268 |
| | ਸਹਾਇਕ ਪੁਸਤਕ-ਸੂਚੀ | 269—281 |


*****

# ਭੂਮਿਕਾ

ਅਧਿਆਤਮਕ ਕਾਵਿ-ਚਿੰਤਨ ਦਾ ਕੇਂਦਰੀ ਥੀਮ ਪ੍ਰਭੂ ਪ੍ਰਾਪਤੀ ਲਈ ਕਰਮਸ਼ੀਲ ਰਹਿਣਾ ਹੈ, ਆਪਣੀ ਹੋਂਦ ਨੂੰ ਪਾਰਗਾਮੀ ਬਿੰਦੂ ਤੀਕ ਲਿਜਾ ਕੇ ਅਭੇਦਤਾ ਦੀ ਸਥਿਤੀ ਪ੍ਰਾਪਤ ਕਰਨਾ ਹੈ। ਇਹੀ ਇਸ ਕਾਵਿ ਚਿੰਤਨ ਦਾ ਮੂਲ ਮਸਲਾ ਹੈ। ਇਹ ਕਾਵਿ-ਚਿੰਤਨ ਇਸ ਧਰਾਤਲ ਉਪਰ ਵਿਚਰਦਾ ਹੈ ਕਿ ਮਨੁੱਖ ਅਤੇ ਪਰਮਾਤਮਾ ਇਕ ਅਭੇਦਤਾ ਵਿਚ ਸਨ। ਇਹ ਅਭੇਦਤਾ ਜਦੋਂ ਖੰਡਿਤ ਹੁੰਦੀ ਹੈ ਤਾਂ ਮਨੁੱਖ ਆਵਾਗੌਣ ਵਿਚ ਭਟਕਦਾ ਹੈ। ਆਵਾਗੌਣ ਦੀ ਸਥਿਤੀ ਵਿਚ ਮਨੁੱਖਾ ਜਨਮ ਹੀ ਇਕੋ ਇਕ ਮਾਰਗ ਹੈ, ਜਿਸ ਰਾਹੀਂ ਮਨੁੱਖ ਮੁੜ ਪ੍ਰਭੂ ਵਿਚ ਅਭੇਦ ਹੋ ਸਕਦਾ ਹੈ। ਇਸ ਅਭੇਦਤਾ ਨੂੰ ਪ੍ਰਾਪਤ ਕਰਨ ਲਈ ਧਰਮ-ਚਿੰਤਨ ਵਿਚ ਵਿਭਿੰਨ ਵਿਚਾਰਧਾਰਾਵਾਂ ਹਨ ਜੋ ਮਨੁੱਖ ਲਈ ਦਿਸ਼ਾ ਨਿਰਧਾਰਿਤ ਕਰਦੀਆਂ ਹਨ। ਹਰ ਧਰਮ ਇਸ ਰਹੱਸ ਉਪਰ ਕੇਂਦਰਿਤ ਹੈ ਕਿ ਮਨੁੱਖ ਅੰਦਰ ਜਿੰਨੀ ਦੇਰ ਤਕ ਬ੍ਰਿਹਾ ਨਹੀਂ ਉਪਜਦਾ, ਉਨੀ ਦੇਰ ਤਕ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ। ਬ੍ਰਿਹਾ ਸੰਵੇਦਨਾ ਇਸ ਚੇਤਨਾ ਦੀ ਪ੍ਰਤੀਕ ਹੈ ਕਿ ਮਨੁੱਖ ਅੰਦਰ ਪ੍ਰਭੂ ਪ੍ਰੀਤਮ ਨੂੰ ਮਿਲਣ ਦੀ ਤਾਂਘ ਪੈਦਾ ਹੋ ਗਈ ਹੈ। ਇਸ ਤਾਂਘ ਰਾਹੀਂ ਹੀ ਮਨੁੱਖ ਹਰ ਛਿੰਨ੍ਹ ਆਪਣੇ ਪ੍ਰੀਤਮ ਨੂੰ ਯਾਦ ਕਰਦਾ ਹੈ। ਅਧਿਆਤਮਕ ਚਿੰਤਨ ਵਿਚ ਬ੍ਰਿਹਾ ਭਾਵ ਬੜੇ ਮੁੱਲਵਾਨ ਮੰਨੇ ਗਏ ਹਨ। ਇਹ ਭਾਵ ਪ੍ਰਭੂ ਚੇਤਨਾ ਦੇ ਪ੍ਰਤੀਕ ਹੈ। ਮਧਕਾਲੀ ਪੰਜਾਬੀ ਅਧਿਆਤਮਕ ਕਾਵਿ ਵਿਚ ਇਹ ਬ੍ਰਿਹਾ ਸੰਵੇਦਨਾ ਬੜੀ ਸ਼ਿੱਦਤ ਨਾਲ ਪ੍ਰਗਟ ਹੋਈ ਹੈ। ਇਸ ਸੰਵੇਦਨਾ ਰਾਹੀਂ ਹੀ ਸਮੁੱਚੇ ਅਧਿਆਤਮਕ ਕਾਵਿ ਦੀ ਰਚਨਾਤਮਕ ਪ੍ਰਾਪਤੀ ਹੋਈ ਹੈ।

ਸਾਡੇ ਸ਼ੋਧ ਪ੍ਰਬੰਧ ਦਾ ਮੂਲ ਸਰੋਕਾਰ ਅਧਿਆਤਮਕ ਚਿੰਤਨ ਦੀ ਇਸ ਬ੍ਰਿਹਾ ਸੰਵੇਦਨਾ ਦਾ ਵਿਵੇਚਨ ਕਰਨਾ ਹੈ। ਆਪਣੇ ਇਸ ਵਿਸ਼ੇ ਨੂੰ ਅਸੀਂ ਤਿੰਨ ਮਹਾਨ ਅਧਿਆਤਮਕ ਕਵੀਆਂ ਉਪਰ ਕੇਂਦਰਿਤ ਕੀਤਾ ਹੈ। ਪਹਿਲੇ ਅਧਿਆਇ ਵਿਚ ਸਾਰੀ ਅਧਿਆਤਮਕ ਕਾਵਿ ਧਾਰਾ ਦੇ ਬ੍ਰਿਹਾ-ਬਿੰਬ ਦਾ ਵਿਸ਼ਲੇਸ਼ਣ ਕੀਤਾ ਹੈ। ਸੂਫੀ, ਬਾਣੀਕਾਰ, ਕਿੱਸਾਕਾਰਾਂ ਅਤੇ ਆਧੁਨਿਕ ਕਵੀਆਂ ਦੀਆਂ ਰਚਨਾਵਾਂ ਵਿਚੋਂ ਅਸੀਂ ਬ੍ਰਿਹਾ ਰੰਗ ਦੀ ਪ੍ਰਤੀਤੀ ਕੀਤੀ ਹੈ। ਸ਼ੋਧ ਕਾਰਜ ਵਿਚ ਬਾਬਾ ਫਰੀਦ, ਗੁਰੂ ਨਾਨਕ ਅਤੇ ਗੁਰੂ ਅਰਜਨ ਬਾਣੀ ਦੇ ਝਰੋਖੇ ਵਿਚੋਂ ਬ੍ਰਿਹਾ ਸੰਵੇਦਨਾ ਦੀ ਪਛਾਣ

ਕੀਤੀ ਹੈ। ਇਕ ਤੱਥ ਉਪਰ ਸਾਰੀ ਬਾਣੀ ਕੇਂਦਰਿਤ ਹੈ ਕਿ ਜੇ ਬ੍ਰਿਹਾ ਭਾਵ ਨਹੀਂ ਹਨ ਤਾਂ ਮਾਇਆ ਦਾ ਪਾਸਾਰਾ ਹੈ। ਇਹ ਭਾਵ ਜਦੋਂ ਜਾਗਦੇ ਹਨ ਤਾਂ ਮਨੁੱਖ ਅਤੇ ਪ੍ਰਮਾਤਮਾ ਦਾ ਮਿਲਾਪ ਹੁੰਦਾ ਹੈ। ਬ੍ਰਿਹਾ ਮਿਲਾਪ ਵੱਲ ਪੁੱਟਿਆ ਪਹਿਲਾ ਕਦਮ ਹੈ। ਇਸ ਬ੍ਰਿਹਾ ਦੀ ਅਗਨੀ ਅਤੇ ਪੀੜਾ ਨੂੰ ਅਸੀਂ ਬਾਣੀਕਾਰਾਂ ਦੀ ਬਾਣੀ ਵਿਚੋਂ ਲੱਭਿਆ ਹੈ। ਇਕ ਤਰ੍ਹਾਂ ਨਾਲ ਸਾਡਾ ਅਧਿਐਨ ਬਾਣੀ ਦਾ ਸਾਮੱਗਰ ਬਿੰਬ ਬਣ ਗਿਆ ਹੈ।

ਮੇਰੇ ਇਸ ਸ਼ੋਧ ਕਾਰਜ ਵਿਚ ਮੇਰੇ ਨਿਗਰਾਨ ਡਾ. ਜਸਪਾਲ ਕੌਰ ਕਾਂਗ, ਚੇਅਰਪਰਸਨ, ਗੁਰੂ ਨਾਨਕ ਸਿੱਖ ਸਟੱਡੀਜ਼ ਦਾ ਯੋਗਦਾਨ ਬੜਾ ਮੁੱਲਵਾਨ ਹੈ। ਮੈਂ ਉਨ੍ਹਾਂ ਦਾ ਧੰਨਵਾਦ ਪ੍ਰਗਟ ਕਰਦਾ ਹਾਂ।

ਮੈਂ ਧੰਨਵਾਦੀ ਹਾਂ ਆਪਣੇ ਪਰਿਵਾਰ ਦੇ ਸਾਰੇ ਮੈਂਬਰਾਂ, ਸਾਥੀ ਦੋਸਤਾਂ, ਆਪਣੇ ਸਹਿਯੋਗੀਆਂ, ਰਿਸ਼ਤੇਦਾਰਾਂ ਦਾ, ਜਿਨ੍ਹਾਂ ਨੇ ਮੈਨੂੰ ਪਰਿਵਾਰਿਕ ਰੁਝੇਵਿਆਂ ਤੋਂ ਦੂਰ ਰਖ ਕੇ ਮੈਨੂੰ ਮੇਰੇ ਇਸ ਸ਼ੋਧ ਕਾਰਜ ਨੂੰ ਨੇਪਰੇ ਚਾੜ ਸਕਣ ਵਿਚ ਹਮੇਸ਼ਾਂ ਮੇਰੀ ਮਦਦ ਕੀਤੀ ਹੈ।

ਮੈਂ ਧੰਨਵਾਦੀ ਹਾਂ ਆਪਣੇ ਵਿਭਾਗ ਵਿਚ ਕਾਰਜਰਤ ਕਰਮਚਾਰੀਆਂ ਦਾ, ਜਿਨ੍ਹਾਂ ਨੇ ਮੈਨੂੰ ਇਸ ਕਾਰਜ ਨੂੰ ਪੂਰਾ ਕਰਨ ਲਈ ਹਰ ਸਮੇਂ ਉਤਸ਼ਾਹ ਅਤੇ ਪ੍ਰੇਰਨਾ ਦਿੱਤੀ ਅਤੇ ਹਰ ਪ੍ਰਕਾਰ ਦੀ ਪ੍ਰਬੰਧਕੀ ਔਕੜ ਤੋਂ ਵੀ ਦੂਰ ਰੱਖਿਆ ਹੈ।

ਮੈਂ ਉਨ੍ਹਾਂ ਸਾਰੇ ਵਿਦਵਾਨਾਂ ਦਾ ਵੀ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀਆਂ ਪੁਸਤਕਾਂ ਅਤੇ ਸੁਝਾਵਾਂ ਸਦਕਾ ਮੈਂ ਆਪਣੇ ਇਸ ਸ਼ੋਧ ਕਾਰਜ ਨੂੰ ਨੇਪਰੇ ਚਾੜ੍ਹ ਸਕਣ ਵਿਚ ਸਫਲ ਹੋ ਸਕਿਆ ਹਾਂ।

ਅੰਤ ਵਿਚ ਮੈਂ ਧੰਨਵਾਦੀ ਹਾਂ ਸ੍ਰੀ ਜਗਦੀਸ਼ ਸਿੰਘ ਦਾ, ਜਿਨ੍ਹਾਂ ਨੇ ਮੇਰੇ ਇਸ ਸ਼ੋਧ-ਕਾਰਜ ਨੂੰ ਅੱਖਰੀ ਜਾਮਾ ਪਹਿਨਾਇਆ ਹੈ।

ਗਿਆਨ ਸਿੰਘ 8/9/2010

(ਗਿਆਨ ਸਿੰਘ)

# ਅਧਿਆਇ ਪਹਿਲਾ

# ਪੰਜਾਬੀ ਕਾਵਿ ਚਿੰਤਨ
# ਵਿਚ
# ਬ੍ਰਿਹਾ ਦੀ ਸੰਵੇਦਨਾ

2

# ਪੰਜਾਬੀ ਕਾਵਿ ਸਾਹਿਤ ਚਿੰਤਨ ਵਿਚ ਬ੍ਰਿਹਾ ਦੀ ਸੰਵੇਦਨਾ

ਮਧਕਾਲੀ ਪੰਜਾਬੀ ਸਾਹਿਤ ਚਿੰਤਨ ਦਾ ਕੇਂਦਰੀ ਮਸਲਾ (ਧੁਰਾ) ਬ੍ਰਿਹਾ ਦੀ ਸੰਵੇਦਨਾ ਹੈ। ਮਧਕਾਲ ਦੇ ਸਮੁੱਚੇ ਕਾਲ ਖੰਡ ਵਿਚ ਰਚੇ ਪੰਜਾਬੀ ਸਾਹਿਤ ਚਿੰਤਨ ਦੀ ਮੂਲ ਸੁਰ ਨੂੰ ਪਛਾਣੀਏ ਤਾਂ ਇਹ ਸੁਰ ਬ੍ਰਿਹਾ ਦੀ ਤਿੱਖੀ ਹੂਕ ਅਤੇ ਸੰਵੇਦਨਾ ਦੀ ਹੀ ਹੈ। ਇਸ ਕਾਲ ਖੰਡ ਵਿਚ ਗੁਰਬਾਣੀ, ਸੂਫੀ ਕਵਿਤਾ ਅਤੇ ਕਿੱਸਾ ਕਾਵਿ ਪ੍ਰਮੁੱਖ ਰਚਨਾਤਮਕ ਸੋਮੇ ਹਨ। ਇਨ੍ਹਾਂ ਸੋਮਿਆਂ ਦੇ ਧੁਰ ਅੰਦਰ ਬ੍ਰਿਹਾ ਦੀ ਪੀੜਾ ਅਤੇ ਚੇਤਨਾ ਹੈ। ਇਹੀ ਪੀੜਾ ਕਾਵਿ-ਸੰਵੇਦਨਾ ਬਣ ਕੇ ਸਮੁੱਚੇ ਮਧਕਾਲੀ ਸਾਹਿਤ ਦੀ ਮੂਲ ਪ੍ਰੇਰਣਾ ਸਰੋਤ ਬਣੀ ਹੈ। ਪ੍ਰਮਾਣ ਵਜੋਂ ਮਧਕਾਲੀ ਸਾਹਿਤ ਦੇ ਪਹਿਲੇ ਪ੍ਰਮਾਣਕ ਸ਼ਾਇਰ ਬਾਬਾ ਫ਼ਰੀਦ ਜੀ ਹਨ। ਉਨ੍ਹਾਂ ਦੀ ਬਾਣੀ ਵਿਚ ਬ੍ਰਿਹਾ ਦੀ ਜੋ ਤਪਸ਼ ਪ੍ਰਗਟ ਹੋਈ ਹੈ, ਉਹ ਤਪਸ਼ ਸਮੁੱਚੀ ਸੂਫੀ ਸ਼ਾਇਰੀ ਦਾ ਹਾਸਲ ਬਣ ਗਈ ਹੈ। ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਅਤੇ ਗੁਲਾਮ ਫ਼ਰੀਦ ਦੀਆਂ ਕਾਫ਼ੀਆਂ ਵਿਚ ਵੀ ਇਹੀ ਬ੍ਰਿਹਾ ਸੰਵੇਦਨਾ ਮੂਲ ਸਰੋਤ ਹੈ। ਬਾਬਾ ਫ਼ਰੀਦ ਜੀ ਦਾ ਇਹੀ ਪੈਰਾਡਾਇਮ ਬਾਣੀਕਾਰਾਂ ਦੀ ਰਚਨਾਤਮਕ ਧਰਾਤਲ ਬਣਿਆ ਹੈ। ਇਹੀ ਧਰਾਤਲ ਭਗਤ ਬਾਣੀ ਵਿਚ ਵੀ ਟਿਕੀ ਹੋਈ ਹੈ। ਪਾਰਲੌਕਿਕ/ਅਧਿਆਤਮਕ ਅਨੁਭਵ ਦਾ ਕੇਂਦਰੀ ਬਿੰਦੂ ਹੀ ਬ੍ਰਿਹਾ/ ਵਿਛੋੜਾ ਹੈ। ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਮਧਕਾਲੀ ਸਾਹਿਤ ਵਿਚ ਬਾਣੀ/ਸ਼ਾਇਰੀ ਦੇ ਆਰ ਪਾਰ ਬ੍ਰਿਹਾ ਭਾਵ ਪਸਰਿਆ ਪਿਆ ਹੈ। ਸੰਵੇਦਨਾ ਦਾ ਇਹ ਪਾਸਾਰ ਲੌਕਿਕ ਕਾਵਿ ਵਿਚ ਵੀ ਪ੍ਰਗਟ ਹੋਇਆ ਹੈ। ਕਿੱਸਾ ਕਾਵਿ ਲੌਕਿਕ ਕਾਵਿ ਦਾ ਪ੍ਰਮਾਣਕ ਪ੍ਰਗਟਾਅ ਹੈ। ਇਸ ਕਾਵਿ ਵਿਚ ਇਸ਼ਕ ਅਨੁਭਵ ਰਚਨਾ ਦਾ ਆਧਾਰ ਬਣ ਰਿਹਾ ਹੈ। ਪ੍ਰੀਤ ਦੇ ਕਿੱਸਿਆਂ ਵਿਚ ਤਾਂ ਬ੍ਰਿਹਾ

ਦੀ ਭਾਵਨਾ ਏਨੀ ਸ਼ਿੱਦਤ ਵਾਲੀ ਹੈ ਕਿ ਇਸ ਕਾਵਿ ਦੇ ਨਾਇਕ ਨਾਇਕਾਵਾਂ ਅਧਿਆਤਮਕ ਕਾਵਿ ਦਾ ਪ੍ਰਤਿਮਾਨ ਬਣ ਗਏ ਹਨ। ਬ੍ਰਿਹਾ ਦੀ ਦਰਦੀਲੀ ਸਥਿਤੀ ਇਸ਼ਕ ਦੇ ਕਿੱਸਿਆਂ ਦੀ ਧਰਤ-ਭੂਮੀ ਹੈ। ਦਿਲਚਸਪ ਤੱਥ ਇਹ ਹੈ ਕਿ ਇਹੀ ਬ੍ਰਿਹਾ ਸੰਵੇਦਨਾ ਇਨ੍ਹਾਂ ਕਿੱਸਿਆਂ ਵਿਚ ਲੌਕਿਕ ਤੋਂ ਪਾਰਲੌਕਿਕ ਚਰਿਤਰ ਵਾਲੀ ਬਣ ਗਈ ਹੈ। ਇਹ ਨਾਇਕ/ਨਾਇਕਾਵਾਂ ਇਕ ਦੂਜੇ ਦੀ ਪ੍ਰੀਤ ਵਿਚ ਏਨੇ ਲੀਨ ਹਨ ਕਿ ਉਹ ਮੌਤ ਉਪਰੰਤ ਵੀ ਪ੍ਰਸਪਰ ਅਭੇਦਤਾ ਵਿਚ ਚਲੇ ਗਏ ਹਨ। ਭਗਤੀ ਦੇ ਕਿੱਸਿਆਂ ਵਿਚ ਜਗਿਆਸੂ ਦੀ ਆਪਣੇ ਗੁਰੂ ਪ੍ਰਤਿ ਆਸਥਾ ਵੀ ਇਸ ਬ੍ਰਿਹਾ ਦੀ ਸਥਿਤੀ ਰਾਹੀਂ ਜ਼ਾਹਿਰ ਹੋਈ ਹੈ। ਭਾਈ ਗੁਰਦਾਸ ਵਰਗਾ ਅਧਿਆਤਮੀ ਪੁਰਖ ਵੀ ਇਨ੍ਹਾਂ ਨਾਇਕ ਨਾਇਕਾਵਾਂ ਦੀ ਵਡਿਆਈ ਕਰਦਾ ਹੈ। ਇਸ ਵਡਿਆਈ ਦਾ ਰਹੱਸ ਉਨ੍ਹਾਂ ਦੀ ਪ੍ਰਸਪਰ ਪ੍ਰੇਮ ਭਾਵਨਾ ਅਤੇ ਬ੍ਰਿਹਾ ਦੀ ਸਥਿਤੀ ਹੀ ਹੈ, ਉਹ ਲਿਖਦੇ ਹਨ:—

ਲੇਲੈ ਮਜਨੂੰ ਆਸ਼ਕੀ ਚਹੁ ਚਕੀ ਜਾਤੀ।
ਸੋਰਠਿ ਬੀਜਾ ਗਾਵੀਐ ਜਸੁ ਸੁਘੜਾ ਵਾਤੀ।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ ਤਰਦੀ ਰਜਾਤੀ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ।।1।।[1]

ਭਾਈ ਗੁਰਦਾਸ ਦੇ ਇਨ੍ਹਾਂ ਬੋਲਾਂ ਦੀ ਸਾਰਥਕਤਾ ਬ੍ਰਿਹਾ ਸੰਵੇਦਨਾ ਰਾਹੀਂ ਹੀ ਜ਼ਾਹਰ ਹੋਈ ਹੈ। ਧਿਆਨਯੋਗ ਨੁੱਕਤਾ ਇਹ ਹੈ ਕਿ ਬਾਣੀਕਾਰ, ਭਗਤ ਅਤੇ ਸੂਫੀ ਸ਼ਾਇਰ, ਕਿੱਸਾਕਾਰ ਅਤੇ ਭਾਈ ਗੁਰਦਾਸ ਵਰਗੇ ਗੁਣੀ ਰਚਨਾਕਾਰਾਂ ਨੇ ਬ੍ਰਿਹਾ ਦੀ ਸੰਵੇਦਨਾ ਨੂੰ ਆਪਣਾ ਰਚਨਾਤਮਕ ਸੋਮਾ ਬਣਾਇਆ ਹੈ। ਇਹ ਰਚਨਾਤਮਕ ਸੋਮਾ ਇਸ ਲਈ ਹੈ ਕਿ ਹਰ ਅਧਿਆਤਮਵਾਦੀ ਇਹ ਮੰਨਦਾ ਹੈ ਕਿ ਉਹ ਪਰਮਾਤਮਾ ਦਾ ਹੀ ਇਕ ਜੁਜ਼ ਹੈ ਪਰ ਕਿਸੇ ਕਾਰਣ-ਵੱਸ ਉਹ ਆਪਣੇ ਪ੍ਰੀਤਮ ਨਾਲੋਂ ਨਿੱਖੜ

ਕੇ ਲੌਕਿਕ ਸੰਸਾਰ ਵਿਚ ਆ ਗਿਆ ਹੈ। ਇਸ ਲੌਕਿਕ ਸੰਸਾਰ ਵਿਚ ਆਉਣਾ ਹੀ ਉਸ ਲਈ ਵਿਛੋੜਾ ਹੈ। ਇਹੀ ਵਿਛੋੜਾ ਹਰ ਪਲ ਉਸ ਲਈ ਬ੍ਰਿਹਾ ਦੀ ਸਥਿਤੀ ਹੈ। ਸੂਫ਼ੀ ਸਿਧਾਂਤਾਂ ਅਨੁਸਾਰ ਮਨੁੱਖਾ ਜਨਮ ਕਿਸੇ ਮਨਫ਼ੀ ਕਰਮ ਦੀ ਸਜ਼ਾ ਹੈ। ਸੂਫੀ ਮੰਨਦੇ ਹਨ ਕਿ ਉਹ ਪ੍ਰਭੂ ਦਾ ਅਨਿੱਖੜ ਅੰਗ ਸਨ। ਉਨ੍ਹਾਂ ਨੂੰ ਮਾਤ ਲੋਕ ਭੇਜਣਾ ਕਿਸੇ ਕਰਮ ਦਾ ਮਾੜਾ ਫਲ ਹੈ। ਇਸੇ ਲਈ ਉਹ ਮਨੁੱਖਾ ਜਨਮ ਨੂੰ ਵਰ ਨਹੀਂ ਸਰਾਪ ਮੰਨਦੇ ਹਨ। ਸਰਾਪ ਇਸ ਲਈ ਕਿਉਂਕਿ ਇਕ ਤਾਂ ਵੱਡਾ ਦੁੱਖ ਵਿਛੋੜੇ ਦਾ ਹੈ ਅਤੇ ਦੂਸਰਾ ਦੁੱਖ ਮਾਇਆ ਦਾ ਹੈ ਜੋ ਮਨੁੱਖ ਨੂੰ ਹਰ ਪਲ ਭਟਕਾਉਂਦੀ ਹੈ। ਇਸੇ ਲਈ ਬਾਬਾ ਫ਼ਰੀਦ ਵਰਗਾ ਸਰਬਕਾਲੀ ਸ਼ਾਇਰ ਲਿਖਦਾ ਹੈ ਕਿ "ਜਨਮ ਸਮੇਂ ਜਦੋਂ ਦਾਈ ਨੇ ਨਾੜੂ ਕੱਟਿਆ ਸੀ, ਉਦੋਂ ਉਹ ਗਲਾ ਵੀ ਦਬਾ ਦੇਂਦੀ ਤਾਂ ਇਹ ਦੁੱਖ ਨਾ ਦੇਖਣੇ ਪੈਂਦੇ।"

ਪੰਜਾਬੀ ਕਾਵਿ ਪਰੰਪਰਾ ਵਿਚ ਬ੍ਰਿਹਾ ਦੀ ਤਿੱਖੀ ਤੜਪ ਦਾ ਪਹਿਲਾ ਪ੍ਰਮਾਣਕ ਪਰਿਪੇਖ ਪੰਜਾਬੀ ਕਾਵਿ ਦੇ ਪਹਿਲੇ ਕਵੀ ਬਾਬਾ ਫ਼ਰੀਦ ਦੀ ਬਾਣੀ ਵਿਚੋਂ ਮਿਲਦਾ ਹੈ। ਬ੍ਰਿਹਾ ਅਤੇ ਵਿਜੋਗ ਦਾ ਜੋ ਰਹੱਸ ਬਾਬਾ ਫ਼ਰੀਦ ਦੀ ਰਚਨਾ ਵਿਚੋਂ ਉਭਰਿਆ ਹੈ, ਉਹੀ ਰਹੱਸ ਸਮੁੱਚੀ ਪੰਜਾਬੀ ਸੂਫ਼ੀ ਸ਼ਾਇਰੀ ਦੇ ਆਰ ਪਾਰ ਫੈਲਿਆ ਹੈ। ਸੂਫੀ ਕਵਿਤਾ ਵਿਚ ਮੂਲ ਮਾਡਲ ਇਹ ਹੈ ਕਿ ਮਨੁੱਖ ਪਰਮਾਤਮਾ ਨਾਲੋਂ ਵਿਛੜੀ ਹੋਈ ਹੋਂਦ ਹੈ। ਇਹ ਵਿਛੋੜਾ ਉਸਦੇ ਅਚੇਤ ਸੁਚੇਤ ਮੰਦੇ ਕਰਮਾਂ ਕਾਰਣ ਹੋਇਆ ਹੈ। ਇਸ ਲਈ ਮਨੁੱਖਾ ਜਨਮ ਸੂਫੀ ਕਵਿਤਾ ਦੇ ਸਿਧਾਂਤਾਂ ਅਨੁਸਾਰ ਵਰ ਨਹੀਂ ਬਲਕਿ ਸਰਾਪ ਹੈ। ਇਸ ਸਰਾਪ ਤੋਂ ਮੁੱਕਤ ਹੋਣ ਦਾ ਇਕੋ ਇਕ ਮਾਰਗ ਪ੍ਰਭੂ ਦੀ ਯਾਦ ਵਿਚ, ਉਸਦੇ ਵਿਛੋੜੇ ਵਿਚ ਲੀਨ ਰਹਿ ਕੇ ਉਸ ਪਰਮ ਪਰਮਾਤਮਾ ਵਿਚ ਅਭੇਦ ਹੋਣਾ ਹੈ। ਇਹ ਅਭੇਦਤਾ ਉਸ ਨੂੰ ਹੀ ਮਿਲ ਸਕਦੀ ਹੈ ਜੋ ਹਰ ਛਿੰਨ ਪ੍ਰਭੂ ਦੀ ਯਾਦ ਵਿਚ ਤੜਪਦਾ ਹੋਇਆ ਸ਼ੁਭ ਕਰਮ ਅਤੇ ਸ਼ੁਭ ਧਰਮ ਨਿਭਾਉਂਦਾ ਹੈ। ਇਸੇ ਲਈ ਤਾਂ ਬਾਬਾ ਫਰੀਦ ਦੀ ਸਾਰੀ ਬਾਣੀ ਦੇ ਆਰ ਪਾਰ ਵਿਛੋੜਾ, ਬ੍ਰਿਹਾ, ਤੜਪ ਅਤੇ ਵਿਜੋਗ ਭਾਵਨਾ ਫੈਲੀ ਹੋਈ ਹੈ। ਫਰੀਦ ਬਾਣੀ ਨੇ ਬ੍ਰਿਹਾ ਦੇ ਮੂਲ ਪਰਿਪੇਖ

ਨੂੰ ਬੜੀ ਸਪੱਸ਼ਟ ਸੁਰ ਵਿਚ ਉਸਾਰਦਿਆਂ ਸਾਰੀ ਸੂਫੀ ਕਵਿਤਾ ਲਈ ਕੇਂਦਰੀ ਮਾਡਲ ਬਣਾ ਦਿੱਤਾ ਹੈ। ਇਸ ਹੇਠ ਲਿਖੇ ਸ਼ਬਦ ਵਿਚੋਂ ਬ੍ਰਿਹਾ, ਬ੍ਰਿਹਾ ਦੀ ਤੜਪ, ਮਨੁੱਖ ਅਤੇ ਪਰਮਾਤਮਾ ਦੇ ਮੂਲ ਸੰਬੰਧ, ਮਨੁੱਖ ਦੀ ਭੂਮਿਕਾ, ਪ੍ਰਭੂ ਦੀ ਕਿਰਪਾ ਦੇ ਜੋ ਪਾਸਾਰ ਉਸਾਰੇ ਹਨ, ਉਹ ਸਾਰੇ ਪਾਸਾਰ ਸੂਫੀ ਕਵਿਤਾ ਵਿਚ ਮਾਨਵ ਦੀ ਵਿਜੋਗੀ ਅਵਸਥਾ ਨੂੰ ਅਰਥ ਦੇਣ ਵਾਲੇ ਹਨ:—

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।।
ਬਾਵਲਿ ਹੋਈ ਸੋ ਸਹੁ ਲੋਰਉ।।
ਤੈ ਸਹਿ ਮਨ ਮਹਿ ਕੀਆ ਰੋਸੁ।।
ਮੁਝੁ ਅਵਗਨ ਸਹਿ ਨਾਹੀ ਦੋਸੁ।।1।।
ਤੈ ਸਾਹਿਬ ਕੀ ਮੈ ਸਾਰ ਨ ਜਾਨੀ।।
ਜੋਬਨੁ ਖੋਇ ਪਾਛੈ ਪਛੁਤਾਨੀ।।1।।ਰਹਾਉ।।
ਕਾਲੀ ਕੋਇਲ ਤੂ ਕਿਤ ਗੁਨ ਕਾਲੀ।।
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।।
ਪਿਰਹਿ ਬਿਹੂਨ ਕਤਹਿ ਸੁਖੁ ਪਾਏ।।
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ।।2।।
ਵਿਧਣ ਖੂਹੀ ਮੁੰਧ ਇਕੇਲੀ।।
ਨਾ ਕੋ ਸਾਥੀ ਨਾ ਕੋ ਬੇਲੀ।।
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ।
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।।3।।
ਵਾਟ ਹਮਾਰੀ ਖਰੀ ਉਡੀਣੀ।।
ਖੰਨਿਅਹੁ ਤਿਖੀ ਬਹੁਤ ਪਿਈਣੀ।।
ਉਸੁ ਊਪਰਿ ਹੈ ਮਾਰਗੁ ਮੇਰਾ।।
ਸੇਖ ਫਰੀਦਾ ਪੰਥੁ ਸਮਾਰਿ ਸਵੇਰਾ।।4।।1।।[2]

ਨਿਰਸੰਦੇਹ ਉਪਰੋਕਤ ਸ਼ਬਦ ਵਿਚ ਮਨੁੱਖ ਦੀ ਬ੍ਰਿਹਾ ਭਾਵਨਾ ਨੂੰ ਅਰਥ ਦੇਂਦਿਆਂ ਉਸ ਦੀ ਮੁਕਤੀ ਦਾ ਮਾਰਗ ਵੀ ਉਲੀਕਿਆ ਹੈ। ਇਹ ਮਾਰਗ ਭਾਵੇਂ ਖੰਨਿਅਹੁ ਤਿੱਖਾ ਹੈ ਪਰ ਮੁਕਤੀ ਇਸੇ ਮਾਰਗ ਉਪਰ ਹੀ ਹੋਣੀ ਹੈ। ਇਹ ਸਥਿਤੀ ਬੜੀ ਸਪੱਸ਼ਟ ਹੈ ਕਿ ਸੂਫੀ ਕਵਿਤਾ ਦਾ ਮੂਲ ਸਿਧਾਂਤ ਮਨੁੱਖ ਦੀ ਬ੍ਰਿਹਾ ਸੰਵੇਦਨਾ ਵਿਚੋਂ ਮੁਕਤੀ ਦਾ ਮਾਰਗ ਉਲੀਕਦਾ ਹੈ। ਬ੍ਰਿਹਾ ਮਨੁੱਖ ਅੰਦਰ ਚੇਤਨਾ ਦਾ ਪ੍ਰਤੀਕ ਹੈ ਕਿ ਉਸ ਨੂੰ ਸਹੀ ਮਾਰਗ ਦੀ ਪਛਾਣ ਹੋ ਗਈ ਹੈ। ਸੂਫੀ ਲਈ ਪ੍ਰਮਾਣਕ ਮਾਰਗ ਬ੍ਰਿਹਾ ਦੀ ਤੜਪ ਵਿਚ ਤੜਪਨਾ ਹੈ। ਬ੍ਰਿਹਾ ਦੁੱਖ ਦਾ ਕਾਰਨ ਵੀ ਹੈ ਅਤੇ ਮੁਕਤੀ ਦਾ ਮਾਰਗ ਵੀ। ਇਹੀ ਕਾਰਣ ਹੈ ਕਿ ਬਾਬਾ ਫਰੀਦ ਦੀ ਬਾਣੀ ਵਿਚ ਬ੍ਰਿਹਾ ਨੂੰ ਸੁਲਤਾਨ ਆਖਿਆ ਹੈ ਅਤੇ ਬ੍ਰਿਹਾ ਵਿਹੂਣ ਵਿਅਕਤੀ ਆਵਾਗਵਣ ਦੀ ਮਾਰ ਵਿਚ ਭਟਕਦਾ ਹੈ। ਫਰੀਦ ਬਾਣੀ ਦੇ ਕੁਝ ਸ਼ਲੋਕ ਇਸ ਪਰਿਪੇਖ ਵਿਚ ਵਿਚਾਰੇ ਜਾ ਸਕਦੇ ਹਨ ਕਿ ਬ੍ਰਿਹਾ ਦੀ ਸੰਵੇਦਨਾ ਵਿਚੋਂ ਭਵਿੱਖਮੁੱਖੀ ਮਾਰਗ ਉਘੜਦੇ ਹਨ। ਫਰੀਦ ਜੀ ਦੇ ਇਹ ਸ਼ਲੋਕ ਸੂਫੀ ਅਨੁਭਵ ਦੀ ਪ੍ਰਮਾਣਕ ਝਲਕ ਹਨ:—

— ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ।।[3]

— ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।[4]

— ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।।
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।।[5]

— ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ।।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।।[6]

ਇਨ੍ਹਾਂ ਉਪਰੋਕਤ ਸ਼ਲੋਕਾਂ ਵਿਚ ਬ੍ਰਿਹਾ ਦੀ ਕੇਂਦਰੀ ਭੂਮਿਕਾ ਨੂੰ ਉਸਾਰਿਆ ਗਿਆ ਹੈ। ਇਹੀ ਬ੍ਰਿਹਾ ਸਮੁੱਚੀ ਸੂਫੀ ਸ਼ਾਇਰੀ ਦਾ ਅੰਗ ਬਣ ਕੇ ਕਰਤਾਰੀ ਰੰਗ

ਵਿਚ ਰੰਗਿਆ ਹੋਇਆ ਹੈ। ਸ਼ਾਹ ਹੁਸੈਨ ਦੀ ਸਾਰੀ ਬਾਣੀ ਵਿਜੋਗ ਭਾਵਨਾ ਉਪਰ ਟਿਕੀ ਹੋਈ ਹੈ। ਬ੍ਰਿਹਾ ਏਨਾ ਅੰਗ ਰਚਿਆ ਹੈ ਕਿ ਸੱਜਣ ਬਿਨ ਰਾਤਾਂ ਵੱਡੀਆਂ ਹੋ ਗਈਆਂ ਹਨ, 'ਬਿਰਹੁ ਬਲਾਇ ਘਤੀ ਤਨ ਅੰਦਰ' ਦੀ ਆਵਾਜ਼ ਗੂੰਜਦੀ ਹੈ, ਰਾਹ ਇਸ਼ਕ ਦਾ ਇਸੇ ਲਈ ਸੂਈ ਦੇ ਨੱਕੇ ਵਰਗਾ ਹੈ ਕਿਉਂਕਿ ਹਰ ਘੜੀ ਤਨ ਨੇ ਤੰਦੂਰ ਵਾਂਗ ਬ੍ਰਿਹਾ ਵਿਚ ਤਪਣਾ ਹੈ। ਸ਼ਾਹ ਹੁਸੈਨ ਤਾਂ ਇਹੀ ਕਹਿੰਦਾ ਹੈ ਕਿ 'ਇਸ਼ਕ ਵਿਛੋੜੇ ਦੀ ਬਾਲੀ ਢਾਂਢੀ, ਹਰ ਦਮ ਮੈਨੂੰ ਤਾਪੇ।' ਉਸ ਲਈ ਤਾਂ ਇਸ਼ਕ ਦਾ ਮਾਰਗ ਹੀ ਨਿਵੇਕਲਾ ਹੈ। ਉਸ ਅਨੁਸਾਰ 'ਹੰਝੂ ਰੋਂਦਾ ਸਭ ਕੋਈ, ਆਸ਼ਕ ਰੋਂਦੇ ਰਤਿ ਨੀ।' ਇਹ ਰਤਿ ਵਿਛੋੜੇ ਦੀ ਪੀੜਾ ਦਾ ਅਕਹਿ ਪ੍ਰਗਟਾਵਾ ਹੈ। ਉਸ ਦੀਆਂ ਕਾਫੀਆਂ ਦੇ ਆਰ ਪਾਰ ਆਪਣੇ ਪ੍ਰੀਤਮ ਦੀ ਯਾਦ, ਤੜਪ, ਪੀੜਾ, ਤਿੱਖਾ ਸੇਕ ਅਤੇ ਹਰ ਪਲ ਵਿਜੋਗ ਵਿਚ ਬੇਚੈਨ ਰਹਿਣਾ ਹੈ। ਨਜਮ ਹੁਸੈਨ ਸੱਯਦ ਲਿਖਦਾ ਹੈ:—

> "ਏਥੇ ਬਿਰਹਾ ਓਸ ਮੁਢਲੀ ਲਗਨ ਦਾ ਨਾਂ ਏ ਜਿਹੜੀ ਬੰਦੇ ਨੂੰ ਅੱਖ ਉਘਾੜਦਿਆਂ ਈ ਆਪਣੇ ਆਪ ਤੇ ਆਪਣੇ ਦੁਆਲੇ ਨੂੰ ਤੇ ਦੋਵਾਂ ਦੇ ਸੰਬੰਧ ਨੂੰ ਸਮਝਣ ਲਈ ਖਿਡਣ ਲੱਗ ਪੈਂਦੀ ਏ ਤੇ ਅੱਖਾਂ ਮੇਟਣ ਤਾਈਂ ਨਹੀਂ ਛੱਡਦੀ। ਕਿਸੇ ਦਾ ਕਿਸੇ ਸੋਚ ਤੇ ਰੂਹ ਆਂਵਦਾ ਏ ਕਿਸੇ ਦਾ ਕਿਸੇ ਤੇ। ਇਹ ਲਗਨ ਬੰਦੇ ਦੇ ਸਾਰੇ ਇਲਮ ਤੇ ਲਗਨ ਦੀ ਨੀਂਹ ਏ। ਏਸ ਲਗਨ ਨੂੰ ਫ਼ਰੀਦ 'ਸੁਲਤਾਨ' ਦੇ ਦਰਜੇ ਕੀਤਾ ਏ ਜੀਹਦਾ ਜੀਵਨ ਦੀ ਪੂਰੀ ਕਹਾਣੀ ਵਿਚ ਹੁਕਮ ਚਲਦਾ ਏ ਤੇ ਜਿਹੜਾ 'ਰੱਬ ਦਾ ਪਰਛਾਵਾਂ' ਵੀ ਏ। ਏਸ ਲਗਨ ਤੋਂ ਵਾਂਝੇ ਵਜੂਦ ਨੂੰ ਫਰੀਦ ਮਸਾਣ ਆਖਿਆ ਏ। ਸੁਲਤਾਨ ਤੇ ਮਸਾਣ ਦਿਆਂ ਲਫ਼ਜ਼ਾਂ

> ਵਿਚ ਤੁਕ ਦੀ ਸਾਂਝ ਤਾਂ ਹੈ ਪਰ ਜਿੰਨੀ ਸੁਲਤਾਨ ਦੇ ਲਫ਼ਜ਼ ਅੰਦਰ ਜਜ਼ਬੇ ਦੀ ਚੜ੍ਹਤਲ ਏ ਓਨਾ ਹੀ ਮਸਾਣ ਦੇ ਲਫ਼ਜ਼ ਤੇ ਰੂਹ ਕਿਰਦਾ ਏ ਤੇ ਆਵਾਜ਼ ਸੁੰਝੀ ਹੋ ਜਾਂਦੀ ਏ। ਲਗਨ ਲਹਿਰ ਦਾ ਹੋਵਨ ਜੀਵਨ ਏ ਤੇ ਨਾ ਹੋਵਣ ਮੌਤ। ਇਹ ਮੁਢਲੀ ਰਮਜ਼ ਏ ਜਿਸ ਨੂੰ ਹੋਰਨਾਂ ਸੂਫ਼ੀ ਰਮਜ਼ਾਂ ਵਾਂਗ ਸਿੱਧੀ ਪੱਧਰੀ ਗੱਲ ਸਮਝਣ ਨਾਲ ਇਹ ਭੁਲੇਖਾ ਪੈਂਦਾ ਏ ਪਈ ਸੂਫ਼ੀ ਸੋਚ ਹਰ ਵੇਲੇ ਮੌਤ ਵਿਚ ਅੜੀ ਰਹਿੰਦੀ ਸੀ। ਫ਼ਰੀਦ ਦੀ ਕਿਰਤ ਵਿਚ ਜਿਥੇ ਮੌਤ, ਹਯਾਤੀ ਰਮਜ਼ਾਂ ਬਣੀਆਂ ਓਥੇ ਬੰਦੇ ਦਾ ਸਰੀਰ ਏਸ ਸਾਰੀ ਰਮਜ਼ ਰੱਤੀ ਖੇਡ ਦਾ ਅਖਾੜਾ ਬਣ ਗਿਆ। ਕੂੜ ਤੇ ਸੱਚ ਜ਼ਾਹਰ ਤੇ ਬਾਤਨ, ਦੁਵੱਲ ਤੇ ਇਕੱਲ ਹਰ ਗੱਲ ਦਾ ਨਿਤਾਰ ਸਰੀਰ ਵਾਲੀ ਰਮਜ਼ ਰਾਹੀਂ ਹੁੰਦਾ ਏ।''[7]

ਸ਼ਾਹ ਹੁਸੈਨ ਦੀ ਕਵਿਤਾ ਦਾ ਜੇਕਰ ਇਕੋ ਇਕ ਰਚਨਾਤਮਕ ਸੂਤਰ ਮਿੱਥਣਾ ਹੋਵੇ ਤਾਂ ਉਹ ਸੂਤਰ ਬ੍ਰਿਹਾ ਦੀ ਤਿੱਖੀ ਹੂਕ ਹੈ। ਸ਼ਾਹ ਹੁਸੈਨ ਦੀ ਸ਼ਾਇਰੀ ਵਿਚੋਂ ਇਹ ਪ੍ਰਮਾਣ ਦੇਖੋ:—

— ਕਹੈ ਹੁਸੈਨ ਸੁਹਾਗਨਿ ਸੋਈ,
ਜੇ ਸਹੁ ਦੇ ਰੰਗ ਰੰਗੀ।

— ਸਾਜਨੁ ਮੇਰਾ ਅਖੀਂ ਵਿਚਿ ਵਸਦਾ
ਮੈਂ ਗਲੀਏ ਫਿਰਾਂ ਨਿਸ਼ੰਗੀ ਹਾਂ।

— ਪਿਆਰੇ ਬਿਨ ਰਾਤੀਂ ਹੋਈਆਂ ਵਡੀਆਂ।
ਰਾਂਝਾ ਜੋਗੀ ਮੈਂ ਜੁਗਿਆਣੀ,
ਕਮਲੀ ਕਰਿ ਕਰਿ ਛੱਡੀਆਂ।1।ਰਹਾਉ।

ਮਾਸ ਝਰੇ ਝਰਿ ਪਿੰਜਰ ਹੋਇਆ,
ਕਰਕਨ ਲਗੀਆਂ ਹੱਡੀਆਂ।।1।।
ਮੈਂ ਇਆਣੀ ਨੇਹੁੰ ਕੀ ਜਾਣਾ,
ਬਿਰਹੁ ਤਨਾਵਾਂ ਗੱਡੀਆਂ।।2।।
ਕਹੈ ਹੁਸੈਨ ਫ਼ਕੀਰ ਸਾਂਈਂ ਦਾ,
ਦਾਵਣੁ ਤੇਰੇ ਮੈਂ ਲੱਗੀਆਂ।।3।।[8]

ਸੂਫੀ ਸ਼ਾਇਰੀ ਵਿਚ ਬ੍ਰਿਹਾ ਦਾ ਰੰਗ ਜਦੋਂ ਮਿਲਾਪ ਵਿਚ ਬਦਲਦਾ ਹੈ ਤਾਂ ਉਦੋਂ ਸੂਫੀ ਅੰਦਰ ਅਨਹਦ ਨਾਦ ਦੀ ਅਵਸਥਾ ਪੈਦਾ ਹੁੰਦੀ ਹੈ। ਇਹ ਮਿਲਾਪ ਦੀ ਅਵਸਥਾ ਤਾਂ ਕਈ ਵਾਰੀ 'ਰਾਂਝਾ ਰਾਂਝਾ ਕਰਦੀ ਨੀ ਮੈਂ, ਆਪੇ ਰਾਂਝਾ ਹੋਈ' ਵਿਚ ਫੈਲ ਜਾਂਦੀ ਹੈ। ਇਹ ਸੰਜੋਗ ਵਿਜੋਗ ਦੀ ਲੀਲ੍ਹਾ ਏਨੀ ਬਹੁ-ਰੰਗੀ ਹੈ ਕਿ ਸੂਫੀ ਆਪਣੇ ਇਸ ਝਰੋਖੇ ਵਿਚੋਂ ਰੱਬੀ ਲੀਲ੍ਹਾ ਦਾ ਭਾਗੀ ਬਣ ਜਾਂਦਾ ਹੈ। ਸ਼ਾਹ ਹੁਸੈਨ ਦੀ ਸਾਰੀ ਸ਼ਾਇਰੀ ਵਿਚ ਪਰਮਾਤਮਾ ਨਾਲ ਮਿਲਣ ਦੀ ਤਾਂਘ, ਉਸ ਦੀ ਯਾਦ ਵਿਚਲੀ ਵਿਆਕੁਲਤਾ ਅਤੇ ਸੰਜੋਗ ਵਿਜੋਗ ਦੀ ਲੀਲ੍ਹਾ ਹੈ। ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਸ਼ਾਹ ਹੁਸੈਨ ਦੀ ਵਿਯੋਗ ਭਾਵਨਾ ਬਾਰੇ ਲਿਖਦੀ ਹੈ:—

> "ਉਹ ਹਮੇਸ਼ਾ ਰੱਬ ਨਾਲ ਮਿਲਾਪ ਅਤੇ ਉਸ ਵਿਚ ਅਭੇਦ ਹੋ ਜਾਣ ਲਈ ਤਾਂਘਦਾ ਹੈ। ਆਪਣੇ ਭਰਮ ਅਤੇ ਅਗਿਆਨ ਕਰਕੇ ਉਹ ਮਹਿਬੂਬ ਤੋਂ ਵਿਛੜ ਗਿਆ ਹੈ— ਇਹ ਭਾਵਨਾ ਉਸ ਦੀ ਆਤਮਾ ਉਤੇ ਇਸ ਕਦਰ ਭਾਰੂ ਹੋ ਗਈ ਸੀ ਕਿ ਉਸਨੇ ਆਪਣੀ ਜੁਦਾਈ ਦੇ ਗ਼ਮ ਨੂੰ ਕਮਾਲ ਦੇ ਤੇ ਦਿਲ-ਖਿਚਵੇਂ ਤਰੀਕੇ ਨਾਲ ਗਾਇਆ। ਇਸ ਕਰੁਣਾਮਈ ਵੇਦਨਾ ਨੇ ਉਸਦੇ ਪਾਠਕਾਂ ਦੇ ਮਨਾਂ ਉਤੇ ਸਦਾ ਕਾਇਮ ਰਹਿਣ

ਵਾਲਾ ਪ੍ਰਭਾਵ ਛੱਡਿਆ। ਇਸ ਮਾਮਲੇ ਵਿਚ ਹੋਰ ਕੋਈ ਸੂਫ਼ੀ ਕਵੀ ਉਸ ਦਾ ਸਾਨੀ ਨਹੀਂ।''[9]

ਇਸੇ ਤਰ੍ਹਾਂ ਡਾ. ਅਤਰ ਸਿੰਘ ਸ਼ਾਹ ਹੁਸੈਨ ਦੀ ਤਿੱਖੀ ਵਿਛੋੜੇ ਦੀ ਹੂਕ ਬਾਰੇ ਲਿਖਦੇ ਹਨ ਕਿ, ''ਅੰਦਰਲੀ ਚਿੰਤਾ ਰੂਪੀ ਇਹ ਅੱਗ ਹੀ ਅਸਲ ਵਿਚ ਉਹ ਭਟਕਣ ਹੈ ਜਿਸ ਦਾ ਪ੍ਰਗਟਾ ਬੜੀ ਸ਼ਿੱਦਤ ਨਾਲ ਉਸ ਦੀ ਕਵਿਤਾ ਵਿਚ ਹੋਇਆ ਹੈ। ਇਸ ਭਟਕਣ ਨੂੰ ਉਸ ਨੇ ਮਰਦ-ਪ੍ਰੇਮ ਤੇ ਪ੍ਰੇਮੀ ਲਈ ਸ਼ਾਹ ਹੁਸੈਨ ਨੇ ਇਸਤ੍ਰੀ ਦੇ ਬਿਰਹੁੰ ਦਾ ਰੂਪ ਦਿੱਤਾ ਹੈ। ਇਸ ਵਿਆਪਕ ਬਿੰਬਾਵਲੀ ਦੀ ਚੋਣ ਉਸ ਦੀ ਕਵਿਤਾ ਦੀ ਅਸਲ ਸ਼ਕਤੀ ਹੈ ਤੇ ਉਸ ਦੇ ਮੂਲ ਭਾਵੁਕ ਆਪੇ ਨਾਲ ਇਕਸੁਰ ਹੈ। ਟੇਢੇ ਢੰਗ ਨਾਲ ਇਹ ਚੋਣ ਆਪਣੇ ਸਮੇਂ ਦੇ ਜਿਨਸੀ ਰਿਸ਼ਤਿਆਂ ਵਿਚ ਮਰਦ ਦੀ ਬੇਪਰਵਾਹ ਸਰਬ-ਸਮਰਥਾ ਤੇ ਇਸਤਰੀ ਦੀ ਨਿਮਾਣੀ, ਨਿਤਾਣੀ, ਤੇ ਪੁਰਖਾ-ਧੀਨ ਅਵਸਥਾ ਦੀ ਸੁਝਾਊ ਹੈ। ਇਥੇ ਇਹ ਗੱਲ ਮਹਤਵਪੂਰਨ ਹੈ ਕਿ ਇਸ ਮਤਲਬ ਲਈ ਗੁਰੂ ਸਾਹਿਤ ਵਾਂਗ ਘਰੋਗੀ ਪਤੀ ਪਤਨੀ ਦੇ ਰਿਸ਼ਤੇ ਦਾ ਚਿੰਨ੍ਹ ਨਹੀਂ ਚੁਣਿਆ ਸਗੋਂ ਪ੍ਰੇਮੀ ਪ੍ਰੇਮਿਕਾ ਦਾ ਚੁਣਿਆ ਹੈ।''[10]

ਸ਼ਾਹ ਹੁਸੈਨ ਉਹ ਸ਼ਾਇਰ ਹੈ ਜੋ ਸਿਧਾਂਤਾਂ ਦੇ ਝਮੇਲੇ ਵਿਚ ਨਹੀਂ ਪੈਂਦਾ, ਉਹ ਤਾਂ ਸ਼ੁਧ ਅਨੁਭਵ ਦਾ ਸ਼ਾਇਰ ਹੈ, ਜਿਸਦੇ ਅਨੁਭਵ ਵਿਚ ''ਪ੍ਰੇਮ ਦੇ ਧਾਗੇ ਅੰਤਰਿ ਲਾਗੈ, ਸੂਲਾਂ ਸੀਤੀ ਮਾਸ ਨੀ'' ਦੀ ਪੀੜਾ ਹੈ, ਧਨ ਜੋਬਨ ਠੱਗ ਹੈ ਅਤੇ 'ਮਨ ਅਟਕਿਆ ਬੇਪਰਵਾਹ ਨਾਲ' ਹੈ। ਜੋ ਗੱਲ ਬਾਬਾ ਫਰੀਦ ਵਿਚ ਹੈ ਕਿ 'ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮੇਹ।। ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।। ਉਹੀ ਗੱਲ ਸ਼ਾਹ ਹੁਸੈਨ ਵਿਚ ਇੰਜ ਹੈ ਕਿ ''ਨਦੀਓਂ ਪਾਰ ਰਾਂਝਣ ਦਾ ਠਾਣਾ, ਕੀਤਾ ਕਉਲ ਜ਼ਰੂਰਤ ਜਾਣਾ।।'' ਇਹ ਹਰ ਘੜੀ ਬ੍ਰਿਹਾ ਵਿਚ ਲੀਨ ਰਹਿਣਾ ਹੀ ਉਹ ਮਾਰਗ ਹੈ ਜੋ ਸੂਫੀ ਨੂੰ ਪ੍ਰਭੂ ਦੇ ਦਰ ਪ੍ਰਵਾਣ ਕਰਵਾਉਂਦਾ ਹੈ। ਬ੍ਰਿਹਾ ਸਿਰਫ ਸੂਫੀ ਕਵਿਤਾ ਦਾ ਹੀ ਰਚਨਾਤਮਕ ਪਰਿਪੇਖ ਨਹੀਂ ਬਲਕਿ ਮਧਕਾਲੀ ਪੰਜਾਬੀ ਕਾਵਿ ਦਾ ਉਹ ਪਰਿਪੇਖ ਹੈ, ਜਿਸ ਵਿਚੋਂ ਬਾਣੀਕਾਰ, ਭਗਤ ਅਤੇ

ਕਿੱਸਾਕਾਰ ਆਪਣਾ ਕਾਵਿ ਬੋਲ ਉਚਾਰਦੇ ਹਨ। ਸੂਫੀ ਕਾਵਿ ਪਰੰਪਰਾ ਦਾ ਸ਼ਾਇਰ ਸੁਲਤਾਨ ਬਾਹੂ ਬ੍ਰਿਹਾ, ਪੀੜਾ, ਦਰਦ ਅਤੇ ਸੋਜ਼ ਦਾ ਜੋ ਰੰਗ ਉਸਾਰਦਾ ਹੈ, ਉਹ ਬੜਾ ਅਰਥ ਭਰਪੂਰ ਹੈ। ਉਸ ਲਈ ''ਰੋਜ਼ੇ, ਨਫਲ ਨਮਾਜ਼ਾਂ ਤਕਵੇ, ਸੱਭੇ ਕੰਮ ਹੈਰਾਨੀ ਹੂ'' ਹੈ। ਇਹੀ ਗੱਲ ਸਾਈਂ ਬੁਲ੍ਹੇ ਸ਼ਾਹ ਨੇ ਵੀ ਕਹੀ ਸੀ ਕਿ ''ਭੱਠ ਨਮਾਜ਼ਾਂ ਚਿੱਕੜ ਰੋਜ਼ੇ, ਕਲਮੇ ਤੇ ਫਿਰ ਗਈ ਸ਼ਾਹੀ।'' ਇਨ੍ਹਾਂ ਕਰਮ ਕਾਂਡਾਂ ਨੂੰ ਰੱਦ ਕਰਕੇ ਸੂਫੀਆਂ ਨੇ ਸਿਰਫ ਸ਼ੁਧ ਇਸ਼ਕ ਦਾ ਸੰਸਾਰ ਰਚਿਆ ਹੈ। ਇਸ ਇਸ਼ਕ ਦੇ ਸੰਸਾਰ ਦਾ ਸੱਚ ਬ੍ਰਿਹਾ ਵਿਚਲੀ ਵਿਆਕੁਲਤਾ ਹੈ। ਇਸ਼ਕ ਵਿਚ ਤਾਂ ਅੱਗ ਹੈ, ਤੜਪ ਹੈ ਅਤੇ ਮਿਲਣ ਦੀ ਡੂੰਘੀ ਤਾਂਘ ਹੈ। ਇਸੇ ਲਈ ਇਹ ਮੰਨਿਆ ਗਿਆ ਹੈ ਕਿ ਇਹ ਇਕ ਅੱਗ ਦਾ ਦਰਿਆ ਹੈ ਅਤੇ ਇਸ ਵਿਚੋਂ ਡੁੱਬ ਕੇ ਜਾਣਾ ਹੈ। ਸੁਲਤਾਨ ਬਾਹੂ ਇਸ ਬ੍ਰਿਹਾ ਦੇ ਦਰਦ ਨੂੰ ਇੰਜ ਪ੍ਰਗਟਾਉਂਦਾ ਹੈ:—

ਰੇ ਰਾਤੀਂ ਨੈਨ ਰੱਤ ਹੰਝੂ ਰੋਵਣ, ਦੋਹੀਂ ਗਮਜ਼ਾ ਗਮਦਾ ਹੂ।
ਪੜ੍ਹ ਤੌਹੀਦ ਵੜਿਆ ਤਨ ਅੰਦਰ, ਸੁਖ ਆਰਾਮ ਨਾ ਸਮਦਾ ਹੂ।
ਸਿਰ ਸੂਲੀ ਤੇ ਚਾ ਟੰਗਿਓ ਨੇ, ਏਹਾ ਰਾਜ ਪਰਮਦਾ ਹੂ।
ਸਿਜਦਾ ਹੋ ਕੁਹੀਵੇ ਬਾਹੂ, ਕਤਰਾ ਰਹੇ ਨਾ ਗ਼ਮਦਾ ਹੂ।।81।।[11]

ਬਾਹੂ ਤਾਂ ਆਪਣੀ ਅਵਸਥਾ ਇੰਜ ਦ਼ਸਦ਼ਾ ਹੈ। ''ਬਿਰਹੋਂ ਮਾਰੀ ਮੈਂ ਨਿਤ ਫਿਰਾਂ, ਮੈਨੂੰ ਹੱਸਣ ਲੋਕ ਨਾਬੀਨਾ ਹੂ।'' ਇਸ ਇਸ਼ਕ ਵਿਚ ਹੱਡਾਂ ਦਾ ਬਾਲਣ ਬਣਦਾ ਹੈ, ਸਗਲਾ ਮਾਸ ਖਾਧਾ ਜਾਂਦਾ ਹੈ ਅਤੇ ਜੱਗ ਦੇ ਹਜ਼ਾਰ ਮਿਹਣੇ ਸੁਣਨੇ ਪੈਂਦੇ ਹਨ। ਇਸੇ ਲਈ ਤਾਂ ਬੁਲ੍ਹੇ ਸ਼ਾਹ ਨੇ ਕਿਹਾ ਸੀ ਕਿ ਤੈਨੂੰ ਕਾਫ਼ਰ ਕਾਫ਼ਰ ਆਖਦੇ, ਤੂੰ ਆਹੋ ਆਹੋ ਆਖ। ਇਸ਼ਕ ਦੇ ਮਾਰਗ ਉਪਰ ਤੁਰਦਾ ਸੂਫ਼ੀ ਸਭ ਕਰਮ ਕਾਂਡ ਤੋਂ ਪਾਰ ਹੈ, ਉਹ ਤਾਂ ਰੱਬੀ ਦੁਨੀਆਂ ਵਿਚ ਲੀਨ ਰਹਿੰਦਾ ਹੈ। ਹਰ ਘੜੀ ਪਿਆਰੇ ਦੇ ਮਿਲਣ ਦੀ ਤਾਂਘ ਰਹਿੰਦੀ ਹੈ। ਗੁਰੂ ਗੋਬਿੰਦ ਸਿੰਘ ਵਰਗਾ ਮਹਾਨ ਯੋਧਾ ਅਤੇ ਕਲਮਕਾਰ ਆਪਣੀ ਬ੍ਰਿਹਾ ਦੀ ਪੀੜਾ ਨੂੰ ਇੰਜ ਕਹਿ ਹੀ ਦੇਂਦਾ ਹੈ:—

ਮਿੱਤਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ।
ਤੁਧ ਬਿਨੁ ਰੋਗੁ ਰਜਾਈਆਂ ਦਾ ਓੜਣ
ਨਾਗ ਨਿਵਾਸਾਂ ਦੇ ਰਹਿਣਾ।
ਯਾਰੜੇ ਦਾ ਸਾਨੂੰ ਸੱਥਰ ਚੰਗਾ,
ਭੱਠ ਖੇੜਿਆਂ ਦਾ ਰਹਿਣਾ।

ਨਿਰਸੰਦੇਹ ਸੂਫੀ ਸ਼ਾਇਰਾਂ ਨੇ ਜਿਹੜਾ ਰਚਨਾ ਮਾਡਲ ਉਸਾਰਿਆ ਹੈ, ਉਹ ਬ੍ਰਿਹਾ ਦੀ ਸੰਵੇਦਨਾ ਵਾਲਾ ਹੈ। ਬ੍ਰਿਹਾ ਅਤੇ ਵਿਜੋਗ ਭਾਵਨਾ ਦੀ ਜੋ ਰੇਖਾਕਾਰੀ ਬਾਬਾ ਫਰੀਦ ਨੇ ਕੀਤੀ ਸੀ, ਉਸੇ ਰੇਖਾਕਾਰੀ ਉਪਰ ਹੀ ਸਾਰਾ ਸੂਫੀ ਕਾਵਿ ਮੁਹਾਵਰਾ ਫੈਲਿਆ ਹੈ। ਇਹ ਵਿਜੋਗ ਭਾਵਨਾ ਬੁਲ੍ਹੇ ਸ਼ਾਹ ਅਤੇ ਗੁਲਾਮ ਫਰੀਦ ਵਿਚ ਬੜੀ ਹੂਕ ਬਣ ਕੇ ਉਭਰੀ ਹੈ। ਬ੍ਰਿਹਾ ਅਤੇ ਵਿਜੋਗ ਜਦੋਂ ਸਾਰੀਆਂ ਸੀਮਾਵਾਂ ਉਲੰਘ ਜਾਂਦੇ ਹਨ ਤਾਂ ਉਦੋਂ ਸੂਫੀ ਆਪਣੇ ਅੰਦਰੋਂ ਹੀ ਰੱਬੀ ਧੁਨ ਸੁਣਨ ਲਗਦਾ ਹੈ। ਵਿਜੋਗ ਸੰਪੂਰਨ ਮਿਲਾਪ ਵਿਚ ਬਦਲ ਜਾਂਦਾ ਹੈ। 'ਸਾਧੋ ਨੀ ਮੇਰੀ ਬੁਕਲ ਵਿਚ ਚੋਰ' ਉਦੋਂ ਹੀ ਉਚਾਰਿਆ ਜਾਂਦਾ ਹੈ ਜਦੋਂ ਬ੍ਰਿਹਾ ਦੀ ਸਿਖਰ ਮਿਲਾਪ ਵਿਚ ਬਦਲ ਜਾਂਦੀ ਹੈ। ਬਾਬਾ ਫਰੀਦ ਜੇਕਰ ਬ੍ਰਿਹਾ ਵਿਚ ਆਪਣੇ ਕੰਤ ਪ੍ਰੀਤਮ ਲਈ ਧੁਖਦਾ ਹੈ, ਤਪਦਾ ਹੈ ਤਾਂ ਸ਼ਾਹ ਹੁਸੈਨ ਇਸੇ ਪੀੜਾ ਵਿਚੋਂ ਹੱਡੀਆਂ ਦਾ ਕਣ ਕਣ ਹੋ ਜਾਣਾ ਕਹਿੰਦਾ ਹੈ। 'ਸੂਲਾਂ ਮਾਰ ਦਿਵਾਨੀ ਕੀਤੀ, ਬਿਰਹੁੰ ਪਇਆ ਸਾਡੇ ਖਿਆਲ' ਕਹਿਕੇ ਸ਼ਾਹ ਹੁਸੈਨ ਨੇ ਆਪਣੀ ਸਾਰੀ ਸ਼ਾਇਰੀ ਦਾ ਪੈਰਾਡਾਈਮ ਸਪੱਸ਼ਟ ਕਰ ਦਿੱਤਾ ਹੈ। ਇਸੇ ਪੈਰਾਡਾਈਮ ਵਿਚੋਂ ਹੀ ਇਹ ਹੂਕ ਨਿਕਲੀ ਹੈ, 'ਮਾਏ ਨੀ ਕੈਨੂੰ ਆਖਾਂ, ਦਰਦ ਵਿਛੋੜੇ ਦਾ ਹਾਲਿ' ਇਸੇ ਹੂਕ ਦਾ ਪ੍ਰਵਚਨ ਬੁਲ੍ਹੇ ਸ਼ਾਹ ਦੀ ਸ਼ਾਇਰੀ ਵਿਚ ਬੜਾ ਨਿਵੇਕਲਾ ਹੈ। ਬੁਲ੍ਹਾ ਬ੍ਰਿਹਾ ਅਤੇ ਪੀੜਾ ਦੇ ਉਸ ਬਿੰਦੂ ਦਾ ਕਵੀ ਹੈ, ਜਿਥੇ ਪ੍ਰੀਤਮ ਅਤੇ ਪ੍ਰੇਮਿਕਾ ਇਕ ਦੂਜੇ ਵਿਚ ਸਮਾ ਜਾਂਦੇ ਹਨ, ਅਭੇਦ ਹੋ ਜਾਂਦੇ ਹਨ। ਪ੍ਰੀਤਮ ਖੁਦ ਚਲ ਕੇ ਆਪਣੀ ਵਿਜੋਗਣ ਪਾਸ ਆਉਂਦਾ ਹੈ।

'ਘੜਿਆਲੀ ਦਿਉ ਨਿਕਾਲ ਨੀ, ਅੱਜ ਪੀ ਘਰ ਆਇਆ ਲਾਲ ਨੀ' ਇਸ ਮਿਲਾਪ ਦਾ ਜੀਵੰਤ ਪ੍ਰਮਾਣ ਹੈ। ਬੁਲ੍ਹੇ ਸ਼ਾਹ ਦੇ ਕਲਾਮ ਵਿਚ ਬ੍ਰਿਹੋਂ ਦਾ ਦੀਦਾਰ ਹੇਠ ਲਿਖੀ ਕਾਫ਼ੀ ਵਿਚ ਦੇਖੋ:—

ਸੱਜਣਾ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ
ਦੁੱਖਾਂ ਸੁਖਾਂ ਕੀਤਾ ਏਕਾ, ਨਾ ਕੋਈ ਸਹੁਰਾ ਨਾ ਕੋਈ ਪੇਕਾ
ਦਰਦ ਵਿਹੂਣੀ ਪਈ ਦਰ ਤੇਰੇ, ਤੂੰ ਹੈਂ ਦਰਦ ਰੰਞਾਣੀ ਦਾ
ਸੱਜਣਾਂ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ।
ਕੱਢ ਕਲੇਜਾ ਕਰਨੀ ਆਂ ਬੇਰੇ
ਇਹ ਭੀ ਨਹੀਂ ਹੈ ਲਾਇਕ ਤੇਰੇ
ਹੋਰ ਤੌਫ਼ੀਕ ਨਹੀਂ ਵਿਚ ਮੇਰੇ, ਪੀਉ ਕਟੋਰਾ ਪਾਣੀ ਦਾ
ਸੱਜਣਾਂ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ
ਹੁਣ ਕਿਉਂ ਰੋਂਦੇ ਨੈਣ ਨਿਰਾਸੇ, ਆਪੇ ਓੜਕ ਫਾਹੀ ਫਾਸੇ
ਹੁਣ ਤਾਂ ਛੁੱਟਣ ਔਖਾ ਹੋਇਆ, ਚਾਰਾ ਨਹੀਂ ਨਿਮਾਣੀ ਦਾ
ਸੱਜਣਾਂ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ
ਬੁਲ੍ਹਾ ਸ਼ੌਹ ਪਿਆ ਹੁਣ ਗੱਜੇ, ਇਸ਼ਕ ਦਮਾਮੇ ਸਿਰ ਤੇ ਵੱਜੇ
ਚਾਰ ਦਿਹਾੜੇ ਗੋਇਲ ਵਾਸਾ, ਓੜਕ ਕੂਚ ਬਖਾਣੀ ਦਾ
ਸੱਜਣਾਂ ਦੇ ਵਿਛੋੜੇ ਕੋਲੋਂ ਤਨ ਦਾ ਲਹੂ ਛਾਣੀਦਾ।[12]

ਬੁਲ੍ਹੇ ਸ਼ਾਹ ਦੇ ਕਾਵਿ ਅੰਦਰਲੀ ਬ੍ਰਿਹਾ ਭਾਵਨਾ ਦੇ ਪ੍ਰਗਟਾਵੇ ਦੀ ਚਰਚਾ ਕਰਦਿਆਂ ਡਾ. ਪਿਆਰ ਸਿੰਘ ਆਪਣੇ ਨਿਬੰਧ 'ਬੁਲ੍ਹੇਸ਼ਾਹ- ਲਯ ਪ੍ਰਤਿਮਾਨ ਤੇ ਕਾਵਿ-ਜੁਗਤਾਂ' ਵਿਚ ਲਿਖਦਾ ਹੈ:—

> "ਉਸ ਦੇ ਕਾਵਿ ਦਾ ਮੁੱਖ ਵਿਸ਼ਾ ਇਸ਼ਕ ਹੈ। ਇਸ਼ਕ ਉਸ ਦੀ ਤਲਾਸ਼ ਦੇ ਧੇਅ (ਨਿਸ਼ਾਨੇ) ਰੱਬ ਵਾਂਗ ਸਰਬ ਵਿਆਪਕ ਹੈ। ਧੇਅ ਅਤੇ ਧੇਅ ਦੀ ਪ੍ਰਾਪਤੀ

> ਦਾ ਸਾਧਨ ਦੋਵੇਂ ਅਮੂਰਤ ਹਨ। ਪਰ ਕਵਿਤਾ ਦਾ ਠੁਕ ਨਹੀਂ ਬੱਝਦਾ ਜਿੰਨਾ ਚਿਰ ਕਿ ਗੱਲ ਸਥੂਲ ਚਿਤਰਾਂ ਵਿਚ ਨਹੀਂ ਕੀਤੀ ਜਾਂਦੀ। ਇਸ ਲਈ ਬੁਲ੍ਹਾ ਇਸ਼ਕ ਦਾ ਸਮੂਰਤੀਕਰਣ ਕਰਦਾ ਹੈ। ਕਦੀ ਇਸ ਨੂੰ ਢਾਂਢ (ਅੱਗ) ਕਦੀ 'ਅੰਗੀਠੀ, ਕਦੀ ਸ਼ਰਾਬ, ਕਦੀ ਬਘਿਆੜ ਨਾਲ ਮਿਲਾਉਂਦਾ ਅਥਵਾ ਰੂਪਕ ਸਿਰਜਦਾ ਹੈ, ਜਿਸ ਨਾਲ ਉਸ ਦੇ ਅੰਦਰ ਦੀ ਸੂਖਮਭਾਵੀ ਗੱਲ ਉਘੜ ਕੇ ਅੱਖਾਂ ਸਾਮ੍ਹਣੇ ਆ ਜਾਂਦੀ ਹੈ।''[13]

ਨਿਰਸੰਦੇਹ ਬੁਲ੍ਹੇ ਸ਼ਾਹ ਦੀ ਵਿਜੋਗ ਭਾਵਨਾ ਅਤੇ ਦਰਦ ਸੋਜ਼ ਨਾਲ ਉਸ ਦੀਆਂ ਕਾਫ਼ੀਆਂ ਵਿਚਲਾ ਪ੍ਰਗੀਤਕ ਰੰਗ ਬੜਾ ਗੂੜ੍ਹਾ ਹੈ। ਉਸ ਅੰਦਰ ਆਪਣੇ ਪ੍ਰੀਤਮ ਨਾਲ ਅਭੇਦ ਹੋਣ ਦੀ ਰਮਜ਼ ਵੀ ਹੈ। ਉਸ ਦੀ ਯਾਦ ਵਿਚ ਵਿਆਕੁਲਤਾ ਵੀ ਹੈ ਅਤੇ ਅਰਥ ਭਰਪੂਰ ਦਰਵੇਸ਼ੀ ਵੀ ਹੈ। ਡਾ. ਸੁਤਿੰਦਰ ਸਿੰਘ ਨੂਰ ਆਪਣੇ ਨਿਬੰਧ ''ਬੁਲ੍ਹੇ ਸ਼ਾਹ ਦੀ ਕਾਵਿ-ਵਿਲੱਖਣਤਾ'' ਵਿਚ ਬੁਲ੍ਹੇ ਦੀ ਵਿਲੱਖਣਤਾ ਦਾ ਰਹੱਸ ਉਸ ਦੇ ਇਸ਼ਕ ਦੇ ਰਾਹ ਅਤੇ ਪ੍ਰਗੀਤਕ ਤੱਤਾਂ ਵਿਚ ਨਿਹਿਤ ਕਰਦੇ ਹਨ। ਉਨ੍ਹਾਂ ਦਾ ਮੱਤ ਹੈ ਕਿ 'ਪ੍ਰਗੀਤਕਤਾ ਉਸ ਲਈ ਕੇਵਲ ਕਵਿਤਾ ਦੀ ਵਿਧਾ ਨਹੀਂ, ਸਗੋਂ ਸੰਪੂਰਨ ਸੰਰਚਨਾ ਹੈ। ਇਸੇ ਲਈ ਉਸ ਨੂੰ ਪੰਜਾਬੀ ਦਾ ਪ੍ਰਮੁੱਖ ਪ੍ਰਗੀਤਕ ਸ਼ਾਇਰ ਆਖਿਆ ਜਾ ਸਕਦਾ ਹੈ।[10] ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਬੁਲ੍ਹੇ ਸ਼ਾਹ ਦੀ ਵਿਜੋਗ ਭਾਵਨਾ ਹੀ ਉਸ ਦੀ ਪ੍ਰਗੀਤਕ ਸ਼ਕਤੀ ਦਾ ਮੂਲ ਸਰੋਤ ਹੈ।

ਸੂਫ਼ੀ ਸ਼ਾਇਰੀ ਦੇ ਬਿਰ੍ਹਾ ਰੰਗ ਦਾ ਪ੍ਰਮਾਣਕ ਸ਼ਾਇਰ ਅਲੀ ਹੈਦਰ ਆਪਣੀਆਂ ਸੀਹਰਫ਼ੀਆਂ ਵਿਚ ਇਸ਼ਕ, ਬਿਰ੍ਹਾ ਅਤੇ ਵਿਜੋਗ ਦਾ ਜੋ ਰੰਗ ਉਸਾਰਦਾ ਹੈ, ਉਹ ਅਸਲੋਂ ਨਵਾਂ ਅਤੇ ਨਿਵੇਕਲਾ ਹੈ। ਉਸ ਲਈ 'ਬਿਰ੍ਹੋਂ ਦੀ ਬਾਤ ਅਣੋਖੜੀ ਏ' ਹੈ। ਉਸ ਦਾ ਬੋਲ ਹੈ, 'ਕੁੱਠੜੇ ਵਾਂਗਰ ਪਈ ਤੜਫ਼ਾਂ ਮੈਂ, ਢੋਲਣ ਦੀ ਤਲਵਾਰ

ਬਿਨਾਂ' ਜਾਂ 'ਹੈਦਰ ਇਹ ਦੁਖ ਦੇਖਣ ਆਹੇ, ਜਮਦਿਆਂ ਨ ਤੂੰ ਕੁੱਠੀ ਧੀ' ਪੀੜਾ ਦਾ ਡੂੰਘਾ ਪ੍ਰਗਟਾਵਾ ਹੈ। ਉਹ ਲਿਖਦਾ ਹੈ:—

ਰਦੀਫ਼ ਐਨ— ਇਲਮ ਦਾ ਪੜ੍ਹਣਾ ਨੇਕ ਬਹੂੰ
ਪਰ ਇਸ਼ਕੇ ਦੀ ਬਾਤ ਅਣੋਖੜੀ ਏ।
ਚੰਨ ਤੇ ਸੂਰਜ ਦੀ ਰੋਸ਼ਨੀ ਬਹੂੰ
ਪਰ ਯਾਰ ਦੀ ਜ਼ਾਤ ਅਣੋਖੜੀ ਏ।
ਸ਼ਬ ਕਦਰ ਦੀ ਰਾਤ ਭੀ ਬਹੂੰ
ਚੰਗੀ ਪਰ ਵਸਲ ਦੀ ਰਾਤ ਅਣੋਖੜੀ ਏ।
ਮੁਸ਼ਕਲ ਬਾਤਾਂ ਸਭੇ ਓ ਹੈਦਰ,
ਪਰ ਬਿਰਹੋਂ ਦੀ ਬਾਤ ਅਣੋਖੜੀ ਏ।[14]

ਬ੍ਰਿਹਾ ਦੀ ਇਸ ਅਗਨੀ ਦਾ ਤਿੱਖਾ ਵੇਗ ਹਾਸ਼ਮ ਦੀ ਸ਼ਾਇਰੀ ਵਿਚ ਬੜਾ ਵਿਰਲਾ ਹੈ। ਹਾਸ਼ਮ ਇਕ ਅਜਿਹਾ ਸ਼ਾਇਰ ਹੈ, ਜੋ ਇਕੋ ਵੇਲੇ ਕਿੱਸਾਕਾਰ ਵੀ ਹੈ ਅਤੇ ਡੂੰਘੇ ਅਨੁਭਵ ਵਾਲਾ ਸੂਫੀ ਸ਼ਾਇਰ ਵੀ ਹੈ। ਉਸ ਦੀ ਰਚਨਾ ਵਿਚ ਬ੍ਰਿਹਾ ਦੇ ਵਿਭਿੰਨ ਪਾਸਾਰ ਹਨ। ਉਹ ਮਜਾਜ਼ੀ ਅਤੇ ਹਕੀਕੀ ਇਸ਼ਕ ਦੀਆਂ ਪਰਤਾਂ ਦਾ ਕਲਮਕਾਰ ਹੈ। ਕਿੱਸਿਆਂ ਵਿਚੋਂ ਸੱਸੀ ਵਰਗਾ ਬ੍ਰਿਹਾ ਕਿਸੇ ਵਿਰਲੇ ਦੇ ਹਿੱਸੇ ਆਇਆ ਹੈ। ਹਾਸ਼ਮ ਦੀ ਸੂਫੀ ਸ਼ਾਇਰੀ ਦੋਹੜਿਆਂ ਅਤੇ ਸੀਹਰਫ਼ੀਆਂ ਵਿਚ ਮਿਲਦੀ ਹੈ। ਦੋਹੜਿਆਂ ਵਿਚ ਸਰਬਕਾਲੀ ਸੱਚਾਂ ਦੀ ਗੱਲ ਕਰਦਿਆਂ ਬ੍ਰਿਹਾ ਦੀ ਤੜਪ ਨੂੰ ਬੜੇ ਪ੍ਰਮਾਣਕ ਬੋਲ ਦਿਤੇ ਹਨ। ਉਸ ਦੇ ਦੋਹੜਿਆਂ ਵਿਚੋਂ ਸੂਫ਼ੀ ਰਮਜ਼ ਅਤੇ ਬ੍ਰਿਹਾ ਦੀ ਤਿੱਖੀ ਸੰਵੇਦਨਾ ਪ੍ਰਗਟ ਹੋਈ ਹੈ। ਬ੍ਰਿਹਾ ਅਤੇ ਵਿਜੋਗ ਭਾਵਨਾ ਦਾ ਰੰਗ ਹਾਸ਼ਮ ਦੀ ਸੂਫ਼ੀ ਸ਼ਾਇਰੀ ਵਿਚੋਂ ਇੰਜ ਦੇਖਣ ਨੂੰ ਮਿਲਦਾ ਹੈ:—

— ਸੂਲਾਂ ਸੱਲੀ ਤੇ ਦਰਦ-ਮੱਲੀ, ਮੈਂ ਫਿਰਾਂ ਦੀਵਾਨੀ ਝੱਲੀ।
ਬਿਰਹੋਂ ਲੁਟੀ ਤੇ ਸਾਥੋਂ ਟੁੱਟੀ, ਮੈਂ ਕਮਲੀ ਫਿਰਾਂ ਇਕੱਲੀ।
ਮਜਨੂੰ ਜਾ ਮੋਇਆ ਜਿਸ ਵੇਹੜੇ, ਮੈਂ ਮੌਤ ਵਿਹਾਜਣ ਚੱਲੀ।

ਹਾਸ਼ਮ ਯਾਰ ਮਿਲੇ ਲੱਖ ਪਾਵਾਂ, ਮੇਰੀ ਮਿਹਨਤ ਪਵੇ ਸਵੱਲੀ।[15]

— ਦਿਲਬਰ ਯਾਰ ਕੇਹੀ ਤੁਧ ਕੀਤੀ, ਮਿਰੇ ਸਾਸ ਲਬਾਂ ਪਰ ਆਏ
ਜ਼ਾਹਰ ਕਰਾਂ ਹੋਵੇ ਜਗ ਰੁਸਵਾ, ਤੇ ਹੋਇਆ ਖਾਮੋਸ਼ ਨ ਜਾਏ।
ਮੈਂ ਕਰ ਸ਼ਰਮ ਡਰਾਂ ਵਿਚ ਵੇਹੜੇ ਅਤੇ ਬਿਰਹੋਂ ਢੋਲ ਵਜਾਏ।
ਹਾਸ਼ਮ ਫ਼ੀਲ ਵੜੇ ਜਿਸ ਵੇਹੜੇ, ਭਲਾ ਕਿਚਰਕੁ ਕੋਈ ਲੁਕਾਵੇ।[16]

ਪੰਜਾਬੀ ਸੂਫ਼ੀ ਕਵਿਤਾ ਦੇ ਰਚਨਾਤਮਕ ਪਰਿਪੇਖ ਦੀ ਚਰਚਾ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਸ਼ਾਇਰੀ ਦੇ ਆਦਿ ਬਿੰਦੂ ਦੀ ਨੀਂਹ ਰੱਖਦਿਆਂ ਹੀ ਬਾਬਾ ਫਰੀਦ ਜੀ ਨੇ ਆਪਣੀ ਅਨਹਦ ਬਾਣੀ ਰਾਹੀਂ ਬ੍ਰਿਹਾ ਦਾ ਜੋ ਸਰੂਪ ਪ੍ਰਗਟਾਇਆ ਸੀ, ਉਹੀ ਸਰੂਪ ਸੰਵੇਦਨਾ ਸੂਫ਼ੀ ਕਾਵਿ ਪਰੰਪਰਾ ਦਾ ਮਾਰਗ ਅਤੇ ਮਾਡਲ ਬਣੀ ਹੈ। ਸ਼ਾਹ ਹੁਸੈਨ, ਬਾਬਾ ਬੁਲ੍ਹੇ ਸ਼ਾਹ, ਅਲੀ ਹੈਦਰ, ਸੁਲਤਾਨ ਬਾਹੂ ਅਤੇ ਗੁਲਾਮ ਫ਼ਰੀਦ ਨੇ ਇਸੇ ਵਿਜੋਗ ਭਾਵਨਾ ਦੇ ਝਰੋਖੇ ਵਿਚੋਂ ਆਪਣੇ ਪ੍ਰੀਤਮ ਸ਼ਹੁ ਦੀ ਅਨੁਭੂਤੀ ਕੀਤੀ ਹੈ। ਬ੍ਰਿਹਾ ਇਨ੍ਹਾਂ ਅਨੁਭਵੀ ਅਧਿਆਤਮੀ ਕਵੀਆਂ ਦੀ ਕਲਮ ਨਾਲ ਅਜਿਹਾ ਪਵਿੱਤਰ ਜਜ਼ਬਾ ਬਣਿਆ ਹੈ ਜੋ ਸਾਰੀ ਅਧਿਆਤਮਕ ਪਰੰਪਰਾ ਦੇ ਆਰ ਪਾਰ ਫੈਲ ਗਿਆ ਹੈ। ਬਾਣੀਕਾਰਾਂ ਨੇ ਇਸੇ ਅਮਰ ਅਨੁਭਵ ਨਾਲ ਆਪਣੀ ਕਾਵਿ ਸੁਰਤਿ ਰਾਹੀਂ ਨਵਾਂ ਪ੍ਰਵਚਨ ਦਿੱਤਾ ਹੈ। ਸੂਫ਼ੀ ਸ਼ਾਇਰਾਂ ਦੇ ਇਸ ਅਨੁਭਵ ਦੀ ਵਡਿਆਈ ਇਹ ਹੈ ਕਿ ਉਨ੍ਹਾਂ ਨੇ ਆਪਣੀ ਵਿਜੋਗ ਭਾਵਨਾ ਦੇ ਦੈਵੀ ਅਨੁਭਵ ਨੂੰ ਲੌਕਿਕ ਪ੍ਰੀਤ ਦੇ ਨਾਇਕ/ਨਾਇਕਾਵਾਂ ਰਾਹੀਂ ਪ੍ਰਗਟਾਇਆ ਹੈ। ਇਸ ਤਰ੍ਹਾਂ ਇਹ ਵਿਜੋਗ ਭਾਵਨਾ ਸਿਰਫ ਦੈਵੀ ਮਸਲਾ ਹੀ ਨਹੀਂ ਬਣੀ ਬਲਕਿ ਇਸ ਬ੍ਰਿਹਾ ਦੇ ਸਾਰੇ ਪ੍ਰਤੀਕ ਲੋਕ ਸਿਮਰਤੀ ਨਾਲ ਜੁੜ ਗਏ ਹਨ। ਇਹ ਬ੍ਰਿਹਾ ਭਾਵਨਾ ਜਦੋਂ ਮਜਾਜ਼ੀ ਇਸ਼ਕ ਦੇ ਰੰਗ ਵਿਚ ਪ੍ਰਗਟ ਹੋਈ ਹੈ ਤਾਂ ਇਸ ਦਾ ਇਹ ਵੀ ਪ੍ਰਭਾਵ ਪਿਆ ਹੈ ਕਿ ਮਜਾਜ਼ੀ ਪ੍ਰੀਤ ਨੂੰ ਵੀ ਵਡੇਰੇ ਅਰਥ ਮਿਲ ਗਏ ਹਨ। ਸੂਫ਼ੀ ਸ਼ਾਇਰੀ ਵਿਚਲੀ ਬ੍ਰਿਹਾ ਸੰਵੇਦਨਾ ਦਾ ਪ੍ਰਤੀਕ ਪ੍ਰਬੰਧ ਸਾਈਂ ਬੁਲ੍ਹੇ ਸ਼ਾਹ ਦੀ ਕਵਿਤਾ ਵਿਚ ਇੰਜ ਪ੍ਰਗਟ ਹੋਇਆ ਹੈ:—

ਕੌਣ ਆਇਆ ਪਹਿਨ ਲਿਬਾਸ ਕੁੜੇ
ਤੁਸੀਂ ਪੁੱਛੋ ਨਾਲ ਇਖਲਾਸ ਕੁੜੇ
ਹੱਥ ਖੂੰਡੀ ਮੋਢੇ ਕੰਬਲ ਕਾਲਾ,
ਅੱਖੀਆਂ ਦੇ ਵਿਚ ਵੱਸੇ ਉਜਾਲਾ
ਚਾਕ ਨਹੀਂ ਕੋਈ ਹੈ ਮਤਵਾਲਾ,
ਪੁੱਛੋ ਬਿਠਾ ਕੇ ਪਾਸ ਕੁੜੇ।
ਕੌਣ ਆਇਆ ਪਹਿਨ ਲਿਬਾਸ ਕੁੜੇ
ਚਾਕਰ ਚਾਕ ਨਾ ਇਸ ਨੂੰ ਆਖੋ,
ਇਹ ਨਾ ਖਾਲੀ ਗੁੱਝੜੀ ਬਾਤੋਂ
ਵਿਛੜਿਆ ਹੋਇਆ ਪਹਿਲੀ ਰਾਤੋਂ,
ਆਇਆ ਕਰਨ ਤਲਾਸ਼ ਕੁੜੇ
ਕੌਣ ਆਇਆ ਪਹਿਨ ਲਿਬਾਸ ਕੁੜੇ।
ਨਾ ਇਹ ਚਾਕਰ ਚਾਕ ਕਹੀਂ ਦਾ,
ਨਾ ਇਸ ਜ਼ੱਰਾ ਸ਼ੌਕ ਮਹੀ ਦਾ
ਨਾ ਮੁਸ਼ਤਾਕ ਹੈ ਦੁੱਧ ਦਹੀਂ ਦਾ,
ਨਾ ਉਸ ਭੁੱਖ ਪਿਆਸ ਕੁੜੇ।
ਕੌਣ ਆਇਆ ਪਹਿਨ ਲਿਬਾਸ ਕੁੜੇ
ਤੁਸੀਂ ਪੁੱਛੋ ਬਿਠਾ ਕੇ ਪਾਸ ਕੁੜੇ।[17]

ਇਸ ਪ੍ਰਤੀਕ ਪ੍ਰਬੰਧ ਦੀ ਚਰਚਾ ਕਰਦਿਆਂ ਡਾ. ਹਰਿਭਜਨ ਸਿੰਘ ਨੇ ਆਪਣੀ ਪੁਸਤਕ 'ਮੁੱਲ ਤੇ ਮੁਲੰਕਣ' ਵਿਚ ਰਾਂਝੇ ਨੂੰ ਸੂਫੀ ਸ਼ਾਇਰੀ ਅਤੇ ਵਿਜੋਗ ਭਾਵਨਾ ਦਾ ਮਹਿਬੂਬ ਮੰਨਿਆ ਹੈ। ਉਹ ਲਿਖਦਾ ਹੈ:—

> ''ਸ਼ਾਹ ਹੁਸੈਨ ਨੇ ਸ਼ਾਇਦ ਪਹਿਲੀ ਵਾਰ ਆਪਣੇ ਮਹਿਬੂਬ ਦੇ ਚਿਤਰਣ ਲਈ ਰਾਂਝੇ ਦਾ ਪ੍ਰਤੀਕ

> ਵਰਤਿਆ ਹੈ। ਸਾਧਨਹੀਣ ਪ੍ਰੇਮੀ ਨੇ ਆਪਣਾ ਮਹਿਬੂਬ ਵੀ ਇਕ ਸਾਧਨਹੀਣ ਵਿਅਕਤੀ ਹੀ ਚੁਣਿਆ। ਸਾਧਨਹੀਣ ਰਾਂਝਾ ਸਾਧਨਹੀਣ ਸੂਫੀਆਂ ਦਾ ਸਹਿਜ ਮਹਿਬੂਬ ਬਣ ਗਿਆ।''[18]

ਨਿਰਸੰਦੇਹ ਸੂਫ਼ੀਆਂ ਨੇ ਬ੍ਰਿਹਾ ਦਾ ਜੋ ਪਰਿਪੇਖ ਉਸਾਰਿਆ ਹੈ, ਉਸ ਪਰਿਪੇਖ ਦਾ ਪ੍ਰਤੀਕ ਪ੍ਰਬੰਧ ਲੋਕ ਸਿਮਰਤੀ ਨੂੰ ਬੜਾ ਸੁਖਾਵਾਂ ਲਗਿਆ। ਪੰਜਾਬ ਦੀ ਧਰਤੀ ਦੀ ਅਧਿਆਤਮਕ ਮਹਿਕ ਵੀ ਆਮ ਲੋਕਾਂ ਲਈ ਮਹਿਬੂਬ ਬਣ ਗਈ। ਬ੍ਰਿਹਾ ਅਤੇ ਵਿਜੋਗ ਭਾਵਨਾ ਦੀ ਪੀੜਾ ਨੂੰ ਨਵੇਂ ਅਰਥ ਮਿਲੇ। ਜ਼ਿੰਦਗੀ ਲਈ ਨਵੇਂ ਪ੍ਰਤਿਮਾਨ ਸਥਾਪਤ ਹੋਏ। ਪੰਜਾਬੀ ਸੂਫੀ ਸ਼ਾਇਰੀ ਦੀ ਇਹ ਵਿਜੋਗੀ ਹੂਕ ਲੋਕ ਸਿਮਰਤੀ ਦਾ ਅੰਗ ਬਣ ਗਈ। ਸੂਫੀਆਂ ਦੀ ਬ੍ਰਿਹਾ ਸੰਵੇਦਨਾ ਇਕਾਗਰ ਹੋ ਕੇ ਜਿਸ ਭਵਿੱਖ ਦੀ ਤਲਾਸ਼ ਕਰਦੀ ਹੈ, ਉਸੇ ਤਲਾਸ਼ ਵਿਚ ਹੀ ਮੁੱਕਤੀ ਦਾ ਮਾਡਲ ਟਿਕਿਆ ਹੋਇਆ ਹੈ। ਇਹ ਕਿਹਾ ਜਾ ਸਕਦਾ ਹੈ ਕਿ ਸੂਫੀ ਸ਼ਾਇਰੀ ਦਾ ਆਦਿ ਅਤੇ ਵਿਦਾ ਬਿੰਦੂ ਬ੍ਰਿਹਾ ਦੀ ਤਿੱਖੀ ਹੂਕ ਹੈ।

ਸਪੱਸ਼ਟ ਹੈ ਕਿ ਸੂਫੀ ਸੰਤ ਇਸ ਲਈ ਮਨੁੱਖਾ ਜਨਮ ਨੂੰ ਸਰਾਪ ਮੰਨਦੇ ਹਨ ਕਿਉਂਕਿ ਮਨੁੱਖ ਨੂੰ ਹਰ ਘੜੀ ਵਿਯੋਗ ਵਿਚ ਤੜਪਣਾ ਪੈਂਦਾ ਹੈ। ਇਹੀ ਵਿਯੋਗ ਜਦੋਂ ਬ੍ਰਿਹਾ ਦੀ ਅਵਸਥਾ ਵਿਚ ਬਦਲਾਅ ਹੈ ਤਾਂ ਪਲ ਭਰ ਸ਼ਾਂਤੀ ਨਹੀਂ ਮਿਲਦੀ। ਸੂਫੀ ਲਈ ਤਾਂ ਇਕ ਪਲ ਵੀ ਬ੍ਰਿਹਾ ਤੋਂ ਬਿਨਾ ਕੱਟਣਾ ਅਧਰਮ ਹੋ ਜਾਂਦਾ ਹੈ। ਇਸ ਬ੍ਰਿਹਾ ਦੀ ਸੰਵੇਦਨਾ ਦਾ ਪ੍ਰਗਟਾਵਾ ਸੂਫ਼ੀ ਸ਼ਾਇਰ ਬੜੀ ਸ਼ਿੱਦਤ ਨਾਲ ਕਰਦੇ ਹਨ।

ਨਿਰਸੰਦੇਹ ਮਧਕਾਲੀ ਸਾਹਿਤ ਚਿੰਤਨ ਦੇ ਆਰ ਪਾਰ ਬ੍ਰਿਹਾ ਸੰਵੇਦਨਾ ਦਾ ਤਿੱਖਾ ਪ੍ਰਗਟਾਵਾ ਹੈ। ਰਹੱਸ ਇਹ ਵੀ ਹੈ ਕਿ ਇਹੀ ਵੇਦਨਾ ਜਿਥੇ ਦਰਦ ਦਾ ਕਾਰਣ ਹੈ, ਉਥੇ ਇਹ ਦਰਦ ਤੋਂ ਪਾਰ ਜਾਣ ਦਾ ਮਾਰਗ ਵੀ ਹੈ। ਧਿਆਨਯੋਗ ਨੁੱਕਤਾ ਇਹ ਹੈ ਕਿ ਸੂਫੀ ਲਈ ਇਹ ਬ੍ਰਿਹਾ ਜਿਥੇ ਪੀੜਾ ਹੈ, ਉਥੇ ਇਹ ਚੇਤਨਾ

ਦਾ ਵੀ ਪ੍ਰਤੀਕ ਹੈ। ਜੇ ਬ੍ਰਿਹਾ ਹੈ ਤਾਂ ਇਸ ਦਾ ਸੰਕੇਤ ਇਹ ਹੈ ਕਿ ਜਗਿਆਸੂ ਅੰਦਰ ਪ੍ਰਭੂ ਪਿਆਰ ਹੈ, ਜੇ ਪ੍ਰਭੂ ਪਿਆਰ ਹੈ ਤਾਂ ਇਹੀ ਪਿਆਰ ਮਿਲਾਪ ਬਿੰਦੂ ਤਕ ਪਹੁੰਚਦਾ ਹੈ। ਸਪੱਸ਼ਟ ਤੱਥ ਇਹ ਹੈ ਕਿ ਬ੍ਰਿਹਾ ਵਿਚ ਪੀੜਾ ਹੈ ਪਰ ਇਹੀ ਬ੍ਰਿਹਾ ਚੇਤਨਾ ਦਾ ਵੀ ਪ੍ਰਤੀਕ ਹੈ। ਸੂਫੀ ਤਾਂ ਹੈਰਾਨ ਹੁੰਦਾ ਹੈ ਕਿ ਜਿਸ ਤਨ ਵਿਚ ਬ੍ਰਿਹਾ ਨਹੀਂ, ਉਹ ਤਨ ਤਾਂ ਮਸਾਣ ਹੈ ਜਿਥੇ ਕੁਛ ਵੀ ਪੈਦਾ ਨਹੀਂ ਹੁੰਦਾ। ਬ੍ਰਿਹਾ ਦੀ ਅਗਨੀ ਵਿਚ ਤੜਪਣਾ ਸੂਫ਼ੀ ਲਈ ਸੌਗਾਤ ਹੈ, ਵਰਦਾਨ ਹੈ, ਮਿਲਾਪ ਦਾ ਸੰਕੇਤ ਹੈ। ਫਰੀਦ ਜੀ ਵਰਗਾ ਮਹਾਨ ਅਨੁਭਵੀ ਤਾਂ ਇਹੀ ਲਿਖਦਾ ਹੈ ਕਿ ਉਹ ਮਨੁੱਖ ਆਪਣੇ ਪ੍ਰਭੂ ਤੋਂ ਦੂਰ ਰਹਿ ਕੇ ਜੀਉਂਦਾ ਕਿਵੇਂ ਹੈ ? ਉਹ ਇਸ ਬ੍ਰਿਹਾ ਬਾਰੇ ਬੜੇ ਭਾਵਪੂਰਤ ਬੋਲ ਆਪਣੇ ਸਲੋਕਾਂ ਵਿਚ ਉਚਾਰਦੇ ਹਨ।

ਅਸਲ ਵਿਚ ਸੂਫ਼ੀ ਸ਼ਾਇਰੀ ਵਿਚ ਬ੍ਰਿਹਾ ਦੀ ਸੰਵੇਦਨਾ ਜਿਸ ਰੂਪ ਵਿਚ ਜ਼ਾਹਰ ਹੋਈ ਹੈ, ਉਸ ਦਾ ਪ੍ਰਤਿਮਾਨ ਬਾਬਾ ਫਰੀਦ ਜੀ ਦੀ ਬਾਣੀ ਹੈ। ਇਸੇ ਬ੍ਰਿਹਾ ਨੂੰ ਬਾਅਦ ਵਿਚ ਹਰ ਸੂਫੀ ਨੇ ਆਪਣੇ ਕਲਾਮ ਦਾ ਪੈਰਾਡਾਇਮ ਬਣਾਇਆ ਹੈ। ਸੂਫ਼ੀ ਅਨੁਭਵ ਦਾ ਆਖਰੀ ਸ਼ਾਇਰ ਗੁਲਾਮ ਫਰੀਦ ਹਨ। ਉਨ੍ਹਾਂ ਦੀ ਕਵਿਤਾ ਵਿਚ ਇਹ ਬ੍ਰਿਹਾ ਅਗਨੀ ਬਣ ਬਣ ਲਾਟਾਂ ਬਣਦਾ ਹੈ:—

— ਰਾਂਝਨ ਜੋਗੀ ਮੈਂ ਜੁਗਿਆਨੀ। ਬੇ ਜ਼ਰ ਉਸ ਦੇ ਰਾਹ ਵਕਾਣੀ।।
ਮੁੱਠੜੀ ਮਾਰੀ ਫਿਰਾਂ ਨਮਾਣੀ। ਨਾਮ ਨਸ਼ਾਨ ਗੰਵਾਇਆ ਹੈ।।
ਬਿਰਹੋਂ ਅਲੰਬੀ ਜੁੜ ਕਰ ਲਾਈ। ਸੜਦੀ ਬਲਦੀਂ ਫਿਰਾਂ ਲੁਕਾਈ।।
ਲੋਕ ਕਿਆ ਜਾਣੇ ਪੀੜ ਪਰਾਈ। ਜੋ ਲਿਖਿਆ ਸੋ ਪਾਇਆ ਹੈ।।
ਛੱਡ ਗਿਆ ਰਾਂਝਨ ਸਿਰ ਦਾ ਵਾਲੀ। ਕੀਤਸ ਹਾਲ ਕਨੂੰ ਬੇਹਾਲੀ।।
ਸਾੜਾਂ ਸੇਝ ਤੇ ਤੋਲ ਨਿਹਾਲੀ। ਸਭ ਕੁਝ ਹਿਜਰ ਭੁਲਾਇਆ ਹੈ।।
ਦਿਲ ਨੂੰ ਲੁਟਿਆ ਇਸ਼ਕ ਮਰੇਲੇ।ਫਿਰਦੀ ਸ਼ਹਿਰ ਤੇ ਜੰਗਲ ਬੇਲੇ।।
ਮਤਾਂ ਫ਼ਰੀਦ ਕਰੇ ਰੱਬ ਮੇਲੇ। ਤਾਂਘ ਆਰਾਮ ਵੰਜਾਇਆ ਹੈ।।[19]

— ਪੁਰਾਣੀ ਪੀੜ ਪਈ ਗਲ ਦੀ। ਨਾ ਗਲਦੀ ਦਾਲ ਦਰਮਲ ਦੀ।।

ਸਦਾ ਜਲਦੀ ਤੇ ਹੱਤ ਮਲਦੀ। ਅਜ਼ਲ ਦੀ ਤਾਂਗ ਪਲਪਲ ਦੀ।
ਵਤਾ ਰੋਲਦੀ ਪੱਟੀ ਥਲ ਦੀ। ਨ ਟਲਦੀ ਸਿਕ ਬਰੋਚਲ ਦੀ।।
ਸੜੇਂਦੀ ਸੇਝ ਬਖਮਲ ਦੀ। ਤਲੇਂਦੀ ਤੂਲ ਨਰਮਲ ਦੀ।।
ਸੁੰਜੀ ਨੂੰ ਸਾਂਗ ਸਾਵਲ ਦੀ। ਅਜ਼ਲ ਦੀ ਹੈ ਨ ਅੱਜਕਲ ਦੀ।।
ਡੁੱਖਾਂ ਡੁਖੜੇ ਡਿੱਤੇ ਡਾਢੇ। ਹਡਾਂ ਦਾ ਮਾਸ ਗ਼ਮ ਖਾਧੇ।।
ਹਮੇਸ਼ਾ ਦਰਦ ਹਿਨ ਵਾਧੇ। ਪੁਨੱਲ ਵਲਦੀਂ ਕਰੀਂ ਜਲਦੀ।
ਅਵੈੜਾ ਇਸ਼ਕ ਪਿਆ ਝੋਲੀ। ਲਵੀਰਾਂ ਹੈ ਚੁੰਨੀ ਚੋਲੀ।
ਨ ਜਮਦੀਂ ਵਕਤ ਮਾ ਘੋਲੀ। ਡਿੱਤੀ ਗੋਲੀ ਹਲਾਹਲ ਦੀ।।
ਸਜਨ ਰੁਠੜਾ ਤੇ ਮੁਖ ਮੁੱਠੜਾ। ਖੁਸ਼ੀ ਦਾ ਸਾਂਗ ਸਭ ਤਹੁੱਟੜਾ।।
ਨਾ ਡੁੱਖ ਖੁਟੜਾ ਨ ਜੀ ਛੁਟੱੜਾ। ਅਪੁਠੜੀ ਮੂੰਝ ਵਲ ਵਲਦੀ।।
ਸੜੇਂਦਾ ਸੋਜ਼ ਛਾਤੀ ਹੈ। ਮਰੇਂਦਾ ਰੋਗ ਕਾਤੀ ਹੈ।।
ਨਾ ਪੈਂਦਾਂ ਯਾਰ ਝਾਤੀ ਹੈ। ਕਰਾਂ ਕਿਆ ਕੁਝ ਨਹੀਂ ਚਲਦੀ।।
ਡੁੱਖੀ ਦਾ ਦਰਦ ਦੇਰੀ ਹੈ। ਮੁੱਠੀ ਦੀ ਮਾਂ ਅਵੈੜੀ ਹੈ।
ਤੱਤੀ ਦਾ ਵੀਰ ਵੈਰੀ ਹੈ। ਸਿਰਾਂ ਸਖ਼ਤੀ ਨਹੀਂ ਢਲਦੀ।।
ਫ਼ਰੀਦ ਆਇਆ ਨ ਮਾਹੀ ਹੈ। ਡਿੱਤੀ ਸੂਲਾਂ ਨ ਸਾਹੀ ਹੈ।।
ਜਿਗਰ ਵਿੱਚ ਜਰਹ ਜਾਹੀ ਹੈ। ਲੱਗੀ ਜੜ੍ਹ ਨੋਕ ਰਾਵਲ ਦੀ।।[20]

ਇਹ ਵਿਚਾਰ ਸਪੱਸ਼ਟ ਹੈ ਕਿ ਹਰ ਅਧਿਆਤਮਵਾਦੀ ਸੰਤ ਸ਼ਾਇਰ ਬ੍ਰਿਹਾ ਨੂੰ ਆਪਣੀ ਬਾਣੀ ਦਾ ਮੂਲ ਪ੍ਰੇਰਣਾ ਸਰੋਤ ਮੰਨਦਾ ਹੈ। ਗੁਰਬਾਣੀ ਦਾ ਸਿਖਰਲਾ ਬਾਣੀਕਾਰ ਗੁਰੂ ਨਾਨਕ ਇਸੇ ਬ੍ਰਿਹਾ ਭਾਵਾਂ ਨੂੰ ਆਪਣੀ ਰਚਨਾ ਦਾ ਕੇਂਦਰੀ ਬੋਲ ਬਣਾਉਂਦੇ ਹਨ। ਆਪਣੇ ਬਾਰਾਮਾਹ ਵਿਚ ਉਹ ਉਸ ਜਗਿਆਸੂ ਦੇ ਤਨ ਮਨ ਦੀ ਅਵਸਥਾ ਦਾ ਪ੍ਰਮਾਣਕ ਬਿੰਬ ਉਸਾਰਦੇ ਹਨ ਜੋ ਆਪਣੇ ਪ੍ਰੀਤਮ ਦੀ ਤੜਪ ਵਿਚ ਬ੍ਰਿਹਾ ਦੀ ਅਗਨੀ ਝੱਲਦਾ ਹੈ। 'ਮੋਰੀ ਰੁਣ ਝੁਣ ਲਾਇਆ' ਕਹਿ ਕੇ ਗੁਰੂ ਨਾਨਕ ਆਪਣੇ ਬ੍ਰਿਹਾ ਭਾਵਾਂ ਨੂੰ ਸੁਹਜਮਈ ਬਣਾ ਦੇਂਦੇ ਹਨ। ਇਸ ਸ਼ਬਦ ਵਿਚੋਂ ਸੰਕੇਤ ਵੀ

ਮਿਲਦਾ ਹੈ ਕਿ ਜਦੋਂ ਜਗਿਆਸੂ ਅੰਦਰ ਬ੍ਰਿਹਾ ਦੀ ਵਿਲਕਣੀ ਜਾਗਦੀ ਹੈ ਤਾਂ ਉਹ ਉਦੋਂ ਆਪਣਾ ਸੀਸ ਵੀ ਅਰਪਨ ਕਰਨ ਤੱਕ ਜਾਂਦਾ ਹੈ। ਤਨ ਦਾ ਬ੍ਰਿਹਾ ਜੋ ਪੀੜ ਬਣਦਾ ਹੈ, ਉਸ ਨੂੰ ਗੁਰੂ ਨਾਨਕ ਸਾਹਿਬ ਨੇ ਬੜੀ ਵੇਦਨਾ ਨਾਲ ਉਸਾਰਿਆ ਹੈ। ਨਾਨਕ ਬਾਣੀ ਦਾ ਇਹ ਸ਼ਬਦ ਬ੍ਰਿਹਾ ਸੰਵੇਦਨਾ ਦਾ ਸਿਖਰਲਾ ਰੂਪ ਹੈ:—

ਮੋਰੀ ਰੁਣਝੁਣ ਲਾਇਆ, ਭੈਣੇ ਸਾਵਣੁ ਆਇਆ।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।
ਤੇਰੇ ਦਰਸਨ ਵਿਟਹੁ ਖੰਨੀਐ ਵੰਞਾਂ,
ਤੇਰੇ ਨਾਮ ਵਿਟਹੁ ਕੁਰਬਾਣੇ।
ਜਾ ਤੂ ਤਾ ਮੈ ਮਾਣੁ ਕੀਆ ਹੈ,
ਤੁਧੁ ਬਿਨੁ ਕੇਹਾ ਮੇਰਾ ਮਾਣੇ।
ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ।
ਏਤੇ ਵੇਸ ਕਰੇਦੀਏ, ਮੁੰਧੇ, ਸਹੁ ਰਾਤੇ ਅਵਰਾਹਾ।
ਨਾ ਮਨੀਆਰੁ ਨ ਚੂੜੀਆਂ, ਨਾ ਸੇ ਵੰਗੁੜੀਆਹਾ।
ਜੋ ਸਹ ਕੰਠਿ ਨ ਲਗੀਆ, ਜਲਨੁ ਸਿ ਬਾਹੜੀਆਹਾ।
ਸਭਿ ਸਹੀਆ ਸਹੁ ਰਾਵਣਿ ਗਈਆ,
ਹਉ ਦਾਧੀ ਕੈ ਦਰਿ ਜਾਵਾ।
ਅੰਮਾਲੀ ਹਉ ਖਰੀ ਸੁਚਜੀ, ਤੈ ਸਹ ਏਕਿ ਨ ਭਾਵਾ।
ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ।
ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ।
ਮੈ ਰੋਵੰਦੀ ਸਭੁ ਜਗੁ ਰੁਨਾ, ਰੁੰਨੜੇ ਵਣਹੁ ਪੰਖੇਰੂ।
ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ,
ਜਿਨਿ ਹਉ ਪਿਰਹੁ ਵਿਛੋੜੀ।
ਸੁਪਨੇ ਆਇਆ ਭੀ ਗਇਆ, ਮੈ ਜਲੁ ਭਰਿਆ ਰੋਇ।

ਆਇ ਨ ਸਕਾ ਤੁਝ ਕਨਿ ਪਿਆਰੇ, ਭੇਜਿ ਨ ਸਕਾ ਕੋਇ।
ਆਉ ਸਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ।
ਤੈ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ।
ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।
ਕਿਉ ਨ ਮਰੀਜੈ ਜੀਅੜਾ ਨ ਦੀਜੈ,
ਜਾ ਸਹੁ ਭਇਆ ਵਿਡਾਣਾ।1।3।[21]

ਇਸ ਸ਼ਬਦ ਵਿਚ ਬ੍ਰਿਹਾ ਸੰਵੇਦਨਾ ਦੇ ਵਿਭਿੰਨ ਪਾਸਾਰ ਹਨ। ਪ੍ਰਕ੍ਰਿਤੀ ਵੀ ਇਸ ਬ੍ਰਿਹਾ ਦੀ ਅਗਨੀ ਨੂੰ ਪ੍ਰਚੰਡ ਕਰ ਰਹੀ ਹੈ। ਸਾਵਣ ਆ ਗਿਆ ਹੈ, ਜਗਿਆਸੂ ਦਾ ਰੋਮ-ਰੋਮ ਝੁਣਝੁਣਾ ਰਿਹਾ ਹੈ। ਇਸ ਰੁਣ ਝੁਣ ਵਿਚੋਂ ਉਹ ਆਪਣੇ ਪ੍ਰੀਤਮ ਦੇ ਰੂਪ ਨੂੰ ਵੀ ਚਿਤਵਦਾ ਹੈ, ਜਿਸ ਦੇ ਨੈਣ ਉਸ ਲਈ ਆਕਰਸ਼ਣ ਬਣ ਗਏ ਹਨ। ਦਰਸ਼ਨਾਂ ਲਈ ਕੁਰਬਾਨ ਹੋ ਜਾਣਾ ਸਹਿਜ ਹੋ ਗਿਆ ਹੈ। ਬ੍ਰਿਹਾ ਵਿਚ ਤੜਪ ਏਨੀ ਸ਼ਿੱਦਤ ਵਾਲੀ ਹੈ ਕਿ ਸਿਰ ਅਰਪਨ ਕਰ ਦੇਣਾ ਸਹਿਜ ਬਣ ਗਿਆ ਹੈ। ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਬ੍ਰਿਹਾ ਵਿਚ ਗੜੁਚ ਪ੍ਰੇਮਕਾ ਦਾ ਬਿੰਬ ਹੈ ਜੋ ਤਨ ਦੇ ਬ੍ਰਿਹਾ ਦੀਆਂ ਵਿਭਿੰਨ ਪਰਤਾਂ ਉਜਾਗਰ ਕਰਦਾ ਹੈ। ਇਨ੍ਹਾਂ ਹੀ ਭਾਵਾਂ ਨੂੰ ਗੁਰੂ ਅਮਰਦਾਸ ਜੀ ਇਸ ਤਰ੍ਹਾਂ ਪ੍ਰਗਟਾਉਂਦੇ ਹਨ:—

ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ।
ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ।[22]

ਬ੍ਰਿਹਾ ਦੀ ਵੇਦਨਾ ਦੀ ਤਿੱਖੀ ਅਵਸਥਾ ਇਹ ਹੈ ਕਿ ਨਾ ਤਾਂ ਅੱਖਾਂ ਵਿਚ ਨੀਂਦ ਹੈ ਅਤੇ ਨਾ ਹੀ ਭੁੱਖ ਪਿਆਸ ਹੈ। ਇਹੀ ਬ੍ਰਿਹਾ ਦੀ ਸਿਖਰਲੀ ਅਵਸਥਾ ਹੈ ਜਿਸ ਵਿਚ ਪਹੁੰਚ ਕੇ ਜਗਿਆਸੂ ਆਪਣੇ ਪ੍ਰਭੂ ਨਾਲ ਅਭੇਦ ਹੋ ਜਾਂਦਾ ਹੈ, ਸਾਰੇ ਸ਼ੰਕੇ ਮਿੱਟ ਜਾਂਦੇ ਹਨ। ਇਹ ਬ੍ਰਿਹਾ ਹੀ ਚੇਤਨਾ ਦਾ ਪ੍ਰਤੀਕ ਹੈ। ਹਰ ਅਧਿਆਤਮਵਾਦੀ ਮੰਨਦਾ ਹੈ ਕਿ ਉਹ ਆਪਣੇ ਪ੍ਰੀਤਮ ਬਿਨਾਂ ਇਕ ਪਲ ਨਹੀਂ ਰਹਿ ਸਕਦਾ। ਇਕ ਘੜੀ ਵੀ ਨਾ ਮਿਲਣਾ ਕਲਜੁੱਗ ਬਣ ਜਾਂਦਾ ਹੈ। ਕਮਾਲ ਦਾ

ਰਹੱਸ ਇਹ ਹੈ ਕਿ ਜਾਗਦੀਆਂ ਅੱਖਾਂ ਵਿਚ ਵੀ ਬ੍ਰਿਹਾ ਦਾ ਜਲੌ ਹੈ ਅਤੇ ਨੀਂਦ ਵਿਚ ਵੀ ਉਹੀ ਤੜਪ ਹੈ। ਗੁਰੂ ਅਰਜਨ ਦੇਵ ਜੀ ਤਾਂ ਉਸ ਨੀਂਦ ਵੀ ਭਲੀ ਮੰਨਦੇ ਹਨ ਜਿਸ ਵਿਚ ਸੁਪਨਾ ਬਣ ਕੇ ਪ੍ਰੀਤਮ ਦੀ ਯਾਦ ਟਿੱਕ ਜਾਂਦੀ ਹੈ। ਜਗਿਆਸੂ ਦੀ ਇਹ ਬਿਰਹਨ ਵਾਲੀ ਅਵਸਥਾ ਹੀ ਉਸਦਾ ਜੀਵਨ ਬਣ ਜਾਂਦੀ ਹੈ। ਬਾਣੀਕਾਰ ਬ੍ਰਿਹਾ ਦੀ ਅਵਸਥਾ ਵਿਚ ਨਾਮ ਦੇ ਆਧਾਰ ਨੂੰ ਹੀ ਆਪਣਾ ਮਾਰਗ ਮੰਨਦੇ ਹਨ। ਇਸ ਬ੍ਰਿਹਾ ਦੀ ਪੀੜਾ ਨੂੰ ਸ਼ਾਂਤ ਵੀ ਨਾਮ ਰਾਹੀਂ ਕੀਤਾ ਗਿਆ ਹੈ। ਇਕ ਪਲ ਵੀ ਪ੍ਰੀਤਮ ਦਾ ਨਾ ਵਿਸਰਣਾ ਹੀ ਬ੍ਰਿਹਾ ਦੀ ਸੰਵੇਦਨਾ ਹੈ। ਗੁਰੂ ਅੰਗਦ ਦੇਵ ਜੀ ਇਸ ਬ੍ਰਿਹਾ ਦਾ ਭਾਵ ਇਸ ਤਰ੍ਹਾਂ ਪ੍ਰਗਟਾਉਂਦੇ ਹਨ:—

ਨਾਮੁ ਨਿਰੰਜਨੁ ਨਿਰਮਲਾ ਸੁਣਿਐ ਸੁਖੁ ਹੋਈ।।
ਸੁਣਿ ਸੁਣਿ ਮੰਨਿ ਵਸਾਈਐ ਬੂਝੈ ਜਨੁ ਕੋਈ।।
ਬਹਦਿਆ ਉਠਦਿਆ ਨ ਵਿਸਰੈ ਸਾਚਾ ਸਚੁ ਸੋਈ।।
ਭਗਤਾ ਕਉ ਨਾਮ ਅਧਾਰੁ ਹੈ ਨਾਮੇ ਸੁਖੁ ਹੋਈ।।
ਨਾਨਕ ਮਨਿ ਤਨਿ ਰਵਿ ਰਹਿਆ ਗੁਰਮੁਖਿ ਹਰਿ ਸੋਈ।।[23]

ਸੂਫ਼ੀ ਸ਼ਾਇਰੀ ਦੇ ਸਮਵਿੱਥ ਬਾਣੀਕਾਰ ਵੀ ਆਪਣਾ ਅਧਿਆਤਮੀ ਰਚਨਾਤਮਕ ਸੰਸਾਰ ਰਚ ਰਹੇ ਸਨ। ਪੰਜਾਬ ਦੀਆਂ ਇਹ ਦੋ ਮਹਾਨ ਅਧਿਆਤਮਕ ਪਰੰਪਰਾਵਾਂ ਸਮੁੱਚੇ ਸਾਹਿਤ ਚਿੰਤਨ ਅਤੇ ਧਰਮ ਗੌਰਵ ਦਾ ਜੀਵੰਤ ਪ੍ਰਮਾਣ ਹਨ। ਇਹ ਉਹ ਸਿਰਜਣਾਤਮਕ ਕਾਵਿ ਪਰੰਪਰਾਵਾਂ ਸਨ, ਜਿਨ੍ਹਾਂ ਨੇ ਪੂਰਵਕਾਲੀ ਧਰਮ ਚਿੰਤਨ ਅੰਦਰਲੀਆਂ ਮਨਫ਼ੀ ਮਨੌਤਾਂ ਨੂੰ ਰੱਦ ਕਰਕੇ ਇਕ ਅਜਿਹਾ ਪ੍ਰੇਮਾ ਭਗਤੀ ਦਾ ਮਾਡਲ ਉਸਾਰਿਆ ਹੈ ਜੋ ਸਮਕਾਲੀ ਸਮਿਆਂ ਵਿਚ ਪ੍ਰੇਰਣਾ ਮੂਲਕ ਹੈ। ਸੂਫ਼ੀ ਸ਼ਾਇਰੀ ਅਤੇ ਬਾਣੀਕਾਰਾਂ ਵਿਚਕਾਰ ਜੋ ਸਭ ਤੋਂ ਵਧੇਰੇ ਸਾਂਝਾ ਰਚਨਾਤਮਕ ਸੂਤਰ ਹੈ, ਉਹ ਹੈ ਆਪਣੇ ਪ੍ਰੀਤਮ/ਕੰਤ ਲਈ ਵਿਜੋਗ ਭਾਵਨਾ। ਦੋਵੇਂ ਕਾਵਿ ਪਰੰਪਰਾਵਾਂ ਵਿਚ ਮਿਲਾਪ ਅਤੇ ਵਿਛੋੜੇ ਦੀ ਪੀੜਾ ਸਾਂਝੀ ਹੈ। ਇਹ ਅੰਤਰ ਜ਼ਰੂਰ ਹੈ ਕਿ ਸੂਫੀਆਂ ਨੇ ਆਪਣੇ ਪ੍ਰੀਤਮ ਲਈ ਜਿਹੜਾ ਪ੍ਰਤੀਕ ਪ੍ਰਬੰਧ ਚੁਣਿਆ ਹੈ, ਉਹ ਪ੍ਰਤੀਕ

ਪ੍ਰਬੰਧ ਬਾਣੀਕਾਰਾਂ ਨਾਲੋਂ ਵੱਖਰਾ ਹੈ। ਸੂਫੀ ਸ਼ਾਇਰੀ ਵਿਚ ਬ੍ਰਿਹਾ ਦੇ ਪ੍ਰਗਟਾਵੇ ਲਈ ਮਜਾਜ਼ੀ ਪ੍ਰੀਤ ਦੇ ਪ੍ਰਤਿਮਾਨ ਹਨ ਜਦ ਕਿ ਬਾਣੀਕਾਰ ਆਪਣੀ ਵਿਜੋਗ ਭਾਵਨਾ ਦੇ ਇਜ਼ਹਾਰ ਲਈ ਪਤੀ ਪਤਨੀ ਦਾ ਪ੍ਰਤੀਕ ਵਰਤਦੇ ਹਨ। ਸਾਂਝ ਇਹ ਹੈ ਕਿ ਦੋਵਾਂ ਪਰੰਪਰਾਵਾਂ ਵਿਚ ਆਪਣੇ ਪ੍ਰੀਤਮ/ਕੰਤ ਨਾਲੋਂ ਵਿਛੜੇ ਹੋਣ ਦੀ ਗੱਲ ਹੈ। ਵਿਛੋੜਾ/ਬ੍ਰਿਹਾ ਕੇਂਦਰੀ ਸੂਤਰ ਵਜੋਂ ਹੈ। ਪ੍ਰਮਾਣ ਵਜੋਂ ਬਾਣੀ ਵਿਚ ਇਹ ਪ੍ਰਗਟਾਵਾ ਇੰਜ ਹੈ:—

ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।।
ਧਨੁ ਸੁ ਤੇਰਾ ਥਾਨੁ।।1।।ਰਹਾਉ।।
ਜਿਚਰੁ ਵਸਿਆ ਕੰਤੁ ਘਰਿ ਜੀਉ ਜੀਉ ਸਭਿ ਕਹਾਤਿ।।
ਜਾ ਉਠੀ ਚਲਸੀ ਕੰਤੜਾ ਤਾ ਕੋਇ ਨ ਪੁਛੈ ਤੇਰੀ ਬਾਤ।2।
ਪੇਈਅੜੈ ਸਹੁ ਸੇਵਿ ਤੂ ਸਾਹੁਰੜੈ ਸੁਖਿ ਵਸੁ।।
ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ।3।
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ।।
ਨਾਨਕ ਧੰਨੁ ਸੋਹਾਗਣੀ ਜਿਨ ਸਹ ਨਾਲਿ ਪਿਆਰੁ।।4।।[24]

ਉਪਰੋਕਤ ਪ੍ਰਮਾਣ ਤੋਂ ਵੈਰਾਗ ਭਾਵਨਾ ਬੜੀ ਸਪੱਸ਼ਟ ਹੈ। ਬਾਣੀਕਾਰਾਂ ਨੇ ਜੋ ਅਧਿਆਤਮੀ ਮਾਡਲ ਉਸਾਰਿਆ ਹੈ, ਉਸ ਅਨੁਸਾਰ ਵਿਛੋੜਾ ਤਾਂ ਹੈ ਪਰ ਇਹ ਜਨਮ ਸਰਾਪ ਨਹੀਂ ਸਗੋਂ ਪ੍ਰਭੂ ਮਿਲਾਪ ਲਈ ਕਾਰਜਭੂਮੀ ਹੈ। ਉਨ੍ਹਾਂ ਅਨੁਸਾਰ ਵਿਛੋੜਾ ਮਿਲਾਪ ਦੀ ਚੇਤਨਾ ਦਾ ਪ੍ਰਤੀਕ ਹੈ। ਨਾਮ ਸਿਮਰਨ ਅਤੇ ਯਾਦ ਵਿਚ ਲੀਨ ਰਹਿਣ ਨਾਲ ਇਹ ਵਿਛੋੜਾ ਦੁਖਦਾਈ ਨਹੀਂ ਰਹਿੰਦਾ। ਮੂਲ ਆਦੇਸ਼ ਇਹ ਹੈ ਕਿ ''ਨਾਨਕ ਸਬਦਿ ਮਿਲਾਵੜਾ ਨਾ ਵੇਛੋੜਾ ਹੋਇ।।'' ਭਾਵ ਵਿਛੋੜਾ ਉਦੋਂ ਪੀੜਾ ਬਣਦਾ ਹੈ ਜਦੋਂ ਪ੍ਰੀਤਮ ਦੇ ਮਿਲਾਪ ਦੇ ਰਾਹ ਉਪਰ ਮਾਇਆ ਬੰਧਨ ਬਣਦੀ ਹੈ। ਮਾਇਆ ਤੋਂ ਪਾਰ ਜਾ ਕੇ ਜਗਿਆਸੂ ਜਦੋਂ ਭਗਤੀ ਦੇ ਰਾਹ ਉਪਰ ਤੁਰਦਾ ਹੈ ਤਾਂ ਉਦੋਂ ਬ੍ਰਿਹਾ ਦੀ ਅਗਨੀ ਦਾ ਸੇਕ ਮੁੱਕ ਜਾਂਦਾ ਹੈ। ਸ਼ਬਦ ਮਿਲਾਪ ਦਾ ਰਹੱਸ ਬਣ

ਜਾਂਦਾ ਹੈ, "ਸਬਦਿ ਮਿਲੀ ਨਾ ਵੀਛੁੜੈ ਪਿਰ ਕੈ ਅੰਕਿ ਸਮਾਇ।।" ਬਾਣੀਕਾਰ ਇਸ ਮੱਤ ਦੇ ਧਾਰਨੀ ਸਨ ਕਿ ਵਿਛੋੜਾ ਦੁਖਦਾਈ ਉਦੋਂ ਬਣਦਾ ਹੈ ਜਦੋਂ ਕੰਤ ਉਸਨੂੰ ਵਿਸਾਰ ਦੇਂਦਾ ਹੈ। ਕੰਤ ਦੀ ਯਾਦ ਵਿਚ ਟਿਕੀ ਪਤਨੀ ਨੂੰ ਬ੍ਰਿਹਾ ਦਾ ਸੇਕ ਤਪਾਉਂਦਾ ਨਹੀਂ ਬਲਕਿ ਸ਼ਾਂਤ ਕਰਦਾ ਹੈ। ਸੂਫ਼ੀ ਕਲਾਮ ਅਤੇ ਬਾਣੀਕਾਰਾਂ ਵਿਚਕਾਰ ਵਿਜੋਗ ਭਾਵਨਾ ਦੀ ਸਾਂਝ ਹੋ ਕੇ ਵੀ ਜੋ ਵੱਡਾ ਅੰਤਰ ਹੈ, ਉਹ ਹੈ ਵਿਜੋਗ/ਬ੍ਰਿਹਾ ਦੀ ਸੰਵੇਦਨਾ ਦਾ ਪ੍ਰਗਟਾਵਾ। ਸੂਫੀ ਸ਼ਾਇਰੀ ਵਿਚ ਬ੍ਰਿਹਾ ਦੀ ਪੀੜਾ ਦਾ ਨਿਸ਼ੰਗ ਪ੍ਰਗਟਾਵਾ ਹੈ, ਮਿਲਾਪ ਲਈ ਤੜਪ ਹੈ, ਸਰੀਰ ਦੇ ਤਪਣ ਵੱਲ ਇਸ਼ਾਰਾ ਹੈ, ਸੱਜਣ ਬਿਨੁ ਸਰੀਰ ਕਣ ਕਣ ਹੋ ਗਿਆ ਹੈ, ਸ਼ੋਖ ਪ੍ਰਗਟਾਵਾ ਹੈ ਜਦ ਕਿ ਬਾਣੀਕਾਰ ਵੀ ਵਿਜੋਗ/ਵਿਛੋੜੇ ਦੇ ਅਨੁਭਵ ਵਿਚੋਂ ਲੰਘ ਰਹੇ ਹਨ। ਮਿਲਣ ਦੀ ਤਾਂਘ ਅਤੇ ਅਰਦਾਸ ਵੀ ਹੈ ਪਰ ਉਹ ਆਪਣੇ ਬ੍ਰਿਹਾ ਪ੍ਰਗਟਾਵੇ ਵਿਚ ਬੜੇ ਸੰਜਮੀ ਅਤੇ ਅਣਬੋਲਤ ਵਿਥਿਆ ਜਾਣਨ ਦੀ ਬੇਨਤੀ ਵਿਚ ਹਨ। ਸਾਡੇ ਅਧਿਐਨ ਦੇ ਪ੍ਰਸੰਗ ਵਿਚ ਮਹੱਤਵਪੂਰਣ ਪ੍ਰਾਸੰਗਿਕ ਨੁੱਕਤਾ ਇਹ ਹੈ ਕਿ ਦੋਵਾਂ ਕਾਵਿ ਪਰੰਪਰਾਵਾਂ ਦੀ ਬ੍ਰਿਹਾ ਸੰਵੇਦਨਾ ਮੂਲ ਕਾਰਜਕਾਰੀ ਰਚਨਾਤਮਕ ਸੂਤਰ ਹੈ। ਹੇਠ ਲਿਖੇ ਪ੍ਰਮਾਣ ਵਿਚੋਂ ਉਪਰੋਕਤ ਵਿਚਾਰ ਸਪੱਸ਼ਟ ਹੁੰਦਾ ਹੈ ਕਿ ਆਪਣੇ ਸੁਆਮੀ ਕੰਤ ਬਿਨਾ ਜੀਵਾਤਮਾ ਲਈ ਹਰ ਥਾਂ ਉਦਾਸੀ ਹੈ, ਚਾਰੇ ਕੂੰਟਾਂ ਵਿਚ ਬੇਰੌਣਕੀ ਹੈ ਅਤੇ ਜੀਵਨ ਦਾ ਉਦੇਸ਼ ਥਿੜਕ ਗਿਆ ਪ੍ਰਤੀਤ ਹੁੰਦਾ ਹੈ। ਇਹ ਸ਼ਬਦ ਇਸੇ ਵਿਜੋਗ ਭਾਵਨਾ ਦਾ ਹੀ ਪ੍ਰਗਟਾਵਾ ਹੈ:—

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।
ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ।
ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ।।
ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ।।
ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ।।
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ

ਸੂਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ।।
ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ।।
ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ।।
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ
ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ।।
ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।।
ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ।।
ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ।।
ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ।।
ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ।।
ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ।।
ਹਰਿ ਦਰਸਨ ਕਉ ਮਨੁ ਲੋਚਦਾ ਨਾਨਕ ਪਿਆਸ ਮਨਾ।[25]

ਇਸ ਸ਼ਬਦ ਦੀ ਮੂਲ ਧੂਨੀ ਵਿਚੋਂ ਇਕ ਖਿਨੁ ਨਾ ਜੀਓ ਸਕਣ ਦਾ ਤਰਲਾ ਹੈ, ਹਰਿ ਦਰਸਨਿ ਕਉ ਮਨੁ ਲੋਚਦਾ ਹੈ, ਦੁਖ ਦੀ ਪ੍ਰਤੀਤੀ ਹੁੰਦੀ ਹੈ। ਅਜਿਹੀ ਵਿਜੋਗ ਅਵਸਥਾ ਵਿਚੋਂ ਪਾਰ ਜਾ ਕੇ ਪਾਰਗਾਮੀ ਬਿੰਦੂ ਤਕ ਪਹੁੰਚਣ ਦਾ ਮਾਡਲ ਵੀ ਨਾਲ ਹੀ ਉਸਾਰਿਆ ਗਿਆ ਹੈ। ਭਾਵ ਬਾਣੀਕਾਰਾਂ ਦੀ ਯਾਤਰਾ ਵਿਜੋਗ ਤੋਂ ਸੰਜੋਗ ਵੱਲ ਦੀ ਹੈ। ਇਹ ਸੰਜੋਗ ਜਗਿਆਸੂ ਦੀ ਇਕੱਲੀ ਯਾਤਰਾ ਨਹੀਂ ਬਲਕਿ ਗੁਰੂ ਵੀ ਉਸ ਦਾ ਮਾਰਗ ਉਲੀਕਦਾ ਹੈ। ਇਸ ਪ੍ਰਸੰਗ ਵਿਚ ਬ੍ਰਿਹਾ ਸੰਵੇਦਨਾ ਬੜੀ ਗਹਿਰ ਗੰਭੀਰ ਅਵਸਥਾ ਵਿਚੋਂ ਉਭਰਦੀ ਹੈ। ''ਹਉ ਕੁਰਬਾਨੀ ਗੁਰ ਆਪਣੇ ਜਿਨਿ ਵਿਛੁੜਿਆ ਮੇਲਿਆ ਮੇਰਾ ਸਿਰਜਨਹਾਰਾ।।'' ਅਤੇ ''ਵਿਛੁੜਿਆ ਗੁਰ ਮੇਲਸੀ ਹਰਿ ਰਸਿ ਨਾਮ ਪਿਆਰਿ।।'' ਸਪੱਸ਼ਟ ਹੈ ਕਿ ਕੰਤ ਦੀ ਯਾਦ ਵਿਚ ਲੀਨ ਪਤਨੀ ਇਕੱਲੀ ਨਹੀਂ। ਵਿਛੋੜੇ ਦੀ ਪੀੜਾ ਤਾਂ ਹੈ ਪਰ ਨਾਲ ਹੀ ਗੁਰੂ ਅਤੇ ਕੰਤ ਦੇ ਸ਼ਬਦਿ ਦੀ ਵੀ ਟੇਕ ਹੈ। ਇੰਜ ਬ੍ਰਿਹਾ ਦੀ ਅਗਨੀ ਲਟ ਲਟ ਬਲਣ ਦੀ ਥਾਂ

ਸ਼ਾਂਤ ਹੋਣ ਵੱਲ ਵੱਧਦੀ ਹੈ। ਜੋ ਰਹੱਸ ਬੜਾ ਕਾਰਗਰ ਹੈ, ਉਹ ਇਹ ਹੈ ਕਿ ਵਿਛੋੜਾ ਹੰਢਾ ਰਹੀ ਧਿਰ ਨੂੰ ਨਾਲ ਨਾਲ ਪ੍ਰੀਤ ਦਾ ਮਾਡਲ ਵੀ ਸਮਝਾਇਆ ਹੈ। ਇਸ ਤਰ੍ਹਾਂ ਬਾਣੀ ਇਕੋ ਵੇਲੇ ਕਈ ਭੂਮਿਕਾਵਾਂ ਨਿਭਾਉਣ ਦੀ ਜ਼ਿੰਮੇਵਾਰੀ ਲੈਂਦਾ ਹੈ। ਬ੍ਰਿਹਾ ਅਤੇ ਵਿਜੋਗ ਭਾਵਨਾ ਕੇਂਦਰ ਬਿੰਦੂ ਹੈ ਜਦ ਕਿ ਇਸ ਬਿੰਦੂ ਦੇ ਆਲੇ ਦੁਆਲੇ ਕੰਤ ਦੀ ਪ੍ਰੀਤ ਦਾ ਮਾਡਲ, ਸ਼ਬਦਿ ਅਤੇ ਨਾਮ ਦੀ ਸਾਰਥਕਤਾ ਅਤੇ ਨਾਲ ਹੀ ਗੁਰੂ ਦੀ ਟੇਕ ਨੂੰ ਧਿਆਇਆ ਹੈ। ਇਹ ਸਾਰਾ ਪਰਿਪੇਖ ਬੜਾ ਨਿਵੇਕਲਾ ਅਤੇ ਵਿਜੋਗ ਤੋਂ ਸੰਜੋਗ ਵੱਲ ਲਿਜਾਉਣ ਵਾਲਾ ਹੈ। ਨਾਨਕ ਬਾਣੀ ਵਿਚ ਵਿਜੋਗ ਤੋਂ ਮਿਲਾਪ ਦੀ ਯਾਤਰਾ ਵਾਲਾ ਪ੍ਰੀਤ ਮਾਡਲ ਬੜਾ ਅਰਥ ਭਰਪੂਰ ਹੈ:—

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ।।
ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ।।
ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ।।1।।
ਮਨ ਰੇ ਕਿਉ ਛੂਟਹਿ ਬਿਨੁ ਪਿਆਰ।।
ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ।।1।ਰਹਾਉ।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ।।
ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ।।
ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ।।2।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ।।
ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ।।
ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ।।3।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ।।
ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ।।
ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ।।4।।
ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਕਵੀ ਸੂਰ।।

ਖਿਨੁ ਪਲੁ ਨੀਦ ਨ ਸੋਵਈ ਜਾਣੈ ਦੂਰਿ ਹਜੂਰਿ।।
ਮਨਮੁਖਿ ਸੋਝੀ ਨਾ ਪਵੈ ਗੁਰਮੁਖਿ ਸਦਾ ਹਜੂਰਿ।।5।।
ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ।।
ਤਾ ਕੀ ਕੀਮਤਿ ਨਾ ਪਵੈ ਜੇ ਲੋਚੈ ਸਭੁ ਕੋਇ।।
ਗੁਰਮਤਿ ਹੋਇ ਤ ਪਾਈਐ ਸਚਿ ਮਿਲੈ ਸੁਖੁ ਹੋਇ।।6।।
ਸਚਾ ਨੇਹੁ ਨ ਤੁਟਈ ਜੇ ਸਤਿਗੁਰੁ ਭੇਟੈ ਸੋਇ।।
ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ।।
ਨਿਰਮਲੁ ਨਾਮੁ ਨ ਵੀਸਰੈ ਜੇ ਗੁਣ ਕਾ ਗਾਹਕੁ ਹੋਇ।।7।।
ਖੇਲਿ ਗਏ ਸੇ ਪੰਖਣੂੰ ਜੋ ਚੁਗਦੇ ਸਰ ਤਲਿ।।
ਘੜੀ ਕਿ ਮੁਹਤਿ ਕਿ ਚਲਣਾ ਖੇਲਣੁ ਅਜੁ ਕਿ ਕਲਿ।।
ਜਿਸੁ ਤੂੰ ਮੇਲਹਿ ਸੋ ਮਿਲੈ ਜਾਇ ਸਚਾ ਪਿੜੁ ਮਲਿ।।8।।
ਬਿਨੁ ਗੁਰ ਪ੍ਰੀਤਿ ਨ ਊਪਜੈ ਹਉਮੈ ਮੈਲੁ ਨ ਜਾਇ।।
ਸੋਹੰ ਆਪੁ ਪਛਾਣੀਐ ਸਬਦਿ ਭੇਦਿ ਪਤੀਆਇ।।
ਗੁਰਮੁਖਿ ਆਪੁ ਪਛਾਣੀਐ ਅਵਰ ਕਿ ਕਰੇ ਕਰਾਇ।।9।।
ਮਿਲਿਆ ਕਾ ਕਿਆ ਮੇਲੀਐ ਸਬਦਿ ਮਿਲੇ ਪਤੀਆਇ।।
ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ।।
ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ।।10।।[26]

ਇਸ ਉਪਰੋਕਤ ਪ੍ਰਮਾਣ ਦੀਆਂ ਰੇਖਾਵਾਂ ਬੜੀ ਪ੍ਰਾਸੰਗਿਕ ਅਤੇ ਅਰਥ ਉਤਪਾਦਨ ਵਾਲੀਆਂ ਹਨ। ਸਭ ਤੋਂ ਅਹਿਮ ਸੰਕੇਤ ਇਹ ਹੈ ਕਿ 'ਮਨਮੁਖਿ ਸੋਝੀ ਨਾ ਪਵੈ ਵੀਛੁੜਿ ਚੋਟਾ ਖਾਇ।।' ਭਾਵ ਇਹ ਕਿ ਵਿਛੋੜੇ ਵਿਚ ਚੋਟਾਂ ਤਾਂ ਹਨ ਪਰ ਇਹ ਚੋਟਾਂ ਉਸ ਲਈ ਹਨ ਜੋ ਮਾਇਆ ਵਿਚ ਖਚਿਤ ਹੈ। ਜਗਿਆਸੂ/ਗੁਰਮੁਖ ਆਪਣੀ ਪ੍ਰੇਮਾਭਗਤੀ ਰਾਹੀਂ ਚੋਟਾਂ ਦੀ ਮਾਰ ਤੋਂ ਬਚ ਕੇ ਕੰਤ ਦੀ ਰਹਿਮਤ ਦਾ ਭਾਗੀ ਬਣਦਾ ਹੈ। ਵਿਛੋੜਾ ਬੁਨਿਆਦ ਵਿਚ ਤਾਂ ਪਿਆ ਹੈ ਪਰ

ਵਿਛੋੜੇ ਤੋਂ ਪਾਰ ਜਾਣ ਦਾ ਮਾਰਗ ਵੀ ਸਹਿਜ ਬਣਾ ਦਿੱਤਾ ਹੈ। ''ਗਿਆਨ ਪਦਾਰਥੁ ਪਾਈਐ'' ਦਾ ਉਪਦੇਸ਼ ਹੈ। ਪ੍ਰੀਤ ਦਾ ਮਾਡਲ ਵਿਸਥਾਰਦਿਆਂ ਗੁਰੂ ਨਾਨਕ ਸਾਹਿਬ ਨੇ ਸਾਰੀ ਸਥਿਤੀ ਸਪੱਸ਼ਟ ਕਰ ਦਿੱਤੀ ਹੈ। ਜਲ ਅਤੇ ਕਮਲੇਹਿ, ਲਹਰ ਅਤੇ ਪਾਣੀ, ਜਲ ਦੇ ਜੀਵਾਂ ਵਾਂਗ ਵਿਚਰਣ ਦਾ ਮਾਰਗ ਦਸਿਆ ਹੈ। ਜਦੋਂ ਅਜਿਹੀ ਪ੍ਰੀਤ ਹੈ ਤਾਂ ''ਆਪੇ ਮੇਲਿ ਵਿਛੁੰਨਿਆ ਸਚਿ ਵਡਿਆਈ ਦੇਇ।।'' ਅਤੇ ਇਕੋ ਇਕ ਨਿਰਣਾ ਵੀ ਦੇ ਦਿਤਾ ਹੈ, ''ਨਾਨਕ ਦਰੁ ਘਰੁ ਏਕੁ ਹੈ ਅਵਰੁ ਨ ਦੂਜੀ ਜਾਇ।।'' ਬਾਣੀ ਦਾ ਸੰਸਾਰ ਸਿਰਫ ਬ੍ਰਿਹਾ ਜਾਂ ਬ੍ਰਿਹਾ ਦੀ ਪੀੜਾ ਦਾ ਵੀ ਪ੍ਰਗਟਾਵਾ ਨਹੀਂ ਬਲਕਿ ਬ੍ਰਿਹਾ ਅਤੇ ਵਿਜੋਗ ਨੂੰ ਮਿਲਾਪ ਦੇ ਮਾਰਗ ਉਪਰ ਤੋਰਿਆ ਹੈ। ਜੋ ਮਾਇਆ ਵਿਚ ਮਗਨ ਹਨ, ਉਨ੍ਹਾਂ ਦੀ ਅਵਸਥਾ ਬੜੀ ਦੁਖਦਾਈ ਹੈ। ਗੁਰੂ ਅਰਜਨ ਦੇਵ ਜੀ ਇਸ ਅਵਸਥਾ ਵੱਲ ਇੰਜ ਸੰਕੇਤ ਕਰਦੇ ਹਨ:—

— ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ।।
ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭ ਗੈਣ।

— ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗੁ।।
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।।

ਬਾਣੀ ਸੰਸਾਰ ਦੇ ਕੇਂਦਰੀ ਪਰਿਪੇਖ ਵਿਚ ਮਨੁੱਖ ਦੀ ਸਥਿਤੀ ਤਾਂ ਵਿਛੋੜੇ ਵਾਲੀ ਹੈ ਪਰ ਇਹ ਵਿਛੋੜਾ ਉਨ੍ਹਾਂ ਲਈ ਬਣਿਆ ਰਹਿੰਦਾ ਹੈ ਜੋ ਮਾਇਆ ਨਾਲ ਜੁੜਦੇ ਹਨ। ਬਾਣੀ ਦੇ ਆਰ ਪਾਰ ਮਨੁੱਖ ਦੀ ਸਾਰੀ ਯਾਤਰਾ ਵਿਜੋਗ ਤੋਂ ਸੰਜੋਗ ਵੱਲ ਦੀ ਹੈ। ਵਿਜੋਗ ਕੇਂਦਰ ਵਿਚ ਹੈ ਅਤੇ ਇਹ ਮਨੁੱਖ ਦੀ ਭੂਮਿਕਾ ਹੈ ਕਿ ਉਹ ਵਿਜੋਗ ਤੋਂ ਮਿਲਾਪ ਦੀ ਦੂਰੀ ਤਹਿ ਕਰੇ। ਬਾਣੀ ਦਾ ਮੂਲ ਉਪਦੇਸ਼ ਹੀ ਮਿਲਾਪ ਦੀ ਅਵੱਸਥਾ ਤੱਕ ਪਹੁੰਚਣਾ ਹੈ। ''ਸਾਹਿਬੁ ਮੇਰਾ ਨਿਰਮਲਾ ਤਿਸੁ ਬਿਨੁ ਰਹਣੁ ਨ ਜਾਇ।।'' ਅਸਲ ਵਿਚ ਬਾਣੀ ਸੰਸਾਰ ਦਾ ਪ੍ਰਭੂ/ਪ੍ਰੀਤਮ ਕਿਸੇ ਦੂਰ ਦੀ ਧਰਤੀ ਦੀ ਅਪਹੁੰਚ ਧਿਰ ਨਹੀਂ ਸਗੋਂ ਹਰ ਪਲ ਉਸ ਦਾ ਅੰਗੀ ਸਾਥੀ ਹੈ। ਮਿਹਰਵਾਨ ਹੈ ਅਤੇ ਪ੍ਰੇਮਾਭਗਤੀ ਨੂੰ ਪ੍ਰਵਾਣ ਕਰਨ ਵਾਲਾ ਹੈ। ਇਸ ਲਈ ਜੀਵਾਤਮਾ ਦੀ ਤੜਪ

ਬੜੀ ਸੁਭਾਵਕ ਹੈ। ਬਾਣੀ ਸੰਸਾਰ ਵਿਚ ਪਰਮਾਤਮਾ ਪਿਤਾ ਵੀ ਹੈ ਅਤੇ ਸਖਾ ਵੀ, ਕੰਤ ਵੀ ਹੈ ਅਤੇ ਮਿੱਠਬੋਲੜਾ ਯਾਰ ਵੀ। ਇਹੀ ਕਾਰਣ ਹੈ ਕਿ ਆਤਮਾ ਰੂਪੀ ਇਸਤ੍ਰੀ ਆਪਣੇ ਅਜਿਹੇ ਪ੍ਰਭੂ ਦੀ ਯਾਦ ਹਰ ਘੜੀ ਲੀਨ ਰਹਿੰਦੀ ਹੈ। ਵਿਛੋੜੇ ਵਿਚ ਤੜਪਦੀ ਅਤੇ ਮਿਲਣ ਲਈ ਤਰਸਦੀ ਹੈ। ਇਕ ਘੜੀ ਦਾ ਵਿਸਾਹ ਨਹੀਂ ਖਾਉਂਦੀ ਅਤੇ ਇਹੀ ਬੇਨਤੀ ਕਰਦੀ ਹੈ ਕਿ 'ਮੋਹਿ ਨਾ ਵਿਸਾਰੋ ਮੈਂ ਜਨ ਤੇਰਾ'। ਆਪਣੀ ਕਾਰਜਸ਼ੀਲਤਾ ਰਾਹੀਂ ਮਨੁੱਖ ਆਪਣੇ ਪ੍ਰਭੂ ਦੀ ਮਿਹਰ ਪ੍ਰਾਪਤ ਕਰਕੇ ਉਸ ਵਿਚ ਅਭੇਦ ਹੋ ਜਾਂਦਾ ਹੈ। ਬਾਣੀ ਸੰਸਾਰ ਦੀ ਯਾਤਰਾ ਲੌਕਿਕਤਾ ਦੇ ਝਰੋਖੇ ਵਿਚੋਂ ਪਾਰਲੌਕਿਕਤਾ ਦੇ ਰਹੱਸ ਵਿਚ ਅਭੇਦ ਹੋਣਾ ਹੈ। ਪ੍ਰਭੂ ਦੀ ਯਾਦ ਵਿਚ ਹਰ ਘੜੀ ਸਿਮਰਨ ਕਰਨਾ ਹੀ ਜੀਵ ਰੂਪੀ ਆਤਮਾ ਦਾ ਧਰਮ ਹੈ। ਯਾਦ ਵਿਚ ਵਿਛੋੜੇ ਦਾ ਅਨੁਭਵ ਕਰਨਾ ਹੀ ਮਨੁੱਖ ਦੀ ਭਗਤੀ ਹੈ। ਇਥੇ ਭਗਤੀ ਵਿਚ ਹੀ ਧਰਮ ਹੈ, ਮੁੱਕਤੀ ਹੈ ਅਤੇ ਮਿਲਾਪ ਹੈ। ਬਾਣੀ ਸੰਸਾਰ ਵਿਚ ਵਿਛੋੜੇ ਦੀ ਤਿੱਖੀ ਸੰਵੇਦਨਾ ਬੜੀ ਅਰਥ ਭਰਪੂਰ ਹੈ ਅਤੇ ਇਸੇ ਵਿਜੋਗ ਭਾਵਨਾ ਵਿਚੋਂ ਜੋ ਬੋਲ ਪ੍ਰਗਟ ਹੋਏ ਹਨ, ਉਹ ਬੋਲ ਮਨੁੱਖ ਦੇ ਅੰਦਰਲੇ ਮੋਹ ਦਾ ਪ੍ਰਗਟਾਵਾ ਬਣੇ ਹਨ।

ਅਧਿਆਤਮਕ ਚਿੰਤਨ ਵਿਚ ਇਹ ਤੱਥ ਬੜਾ ਉਘੜਵਾਂ ਹੈ ਕਿ ਮਨੁੱਖ ਇਸਤ੍ਰੀ ਦੇ ਪ੍ਰਤੀਕ ਵਿਚ ਆਪਣੇ ਪ੍ਰਭੂ ਪ੍ਰੀਤਮ ਲਈ ਵਿਛੋੜੇ ਦੀ ਅਵਸਥਾ ਵਿਚ ਹੈ। ਬਾਣੀ ਸੰਸਾਰ ਵਿਚ ਇਹ ਵਿਛੋੜਾ ਅੰਦਰਲੇ ਮੋਹ ਅਤੇ ਮਿਲਣ ਦੀ ਤਾਂਘ ਦਾ ਸੰਵੇਦਨਸ਼ੀਲ ਪ੍ਰਗਟਾਵਾ ਹੈ। ਬਾਣੀ ਸੰਸਾਰ ਤੋਂ ਪਹਿਲਾਂ ਬਾਬਾ ਫ਼ਰੀਦ ਇਸ ਵਿਛੋੜੇ ਦੀ ਉਚਿਆਈ ਨੂੰ ਪ੍ਰਗਟਾ ਚੁੱਕੇ ਸਨ। ਫ਼ਰੀਦ ਬਾਣੀ ਵਿਚੋਂ ਬ੍ਰਿਹਾ ਦਾ ਜੋ ਰੂਪ ਉਘੜਿਆ ਹੈ, ਉਹ ਬੜਾ ਪ੍ਰਮਾਣਕ ਅਤੇ ਧਰਮ ਚਿੰਤਨ ਵਿਚ ਇਕ ਨਵਾਂ ਪ੍ਰਤਿਮਾਨ ਸਥਾਪਤ ਕਰਨ ਵਾਲਾ ਹੈ। ਇਸ ਬ੍ਰਿਹਾ ਦੀ ਹੂਕ ਨੂੰ ਸੂਫੀ ਕਵਿਤਾ ਵਿਚ ਪ੍ਰੇਮੀ ਪ੍ਰੇਮਿਕਾ ਦੇ ਪ੍ਰਤੀਕ ਵਿਚ ਪ੍ਰਗਟਾਇਆ ਗਿਆ ਹੈ। ਕਮਾਲ ਦਾ ਪੱਖ ਇਹ ਹੈ ਕਿ ਸਮੁੱਚੀ ਅਧਿਆਤਮਕ ਪਰੰਪਰਾ ਵਿਚ ਵਿਛੋੜੇ ਦੇ ਭਾਵ ਨੂੰ ਪ੍ਰਗਟਾਉਣ ਲਈ ਪਰਮਾਤਮਾ ਨੂੰ ਪ੍ਰੇਮੀ, ਯਾਰ, ਕੰਤ ਅਤੇ ਸਖਾ ਦੇ ਰੂਪ ਚਿਤਵਿਆ ਗਿਆ ਹੈ। ਬਾਣੀ

ਸੰਸਾਰ ਵਿਚ ਵਿਛੋੜੇ ਦੀ ਇਸ ਤਿੱਖੀ ਹੂਕ ਦਾ ਪ੍ਰਗਟਾਵਾ ਗੁਰੂ ਅਰਜਨ ਬਾਣੀ ਵਿਚ ਬੜਾ ਵਿਰਲਾ ਅਤੇ ਸੰਵੇਦਨਸ਼ੀਲ ਹੈ। ਇਸ ਵਿਛੋੜੇ ਦੇ ਭਾਵ ਵਿਚ ਲੀਨ ਗੁਰੂ ਅਰਜਨ ਦੇਵ ਆਪਣੇ ਕੰਤ ਪ੍ਰੀਤਮ ਅਤੇ ਸਖਾ ਰੂਪੀ ਪਿਆਰੇ ਨੂੰ ਇੰਜ ਸਿਮਰਦੇ ਅਤੇ ਯਾਦ ਕਰਦੇ ਹਨ:—

ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ।।
ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ।।
ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।।
ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ।।
ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ।।
ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ।।
ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ।।
ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ।।
ਚਲਤਾ ਤੁਮਾਰੇ ਦੇਖਿ ਮੋਹੀ ਵੁਦਾਸ ਧਨ ਕਿਉ ਧੀਰਏ।।
ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ।।
ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ।।
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ।[27]

ਗੁਰੂ ਅਰਜਨ ਬਾਣੀ ਵਿਛੋੜੇ ਦੇ ਭਾਵ ਵਿਚ ਵਿਚਰਦਿਆਂ ਸੇਵਾ, ਧਰਮ ਕਰਮ ਅਤੇ ਬੇਨਤੀ ਵਰਗੇ ਸਦਗੁਣਾਂ ਨੂੰ ਨਹੀਂ ਵਿਸਾਰਦੀ। ਬਾਣੀ ਚਿੰਤਨ ਵਿਚ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਮਾਰਗ ਹੀ ਇਹ ਹੈ ਕਿ ਵਿਛੋੜੇ ਵਿਚ ਵਿਚਰਦਿਆਂ ਕਰਮ ਕਮਾਉਣਾ ਹੈ। ਇਹ ਕਰਮ ਧਰਤੀ ਨੂੰ ਧਰਮਸਾਲ ਬਣਾਉਣ ਵਾਲਾ ਹੈ। ਪਰਮਾਤਮਾ ਵਿਚ ਉਹੀ ਅਭੇਦ ਹੋ ਸਕਦਾ ਹੈ ਜੋ ਅਮਲ ਦੀ ਧਰਤੀ ਵਿਚੋਂ ਉਭਰਦਾ ਹੈ। ਵਿਛੋੜੇ ਦੀ ਹੂਕ ਵਿਚ ਨਿਰਮਾਣਤਾ ਹੈ, ਆਤਮ ਸਮਰਪਣ ਹੈ ਅਤੇ ਮਿਲਾਪ ਲਈ ਬੇਨਤੀ ਹੈ। ਭਾਵ "ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ

ਲੈਹਿ ਹਰਿ ਕੰਤੈ।। ਮਾਨੁ ਤਿਆਗਿ ਕਰਿ ਭਗਤੀ ਦਾ ਮਾਡਲ ਦਰਸਾਇਆ ਹੈ। ਗੁਰੂ ਅਰਜਨ ਬਾਣੀ ਵਿਚ ਜਿਥੇ ਵੀ ਵਿਛੋੜੇ ਦੇ ਸੱਲ ਨੂੰ ਦਰਸਾਇਆ ਹੈ, ਉਥੇ ਨਾਲ ਹੀ ਸੇਵਾ, ਤਿਆਗ, ਸਿਮਰਨ ਅਤੇ ਕਰਮ ਦੀ ਗੱਲ ਕੀਤੀ ਹੈ। ਬਾਣੀ ਸੰਸਾਰ ਵਿਚ ਵਿਛੋੜਾ ਸਿਰਫ ਤਪਾਉਂਦਾ ਨਹੀਂ ਬਲਕਿ ਟਕਸਾਲ ਵਾਂਗ ਮਨੁੱਖ ਨੂੰ ਕੁੰਦਨ ਬਣਾਉਂਦਾ ਹੈ। ਗੁਰੂ ਅਰਜਨ ਦੇਵ ਇਸ ਵਿਛੋੜੇ ਵਾਲੀ ਪ੍ਰੀਤ ਨੂੰ ਅਜਿਹੇ ਪਾਰਗਾਮੀ ਅਰਥਾਂ ਵਿਚ ਪ੍ਰਗਟਾਉਂਦੇ ਹਨ ਕਿ ਇਹੀ ਵਿਛੋੜਾ ਮਨੁੱਖੀ ਚਿੰਤਾ, ਦੁਖ ਅਤੇ ਭਵਜਲ ਤੋਂ ਮੁਕਤ ਕਰਵਾਉਣ ਵਾਲਾ ਹੋ ਨਿਬੜਦਾ ਹੈ। ਹੇਠ ਲਿਖੇ ਸ਼ਬਦ ਵਿਚ ਪ੍ਰਭੂ ਪ੍ਰੀਤ ਅਤੇ ਵਿਛੋੜੇ ਨੂੰ ਇੰਜ ਪਾਰਗਾਮੀ ਅਰਥ ਦਿੱਤੇ ਹਨ:—

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ।।
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ।।
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ।।
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ।।1।।
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ।।
ਜੀਅ ਪ੍ਰਾਨ ਘਟ ਘਟ ਆਧਾਰੁ।।1।।ਰਹਾਉ।।
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ।।
ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ।।
ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ।।
ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ।।2।।
ਪ੍ਰਭ ਕੀ ਪ੍ਰੀਤਿ ਇਉ ਭਵਜਲੁ ਤਰੈ।।
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ।।
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ।।
ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ।।3।।
ਆਪਹੁ ਕੋਈ ਮਿਲੈ ਨ ਭੂਲੈ।।

ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੁਲੈ।।
ਕਹੁ ਨਾਨਕ ਤੇਰੈ ਕੁਰਬਾਣੁ।।
ਸੰਤ ਓਟ ਪ੍ਰਭ ਤੇਰਾ ਤਾਣ।।4।।[28]

ਪ੍ਰਭੂ ਦੀ ਪ੍ਰੀਤ ਵਿਚ ਵਿਛੋੜੇ ਦੀ ਤਿੱਖੀ ਪੀੜਾ ਤਾਂ ਹੈ ਪਰ ਇਸ ਪੀੜਾ ਨੂੰ ਗੁਰੂ ਅਰਜਨ ਦੇਵ ਨੇ ਵੱਖ ਵੱਖ ਰੂਪਾਂ ਵਿਚ ਸ਼ਾਂਤ ਕਰਨ ਦਾ ਮਾਰਗ ਵੀ ਸਮਝਾਇਆ ਹੈ। ਉਨ੍ਹਾਂ ਨੇ ਬ੍ਰਿਹਾ ਨੂੰ ਆਲਸ ਤੋਂ ਦੂਰ ਰੱਖਣ ਵਾਲੀ ਸ਼ਕਤੀ ਮੰਨਿਆ ਹੈ ਜੋ ਅਮਰ ਦ੍ਰਿਸ਼ਟੀ ਵਿਚ ਅਭੇਦ ਕਰਵਾਉਂਦਾ ਹੈ। ਦੁਸ਼ਟ ਦੂਤ ਦਾ ਨਾਸ ਹੁੰਦਾ ਹੈ ਅਤੇ ਦੁਨੀਆਂ ਵਿਚ ਜੈ-ਜੈਕਾਰ ਹੁੰਦੀ ਹੈ। ਪਰਮਾਤਮਾ ਦੇ ਵਿਛੋੜੇ ਵਿਚ ਲੀਨ ਆਤਮਾ ਨੂੰ ਨਰਕ ਨਹੀਂ ਦੇਖਣਾ ਪੈਂਦਾ ਅਤੇ ਦੁਰਮਤਿ ਦਾ ਨਾਸ ਹੁੰਦਾ ਹੈ। ਇਹ ਨਿਰਣਾ ਗੁਰੂ ਅਰਜਨ ਬਾਣੀ ਵਿਚ ਸਪੱਸ਼ਟ ਹੈ ਕਿ, "ਦੂਖੁ ਰੋਗੁ ਨ ਭਉ ਬਿਆਪੈ, ਜਿਨੀ ਹਰਿ ਹਰਿ ਧਿਆਇਆ।" ਇਸੇ ਲਈ ਉਹ ਬਾਰ ਬਾਰ "ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ।।" ਦੁਹਰਾਉਂਦੇ ਹਨ। ਬਾਣੀ ਦੇ ਝਰੋਖੇ ਵਿਚੋਂ ਆਪਣੇ ਪਿਆਰੇ ਲਈ ਜੋ ਤੜਪ ਗੁਰੂ ਅਰਜਨ ਦੇਵ ਜੀ ਨੇ ਪ੍ਰਗਟਾਈ ਹੈ, ਉਹ ਬੜੇ ਸੁਹਜਮਈ ਬਿੰਬ ਉਸਰੀ ਹੈ। ਇਨ੍ਹਾਂ ਨਿਮਨ ਲਿਖਤ ਤੁਕਾਂ ਵਿੱਚ ਬੇਨਤੀ ਭਾਵ ਤਾਂ ਹੈ ਹੀ ਪਰ ਨਾਲ ਹੀ ਮੋਹ ਪਿਆਰ ਵਿਛੋੜੇ ਦਾ ਡੂੰਘਾ ਪ੍ਰਗਟਾਵਾ ਹੈ। ਅਸਲ ਸੁਹਾਗਣਿ ਦਾ ਰੂਪ ਹੈ, ਬਾਂਹ ਪਕੜਿ ਕੇ ਪਾਰ ਕਰਵਾਉਣ ਦੀ ਇੱਛਾ ਹੈ। ਮੰਗਲ ਅਤੇ ਸ਼ਾਂਤ ਹੋਣ ਦਾ ਰਾਹ ਉਲੀਕਿਆ ਹੈ। ਸੁਖ ਸਹਿਜ ਅਵਸਥਾ ਦੀ ਪ੍ਰਤੀਤੀ ਕਰਵਾਈ ਹੈ। ਇਹ ਤੁਕਾਂ ਵਿਭਿੰਨ ਪੱਖਾਂ ਤੋਂ ਗੁਰੂ ਅਰਜਨ ਬਾਣੀ ਅੰਦਰਲੀ ਵਿਜੋਗ ਭਾਵਨਾ ਨੂੰ ਪ੍ਰਗਟਾਉਣ ਵਾਲੀਆਂ ਹਨ:—

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ।।
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ।।
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ।

ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਪੀ ਨਾ ਧੀਰੀਜੈ।।
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ।।
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ।।1।।
ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ।
ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।।
ਹਿਕ ਡੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ।।
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ।।
ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ।।
ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ ਮੂ ਦਸਿ ਡਿਖਾ ਪਿਰੁ ਕੇਹੀਆ।2।
ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।।
ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ।।
ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ।।
ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ।।
ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ ਕਿਛੁ ਸੁਹੰਦਾ
ਜਨ ਨਾਨਕ ਧੰਨਿ ਸੁਹਾਗਣਿ ਸਾਈ ਜਿਸੁ ਸੰਗਿ ਭਤਾਰੁ ਵਸੰਦਾ।।3।
ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ।।
ਵਰੁ ਲੋੜੀਦਾ ਆਇਆ ਵਜੀ ਵਾਧਾਈ।।
ਮਹਾ ਮੰਗਲੁ ਰਹਸੁ ਕੀਆ ਪਿਰੁ ਦਇਆਲੁ ਸਦ ਨਵ ਰੰਗੀਆ।।
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ।।
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ।।
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ।।4।।1।।[29]

ਅਸਲ ਵਿਚ ਬਾਣੀ ਸੰਸਾਰ ਨੇ ਬ੍ਰਿਹਾ ਦਾ ਜੋ ਪਰਿਪੇਖ ਉਸਾਰਿਆ ਹੈ, ਉਸ ਦੇ ਅੰਤਰਗਤ ਬ੍ਰਿਹਾ ਅਤੇ ਵਿਜੋਗ ਭਾਵਨਾ ਨੂੰ ਜੇਕਰ ਅਗਰਭੂਮੀ ਉਪਰ ਚਿਤਵਿਆ

ਗਿਆ ਤਾਂ ਨਾਲ ਹੀ ਇਸ ਬ੍ਰਿਹਾ ਦੀ ਹੂਕ ਨੂੰ ਗਿਆਨ ਅਤੇ ਗੁਰੂ ਦੇ ਮਾਧਿਅਮ ਰਾਹੀਂ ਸ਼ਾਂਤ ਵੀ ਰੱਖਿਆ ਹੈ। ਬ੍ਰਿਹਾ ਦੀ ਤਾਂਘ ਦੇ ਨਾਲ ਨਾਲ ਅਨੰਤ ਅਰਦਾਸ ਹੈ, ਬੇਨਤੀ ਹੈ ਅਤੇ ਆਪਾ ਸਮਰਪਣ ਹੈ। ਮਿਲਣ ਲਈ ਵਿਆਕੁਲਤਾ ਦਾ ਪ੍ਰਗਟਾਵਾ ਸਹਿਜ ਹੈ, ਸ਼ੋਖ ਨਹੀਂ। ਇਹੀ ਰਹੱਸ ਹੈ ਕਿ ਸੂਫੀ ਕਾਵਿ ਦੀ ਵਿਜੋਗ ਭਾਵਨਾ ਬਾਣੀ ਸੰਸਾਰ ਨਾਲੋਂ ਵੱਖਰੇ ਚਰਿਤਰ ਵਾਲੀ ਹੈ। ਵਿਜੋਗ ਦਾ ਦਰਦ ਤਾਂ ਹੈ ਪਰ ਦਰਦ ਦਾ ਚਿਲਕਵਾਂ ਪ੍ਰਗਟਾਵਾ ਨਹੀਂ। ''ਆਪੁ ਤਿਆਗਿ ਸਰਣੀ ਪਵਾਂ'' ਦਾ ਨਿੱਘਾ ਮਿੱਠਾ ਬੋਲ ਹੈ। ਅਰਦਾਸ ਬੇਨਤੀ ਇਹ ਹੈ ਕਿ ''ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ।।'' ਨਾਮ ਸਿਮਰਨ ਰਾਹੀਂ ਬ੍ਰਿਹਾ ਦੀ ਤੜਪ ਨੂੰ ਸ਼ਾਂਤ ਕੀਤਾ ਹੈ। ਗੁਰੂ ਦੀ ਭੂਮਿਕਾ ਨੂੰ ਅਰਥ ਮਿਲੇ ਹਨ। ਗੁਰੂ ਨਾਨਕ ਸਾਹਿਬ ਨੇ ਤਾਂ ਸਾਰੀ ਸਥਿਤੀ ਹੀ ਸਪੱਸ਼ਟ ਕਰ ਦਿੱਤੀ ਹੈ ਕਿ ਤੜਪਦਾ ਉਹ ਹੈ, ''ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ।।'' ਸੋ ਇਹ ਕਿਹਾ ਜਾ ਸਕਦਾ ਹੈ ਕਿ ਬਾਣੀ ਸੰਸਾਰ ਨੇ ਬ੍ਰਿਹਾ ਅਤੇ ਵਿਜੋਗ ਭਾਵਨਾ ਦਾ ਜੋ ਪਰਿਪੇਖ ਪ੍ਰਸਤੁਤ ਕੀਤਾ ਹੈ, ਉਹ ਗਿਆਨ ਅਤੇ ਅਨੁਭਵ ਦੇ ਝਰੋਖੇ ਵਿਚੋਂ ਉਭਰਿਆ ਹੈ। ਬ੍ਰਿਹਾ ਇਕ ਉਚੇਰੀ ਅਵੱਸਥਾ ਦਾ ਪ੍ਰਤੀਕ ਬਣ ਗਿਆ ਹੈ।

ਮੂਲ ਭਾਵ ਇਹ ਹੈ ਕਿ ਬ੍ਰਿਹਾ ਅਗਨੀ ਵਾਂਗ ਤਪਾਉਂਦਾ ਹੈ। ਇਸ ਤੜਪ ਤੋਂ ਪਾਰ ਜਾਣ ਦਾ ਮਾਰਗ ਵੀ ਉਸ ਦੇ ਨਾਮ ਨੂੰ ਧਿਆਉਣ ਵਿਚ ਹੈ। ਇਸੇ ਲਈ ਇਹ ਵਿਵੇਕ ਉਸਰਦਾ ਹੈ ਕਿ ਬ੍ਰਿਹਾ ਜਿਥੇ ਦੁੱਖ ਅਤੇ ਅਗਨੀ ਦਾ ਪ੍ਰਤੀਕ ਹੈ, ਉਥੇ ਇਹੀ ਬ੍ਰਿਹਾ ਮਿਲਾਪ ਦਾ ਆਧਾਰ ਵੀ ਬਣਦਾ ਹੈ। ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਬੜਾ ਵੇਦਨਾ ਭਰਪੂਰ ਹੈ, ਜਿਸ ਵਿਚ ਉਹ ਪਿਰੁ ਦੀ ਯਾਦ ਵਿਚ ਖੜੀ ਪ੍ਰੇਮਕਾ/ਪਤਨੀ ਦਾ ਬਿੰਬ ਉਸਾਰਦੇ ਹਨ। ਇਥੇ ਇਹ ਨੁੱਕਤਾ ਬੜਾ ਸਪੱਸ਼ਟ ਹੋ ਗਿਆ ਹੈ ਕਿ ਬ੍ਰਿਹਾ ਤੋਂ ਮਿਲਾਪ ਕੇਵਲ ਗੁਰੂ ਸ਼ਬਦ ਰਾਹੀਂ ਹੀ ਹੋ ਸਕਦਾ ਹੈ। ਇਹ ਸ਼ਬਦ ਬ੍ਰਿਹਾ ਅਤੇ ਬ੍ਰਿਹਾ ਤੋਂ ਮਿਲਾਪ ਦੀ ਅਵਸਥਾ ਦਾ ਭਾਵਪੂਰਤ ਬਿੰਬ ਬਣ ਗਿਆ ਹੈ:—

ਪਿਰ ਬਿਨੁ ਖਰੀ ਨਿਮਾਣੀ ਜੀਉ ਬਿਨੁ ਪਿਰ ਕਿਉ ਜੀਵਾ ਮੇਰੀ ਮਾਈ।
ਪਿਰ ਬਿਨੁ ਨੀਂਦ ਨ ਆਵੈ ਜੀਉ ਕਾਪੜੁ ਤਨਿ ਨ ਸੁਹਾਈ।।
ਕਾਪਰੁ ਤਨਿ ਸੁਹਾਵੈ ਜਾ ਪਿਰ ਭਾਵੈ ਗੁਰਮਤੀ ਚਿਤੁ ਲਾਈਐ।।
ਸਦਾ ਸੁਹਾਗਣਿ ਜਾ ਸਤਿਗੁਰੁ ਸੇਵੇ ਗੁਰ ਕੈ ਅੰਕਿ ਸਮਾਈਐ।।
ਗੁਰ ਸਬਦੈ ਮੇਲਾ ਤਾ ਪਿਰੁ ਰਾਵੀ ਲਾਹਾ ਨਾਮੁ ਸੰਸਾਰੇ।।
ਨਾਨਕ ਕਾਮਣਿ ਨਾਹ ਪਿਆਰੀ ਜਾ ਹਰਿ ਕੇ ਗੁਣ ਸਾਰੇ।।1।।[30]

ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਬੜਾ ਸੰਕੇਤਕ ਹੈ ਕਿ ਬਿਰਹਣ ਦੀ ਅਵਸਥਾ ਅਜਿਹੀ ਹੈ ਕਿ ਉਹ ਪਿਰ ਬਿਨ ਜੀਅ ਨਹੀਂ ਸਕਦੀ, ਨਾ ਨੀਂਦ ਆਉਂਦੀ ਹੈ ਅਤੇ ਨਾ ਹੀ ਤਨ ਉਪਰ ਕੋਈ ਕਪੜਾ ਸੋਂਹਦਾ ਹੈ। ਪਿਰ ਬਿਨ ਵਿਜੋਗ ਵਿਚ ਖੜੀ ਬਿਰਹਣ ਉਦੋਂ ਹੀ ਸੁਹਾਗਣ ਹੋਵੇਗੀ ਜਦੋਂ ਪ੍ਰੀਤਮ ਆਪਣੇ ਅੰਗ ਨਾਲ ਲਾ ਲਵੇਗਾ। ਬਾਣੀ ਦਾ ਇਹ ਰਹੱਸ ਬੜਾ ਰਮਜ਼ ਭਰਿਆ ਹੈ ਕਿ ਬ੍ਰਿਹਾ ਦੁੱਖਦਾਈ ਹੈ ਪਰ ਜਦੋਂ ਜਗਿਆਸੂ ਨਾਮ ਸ਼ਬਦ ਅਤੇ ਸਿਮਰਨ ਦੀ ਟੇਕ ਵਿਚ ਚਲਾ ਜਾਂਦਾ ਹੈ ਤਾਂ ਬ੍ਰਿਹਾ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ। ਬਾਣੀ ਇਸੇ ਸ਼ਾਂਤ ਅਵਸਥਾ ਨੂੰ ਮਿਲਾਪ ਦਾ ਪ੍ਰਤੀਕ ਮੰਨਦੀ ਹੈ। ਬ੍ਰਿਹਾ ਦੀ ਸੰਵੇਦਨਾ ਉਦੋਂ ਹੀ ਮੁੱਕਦੀ ਹੈ ਜਦੋਂ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਗੁਰੂ ਰਾਮਦਾਸ ਜੀ ਇਸੇ ਹੀ ਅਵਸਥਾ ਨੂੰ ਵਿਭਿੰਨ ਪੱਖਾਂ ਤੋਂ ਉਸਾਰਦੇ ਹਨ। ਬਿਰਹਨ ਦੀ ਅਵਸਥਾ ਨੂੰ ਗੁਰੂ ਰਾਮਦਾਸ ਜੀ ਦੀਵਾਨਗੀ ਮੰਨਦੇ ਹਨ। ਆਪਣੇ ਹੇਠ ਲਿਖੇ ਸ਼ਬਦ ਵਿਚ ਉਹ ਬ੍ਰਿਹਾ ਦੀ ਪੀੜਾ ਵਿਚ ''ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮ'' ਉਚਾਰਦੇ ਹਨ। ਇਸ ਬ੍ਰਿਹਾ ਸੰਵੇਦਨਾ ਵਿਚ ਜਿਥੇ ਤਿੱਖੀ ਸਿਮਰਤੀ ਹੈ, ਉਥੇ ਨਾਲ ਹੀ ਸੇਵਾ ਭਾਵ ਹੈ ਕਿ ਜੇ ਸੇਵਾ ਕੀਤਿਆਂ ਪ੍ਰੀਤਮ ਨਾਲ ਮਿਲਾਪ ਹੁੰਦਾ ਹੈ ਤਾਂ ਇਹ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਇਸ ਬ੍ਰਿਹਾ ਵਿਚ ਅਰਾਧਨਾ ਅਤੇ ਜਾਚਨਾ ਦਾ ਵੇਗ ਬੜਾ ਪ੍ਰਬਲ ਹੈ। ਬ੍ਰਿਹਾ ਅਗਨੀ ਵਾਂਗ ਸਾੜ ਰਹੀ ਹੈ ਪਰ ਅੰਦਰੋਂ ਇਹੀ ਭਾਵ ਨਿਕਲਦੇ ਹਨ ਕਿ ਇਸ ਤ੍ਰਿਖਾ ਨੂੰ ਸ਼ਾਂਤ ਵੀ ਉਹ ਪ੍ਰੀਤਮ ਕਰੇਗਾ। ''ਰੈਣਿ ਦਿਨਸੁ ਗੁਰ ਚਰਣ ਅਰਾਧੀ'' ਇਕੋ ਇਕ ਮਾਰਗ

ਹੈ ਜੋ ਪ੍ਰਭੂ ਦੇ ਮਿਲਾਪ ਦਾ ਆਧਾਰ ਹੋ ਸਕਦਾ ਹੈ। ਬਾਣੀ ਦੀ ਇਹ ਮੂਲ ਸੁਰ ਹੈ ਕਿ ਬਾਣੀਕਾਰ ਬ੍ਰਿਹਾ ਦੀ ਅਵਸਥਾ ਵਿਚ ਤਿੱਖੀ ਚੀਸ ਮਹਿਸੂਸ ਕਰਕੇ ਵੀ ਨਿਰਮਾਣ ਭਾਵ ਵਿਚ ਰਹਿੰਦੇ ਹਨ। ਸਿਮਰਨ ਸੇਵਾ ਅਤੇ ਸਮਰਪਣ ਗੁਰੂ ਰਾਮਦਾਸ ਜੀ ਦੀ ਇਸ ਵਿਯੋਗ ਭਾਵਨਾ ਵਿਚੋਂ ਦੇਖੇ ਜਾ ਸਕਦੇ ਹਨ:—

ਕੋਈ ਆਨਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ
ਹਉ ਤਿਸ ਪਹਿ ਆਪੁ ਵੇਚਾਈ।।1।।
ਦਰਸਨੁ ਹਰਿ ਦੇਖਣ ਕੈ ਤਾਈ।।
ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ
ਹਰਿ ਹਰਿ ਨਾਮੁ ਧਿਆਈ।।1।।ਰਹਾਉ।।
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ।।2।।
ਜੇ ਭੁਖ ਦੇਹਿ ਤ ਇਤ ਹੀ ਰਾਜਾ
ਦੁਖ ਵਿਚਿ ਸੂਖ ਮਨਾਈ।।3।।
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ।।4।।
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।।5।।
ਨਾਨਕੁ ਗਰੀਬੁ ਢਹਿ ਪਇਆ ਦੁਆਰੈ
ਹਰਿ ਮੇਲਿ ਲੈਹੁ ਵਡਿਆਈ।।6।।
ਅਖੀ ਕਾਢਿ ਧਰੀ ਚਰਣਾ ਤਲਿ ਸਭ
ਧਰਤੀ ਫਿਰਿ ਮਤ ਪਾਈ।।7।।
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ
ਜੇ ਮਾਰਿ ਕਢਹਿ ਭੀ ਧਿਆਈ।।8।।[31]

ਬਾਣੀ ਵਿਯੋਗ ਅਤੇ ਬ੍ਰਿਹਾ ਭਾਵ ਵਿਚ ਵੀ ਸਹਿਜ ਰਹਿੰਦੇ ਹਨ। ਇਹ ਕਹਿਣਾ ਕਿ ''ਮਸਤਕੁ ਕਟਿ ਦੇਉ ਚਰਣਾ'' ਬੜਾ ਉਚੇਰਾ ਭਾਵ ਹੈ ਕਿ ਜੋ ਪ੍ਰੀਤਮ ਨਾਲ ਮਿਲਾਉਂਦਾ ਹੈ, ਉਸ ਦੇ ਚਰਨਾਂ ਵਿਚ ਸੀਸ ਅਰਪਨ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਸਮੁੱਚਾ ਆਪਾ ਨਿਛਾਵਰ ਕਰਨ ਦਾ ਭਾਵ ਪ੍ਰਗਟਾਇਆ ਗਿਆ ਹੈ। ਬ੍ਰਿਹਾ ਅਵਸਥਾ ਇਹ ਹੈ ਕਿ 'ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ।।'' ਇਹ ਅਵਸਥਾ ਨਿਰਸੰਦੇਹ ਅੰਦਰ ਤਪਣ ਵਾਲੀ ਹੈ ਪਰ ਬਾਣੀਕਾਰਾਂ ਦੀ ਵਡਿਆਈ ਇਹ ਹੈ ਕਿ ਉਹ ਬੜੀ ਸਹਿਜਤਾ ਨਾਲ ਕਹਿੰਦੇ ਹਨ ਕਿ ''ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ।।'' ਇਹੀ ਵਿਯੋਗ ਭਾਵ ਵਿਚੋਂ ਪੈਦਾ ਹੋਣ ਵਾਲੀ ਉਚੇਰੀ ਅਵਸਥਾ ਹੈ। ਬ੍ਰਿਹਾ ਦੀ ਤਿੱਖੀ ਵੇਦਨਾ ਬਾਣੀਕਾਰਾਂ ਦੇ ਅੰਤਰ ਮਨ ਵਿਚ ਤਿੱਖੇ ਤੀਰ ਵਾਂਗ ਚੁਭੀ ਹੈ ਪਰ ਮਹਾਨਤਾ ਇਹ ਹੈ ਕਿ ਉਹ ਮੁਖੋਂ ਇਹੀ ਬੋਲਦੇ ਹਨ:—

ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ
ਸੋ ਭਾਈ ਸੋ ਮੇਰਾ ਬੀਰ।।2।।
ਮਿਲੁ ਮਿਲੁ ਸਖੀ ਗੁਣ ਕਹੁ ਮੇਰੇ ਪ੍ਰਭ ਕੇ
ਲੇ ਸਤਿਗੁਰ ਕੀ ਮਤਿ ਧੀਰ।।3।।
ਜਨ ਨਾਨਕ ਕੀ ਹਰਿ ਆਸ ਪੁਜਾਵਹੁ
ਹਰਿ ਦਰਸਨਿ ਸਾਂਤਿ ਸਰੀਰ।।4।।[32]

ਸਪੱਸ਼ਟ ਵਿਚਾਰ ਹੈ ਕਿ ''ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨ ਜੀਵੀਐ ਰਾਮ।'' ਬ੍ਰਿਹਾ ਦੀ ਇਸ ਸੰਵੇਦਨਾ ਦਾ ਰਚਨਾਤਮਕ ਬਿੰਬ ਪਛਾਣਨਾ ਹੋਵੇ ਤਾਂ ਇਹ ਹੇਠ ਲਿਖਿਆ ਸ਼ਬਦ ਬੜਾ ਅਰਥ ਭਰਪੂਰ ਹੈ। ਇਸ ਵਿਚ ਦਰਸ਼ਨ ਦੀ ਪਿਆਸ ਸਿਖਰ ਉਪਰ ਹੈ, ਦਰਸਨ ਹੀ ਅੰਮ੍ਰਿਤ ਰਸ ਹੈ ਜੋ ਬ੍ਰਿਹਾ ਦੀ ਅਗਨੀ ਨੂੰ ਸ਼ਾਂਤ ਕਰਦਾ ਹੈ। ''ਬਿਨੁ ਦੇਖੇ ਤ੍ਰਿਪਤਿ ਨ ਆਵਏ'' ਦਾ ਸੰਕੇਤ ਹੀ ਬ੍ਰਿਹਾ ਦੀ ਵੇਦਨਾ ਹੈ। ਇਕ ਧਿਆਨਯੋਗ ਤੱਥ ਇਹ ਹੈ ਕਿ ਬਾਣੀ ਵਿਚ ਦਰਸ਼ਨ ਅਤੇ ਸ਼ਬਦ ਦੋਵੇਂ

ਹੀ ਬ੍ਰਿਹਾ ਦੀ ਪੀੜਾ ਨੂੰ ਨਿਵਾਰਨ ਵਾਲੇ ਹਨ। ਇਹ ਸ਼ਬਦ ਇਸ ਤਰ੍ਹਾਂ ਸੰਵੇਦਨਾ ਜ਼ਾਹਰ ਕਰਦਾ ਹੈ:—

ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ।।
ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ।।
ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ
ਤਿਸੁ ਬਿਨੁ ਰਹਨੁ ਨ ਜਾਏ।।
ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ
ਪਿਰ ਬਿਨੁ ਪਿਆਸ ਨ ਜਾਏ।।
ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ
ਹਰਿ ਹਰਿ ਨਾਮੁ ਸਦ ਸਾਰਿਆ।।
ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ
ਹਉ ਸਤਿਗੁਰ ਵਿਟਹੁ ਵਾਰਿਆ।।1।।
ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ ਰਸਿ ਰਵਾ ਰਾਮ।।
ਮੇਰੈ ਅੰਤਰਿ ਹੋਇ ਵਿਗਾਸੁ
ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ।।
ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ
ਬਿਨੁ ਦੇਖੇ ਤ੍ਰਿਪਤਿ ਨ ਆਵਏ।।
ਸਬਦਿ ਸੀਗਾਰੁ ਹੋਵੈ ਨਿਤ ਕਾਮਣਿ
ਹਰਿ ਹਰਿ ਨਾਮੁ ਧਿਆਵਏ।।
ਦਇਆ ਦਾਨੁ ਮੰਗਤ ਜਨ ਦੀਜੈ
ਮੈ ਪ੍ਰੀਤਮੁ ਦੇਹੁ ਮਿਲਾਏ।।
ਅਨਦਿਨੁ ਗੁਰ ਗੋਪਾਲੁ ਧਿਆਈ
ਹਮ ਸਤਿਗੁਰ ਵਿਟਹੁ ਘੁਮਾਏ।।2।।[33]

ਬ੍ਰਿਹਣ/ਜਗਿਆਸੂ ਆਪਣੇ ਪ੍ਰਭੂ ਅੱਗੇ ਸੀਸ ਭੇਂਟ ਲਈ ਤਤਪਰ ਰਹਿੰਦਾ ਹੈ। ਗੁਰੂ ਅਰਜਨ ਬਾਣੀ ਵਿਚ ਇਹ ਵਿਛੋੜਾ ਅਤੇ ਬ੍ਰਿਹਾ ਭਾਵ ਸਿੱਖਰ ਉਪਰ ਹੈ। ਇਹ ਅਵਸਥਾ ਇਸ ਤਰ੍ਹਾਂ ਹੈ ਕਿ "ਇਕ ਘੜੀ ਨਾ ਮਿਲਤੇ ਤਾ ਕਲਿਜੁਗ ਹੋਤਾ।।" ਦਰਸ਼ਨਾਂ ਬਿਨਾਂ ਮਨ ਅਧੀਰ ਹੋ ਰਿਹਾ ਹੈ, ਚਾਤ੍ਰਿਕ ਵਾਂਗ ਬਿਲਪਦਾ ਹੈ। ਉਹੀ ਸੁਖੀ ਹੈ, ਜਿਸ ਘਰ ਵੱਸਿਆ ਕੰਤ ਹੈ। ਭਾਵ ਵਿਛੋੜਾ ਬੜਾ ਤੀਬਰ ਅਤੇ ਵਿਯੋਗਮਈ ਹੈ। ਗੁਰੂ ਅਰਜਨ ਦੇਵ ਜੀ ਬਾਣੀ ਵਿਚਲੀ ਬ੍ਰਿਹਾ ਦੀ ਸੰਵੇਦਨਾ ਇਸ ਪ੍ਰਕਾਰ ਹੈ:—

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ।।
ਮਨਿ ਤਨਿ ਪਿਆਸ ਦਰਸਨ ਘਣੀ
ਕੋਈ ਆਣਿ ਮਿਲਾਵੈ ਮਾਇ।।
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ।।
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ।।
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ।।
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ।।
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ।।
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ।।
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ।।8।।[34]

ਇਹ ਵਿਯੋਗ ਏਨਾ ਪ੍ਰਤੱਖ ਹੈ ਕਿ ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਲੋਕ ਕਬੀਰ ਨੂੰ ਬਉਰਾ ਕਹਿਣ ਲਗ ਪਏ ਹਨ। ਉਹ ਇਹ ਵੀ ਕਹਿੰਦੇ ਹਨ ਕਿ ਉਨ੍ਹਾਂ ਦੇ ਰੋਗ ਨੂੰ ਕੇਵਲ ਰਾਮ ਹੀ ਪਹਿਚਾਣਦਾ ਹੈ:—

ਲੋਗੁ ਕਹੈ ਕਬੀਰੁ ਬਉਰਾਨਾ।।
ਕਬੀਰ ਕਾ ਮਰਮੁ ਰਾਮ ਪਹਿਚਾਨਾ।।4।।[35]

ਭਗਤ ਨਾਮਦੇਵ ਜੀ ਦੀ ਵਿਲਕਣੀ ਹੈ ਕਿ "ਸੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ।। ਤੂ ਨ ਬਿਸਾਰੇ ਰਮਈਆ।। ਇਸੇ ਤਰ੍ਹਾਂ ਭਗਤ ਰਵਿਦਾਸ ਜੀ ਲਈ ਪ੍ਰਭੂ ਹੀ ਮਨ ਦੀ ਟੇਕ ਹੈ। ਉਨ੍ਹਾਂ ਲਈ ਤਾਂ ਉਨ੍ਹਾਂ ਦਾ ਰੱਬ ਚੰਦ ਹੈ ਅਤੇ ਭਗਤ ਜੀ ਆਪ ਚਕੋਰ ਹਨ। ਰੱਬ ਦੀਵਾ ਹੈ ਅਤੇ ਉਹ ਉਸਦੀ ਬਾਤੀ ਹਨ। ਇਹ ਅਧੀਰ ਮਨ ਦਾ ਬ੍ਰਿਹਾ ਹੈ ਜੋ ਭਗਤ ਗੁਰੂ ਸਾਹਿਬਾਨ ਦੀ ਬਾਣੀ ਵਿਚ ਝਲਕਦਾ ਹੈ। ਭਗਤ ਭੀਖਨ ਜੀ ਦੇ ਇਹ ਬੋਲ ਬ੍ਰਿਹਾ ਦੀ ਸਿਖਰ ਹਨ:—

ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ।।
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ।।1।।
ਰਾਮ ਰਾਇ ਹੋਇ ਬੈਦ ਬਨਵਾਰੀ।।
ਅਪਨੇ ਸੰਤਹ ਲੇਹੁ ਉਬਾਰੀ।।1।।ਰਹਾਉ।।
ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ।।
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ।।2।।[36]

ਬਾਣੀਕਾਰਾਂ ਦੀ ਬਾਣੀ ਵਿਚਲਾ ਬ੍ਰਿਹਾ ਭਾਵ ਹੀ ਉਨ੍ਹਾਂ ਦੇ ਪ੍ਰਭੂ ਪ੍ਰੇਮ ਦਾ ਨਿਰਛਲ ਪ੍ਰਗਟਾਵਾ ਹੈ ਜੋ ਮੁੱਕਤੀ ਦੀ ਮੰਜ਼ਿਲ ਵੱਲ ਲੈ ਜਾਂਦਾ ਹੈ। ਪੰਜਾਬੀ ਕਾਵਿ ਪਰੰਪਰਾ ਵਿਚ ਬ੍ਰਿਹਾ ਦੀ ਸੰਵੇਦਨਾ ਇਕ ਲੌਕਿਕ ਪਰਿਪੇਖ ਇਸ਼ਕ ਦੇ ਕਿੱਸਿਆਂ ਰਾਹੀਂ ਪ੍ਰਗਟ ਹੋਇਆ ਹੈ। ਇਸ਼ਕ ਦੇ ਕਿੱਸਿਆਂ ਵਿਚ ਔਰਤ ਮਰਦ ਦੀ ਪ੍ਰੀਤ ਦਾ ਲੌਕਿਕ ਪਾਸਾਰ ਬੜਾ ਅਰਥ ਭਰਪੂਰ ਹੈ। ਇਹ ਉਹ ਰਚਨਾ ਸੰਸਾਰ ਹੈ ਜਿਸ ਦਾ ਕੇਂਦਰੀ ਮਸਲਾ ਆਪਣੀ ਆਤਮ ਪਛਾਣ ਦਾ ਹੈ। ਔਰਤ ਮਰਦ ਆਪਣੀ ਆਤਮ ਪਛਾਣ ਦੀ ਚਾਹਤ ਵਿਚ ਸਮਾਜ ਅਤੇ ਮਰਯਾਦਾ ਨਾਲ ਟਕਰਾਉਂਦੇ ਹਨ। ਇਸ ਟਕਰਾਉ ਵਿਚੋਂ ਹੀ ਦੁਖ ਅਤੇ ਵਿਛੋੜਾ ਪੈਦਾ ਹੁੰਦਾ ਹੈ। ਇਸ਼ਕ ਦੇ ਕਿੱਸਿਆਂ ਵਿਚ ਔਰਤ ਤਾਂ ਵਿਜੋਗ ਮਹਿਸੂਸ ਕਰਦੀ ਹੀ ਹੈ ਪਰ ਨਾਲ ਹੀ ਮਰਦ ਪਾਤਰ (ਨਾਇਕ) ਵੀ ਇਸ ਬ੍ਰਿਹਾ ਦੀ ਅਗਨੀ ਵਿਚ ਤਪਦੇ ਹਨ। ਇਹ ਵਿਜੋਗ ਏਨਾ ਦੁਖਦਾਈ ਹੈ ਕਿ ਇਕ ਦੂਜੇ ਬਿਨਾ ਜੀਉਂਦੇ ਰਹਿਣਾ ਵੀ ਪ੍ਰਵਾਣ ਨਹੀਂ ਕਰਦੇ। ਬ੍ਰਿਹਾ ਦੀ

ਅਗਨੀ ਵਿਚ ਤਪਦੇ ਹਨ। ਬ੍ਰਿਹਾ ਦੀ ਅਗਨੀ ਦੁਵੱਲੀ ਹੈ। ਅਧਿਆਤਮਕ ਸੰਸਾਰ ਵਿਚ ਵਿਛੋੜਾ ਅਤੇ ਵਿਜੋਗ ਸਿਰਫ ਜੀਵਾਤਮਾ ਭੋਗਦੀ ਹੈ, ਦੂਜੀ ਧਿਰ ਨਹੀਂ। ਇਸ਼ਕ ਦੇ ਕਿੱਸਿਆਂ ਵਿਚ ਇਹ ਵਿਛੋੜਾ ਦੋਵੇਂ ਨਾਇਕ ਨਾਇਕਾ ਭੋਗਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਇਸ਼ਕ ਦੇ ਕਿੱਸਿਆਂ ਵਿਚ ਵਿਛੋੜਾ/ਬ੍ਰਿਹਾ ਬਹੁ-ਪਰਤੀ ਹੈ। ਰਾਂਝਾ, ਪੁੰਨੂੰ, ਫਰਹਾਦ ਮਜਨੂੰ ਅਤੇ ਮਹੀਂਵਾਲ ਇਸੇ ਵਿਛੋੜੇ ਅਤੇ ਦਰਦ ਨੂੰ ਭੋਗਦੇ ਹੋਏ ਆਪਣੀ ਜ਼ਿੰਦਗੀ ਵੀ ਕੁਰਬਾਨ ਕਰ ਜਾਂਦੇ ਹਨ। ਮੁਕਬਲ ਆਪਣੇ ਕਿੱਸੇ ਹੀਰ ਰਾਂਝਾ ਵਿਚ ਵਿਛੋੜੇ ਦੀ ਤੜਪ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ:—

ਆਹੀ ਮਾਰਦਾ ਹੀਰ ਦਾ ਨਾਉਂ ਲੈ ਕੇ,
ਸੀਨੇ ਰੜਕਦੇ ਬ੍ਰਿਹੋਂ ਦੇ ਘਾ ਸੇਲੇ।
'ਮੁਕਬਲ' ਤਾਮ ਨਾ ਰੁੰਚਦਾ ਆਸ਼ਕਾਂ ਨੂੰ,
ਅੱਖੀਂ ਨੀਂਦ ਨਾ ਆਵਦੀ ਕਿਸੇ ਵੇਲੇ।
ਰਾਂਝਾ ਹਾਲ ਥੈਂ ਹੋਇ ਬੇ-ਹਾਲ ਗਿਆ,
ਰਿਹਾ ਸਬਰ ਸਊਰ ਕਰਾਰ ਥੋ ਜੀ।
ਸੁੱਧ ਬੁੱਧ ਜਹਾਨ ਦੀ ਭੁੱਲ ਗਈ,
ਮੂੰਹ ਫੇਰਿਆ ਯਾਰ ਅਗਿਆਰ ਥੇ ਜੀ।
ਹੀਰ ਨਾਮ ਰਸੂਲ ਦੇ ਬਖਸ਼ ਮੈਨੂੰ,
ਮੰਗੇ ਰੱਬ ਰਹੀਮ ਗੁਫਾਰ ਥੇ ਜੀ।
ਅਨਲਹੱਕ ਕਹਿੰਦਾ ਮਨਸੂਰ ਵਾਂਗੂ,
'ਮੁਕਬਲ' ਮੂਲ ਨਾ ਸੰਗਦਾ ਦਾਰ ਥੇ ਜੀ।
ਗਮ ਰਾਂਝੇ ਦੇ ਕਮਲੀ ਹੀਰ ਹੋਈ,
ਕੀਤਾ ਰਾਂਝੇ ਨੂੰ ਹੀਰ ਦੇ ਇਸ਼ਕ ਝੱਲਾ।
ਹੋਰ ਦੁੱਖ ਤੇ ਸੂਲ ਹਜ਼ਾਰ ਚੰਗਾ,

ਪਰ ਏਸ ਵਿਛੋੜੇ ਥੋਂ ਮਰਨ ਭੱਲਾ।[37]

ਅਧਿਆਤਮਕ ਸੰਸਾਰ ਅਤੇ ਇਸ਼ਕ ਦੇ ਸੰਸਾਰ ਵਿਚਲੀ ਬ੍ਰਿਹਾ ਦੀ ਸਥਿਤੀ ਦਾ ਬੁਨਿਆਦੀ ਅੰਤਰ ਇਹ ਹੈ ਕਿ ਜਿਥੇ ਅਧਿਆਤਮਕ ਸੰਸਾਰ ਵਿਚ ਬ੍ਰਿਹਾ ਆਪਣੇ ਅੰਤਮ ਬਿੰਦੂ ਉਪਰ ਮਿਲਾਪ ਵਿਚ ਬਦਲਦਾ ਹੈ, ਉਥੇ ਇਸ਼ਕ ਦੇ ਸੰਸਾਰ ਦਾ ਬ੍ਰਿਹਾ ਮੌਤ ਦੀ ਗੋਦ ਵਿਚ ਜਾ ਕੇ ਮੁੱਕਦਾ ਹੈ। ਇਥੇ ਮਿਲਾਪ ਮੌਤ ਤੋਂ ਬਾਅਦ ਹੈ। ਪ੍ਰਮਾਣ ਵਜੋਂ ਵਿਜੋਗ ਤੋਂ ਬਾਅਦ ਮੌਤ ਦੀ ਸਥਿਤੀ ਹਰ ਇਸ਼ਕ ਦੇ ਨਾਇਕ/ਨਾਇਕਾ ਦੀ ਹੋਣੀ ਹੈ। ਇਸ ਪੱਖੋਂ ਇਸ਼ਕ ਦੇ ਕਿੱਸਿਆਂ ਵਿਚ ਬ੍ਰਿਹਾ ਦੀ ਪੀੜਾ ਦੀਰਘਕਾਲੀ ਹੈ। ਹੇਠ ਲਿਖੇ ਪ੍ਰਮਾਣ ਇਸੇ ਤੱਥ ਦੀ ਪੁਸ਼ਟੀ ਹਨ:—

— ਆਖੀਂ ਓਸ ਫ਼ਕੀਰ ਪੁੰਨੂੰ ਨੂੰ, ਖੋਲ੍ਹ ਹਕੀਕਤ ਸਾਰੀ।  
ਆਹੀ ਨਾਰ ਪਰੀ ਦੀ ਸੂਰਤ, ਗਰਮੀ ਮਾਰਿ ਉਤਾਰੀ।  
ਜਪਦੀ ਨਾਮ ਪੁੰਨੂੰ ਦਾ ਆਹੀ, ਦਰਦ ਇਸ਼ਕ ਦੀ ਮਾਰੀ।  
ਹਾਸ਼ਮ ਥਾਉਂ ਮਕਾਨ ਨਾ ਜਾਣਾਂ, ਆਹੀ ਕੌਣ ਵਿਚਾਰੀ।  
ਸੁਣ ਕੇ ਹੋਤ ਜ਼ਿਮੀ ਪੁਰ ਡਿੱਗਿਆ, ਖਾਇ ਕਲੇਜੇ ਕਾਨੀ।  
ਖੁਲ੍ਹ ਗਈ ਗੋਰ ਪਿਆ ਵਿਚ ਕਬਰੇ,ਫੇਰ ਮਿਲੇ ਦਿਲ ਜਾਨੀ।  
ਖ਼ਾਤਰ ਇਸ਼ਕ ਗਈ ਰਲਿ ਮਾਟੀ, ਸੂਰਤ ਹੁਸਨ ਜਵਾਨੀ।  
ਹਾਸ਼ਮ ਇਸ਼ਕ ਬਲੋਚ ਸੱਸੀ ਦਾ ਜੁਗ ਜੁਗ ਰਹਗੁ ਕਹਾਣੀ।[38]

— ਮਾਰੀ ਦਰਦ ਫਿਰਾਕ ਦੀ, ਰੋਵੇ ਕਰਕੇ ਸ਼ੋਰ।  
ਗਈਆਂ ਭੁੱਲ ਦਲੇਰੀਆਂ, ਉਡ ਗਿਆ ਸਭ ਜ਼ੋਰ।  
ਨਾਜ਼ੁਕ ਦੇਹੀ ਸੌਂ ਗਈ, ਐਸੀ ਸਰਦੀ ਕੋਰ।  
ਕਰੇ ਪੁਕਾਰਾਂ ਡਾਢੀਆਂ, ਆਸ ਦਿਲੇ ਦੀ ਤੋੜ।  
ਵੇਖ ਇਸ਼ਕ ਦਾ ਨਫ਼ਾ ਇਹ, ਸੋਹਣੀ ਪਾਇਆ ਕੀ।  
ਨੈਂ ਵਿਚ ਗੋਤੇ ਖਾਂਵਦੀ, ਇਸ਼ਕ ਪਿਆਲਾ ਪੀ।[39]

ਅਧਿਆਤਮਕ ਸੰਸਾਰ ਵਿਚ ਬ੍ਰਿਹਾ ਚੇਤਨਾ ਵਿਚੋਂ ਪੈਦਾ ਹੁੰਦਾ ਹੈ। ਇਹ ਚੇਤਨਾ ਮਾਇਆ ਪ੍ਰਤਿ ਹੈ। ਮਾਇਆ ਬੰਧਨ ਹੈ ਅਤੇ ਮਾਇਆ ਤੋਂ ਪਾਰ ਜਾ ਕੇ ਆਪਣੇ ਪ੍ਰੀਤਮ ਦੇ ਵਿਜੋਗ ਵਿਚ ਤੜਪਦੀ ਵਿਜੋਗਣ ਦੀ ਮੁਕਤੀ ਹੁੰਦੀ ਹੈ। ਮਿਲਾਪ ਹੁੰਦਾ ਹੈ। ਇਸ਼ਕ ਦੇ ਸੰਸਾਰ ਦਾ ਪਰਿਪੇਖ ਵੱਖਰਾ ਹੈ। ਇਥੇ ਵਿਛੋੜੇ ਦਾ ਕਾਰਣ ਸਮਾਜ ਹੈ। ਸਮਾਜਕ ਮਰਯਾਦਾ ਦੀ ਉਲੰਘਣਾ ਮੰਨ ਕੇ ਸਮਾਜ ਦੋਹਾਂ ਧਿਰਾਂ ਨੂੰ ਵਿਛੋੜਦਾ ਹੈ, ਸਿਰਫ਼ ਵਿਛੋੜਦਾ ਹੀ ਨਹੀਂ ਸਗੋਂ ਵਿਛੋੜ ਕੇ ਫਿਰ ਤ੍ਰਾਸਦੀ ਦਾ ਭਾਗੀ ਬਣਾਉਂਦਾ ਹੈ। ਮਿਸਾਲ ਵਜੋਂ ਪੁੰਨੂੰ ਦੇ ਭਰਾ ਸੱਸੀ ਕੋਲੋਂ ਰਾਤੋ ਰਾਤ ਪੁੰਨੂੰ ਨੂੰ ਚੁਕ ਕੇ ਲੈ ਜਾਂਦੇ ਹਨ। ਸੋਹਣੀ ਨੂੰ ਵਿਛੋੜਣ ਵਾਲੀ ਧਿਰ ਤਾਂ ਮੌਤ ਦੇ ਮੂੰਹ ਧਕੇਲ ਦੇਂਦੀ ਹੈ। ਹੀਰ ਦੀ ਮਾਂ ਲਾਡਾਂ ਨਾਲ ਪਾਲੀ ਧੀ ਨੂੰ ਜ਼ਹਿਰ ਦੇਂਦੀ ਹੈ। ਇਸ਼ਕ ਦੇ ਸੰਸਾਰ ਵਿਚ ਬ੍ਰਿਹਾ ਵਿਚ ਤੜਪਦੀ ਧਿਰ ਨੂੰ ਮੌਤ ਦਾ ਭਾਗੀ ਬਣਨਾ ਪੈਂਦਾ ਹੈ। ਅਧਿਆਤਮਕ ਸੰਸਾਰ ਵਿਚ ਬ੍ਰਿਹਾ ਦੀ ਸਥਿਤੀ ਮਿਲਾਪ ਵਿਚ ਬਦਲਦੀ ਹੈ ਜਦ ਇਸ਼ਕ ਦੇ ਸੰਸਾਰ ਵਿਚ ਵਿਜੋਗਣ ਨੂੰ ਤੀਸਰੀ ਧਿਰ ਮੌਤ ਦਾ ਭਾਗੀ ਬਣਾਉਂਦੀ ਹੈ। ਇਸ ਸੰਸਾਰ ਵਿਚ ਮਿਲਾਪ ਨਹੀਂ, ਮਿਲਾਪ ਮੌਤ ਤੋਂ ਬਾਅਦ ਹੈ। ਇਸ਼ਕ ਦੇ ਸੰਸਾਰ ਵਿਚ ਬ੍ਰਿਹਾ ਬਹੁਤ ਦੁਖਦਾਈ ਹੈ, ਮਿਲਾਪ ਦੀ ਕੋਈ ਚਿਣਗ ਨਹੀਂ। ਵਿਛੋੜਣ ਵਾਲੀ ਡਾਢੀ ਅਤੇ ਬੇਰਹਿਮ ਹੈ। ਇਸ ਵਿਛੋੜੇ ਦਾ ਦੁਖ ਹੇਠ ਲਿਖੀਆਂ ਸਤਰਾਂ ਵਿਚੋਂ ਦੇਖਿਆ ਜਾ ਸਕਦਾ ਹੈ:—

— ਕੂਕ ਪੁਕਾਰ ਨਿਰਾਸ ਸੱਸੀ ਹੋ, ਖੋਜ ਬੰਨੇ ਉਠਿ ਦੌੜੀ।
ਦਿਲ ਵਿਚ ਸਾੜ ਥਲਾਂ ਦੀ ਆਤਸ਼, ਰੂਹ ਰੰਞਾਣੀ ਹੌੜੀ।
ਪਿੱਛਾ ਦੇਇ ਚੱਲੀ ਸ਼ਹਿਜ਼ਾਦੀ, ਜਾਨ ਲਗੀ ਫਿਰ ਕੌੜੀ।
ਹਾਸ਼ਮ ਕੌਣ ਫ਼ਲਕ ਨੂੰ ਪਕੜੇ, ਜਾਇ ਚੜ੍ਹੇ ਧਰਿ ਪੌੜੀ।
ਤਰਲੇ ਲਾਖ ਜਤਨ ਕਰ ਪਹੁੰਚੀ, ਖੋਜ ਤਲਕ ਹਠ ਕਰ ਕੇ।
ਟੁੱਟਦੀ ਜਾਨ ਗਈਆਂ ਛੁਟ ਆਹੀਂ, ਯਾਦ ਬਲੋਚਾਂ ਕਰ ਕੇ।
ਸ਼ਾਲਾ ! ਰੋਣ ਕਿਆਮਤ ਤੋੜੀਂ, ਨਾਲ ਸੂਲਾਂ ਦਿਲ ਭਰ ਕੇ।

ਹਾਸ਼ਮ ਮਰਨ ਕੁਮੌਤ ਬਿਦੇਸੀ, ਲੂਣ ਤਰ੍ਹਾਂ ਖਰ ਖਰ ਕੇ।[40]

— ਸੁਣ ਵੇ ਨਿਘਰਿਆ ਜੋਗੀਆ ! ਰੋਗ ਨ ਮੈਂਡਾ ਛੇੜ।
ਅੰਦਰ ਸੁਲਕੇ ਜਾਮਕੀ, ਲਾਟ ਬਲੇ ਬਿਨ ਤੇਲ।
ਫੋਲ ਨ ਕਾਈ ਬਾਤੜੀ, ਮਾਰ ਨ ਮੈਨੂੰ ਸੇਲ।
ਜੇ ਤੁਧ ਰੋਗ ਵੰਞਾਵਣਾ, ਤਾਂ ਚਾਕ ਅਸਾਨੂੰ ਮੇਲ।।[41]

— ਲਿਖੀ ਲੋਹਿ ਕਲਮ ਦੀ, ਲਈ ਨਿਮਾਣੀ ਭੋਗ।
ਦੁਨੀਆਂ ਉਤੇ ਕਾਦਰਾ, ਹੁੰਦਾ ਨਹੀਂ ਸੰਜੋਗ।
ਆਹੀਂ ਦੇ ਸਦ ਕੂਕਦੀ, ਬਦਿਲ ਕੀਤੀ ਆਨ।
ਮੂੰਹ ਵਿਚ ਪਾਣੀ ਪੈ ਗਿਆ, ਫ਼ਾਨੀ ਹੋਈ ਜਾਨ।
ਛਡ ਜਾਨਵਰ ਪਿੰਜਰਾ, ਉਡ ਗਿਆ ਅਸਮਾਨ।
ਪਰ ਇਸ਼ਕੇ ਵਲੋਂ ਕਾਦਰਾ, ਸ਼ਰਮ ਰਖੀ ਰਹਿਮਾਨ।[42]

ਇਨ੍ਹਾਂ ਉਪਰੋਕਤ ਸਤਰਾਂ ਵਿਚਲਾ ਦਰਦ ਹਰ ਨਾਇਕਾ ਭੋਗ ਰਹੀ ਹੈ, ਮਰਨਾ ਇਨ੍ਹਾਂ ਦੀ ਹੋਣੀ ਬਣ ਗਿਆ ਹੈ। ਕਿੱਸਾ ਸੰਸਾਰ ਵਿਚ ਬ੍ਰਿਹਾ ਅਤੇ ਦਰਦ ਦਾ ਪਰਿਪੇਖ ਅਤੇ ਪਾਸਾਰ ਲੌਕਿਕ ਅਤੇ ਸਮਾਜਕ ਬੰਧਨਾਂ ਨਾਲ ਜੁੜਿਆ ਹੋਇਆ ਹੈ। ਔਰਤ ਮਰਦ ਦੀ ਪ੍ਰੀਤ ਦਾ ਇਹ ਪਰਿਪੇਖ ਮਿਲਾਪ ਵਾਲਾ ਨਹੀਂ ਅਤੇ ਜੇਕਰ ਕਿਸੇ ਕਿੱਸਾਕਾਰ ਨੇ ਇਸ ਪਰਿਪੇਖ ਨੂੰ ਮਿਲਾਪ ਨਾਲ ਜੋੜਿਆ ਹੈ, ਉਸ ਕਿੱਸਾਕਾਰ ਦੀ ਰਚਨਾ ਨੂੰ ਅਪ੍ਰਮਾਣਕ ਕਿਹਾ ਗਿਆ ਹੈ। ਇਸ਼ਕ ਦੇ ਸੰਸਾਰ ਦੀ ਤੀਜੀ ਧਿਰ 'ਸਮਾਜ' ਤੋਂ ਬਚਿਆ ਨਹੀਂ ਜਾ ਸਕਦਾ ਕਿਉਂਕਿ ਵਿਜੋਗੀ ਧਿਰ ਇਕੱਲੀ, ਨਿਆਸਰੀ ਅਤੇ ਆਪਣੀ ਸਾਥੀ ਤੋਂ ਦੂਰ ਹੈ। ਇਸ ਦੇ ਸਮਵਿੱਥ ਤੀਸਰੀ ਧਿਰ ਤਾਂ ਇਹ ਕਹਿੰਦੀ ਹੈ ਕਿ ''ਜਿਥੇ ਰੱਬ ਦੇ ਨਾਉਂ ਦਾ ਜ਼ਿਕਰ ਆਵੇ, ਲੱਖ ਬੇਟੀਆਂ ਚਾਇ ਕੁਰਬਾਨ ਕੀਜੈ।'' ਨਿਰਸੰਦੇਹ ਇਸ਼ਕ ਦੇ ਕਿੱਸਿਆਂ ਵਿਚ ਵਿਛੋੜਾ ਬੜਾ ਪੀੜਾ ਗ੍ਰਸਤ ਹੈ ਕਿਉਂਕਿ ਇਸ ਤੋਂ ਅਗਲੇਰਾ ਪੜਾਅ ਮੌਤ ਹੈ। ਇਸ ਕਰਕੇ ਹਾਸ਼ਮ ਨੇ ਕਿਹਾ ਸੀ ਕਿ ਇਸ਼ਕ ਮਜਾਜ਼ੀ ਬੜਾ ਔਖਾ ਹੈ, ਗਲੀਆਂ ਵਿਚ ਰੁਲਾ ਦੇਂਦਾ ਹੈ।

ਬ੍ਰਿਹਾ ਭੋਗ ਰਹੀ ਧਿਰ ਅੰਦਰ ਜਿਥੇ ਉਦਾਸੀ ਹੈ, ਇਕੱਲਤਾ ਹੈ, ਉਥੇ ਨਾਲ ਹੀ ਭਵਿੱਖ ਦੀ ਚਿੰਤਾ ਹੈ। ਮੌਤ ਇਨ੍ਹਾਂ ਦੀ ਹੋਣੀ ਹੈ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਕਿੱਸਿਆਂ ਵਿਚ ਬ੍ਰਿਹਾ ਦਾ ਪਰਿਪੇਖ ਅਧਿਆਤਮਕ ਸੰਸਾਰ ਨਾਲੋਂ ਭਿੰਨ ਹੈ। ਇਥੇ ਬ੍ਰਿਹਾ ਵਧੇਰੇ ਦੁਖਦਾਈ ਹੈ, ਵਿਜੋਗ ਤੋਂ ਬਾਅਦ ਸੰਜੋਗ ਦੀ ਥਾਂ ਮੌਤ ਹੈ। ਤੀਸਰੀ ਧਿਰ ਬੜੀ ਸ਼ਕਤੀਸ਼ਾਲੀ ਅਤੇ ਬੇਰਹਿਮ ਹੈ। ਹਾਸ਼ਮ ਦੇ ਸ਼ਬਦਾਂ ਵਿਚ ''ਹਾਸ਼ਮ ਖ਼ਾਕ ਰੁਲਾਵੇ ਗਲੀਆਂ, ਇਹ ਕਾਫ਼ਰ ਇਸ਼ਕ ਮਜਾਜ਼ੀ। ਸਿਰਫ ਇਸ਼ਕ ਮਜਾਜ਼ੀ ਹੀ ਨਹੀਂ ਸਗੋਂ ਹੋਰ ਵਧੇਰੇ ਪ੍ਰਾਸੰਗਿਕ ਗੱਲ ਇਹ ਹੈ:—

ਰੱਬ ਦਾ ਆਸ਼ਕ ਹੋਣ ਸੁਖਾਲਾ, ਇਹ ਬਹੁਤ ਸੁਖਾਲੀ ਬਾਜ਼ੀ।
ਗੋਸ਼ਾ ਪਕੜ ਰਹੇ ਹੋ ਸਾਬਰ, ਫੜ ਤਸਬੀ ਬਣੇ ਨਿਮਾਜ਼ੀ।
ਸੁਖ ਆਰਾਮ ਜਗਤ ਵਿਚ ਸ਼ੋਭਾ ਅਤੇ ਦੇਖ ਹੋਵੇ ਜਗ ਰਾਜ਼ੀ।
ਹਾਸ਼ਮ ਖ਼ਾਕ ਰੁਲਾਵੇ ਗਲੀਆਂ, ਇਹ ਕਾਫ਼ਰ ਇਸ਼ਕ ਮਜਾਜ਼ੀ।[43]

ਇਮਾਮ ਬਖਸ਼ ਆਪਣੇ ਕਿੱਸੇ ਸ਼ਾਹ ਬਹਿਰਾਮ ਵਿਚ ਇਸ਼ਕ ਅੰਦਰਲੇ ਦਰਦ ਅਤੇ ਬ੍ਰਿਹਾ ਭਾਵ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ:—

ਆਇਆ ਸਾਂ ਮੈਂ ਏਸ ਚਮਨ ਵਿੱਚ, ਮਤ ਏਥੇ ਦਿਲ ਲੱਗੇ,
ਏਥੇ ਨੈਣ ਸਿਪਾਹੀ ਬੈਠੇ, ਕੱਸ ਬੰਦੂਕਾਂ ਅੱਗੇ।
ਅੱਗੇ ਸਾਂ ਬੇਵਤਨ ਮੁਸਾਫਿਰ, ਮਾਰਿਆ ਦਰਦ ਹਿਜਰ ਦਾ,
ਪਿਛੋਂ ਇਸ਼ਕ ਤੇਰੇ ਦਾ ਲੱਗਾ ਜ਼ਾਲਮ ਤੀਰ ਕਹਿਰ ਦਾ।
ਸਚ ਪੁੱਛੇਂ ਤੇ ਹੁਸਨ ਤੇਰੇ ਨੇ, ਤਨ ਮਨ ਮੇਰਾ ਮੁੱਠਾ,
ਮਾਰ ਕਟਾਰ ਨੈਣਾਂ ਦੀ ਮੈਨੂੰ, ਵਲ ਵਲ ਹੈਗਾ ਕੁੱਠਾ।
ਪਲਕਾਂ ਤੀਰ ਤ੍ਰਿੱਖੇ ਤੇਰੇ, ਭਵਾਂ ਕਮਾਨ ਬਿਆਨੀ,
ਮਾਰਨ ਵਾਲੇ ਨੈਣ ਸਿਪਾਹੀ, ਕੱਸ ਕੱਸ ਮਾਰਨ ਕਾਨੀ।
ਜ਼ਾਲਮ ਇਸ਼ਕ ਤੇਰੇ ਨੇ ਮੈਨੂੰ, ਵੇਖ ਮੁਸਾਫਿਰ ਰਾਹੀ,
ਬੱਧਾ ਦਿਲ ਤੇ ਜਾਨ ਮੇਰੀ ਨੂੰ, ਪਾ ਜ਼ੁਲਫਾਂ ਦੀ ਫਾਹੀ।[44]

ਅਹਿਮਦ ਯਾਰ ਆਪਣੇ ਕਿੱਸੇ ਸੱਸੀ ਪੁੰਨੂੰ ਵਿਚ ਵਿਯੋਗ ਦੀ ਇੰਤਹਾ ਨੂੰ ਦਰਸਾਉਂਦਾ ਬ੍ਰਿਹਾ ਦੀ ਅਗਨੀ ਸਾਕਾਰ ਕਰਦਾ ਹੈ:—

ਇਕ ਇਸ਼ਕ ਦੀ ਅੱਗ, ਪਿਆਸ ਦੂਜੀ,
ਹਥ ਪੈਰ ਢੱਠੇ ਕੰਬ-ਕੰਬ ਸਾਰੀ।
ਅਹਿਮਦ ਯਾਰ ਜਹਾਨ ਵੀਰਾਨ ਹੋਇਆ,
ਏਸੇ ਇਸ਼ਕ ਦੀ ਪਏ ਅੰਬ ਸਾਰੀ।
ਸੱਸੀ ਓਸਦੀ ਮਛਲੀ ਹੋਏ ਤੇਰੀ,
ਜਿਹੜਾ ਆਤਸ਼ ਦਾ ਦਰਿਆਈ-ਏ ਜੀ।
ਜ਼ੋਰ ਇਸ਼ਕ ਦੇ ਤਰਦੀ ਏ ਮਾਰ ਬਾਹਾਂ,
ਹੋ ਜਾਂਵਦੀ ਜਿੰਦ ਵਿਹਾਈ-ਏ ਜੀ।
ਸਾਥੀ ਸੰਗ ਸਾਰੇ ਰਹਿ ਗਏ ਪਿੱਛੇ,
ਸ਼ੀਸ਼ੇ ਸੰਗ ਵਾਂਗੂੰ ਟਕਰਾਈ-ਏ ਜੀ।
ਅਹਿਮਦ ਯਾਰ ਖ਼ੁਦਾਏ ਦਾ ਲਿਖਿਆ ਭੀ,
ਗਇਆ ਵਰਤ ਵਿਛੁੰਨ ਦੇ ਭਾਈ-ਏ ਜੀ।[45]

ਪੰਜਾਬੀ ਕਾਵਿ ਧਾਰਾ ਦਾ ਇਕ ਵੱਡਾ ਰਚਨਾਤਮਕ ਪਾਸਾਰ ਬਾਰਾਂਮਾਹ ਦੇ ਰੂਪ ਵਿਚ ਹੋਇਆ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਆਪਣੀ ਪੁਸਤਕ 'ਪੰਜਾਬੀ ਬਾਰਾਂਮਾਹੇ' ਵਿਚ ਲਗਭਗ ਸੌ ਤੋਂ ਉਪਰ ਬਾਰਾਂਮਾਹ ਦਰਜ ਕਰਕੇ ਇਸ ਕਾਵਿ ਰੂਪ ਦੀ ਪ੍ਰਾਪਤੀ ਦਾ ਲੇਖਾ ਜੋਖਾ ਕੀਤਾ ਹੈ। ਇਨ੍ਹਾਂ ਬਾਰਾਂ ਮਾਹ ਦਾ ਜੇਕਰ ਥੀਮਕ ਅਧਿਐਨ ਕਰੀਏ ਤਾਂ ਇਸ ਤੱਥ ਦੀ ਪ੍ਰਤੀਤੀ ਹੁੰਦੀ ਹੈ ਕਿ ਇਨ੍ਹਾਂ ਦਾ ਰਚਨਾਤਮਕ ਸੂਤਰ ਵਿਜੋਗ ਭਾਵਨਾ ਅਤੇ ਬ੍ਰਿਹਾ ਦੀ ਤਿੱਖੀ ਵੇਦਨਾ ਹੈ। ਇਨ੍ਹਾਂ ਬਾਰਾਂਮਾਹ ਦੇ ਅੰਤਰਗਤ ਬਾਣੀਕਾਰਾਂ ਨੇ ਵੀ ਆਪਣੀ ਰਚਨਾ ਕੀਤੀ ਹੈ। ਬਾਰਾਂਮਾਹ ਤੁਖਾਰੀ ਗੁਰੂ ਨਾਨਕ ਦੇਵ, ਬਾਰਾਂਮਾਹ ਮਾਝ ਗੁਰੂ ਅਰਜਨ ਤੋਂ ਲੈ ਕੇ ਇਹ ਕਾਵਿ ਰੂਪ ਇਕ ਲੰਮੀ ਪ੍ਰਾਪਤੀ ਨੂੰ ਪ੍ਰਸਤੁਤ ਕਰਨ ਵਾਲਾ ਹੈ। ਇਸ ਕਾਵਿ ਪਰੰਪਰਾ ਵਿਚਲਾ

ਰੋਮਾਂਟਿਕ ਤੱਤ ਅਤੇ ਸ਼ਿੰਗਾਰ ਰਸ ਬੜਾ ਅਰਥ ਭਰਪੂਰ ਹੈ। ਰੁੱਤਾਂ ਦੇ ਝਰੋਖੇ ਵਿਚੋਂ ਬ੍ਰਿਹਨ ਦੀ ਪੀੜਾ ਦਾ ਬੜਾ ਸੁਹਜਮਈ ਪ੍ਰਗਟਾਵਾ ਹੈ। ਪ੍ਰਕ੍ਰਿਤੀ ਚਿਤਰਣ ਅਤੇ ਪ੍ਰੇਮੀਆਂ ਦੀ ਮਾਨਸਿਕਤਾ ਨੂੰ ਬੜੇ ਮਾਰਮਿਕ ਰੂਪ ਵਿਚ ਪ੍ਰਗਟਾਇਆ ਗਿਆ ਹੈ। ਪਿਆਰਾ ਸਿੰਘ ਪਦਮ ਦੇ ਸ਼ਬਦਾਂ ਵਿਚ:—

> ''ਬਾਰਾਂਮਾਹ ਕਾਵਿ ਰੂਪ ਦੀ ਖੁਸ਼ਕਿਸਮਤੀ ਹੈ ਕਿ ਇਸਨੂੰ ਪ੍ਰੀਤ-ਵੇਦਨਾ ਜਾਂ ਬਿਰਹਾ ਜੇਹਾ ਵਿਸ਼ਾ-ਵਸਤੂ ਮਿਲਿਆ, ਇਸੇ ਆਸਰੇ ਇਹ ਰੋਮਾਂਟਿਕ ਕਵਿਤਾ ਵਿਚ ਇਕ ਵਿਸ਼ੇਸ਼ ਦਰਜਾ ਰਖਦਾ ਹੈ। ਜੇਕਰ ਇਹ ਲਾਜ਼ਮੀ ਵਿਸ਼ਾ ਨ ਹੁੰਦਾ ਤਾਂ ਸ਼ਾਇਦ ਇਸ ਕਾਵਿ ਰੂਪ ਨੂੰ ਇਤਨੀ ਲੋਕ-ਪ੍ਰਿਯਤਾ ਵੀ ਪ੍ਰਾਪਤ ਨਾ ਹੁੰਦੀ। ਬਹੁਤ ਘਟ ਕਾਵਿ-ਰੂਪ ਹਨ, ਜੋ ਲੋਕ-ਸਾਹਿਤ ਵਿਚ ਵੀ ਪ੍ਰਵਾਨਗੀ ਪ੍ਰਾਪਤ ਕਰ ਸਕੇ ਹਨ। ਇਹ ਗੱਲ ਤਾਂ ਆਮ ਵੇਖਣ ਵਿਚ ਆਈ ਹੈ ਕਿ ਲੋਕ-ਸਾਹਿਤ ਵਿਚ ਪ੍ਰਵਾਣਤ ਕਾਵਿ-ਰੂਪ ਕਵੀਆਂ ਦੀਆਂ ਰਚਨਾਵਾਂ ਦਾ ਆਸਰਾ ਬਣੇ ਹਨ ਤੇ ਉਨ੍ਹਾਂ ਸਾਹਿਤ ਵਿਚ ਆਪਣੀ ਥਾਂ ਬਣਾ ਲਈ ਹੈ ਪਰੰਤੂ ਅਜੇਹੇ ਕਾਵਿ-ਰੂਪ ਵਿਰਲੇ ਹੀ ਹਨ ਜਿਨ੍ਹਾਂ ਆਪਣੀਆਂ ਖੂਬੀਆਂ ਕਰਕੇ ਲੋਕਾਂ ਵਿਚ ਜਾਂ ਲੋਕ-ਸਾਹਿਤ ਵਿਚ ਵੀ ਚੰਗੀ ਵਡਿਆਈ ਪਾਈ ਹੋਵੇ। ਬਾਰਾਂਮਾਹ ਨੂੰ ਇਹ ਮਾਣ ਹਾਸਲ ਹੈ ਕਿ ਉਸ ਨੇ ਲੋਕ-ਸਾਹਿਤ ਤੇ ਦੂਸਰੇ ਸਾਹਿਤ ਦੋਹਾਂ ਵਿਚ ਬਰਾਬਰ ਜਸ ਖੱਟਿਆ।''[46]

ਨਿਰਸੰਦੇਹ ਬਾਰਾਂਮਾਹ ਕਾਵਿ ਰੂਪ ਰਾਹੀਂ ਬ੍ਰਿਹਾ ਵੇਦਨਾ ਦਾ ਜੋ ਬਿੰਬ ਪ੍ਰਸਤੁਤ ਹੋਇਆ ਹੈ, ਉਹ ਬੜਾ ਮਾਰਮਿਕ ਅਤੇ ਭਾਵਾਂ ਦੀ ਪ੍ਰਮਾਣਕ ਅਭਿਵਿਅਕਤੀ ਹੈ।

ਬ੍ਰਿਹਾ/ਵਿਜੋਗ ਭਾਵਨਾ ਨੂੰ ਰੁੱਤਾਂ ਦੇ ਪਰਿਵਰਤਨ ਰਾਹੀਂ ਸਮਝ ਕੇ ਅੰਦਰਲੀ ਪੀੜਾ ਅਤੇ ਵਿਜੋਗ ਨੂੰ ਅਰਥ ਦਿਤੇ ਹਨ। ਇਹ ਬਾਰਾਂਮਾਹ ਪਾਰਲੌਕਿਕ ਅਤੇ ਲੌਕਿਕ ਪ੍ਰੀਤ ਦੀ ਜੀਵੰਤ ਤਰਜਮਾਨੀ ਕਰਦੇ ਹਨ। ਗੁਰੂ ਨਾਨਕ ਵਰਗਾ ਮਹਾਨ ਸ਼ਾਇਰ ਜਦੋਂ ਇਹ ਕਹਿੰਦਾ ਹੈ—''ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।।'' ਤਾਂ ਉਦੋਂ ਇਸ ਕਾਵਿ ਰੂਪ ਦੀ ਪ੍ਰਮਾਣਕਤਾ ਦਾ ਬੋਧ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਵੀ ਇਸ ਵਿਜੋਗ ਨੂੰ ਇੰਜ ਕਹਿੰਦੇ ਹਨ ਕਿ ''ਅਸਾੜੁ ਤਪੰਦਾ ਤਿਸੁ ਲਗੈ ਹਰਿ ਨਾਮੁ ਨ ਜਿਨ੍ਹਾਂ ਪਾਸਿ।।'' ਇੰਜ ਇਹ ਕਿਹਾ ਜਾ ਸਕਦਾ ਹੈ ਕਿ ਬਾਰਾਂਮਾਹ ਕਾਵਿ ਪਰੰਪਰਾ ਵਿਚ ਬ੍ਰਿਹਾ ਦਾ ਰੰਗ ਬਹੁ-ਰੰਗੀ ਹੈ। ਇਹ ਬ੍ਰਿਹਾ ਕਿਧਰੇ ਰੱਬੀ ਪ੍ਰੀਤ ਦਾ ਹੈ ਅਤੇ ਕਿਧਰੇ ਲੌਕਿਕ ਪ੍ਰੀਤ ਦਾ ਪ੍ਰਗਟਾਵਾ ਹੈ। ਇਹ ਤੱਥ ਤਾਂ ਸਪੱਸ਼ਟ ਹੈ ਕਿ ਬਾਰਾਂਮਾਹ ਕਾਵਿ ਪਰੰਪਰਾ ਦਾ ਇਹ ਸ਼ਿੰਗਾਰ ਰੂਪ ਬੜਾ ਮੁੱਲਵਾਨ ਹੈ। ਹੇਠਾਂ ਕੁਝ ਪ੍ਰਮਾਣ ਦਿਤੇ ਹਨ ਜੋ ਇਸ ਕਾਵਿ ਪਰੰਪਰਾ ਦੀ ਵਿਜੋਗ ਭਾਵਨਾ ਨੂੰ ਪ੍ਰਗਟਾਉਂਦੇ ਦੇਖੇ ਜਾ ਸਕਦੇ ਹਨ:—

— ਆਂਵਦੀ ਬਿਨੁ ਕੰਤੇ ਜੇਠੁ ਨ ਆਵੈ,<br>
ਬਿਰਹਾ ਬਾਣ ਕਲੇਜੇ ਲਾਵੈ।<br>
ਨੱਸਾ ਸੀਹੁ ਪਲੰਘ ਡਰਾਵੈ,<br>
ਤੀਲੀ ਪੀਲੀ ਹੋਈਅਸੁ ਹਾਵੈ।<br>
ਜੁਸੇ ਸਾਹ ਨ ਜਿੰਦ ਸਮਾਵੈ,<br>
ਜਿੰਦੂ ਜੁਸਾ ਜ਼ਰਾ ਨ ਭਾਵੈ ਹੋਈਅਸੁ ਕਾਹਲੀ।<br>
ਕਾਹਲੀ ਕੋ ਦਾਰੂ ਨਾਹੀ ਕਾਰੀ,<br>
ਡਿਠੇ ਹਾਦਕ ਸਭੁ ਪਸਾਰੀ।<br>
ਪੁੜੀਆਂ ਸਟਨਿ ਵਾਰੋ ਵਾਰੀ,<br>
ਜ਼ਹਮਤਿ ਏਹਾ ਸਜਣ ਵਿਸਾਰੀ<br>
ਨਾਹੀ ਕੋ ਤਲਵਾਰ ਕਟਾਰੀ,

ਮਾਰੀ ਛੁਟਾਂ ਇਸ ਬੀਮਾਰੀ ਬਹੁਤ ਉਤਾਵਲੀ।
ਉਤਾਵਲੀ ਕਿ ਹੋਂਦਾ ਇਸ ਉਤਾਵਲਾ,
ਹਿਕੇ ਚੋਟ ਨ ਹੋਵੇ ਚਾਵਲਾ।
ਕੋਹੇ ਅੰਦਰਿ ਪਾਣੀ ਲਾਵਲਾ,
ਲਖੇ ਕੋਹੇ ਦਿਸੇ ਸਾਵਲਾ।
ਦਰਦੇ ਵਿਚਿ ਨ ਕੀਚੈ ਲਾਵਲਾ,
ਸਰਬੇ ਅੰਦਰ ਏਹੁ ਬਿਲਾਵਲ ਸੁਨੀਏ ਮਾਵਲੀ।
ਮਾਵਲੀ ਕਿਉਂ ਬਾਹਰਿ ਪੇਟੋਂ ਆਂਦੀ,
ਦਾਈ ਅਕੁ ਗੁੜਤੀ ਪਾਂਦੀ।
ਵਿਛੁੜੀ ਕੂੰਜ ਜਿਵੇਂ ਕੁਰਲਾਂਦੀ,
ਬਾਹਾਂ ਮਾਰੀ ਗੋਤੇ ਖਾਂਦੀ।
ਕਿਉਂ ਕਰ ਦਿਸੈ ਉਮਰਿ ਵਿਹਾਂਦੀ,
ਹੁਣ ਦੀ ਲਗੀ ਗੇੜੇ ਖਾਂਦੀ ਨੀਰ ਵਹਾਂਵਦੀ।4।[47]
— ਚੜ੍ਹਿਆ ਹਾੜ ਮਹੀਨਾ ਕੜਕਦਾ,
ਮੇਰੇ ਅੰਦਰ ਭਾਂਬੜ ਭੜਕਦਾ।
ਇਸ ਬਿਰਹੋਂ ਸੂਰਜ ਚਾੜ੍ਹਿਆ,
ਮੈਨੂੰ ਪਿਆਰੇ ਦਿਲੋਂ ਵਿਸਾਰਿਆ।
ਮੈਂ ਮੌਤੋਂ ਗੁਜ਼ਰੀ ਲੰਘਕੇ,
ਕੇਹੀ ਬਰਛੀ ਲਾਈਆ ਸਾਰ ਦੀ।
ਮੈਨੂੰ ਹਿਜਰੀ ਆਤਸ਼ ਚਾੜ੍ਹਿਆ,
ਅਤੇ ਤਪਨ ਸਿਕਨ ਸਾੜਿਆ।
ਮੈਂ ਰੋ ਰੋ ਨਿਤ ਪੁਕਾਰਿਆ,
ਝਬ ਮਿਲੀਂ ਤੂੰ ਸਜਣ ਪਿਆਰਿਆ

ਮੈਂ ਆਪਣਾ ਆਪ ਸ਼ਿੰਗਾਰਿਆ,
ਕਰ ਆਸ ਪੂਰੇ ਨਿਰਧਾਰ ਦੀ।[48]

— ਚੜ੍ਹਦੇ ਮਘਰ ਮਾਹਿ ਇਕੇਲੀ,
ਅੱਗ ਲਗਾਂ ਖਾਨ ਪਾਨ ਪੀਆ।
ਸਭਨਾਂ ਸਹੀਆਂ ਸੀਸ ਗੁੰਦਾਏ,
ਅੰਚਲ ਮਲ ਮਲ ਜਾਨ ਪੀਆ।
ਫੁਲਾਂ ਰੰਗੀ ਸੇਜ ਵਿਛਾਵਨ,
ਗਲ ਅਪਣੇ ਸੇ ਲਾਨ ਪੀਆ।
ਹਸਨ ਸ਼ਾਮ ਨਹੀਂ ਮੁੜ ਘਰ ਆਇਆ,
ਨਾ ਸੁਖ ਕੁਛ ਅਰਾਮ ਪੀਆ।9।[49]

ਇਨ੍ਹਾਂ ਉਪਰੋਕਤ ਕਾਵਿ-ਹਵਾਲਿਆਂ ਤੋਂ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਬਾਰਾਂਮਾਹ ਕਾਵਿ ਪਰੰਪਰਾ ਪੰਜਾਬੀ ਦੀ ਇਕ ਅਜਿਹੀ ਰੋਮਾਂਟਿਕ ਧਾਰਾ ਹੈ, ਜਿਸ ਦੇ ਆਰ ਪਾਰ ਵਿਜੋਗ ਦਾ ਫੈਲਾਓ ਹੈ, ਬਿਰਹਣ ਦਾ ਦਰਦ ਹੈ ਅਤੇ ਪ੍ਰਕ੍ਰਿਤੀ ਦਾ ਮਾਨਵੀਕਰਣ ਕੀਤਾ ਹੈ। ਇਹ ਕਾਵਿ ਪਰੰਪਰਾ ਇਕ ਲੰਮੇ ਕਾਲ ਖੰਡ ਵਿਚ ਫੈਲੀ ਹੋਈ ਹੈ।

ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਬਾਰਾਂਮਾਹ ਕਾਵਿ ਪਰੰਪਰਾ ਇਕ ਅਜਿਹੀ ਰੋਮਾਂਟਿਕ ਕਾਵਿ ਧਾਰਾ ਹੈ, ਜਿਸ ਨੇ ਬ੍ਰਿਹਾ ਸੱਲ ਅਤੇ ਵਿਜੋਗ ਭਾਵਨਾ ਨੂੰ ਅੰਦਰੋਂ ਬਾਹਰੋਂ ਪ੍ਰਗਟਾਇਆ ਹੈ। ਇਸ ਕਾਵਿ ਪ੍ਰਵਾਹ ਦਾ ਪ੍ਰਗੀਤਕ ਤੱਤ ਪੰਜਾਬੀ ਕਵਿਤਾ ਦਾ ਗੌਰਵਮਈ ਪਾਸਾਰ ਹੈ। ਇਹ ਪਾਸਾਰ ਲੋਕ ਗੀਤਾਂ ਵਿਚ ਵੀ ਬੜੀ ਸ਼ਿੱਦਤ ਨਾਲ ਸਾਕਾਰ ਹੋਇਆ ਹੈ। ਦਰਅਸਲ ਬ੍ਰਿਹਾ ਸੰਵੇਦਨਾ ਦਾ ਇਹ ਪਰਿਪੇਖ ਬੜਾ ਬਹੁ-ਰੰਗੀ ਅਤੇ ਵਿਭਿੰਨ ਪਾਸਾਰਾਂ ਵਾਲਾ ਹੈ।

ਇਸ ਉਪਰੋਕਤ ਵਿਚਾਰ ਚਰਚਾ ਵਿਚੋਂ ਇਹ ਰਹੱਸ ਪ੍ਰਗਟ ਹੁੰਦਾ ਹੈ ਕਿ ਮਧਕਾਲ ਦੀਆਂ ਵਿਭਿੰਨ ਕਾਵਿ ਪਰੰਪਰਾਵਾਂ ਵਿਚ ਬ੍ਰਿਹਾ ਕੇਂਦਰੀ ਸੂਤਰ ਹੈ। ਸਾਡੇ

ਅਧਿਐਨ ਦਾ ਕੇਂਦਰ ਬਿੰਦੂ ਭਾਵੇਂ ਮਧਕਾਲ ਦਾ ਸਾਹਿਤ ਹੈ ਪਰ ਅਸੀਂ ਇਹ ਵੀ ਜ਼ਰੂਰੀ ਸਮਝਦੇ ਹਾਂ ਕਿ ਇਸ ਚਰਚਾ ਨੂੰ ਆਧੁਨਿਕ ਕਾਲ ਤੱਕ ਵੀ ਵਿਚਾਰਿਆ ਜਾਵੇ ਤਾਂ ਜੋ ਪੰਜਾਬੀ ਸਾਹਿਤ ਚਿੰਤਨ ਵਿਚ ਬ੍ਰਿਹਾ ਸੰਵੇਦਨਾ ਦਾ ਸਾਮੱਗਰ ਬਿੰਬ ਸਾਕਾਰ ਹੋ ਸਕੇ। ਅਜਿਹਾ ਨਾ ਕਰਨ ਦੀ ਸੂਰਤ ਵਿਚ ਅਧਿਐਨ ਇਕ ਕਾਲ ਖੰਡ ਤੱਕ ਸੀਮਿਤ ਰਹਿ ਜਾਣਾ ਸੀ। ਇਸੇ ਤਰਕ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਆਪਣੇ ਇਸ ਪਹਿਲੇ ਅਧਿਆਇ ਵਿਚ ਵਿਚਾਰ ਚਰਚਾ ਨੂੰ ਮਧਕਾਲ ਤੋਂ ਆਰੰਭ ਕਰਕੇ ਆਧੁਨਿਕ ਕਾਲ ਖੰਡ ਤੱਕ ਫੈਲਾਇਆ ਹੈ।

ਪੰਜਾਬੀ ਕਾਵਿ ਪਰੰਪਰਾ ਦੇ ਅੰਤਰਗਤ ਜਦੋਂ ਆਧੁਨਿਕ ਕਾਲ ਵਿਚ ਪ੍ਰਵੇਸ਼ ਕਰੀਏ ਤਾਂ ਇਸ ਕਾਵਿ ਪਰੰਪਰਾ ਵਿਚ ਵੀ ਬ੍ਰਿਹਾ ਦੀ ਧੁਨੀ ਬੜੀ ਸਪੱਸ਼ਟ ਸੁਣਾਈ ਦੇਂਦੀ ਹੈ। ਮੱਧਕਾਲ ਦੀ ਪੰਜਾਬੀ ਕਾਵਿ ਪਰੰਪਰਾ ਦੇ ਆਰ ਪਾਰ ਬ੍ਰਿਹਾ ਦੀ ਵੇਦਨਾ ਦਾ ਸੁਰ ਬੜਾ ਤਿੱਖਾ ਅਤੇ ਕੇਂਦਰੀ ਸੂਤਰ ਵਜੋਂ ਹੈ ਜਦ ਕਿ ਆਧੁਨਿਕ ਕਾਲ ਵਿਚ ਇਹ ਵੇਦਨਾ ਆਪਣਾ ਸਰੂਪ ਭਿੰਨ ਕਰ ਲੈਂਦੀ ਹੈ। ਆਧੁਨਿਕ ਕਾਲ ਵਿਚ ਕਵਿਤਾ ਮਾਨਵ ਕੇਂਦਰਿਤ ਹੋਣ ਨਾਲ ਬਹੁ-ਰੰਗੀ ਹੋ ਜਾਂਦੀ ਹੈ। ਇਸ ਕਾਵਿ ਝਰੋਖੇ ਵਿਚ ਪ੍ਰਭੂ ਵਿਛੋੜੇ ਦਾ ਰੰਗ ਫ਼ਿਕਾ ਹੋ ਗਿਆ ਸੀ। ਮੂਲ ਸਰੋਕਾਰ ਬਦਲ ਗਏ ਸਨ। ਫਲਸਰੂਪ ਜੋ ਬ੍ਰਿਹਾ ਅਤੇ ਸੋਜ਼ ਅਧਿਆਤਮਕ ਕਾਵਿ ਵਿਚੋਂ ਉਭਰਿਆ ਸੀ, ਉਹ ਆਧੁਨਿਕ ਕਾਲ ਵਿਚ ਲਗ ਭਗ ਗ਼ੈਰ ਹਾਜ਼ਰ ਹੈ। ਇਸੇ ਤਰ੍ਹਾਂ ਸੂਫੀ ਰੰਗ ਵਾਲੀ ਬ੍ਰਿਹਾ ਸੰਵੇਦਨਾ ਵੀ ਆਧੁਨਿਕ ਕਾਵਿ ਪਰੰਪਰਾ ਵਿਚ ਨਹੀਂ ਮਿਲਦੀ। ਇਸ ਕਾਲ ਵਿਚ ਉਸ ਬ੍ਰਿਹਾ ਦਰਦ ਦਾ ਦੀਦਾਰ ਨਹੀਂ ਹੁੰਦਾ ਜੋ ਮੱਧਕਾਲ ਦੀ ਅਧਿਆਤਮਕ ਪਰੰਪਰਾ ਵਿਚ ਸੀ। ਇਸ ਨਵੇਂ ਪਰਿਪੇਖ ਵਿਚ ਰੱਬ ਇਕ ਗੁੰਝਲਦਾਰ ਬੁਝਾਰਤ ਪ੍ਰਤੀਤ ਹੋਣ ਲਗ ਪਿਆ ਸੀ। ਧਰਤੀ ਦੀ ਛੋਹ ਨਾਲ ਜੁੜੀ ਚੇਤਨਾ ਜਾਗ ਰਹੀ ਸੀ। ਮਨੁੱਖ ਕੇਂਦਰਿਤ ਹੋਣ ਕਾਰਨ ਬ੍ਰਿਹਾ ਦਾ ਪਰਿਪੇਖ ਬਦਲ ਗਿਆ ਸੀ। ਇਸ ਨਵੇਂ ਪਰਿਪੇਖ ਵਿਚ ਧਿਰਾਂ ਬਦਲ ਗਈਆਂ ਹਨ। ਪਰਮਾਤਮਾ ਦੀ ਥਾਂ ਮਨੁੱਖ ਨੇ ਲੈ ਲਈ ਸੀ। ਇਸ ਕਾਵਿ ਪਰੰਪਰਾ ਵਿਚ ਬ੍ਰਿਹਾ ਹੈ, ਵਿਜੋਗ ਦੀ ਸੰਵੇਦਨਾ ਹੈ ਅਤੇ

ਮਿਲਣ ਦੀ ਤਾਂਘ ਗੂੰਜਦੀ ਹੈ ਪਰ ਨਿਰਸੰਦੇਹ ਧਿਰਾਂ ਅਤੇ ਸਰੋਕਾਰ ਬਦਲ ਗਏ ਹਨ। ਔਰਤ ਮਰਦ ਦੀ ਪ੍ਰੀਤ ਇਸ ਕਾਵਿ ਚੇਤਨਾ ਦੇ ਕੇਂਦਰ ਵਿਚ ਹੈ। ਇਸ ਕਾਵਿ ਪਰੰਪਰਾ ਦੀ ਪਿਆਰ ਕਵਿਤਾ ਵਿਚ ਵਿਜੋਗ ਔਰਤ ਮਰਦ ਵਿਚਕਾਰ ਹੈ। ਮਾਇਆ ਦੀ ਥਾਂ ਸਮਾਜ ਹੈ ਜਾਂ ਔਰਤ ਦੀ ਬੇਵਫ਼ਾਈ ਹੈ। ਸੋ ਇਹ ਪਰਿਪੇਖ ਬਿਲਕੁਲ ਨਵਾਂ ਹੈ, ਸਰੋਕਾਰ ਵੱਖਰੇ ਹਨ ਅਤੇ ਪਾਸਾਰ ਬਿਲਕੁਲ ਭਿੰਨ ਹਨ। ਇਸ ਪ੍ਰਵਾਹ ਦੇ ਨਾਲ ਨਾਲ ਰੱਬੀ ਪ੍ਰੀਤ ਵਾਲੀ ਸ਼ਾਇਰੀ ਦਾ ਰੰਗ ਵੀ ਮਿਲਦਾ ਹੈ ਪਰ ਇਹ ਰੰਗ ਬੜਾ ਵਿਰਲਾ ਹੈ। ਭਾਈ ਵੀਰ ਸਿੰਘ ਤੋਂ ਬਾਅਦ ਇਹ ਰੰਗ ਹੋਰ ਵੀ ਧੁੰਦਲਾ ਹੋ ਜਾਂਦਾ ਹੈ। ਇਸ ਦਾ ਕਾਰਣ ਬੜਾ ਸਪੱਸ਼ਟ ਹੈ ਕਿ ਉਹ ਧਿਰ ਜੋ ਗਗਨੀ ਮੰਡਲਾਂ ਉਪਰ ਸੀ, ਉਹ ਧਿਰ ਹੁਣ ਇਸ ਕਾਵਿ ਪਰੰਪਰਾ ਦੇ ਕੇਂਦਰ ਵਿਚ ਨਹੀਂ ਸੀ। ਸੋ ਆਧੁਨਿਕ ਕਾਲ ਦੀ ਕਾਵਿ ਪਰੰਪਰਾ ਵਿਚ ਬ੍ਰਿਹਾ ਅਤੇ ਵਿਜੋਗ ਭਾਵਨਾ ਤਾਂ ਮਿਲਦੀ ਹੈ ਪਰ ਇਸ ਪ੍ਰਗਟਾਵੇ ਦੀਆਂ ਧਿਰਾਂ ਬਦਲ ਗਈਆਂ ਹਨ। ਦੂਜਾ ਬ੍ਰਿਹਾ ਦੇ ਕਾਰਣ ਬਦਲ ਗਏ ਹਨ, ਸਰੋਕਾਰ ਨਵੇਂ ਉਭਰ ਆਏ ਹਨ। ਇਹ ਪਰਿਪੇਖ ਮਧਕਾਲ ਦੀ ਕਾਵਿ ਪਰੰਪਰਾ ਤੋਂ ਭਿੰਨ ਹੈ।

ਆਧੁਨਿਕ ਕਾਲ ਦੀ ਕਾਵਿ ਪਰੰਪਰਾ ਵਿਚ ਜਦੋਂ ਅਸੀਂ ਬ੍ਰਿਹਾ ਸੰਵੇਦਨਾ ਦੀ ਤਲਾਸ਼ ਕਰਦੇ ਹਾਂ ਤਾਂ ਉਦੋਂ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਕਾਵਿ ਦਾ ਬਿੰਬ ਉਭਰਦਾ ਹੈ। ਭਾਈ ਵੀਰ ਸਿੰਘ ਉਹ ਸ਼ਾਇਰ ਹੈ, ਜਿਥੋਂ ਪੰਜਾਬੀ ਕਾਵਿ ਪਰੰਪਰਾ ਇਕ ਨਵੇਂ ਕਾਵਿ ਮੁਹਾਵਰੇ ਨਾਲ ਤਾਂ ਜੁੜਦੀ ਜ਼ਰੂਰ ਹੈ ਪਰ ਉਸ ਦੀ ਕਾਵਿ ਚੇਤਨਾ ਵਿਚ ਧਰਮ ਚੇਤਨਾ ਦੇ ਟਿਕੇ ਹੋਣ ਨਾਲ ਮਧਕਾਲੀ ਕਾਵਿ ਪਰੰਪਰਾ ਦਾ ਝਲਕਾਰਾ ਵੀ ਮਿਲਦਾ ਹੈ। ਭਾਈ ਵੀਰ ਸਿੰਘ ਉਹ ਪੜ੍ਹਾਅ ਹੈ, ਜਿਥੋਂ ਨਵੀਂ ਕਾਵਿ ਪਰੰਪਰਾ ਆਪਣਾ ਰਾਹ ਨਿਖੇੜਦੀ ਹੈ। ਇਸ ਨਿਖੜਨ ਸਮੇਂ ਅਤੀਤ ਦੀ ਯਾਦ ਵੀ ਉਭਰਦੀ ਰਹੀ ਹੈ। ਇਹੀ ਭਾਈ ਵੀਰ ਸਿੰਘ ਦੀ ਮੂਲ ਪਛਾਣ ਹੈ।

ਆਧੁਨਿਕ ਪੰਜਾਬੀ ਕਵਿਤਾ ਵਿਚ ਬ੍ਰਿਹਾ ਦਾ ਪਰਿਪੇਖ ਤਲਾਸ਼ ਕਰੀਏ ਤਾਂ ਇਸ ਪਰਿਪੇਖ ਦੇ ਦੋ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਪਾਸਾਰ ਉਸ

ਕਾਵਿ ਚੇਤਨਾ ਦਾ ਹੈ ਜੋ ਅਰਸ਼ੀ ਅਨੁਭਵ ਵਿਚ ਫੈਲਿਆ ਹੈ। ਇਹ ਪਾਸਾਰ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੀਤਮ ਸਿੰਘ ਅਤੇ ਜਸਵੰਤ ਸਿੰਘ ਨੇਕੀ ਦੇ ਕਾਵਿ ਅਨੁਭਵ ਵਿਚੋਂ ਉਘੜਦਾ ਹੈ। ਇਹ ਪਾਸਾਰ ਇਨ੍ਹਾਂ ਦੀ ਸ਼ਾਇਰੀ ਦਾ ਇਕ ਰੰਗ ਹੈ ਜਦ ਕਿ ਉਸੇ ਸ਼ਾਇਰੀ ਵਿਚੋਂ ਲੌਕਿਕ ਰੰਗ ਵੀ ਉਘੜੇ ਹਨ। ਮਿਸਾਲ ਵਜੋਂ ਭਾਈ ਵੀਰ ਸਿੰਘ ਦੀ ਕਵਿਤਾ ਜੇਕਰ ਕਾਦਰ ਦੀ ਛੋਹ ਲਈ ਤਰਸਦੀ ਹੈ ਤਾਂ ਦੂਜੇ ਪਾਸੇ ਉਸ ਦੀ ਕਵਿਤਾ ਵਿਚੋਂ ਧਰਤੀ ਨਾਲ ਜੁੜੇ ਸਰੋਕਾਰ ਵੀ ਫੈਲੇ ਹਨ। ਇਸੇ ਤਰ੍ਹਾਂ ਪੂਰਨ ਸਿੰਘ ਵਿਚ ਵੀ ਬਹੁ-ਰੰਗੀ ਅਨੁਭਵ ਦ੍ਰਿਸ਼ਟਮਾਨ ਹੁੰਦਾ ਹੈ। ਇਸ ਪਰਿਪੇਖ ਵਿਚ ਕਾਦਰ ਦੀ ਝਲਕ ਲਈ ਤੜਪ ਹੈ, ਉਡੀਕ ਹੈ ਅਤੇ ਉਸ ਦੀ ਅਗੰਮੀ ਛੋਹ ਲਈ ਤਰਲਾ ਹੈ। ਮਿਸਾਲ ਵਜੋਂ ਭਾਈ ਵੀਰ ਸਿੰਘ ਦਾ ਇਹ ਰੰਗ ਦੇਖੋ:—

ਸਾਡਾ ਰਾਂਝਾ ਤਖਤ ਹਜ਼ਾਰੇ ਤਖਤੋਂ ਕਦੀ ਨਾ ਉਠਦਾ,
ਝੰਗ ਸਿਆਲੀ ਬੈਠਿਆਂ ਸਾਨੂੰ ਖਿੱਚਾਂ ਪਾ ਪਾ ਕੁਠਦਾ;
ਆਵੇ ਆਪ ਨ ਪਾਸ ਬੁਲਾਵੇ, ਸੱਦ ਵੰਝਲੀ ਦੀ ਘੱਲੇ,
ਕੁੰਡਲੀ ਪਾ ਪਾਣੀ ਵਿਚ ਰੱਖਦਾ, ਰੁਠਦਾ ਹੈ ਕਿ ਤਰੁਠਦਾ।[50]

ਭਾਈ ਵੀਰ ਸਿੰਘ ਦੀ ਕਵਿਤਾ ਵਿਚ ਜਿਥੇ ਅਗੰਮੀ ਝਰਨਾਹਟ ਲਈ ਬਿਹਬਲਤਾ ਹੈ, ਉਥੇ ਉਸ ਦੇ ਮਹਾਂਕਾਵਿ ਰਾਣਾ ਸੂਰਤ ਸਿੰਘ ਵਿਚ ਵਿਜੋਗ ਭਾਵਨਾ ਸਿਖਰ ਉਪਰ ਹੈ। ਰਾਣੀ ਦਾ ਵਿਰਲਾਪ ਵਿਛੋੜੇ ਦੇ ਦਰਦ ਦੀ ਜੀਵੰਤ ਝਾਕੀ ਪੇਸ਼ ਕਰਦਾ ਹੈ। ਡਾ. ਅਤਰ ਸਿੰਘ ਆਪਣੇ ਨਿਬੰਧ ''ਭਾਈ ਵੀਰ ਸਿੰਘ ਦੀ ਕਵਿਤਾ ਵਿਚ ਕਾਵਿ-ਸੰਵੇਦਨਾ ਦਾ ਪਰਿਵਰਤਨ'' ਵਿਚ ਰਾਣੀ ਰਾਜ ਕੌਰ ਦੀ ਵਿਜੋਗ ਭਾਵਨਾ ਉਪਰ ਵਿਚਾਰ ਕਰਦਿਆਂ ਲਿਖਿਆ ਹੈ:—

> ''ਭਾਈ ਵੀਰ ਸਿੰਘ ਦੇ ਨਵ-ਨੈਤਿਕ ਸਿਧਾਂਤ ਦਾ ਮੂਲ ਸਵਰ ਇਕ ਨਿਰਲੇਪ ਪਵਿਤਰਤਾ ਦਾ ਹੈ ਅਤੇ ਸੰਜਮ ਸੰਕੋਚ ਉਹ ਵਿਧੀ ਹੈ ਜਿਸ ਦੁਆਰਾ ਸਰੀਰਕ ਤੇ ਭੌਤਿਕ ਇਛਾਵਾਂ ਦਾ ਉੱਦਾਤੀਕਰਣ ਹੁੰਦਾ ਹੈ। ਇਸ

> ਕਾਰਨ ਭਾਈ ਵੀਰ ਸਿੰਘ ਨੇ ਇਕ ਵੇਗਵਾਨ ਪ੍ਰੇਮਿਕਾ ਦੇ ਰੂਪ ਵਿਚ ਇਸਤਰੀ ਦੀ ਜੋ ਧਾਰਨਾ ਆਪਣੀ ਕਾਵਿ ਰਚਨਾ ਵਿਚ ਅਪਨਾਈ ਉਹ ਸਰੀਰਕ ਭੋਗ ਦੇ ਸੰਪੂਰਨ ਅਸਵੀਕਾਰ ਅਤੇ ਸਰੀਰ ਤੇ ਭਾਵਨਾ ਦੇ ਦੋਫਾੜ ਦੀ ਹੈ। ਇਕ ਵਿਧਵਾ ਦੀ ਪਰਿਸਥਿਤੀ ਦੇ ਸੰਤਾਪ ਨੂੰ ਉਲੀਕਦਿਆਂ ਅਤੇ ਸੁਹਾਗ ਤੋਂ ਉਸਦੇ ਸਦੀਵੀ ਵਤਨ ਦੀ ਪੀੜ ਤੇ ਵੇਦਨਾ ਨੂੰ ਪ੍ਰਕਾਸ਼ਵਾਨ ਕਰਦਿਆਂ ਭਾਈ ਵੀਰ ਸਿੰਘ ਰਾਣੀ ਰਾਜ ਕੌਰ ਨੂੰ ਇਕ ਕਾਮਨੀ ਦੇ ਸਾਰੇ ਮਨੋਵੇਗ ਪ੍ਰਦਾਨ ਕਰਦਾ ਹੈ।''[51]

ਅਸਲ ਵਿਚ ਰਾਣਾ ਸੂਰਤ ਸਿੰਘ ਮਹਾਂਕਾਵਿ ਦੀ ਕੇਂਦਰੀ ਸੁਰ ਹੀ ਰਾਣੀ ਰਾਜ ਕੌਰ ਦਾ ਦਰਦ, ਪੀੜ੍ਹਾ ਅਤੇ ਵਿਜੋਗ ਭਾਵਨਾ ਹੈ। ਉਸ ਦੀ ਇਸ ਵਿਜੋਗਣ ਹੂਕ ਨੂੰ ਹੇਠ ਲਿਖੀਆਂ ਕਾਵਿ ਸਤਰਾਂ ਵਿਚੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ:—

ਮੈਂ ਨਾ ਲਖਿਆ ਹਾਇ ਅੰਦਰ ਉਸਦਾ  
ਦੇਹੀ ਨਾਲ ਪਿਆਰ— ਦਾਸੀ ਵਾਕੁਰੇ।  
ਰਹੀ ਨਿਖੁੱਟੀ ਨਿਤ ਭੁੱਲੀ ਮਾਣਦੀ  
ਹਾਂ ਮਾਇਆ ਨੇ ਘੇਰ, ਅਸਲੋਂ ਵਾਂਜੇ ਕੇ  
ਰੱਖਯਾ ਸਦਾ ਅਚੇਤ ਆਤਮ ਭੇਦ ਤੋਂ  
ਗਹਲੀ ਬੇਪਰਵਾਹ ਸੈਨਤ ਨਾ ਲਖੀ  
ਤੁਰੀ ਨਾ ਓਸੇ ਰਾਹ ਜਿਸ ਤੇ ਕੰਤ ਦੀ  
ਸੀਗੀ ਸਦਾ ਸਲਾਹ ਤੋਰਨ ਸੰਦੜੀ।[52]

ਆਧੁਨਿਕ ਕਵਿਤਾ ਵਿਚ ਬ੍ਰਿਹਾ ਅਤੇ ਵਿਜੋਗ ਭਾਵਨਾ ਦਾ ਪਹਿਲਾ ਝਲਕਾਰਾ ਭਾਈ ਵੀਰ ਸਿੰਘ ਦੀ ਕਵਿਤਾ ਵਿਚੋਂ ਉਭਰਦਾ ਹੈ। ਇਹ ਉਹ ਕਾਵਿ ਸੰਵੇਦਨਾ ਹੈ,

ਜਿਸ ਵਿਚ ਬ੍ਰਿਹਾ ਰੰਗ ਇਕੋ ਵੇਲੇ ਲੌਕਿਕ ਵੀ ਹੈ ਅਤੇ ਪਾਰਲੌਕਿਕ ਵੀ। ਭਾਈ ਵੀਰ ਸਿੰਘ ਦੀ ਕਾਵਿ ਚੇਤਨਾ ਦਾ ਪਰਿਪੇਖ ਭਾਵੇਂ ਰਹੱਸ-ਝਰਨਾਹਟ ਵਾਲਾ ਹੋਵੇ ਭਾਵੇਂ ਰਾਣੀ ਰਾਜ ਕੌਰ ਦੀ ਵਿਜੋਗ ਭਾਵਨਾ ਵਾਲਾ, ਦੋਵੇਂ ਹਾਲਤਾਂ ਵਿਚ ਉਸ ਦੀ ਕਾਵਿ ਸੰਵੇਦਨਾ ਵਿਛੜਨ ਦੀ ਗੱਲ ਜ਼ਰੂਰ ਕਰਦੀ ਹੈ। ਇਸੇ ਪਰਿਪੇਖ ਦਾ ਸਮਰੱਥ ਸ਼ਾਇਰ ਪ੍ਰੋਫੈਸਰ ਪੂਰਨ ਸਿੰਘ ਕਿਹਾ ਜਾ ਸਕਦਾ ਹੈ। ਪੂਰਨ ਸਿੰਘ ਅਲਬੇਲਾ ਮਸਤੀ ਦਾ ਸ਼ਾਇਰ ਸੀ। ਉਸ ਦੀ ਸ਼ਾਇਰੀ ਵਿਚ ਰੱਬੀ ਕੌਤਕ ਪ੍ਰਤਿ ਅਨਿੰਨ ਪ੍ਰਗਟਾਵਾ ਹੈ। ਉਸ ਨੂੰ ਕਦੀ ਪੁਰਾਣਾ ਪੰਜਾਬ ਯਾਦ ਆਉਂਦਾ ਹੈ ਅਤੇ ਕਦੀ ਨੀਲੇ ਘੋੜੇ ਵਾਲੇ ਦੀ ਤਿੱਖੀ ਯਾਦ ਤੜਪਾਉਂਦੀ ਹੈ। ਪੂਰਨ ਸਿੰਘ ਦੀ ਵਿਜੋਗੀ ਸੁਰ ਅੰਦਰਲੀਆਂ ਝਰਨਾਹਟਾਂ ਦਾ ਵੇਗਵਾਨ ਪ੍ਰਗਟਾਵਾ ਹੈ। ਉਸ ਦੀ ਹੇਠ ਲਿਖੀ ਕਵਿਤਾ ਵਿਚ ਵਿਜੋਗ ਭਾਵਨਾ ਬੜੀ ਸਪੱਸ਼ਟ ਹੈ:—

> ਦੂਰ ਗਿਆ ਸੀ ਉਹ ਮੈਨੂੰ ਕੱਲੀ ਨੂੰ ਛੱਡ ਕੇ
> ਘੋੜੇ ਚੜ੍ਹੇ ਨੀਲੇ 'ਤੇ ਮੈਂ ਜਾਂਦਾ ਤੱਕਿਆ ਉਹ ਸਵਾਰ ਸੀ
> ਮੈਂ ਸੋਚਾਂ ਵਿਚ ਡੁੱਬੀ
> ਪਤਾ ਨਹੀਂ ਉਹ ਪਿਆਰਾ ਹੁਣ ਕਦ ਮੁੜਸੀ ?
> ਮੈਨੂੰ ਕੱਲਾ ਉਹ ਛੱਡ ਟੁਰ ਗਿਆ
> ਮੈਂ ਨਿੰਮੋਝੂਣ ਜਿਹੀ ਹੋ ਕੇ
> ਸਿਰ ਆਪਣੇ ਗੋਡਿਆਂ ਵਿਚ ਸੁੱਟ ਬੈਠੀ ਨਿਰਾਸ ਜਿਹੀ।[53]

ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਤੋਂ ਬਾਅਦ ਆਧੁਨਿਕ ਪੰਜਾਬੀ ਕਾਵਿ-ਸੰਵੇਦਨਾ ਵਿਚ ਵਿਜੋਗੀ ਸੁਰ ਦਾ ਪਰਿਪੇਖ ਬਿਲਕੁਲ ਬਦਲਦਾ ਹੈ। ਮੋਹਨ ਸਿੰਘ ਅਤੇ ਅੰਮ੍ਰਿਤਾ ਦੀ ਕਾਵਿ ਚੇਤਨਾ ਵਿਚ ਬ੍ਰਿਹਾ, ਵਿਜੋਗ, ਪੀੜਾ ਅਤੇ ਇਕੱਲਤਾ ਦਾ ਪਰਿਪੇਖ ਸ਼ੁਧ ਰੋਮਾਂਸਵਾਦੀ ਸੁਰ ਵਾਲਾ ਹੈ। ਇਸ ਪ੍ਰੀਤ ਦੀ ਕੋਈ ਵੀ ਰਮਜ਼ ਅਧਿਆਤਮਕ ਜਾਂ ਧਰਮ ਕੇਂਦਰਿਤ ਨਹੀਂ ਹੈ। ਔਰਤ ਮਰਦ ਦੀ ਪਿਆਰ ਭਾਵਨਾ ਅਤੇ ਇਸ ਪਿਆਰ 'ਚੋਂ ਪੈਦਾ ਹੋਣ ਵਾਲੀ ਵਿਜੋਗੀ ਸੁਰ ਇਸ ਕਾਵਿ ਚੇਤਨਾ ਵਿਚੋਂ

ਉਭਰਦੀ ਹੈ। ਮੋਹਨ ਸਿੰਘ ਵਰਗਾ ਸ਼ਾਇਰ ਤਾਂ ਆਪਣੀ ਸ਼ਾਇਰੀ ਦੇ ਉਦੈ ਹੋਣ ਦੇ ਰਹੱਸ ਨੂੰ ਵੀ ਆਪਣੀ ਬਸੰਤ ਦੇ ਹਿਜਰ ਨਾਲ ਜੋੜਦਾ ਹੈ। ਉਸ ਦੀ ਪੁਸਤਕ ਸਾਵੇ ਪੱਤਰ ਇਸ ਵਿਜੋਗੀ ਸੁਰ ਨੂੰ ਉਘਾੜਦੀ ਹੈ। ਉਹ ਖ਼ੁਦ ਲਿਖਦਾ ਹੈ:—

ਵੇਖ ਬਸੰਤ ਖਾਬ ਅੰਦਰ ਮੈਂ
ਦੱਸੀ ਪੀੜ ਹਿਜਰ ਦੀ।
ਹੰਝੂਆਂ ਦੇ ਦਰਿਆ ਫੁੱਟ ਨਿਕਲੇ
ਵੇਖ ਚਿਰੋਕਾ ਕਰਦੀ।
ਪੂੰਝ ਅੱਥਰੂ ਮੇਰੇ ਬੋਲੀ
ਜੋ ਰੱਬ ਕਰਦਾ ਚੰਗੀ
ਮੋਹਨ ! ਕਿੰਜ ਬਣਦਾ ਤੂੰ ਸ਼ਾਇਰ
ਜੇਕਰ ਮੈਂ ਨਾ ਮਰਦੀ।[54]

ਇਸੇ ਹਿਜਰ ਦੀ ਤਿੱਖੀ ਹੂਕ ਅੰਮ੍ਰਿਤਾ ਪ੍ਰੀਤਮ ਦੀ ਸ਼ਾਇਰੀ ਦੇ ਅੰਗ ਸੰਗ ਰਹੀ ਹੈ। ਡਾ. ਅਤਰ ਸਿੰਘ ਆਪਣੇ ਨਿਬੰਧ ''ਅੰਮ੍ਰਿਤਾ ਪ੍ਰੀਤਮ-ਇਕ ਪੱਛੀ ਹੋਈ ਹੂਕ'' ਵਿਚ ਕਹਿੰਦਾ ਹੈ ਕਿ ''ਇਨ੍ਹਾਂ ਨਜ਼ਮਾਂ ਤੇ ਕਵਿਤਾਵਾਂ ਦੀ ਡੂੰਘੀ ਤੇ ਲੰਮੀ ਕੂਕ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਨਵੀਂ ਸਿਖਰ ਛੋਹੀ ਹੈ।''[38] ਨਿਰਸੰਦੇਹ ਅੰਮ੍ਰਿਤਾ ਨੇ ਜਿਥੇ ਔਰਤ ਦੇ ਦਰਦ ਨੂੰ ਬੋਲ ਦਿਤੇ ਹਨ, ਉਥੇ ਉਸ ਨੇ ਆਪਣੇ ਪ੍ਰੇਮੀ ਦੀ ਯਾਦ ਵਿਚ ਤੜਪਦੀ ਵਿਜੋਗਣ ਦਾ ਬਿੰਬ ਵੀ ਸਾਕਾਰ ਕੀਤਾ ਹੈ। ਉਸ ਦੀ ਪੁਸਤਕ ਅਸ਼ੋਕਾ ਚੇਤੀ ਦੀਆਂ ਬਹੁਤੀਆਂ ਕਵਿਤਾਵਾਂ ਦਾ ਪ੍ਰਗੀਤਕ ਤੱਤ ਇਸੇ ਵਿਜੋਗ ਅਤੇ ਕਰੁਣਾ ਵਿਚੋਂ ਉਭਰਿਆ ਹੈ। ਮਿਸਾਲ ਵਜੋਂ ਉਸ ਦੀ ਕਵਿਤਾ ਦਾ ਇਹ ਰੰਗ ਦੇਖੋ:—

ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕੀਕਣ ਵਰ੍ਹੇ ਬਿਤਾਏ
ਜਿੰਦ ਕਹੇ ਮੈਂ ਸ਼ੌਕ ਤੇਰੇ ਨੂੰ

ਸੂਲਾਂ ਦੇ ਵੇਸ ਹੰਢਾਏ।
ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਕਰਮ ਕਹੇ ਕੁ ਕੀਤੇ
ਜਿੰਦ ਕਹੇ ਤੇਰੀ ਸ਼ੌਕ ਸੁਰਾਹੀਓਂ
ਦੁਖਾਂ ਦੇ ਦਾਰੂ ਪੀਤੇ।
ਇਸ਼ਕ ਪੁਛੇਂਦਾ ਦੱਸ ਨੀ ਜਿੰਦੇ
ਆਸ਼ਕ ਦਾ ਕੀ ਕਹਿਣਾ ?
ਜਿੰਦ ਕਹੇ ਤੇਰਾ ਸੱਥਰ ਚੰਗਾ
ਭੱਠ ਖੇੜਿਆਂ ਦਾ ਰਹਿਣਾ।[55]

ਮੋਹਨ ਸਿੰਘ ਤੇ ਅੰਮ੍ਰਿਤਾ ਦੇ ਸਮਕਾਲ ਵਿਚ ਡਾ. ਹਰਿਭਜਨ ਸਿੰਘ ਦੀ ਕਵਿਤਾ ਵਿਚ ਬ੍ਰਿਹਾ ਅਤੇ ਵਿਜੋਗ ਬੜੇ ਪ੍ਰਬਲ ਰੂਪ ਵਿਚ ਸਾਕਾਰ ਹੋਏ ਹਨ। ਉਸ ਦੀ ਸ਼ਾਇਰੀ ਵਿਚ ਇਹ ਵਿਜੋਗ ਮਾਂ ਦੇ ਉਦਰੇਵੇਂ ਵਿਚੋਂ ਵੀ ਪੈਦਾ ਹੋਇਆ ਹੈ ਅਤੇ ਪ੍ਰੇਮਕਾ ਪ੍ਰਤਿ ਤੜਪ ਵਿਚੋਂ ਵੀ। ਉਸ ਦੇ ਗੀਤਾਂ ਵਿਚ ਇਹ ਸੁਰ ਬੜੀ ਉਘੜਵੀਂ ਹੈ। ਉਸ ਦੇ ਗੀਤਾਂ ਵਿਚ ਬ੍ਰਿਹਾ, ਉਦਰੇਵਾਂ ਅਤੇ ਮਿਲਾਪ ਲਈ ਲੋਚਾ ਦੀ ਹੂਕ ਬੜੀ ਤਿੱਖੀ ਹੈ। ਉਸ ਦਾ ਇਹ ਗੀਤ ਇਸੇ ਤਰਕ ਦੀ ਪੁਸ਼ਟੀ ਕਰਦਾ ਹੈ:—

ਵੇ ਮੈਂ ਭਰੀ ਸੁਗੰਧੀਆਂ ਪੌਣ ਸੱਜਣ ਤੇਰੇ ਬੂਹੇ
ਵੇ ਤੂੰ ਇਕ ਵਾਰੀ ਤੱਕ ਲੈ ਕੌਣ ਸੱਜਣ ਤੇਰੇ ਬੂਹੇ
ਮੈਂ ਖੜੀ ਸਜਣ ਤੇਰੇ ਦੁਆਰ ਝੋਲ ਤਕਦੀਰਾਂ
ਮੇਰੀ ਰੁਸ ਨਾ ਜਾਵੇ ਸੁਗੰਧ ਉਡੀਕ ਅਖੀਰਾਂ
ਕਹੀ ਤਤੜੀ ਤਤੜੀ 'ਵਾ ਮੇਰਾ ਤਨ ਲੂਹੇ।[56]

ਆਧੁਨਿਕ ਪੰਜਾਬੀ ਕਵਿਤਾ ਵਿਚ ਅੰਮ੍ਰਿਤਾ ਦੇ ਸਮਕਾਲ ਵਿਚ ਹੀ ਪ੍ਰਭਜੋਤ ਕੌਰ ਦੀ ਕਾਵਿ ਸੰਵੇਦਨਾ ਬੜੀ ਚਰਚਾ ਦਾ ਕੇਂਦਰ ਬਣੀ ਰਹੀ ਸੀ। ਉਸ ਦੀ ਕਾਵਿ ਪੁਸਤਕ 'ਪੱਬੀ' ਇਸ ਪੱਖੋਂ ਬੜੀ ਨਿਵੇਕਲੀ ਰਚਨਾ ਹੈ। ਪ੍ਰੇਮ ਦੀ ਅਪੂਰਤੀ

ਔਰਤ ਲਈ ਤਿੱਖਾ ਵਿਜੋਗ ਬਣੀ ਰਹੀ ਹੈ। ਇਹ ਰੰਗ ਅੰਮ੍ਰਿਤਾ ਅਤੇ ਪ੍ਰਭਜੋਤ ਵਿਚ ਇਕੋ ਜਿਹਾ ਹੈ। ਔਰਤ ਦੇ ਮਨ ਦੀ ਵੇਦਨਾ/ਪੀੜਾ ਹੰਝੂ ਬਣ ਕੇ ਕਾਵਿ ਬੋਲ ਬਣਦਾ ਰਿਹਾ ਹੈ। ਪ੍ਰਭਜੋਤ ਦੀ ਪੁਸਤਕ 'ਅਜ਼ਲ ਤੋਂ' ਦੀਆਂ ਬਹੁਤੀਆਂ ਕਵਿਤਾਵਾਂ ਇਸੇ ਦਰਦ ਅਤੇ ਵਿਜੋਗ ਦੀ ਬਿਹਬਲਤਾ ਦਾ ਪ੍ਰਗਟਾਵਾ ਬਣੀਆਂ ਹਨ। ਪ੍ਰਮਾਣ ਵਜੋਂ ਉਸ ਦੀ ਇਹ ਨਜ਼ਮ ਔਰਤ ਮਨ ਦੀ ਤਿੱਖੀ ਹੂਕ ਨੂੰ ਪ੍ਰਗਟਾਉਂਦੀ ਹੈ:—

ਮੈਂ ਹੰਝੂ ਬਣ ਕੇ ਗੀਤ ਬਣੀ
ਤੇ ਪੀੜ ਗੀਤ ਗਾਂਦੇ ਗਾਂਦੇ
ਗੀਤਾਂ ਤੋਂ ਫਿਰ ਸੰਗੀਤ ਬਣੀ।
ਤੇ ਦਰਦ ਭਰੀ ਸੰਗੀਤ ਲਹਿਰ
ਲੈ ਗਈ ਰੋੜ ਮੇਰੀ ਪ੍ਰਾਣ ਕਲੀ
ਮੈਂ ਹੰਝੂ ਬਣ ਕੇ ਗੀਤ ਬਣੀ।[57]

ਬ੍ਰਿਹਾ ਅਤੇ ਵਿਜੋਗ ਦਾ ਰੰਗ ਆਧੁਨਿਕ ਕਾਵਿ ਵਿਚ ਏਨਾ ਪ੍ਰਵਾਣ ਸੁਰ ਹੈ ਕਿ ਬਾਵਾ ਬਲਵੰਤ ਵਰਗਾ ਪ੍ਰਤਿਬੱਧ ਸ਼ਾਇਰ ਵੀ ਆਪਣੀ ਕਾਵਿ ਚੇਤਨਾ ਇਸ ਪੀੜਾ ਤੋਂ ਬਚ ਨਹੀਂ ਸਕਿਆ। ਅਸਲ ਵਿਚ ਔਰਤ ਮਰਦ ਦੀ ਇਕ ਦੂਜੇ ਪ੍ਰਤਿ ਖਿੱਚ ਅਜ਼ਲ ਤੋਂ ਬਣੀ ਹੋਈ ਹੈ। ਪ੍ਰਤਿਬੱਧ ਵਿਚਾਰਧਾਰਕ ਸ਼ਾਇਰ ਦੇ ਕਿਸੇ ਨਾ ਕਿਸੇ ਇਕ ਕੋਨੇ ਵਿਚ ਇਹ ਜਜ਼ਬਾ ਵੀ ਮੱਘਦਾ ਰਿਹਾ ਹੈ। ਇਕ ਦੂਜੇ ਦੀ ਖਿੱਚ ਹੀ ਇਸ ਵਿਜੋਗ ਦਾ ਸੂਤਰ ਬਣਦਾ ਹੈ। ਬਾਵਾ ਬਲਵੰਤ ਦੀ ਕਵਿਤਾ 'ਉਸ ਦਾ ਹਾਰ' ਸ਼ਾਇਰ ਦੇ ਇਸੇ ਨਿਵੇਕਲੇ ਜਜ਼ਬੇ ਦਾ ਪ੍ਰਤੀਕ ਕਹੀ ਜਾ ਸਕਦੀ ਹੈ। ਇਸੇ ਤਰ੍ਹਾਂ ਦਾ ਇਕ ਗੀਤ ''ਯਾਦ-ਗੀਤ'' ਸ਼ਾਇਰ ਅੰਦਰਲੇ ਵਿਜੋਗੀ ਜਜ਼ਬੇ ਦਾ ਪ੍ਰਗਟਾਵਾ ਬਣਿਆ ਹੈ। ਇਸ ਗੀਤ ਅੰਦਰਲੀ ਵੇਦਨਾ, ਤੜਪ ਅਤੇ ਮਨ ਦੀ ਬਿਹਬਲਤਾ ਇਸੇ ਵਿਚਾਰ ਦੀ ਪੁਸ਼ਟੀ ਹੈ:—

ਮੈਨੂੰ ਜਾਣ, ਨਾ ਚਾਹੇ ਜਾਣ !

ਦੇਖ ਕੇ ਹਰਦਮ ਲੁੱਛਣਾ ਮੇਰਾ,
ਲੋਕੀ ਕਹਿਣ ਸ਼ੁਦਾਈ ਤੇਰਾ;
ਸੁਣ ਸੁਣ ਗੀਤ ਮੇਰੇ ਨੈਣਾਂ ਦੇ
ਤਾਰੇ ਹੋਣ ਹੈਰਾਨ—
ਮੈਨੂੰ ਜਾਣ, ਨਾ ਚਾਹੇ ਜਾਣ !
ਯਾਦ ਤੇਰੀ ਦਿਲ ਰਾਗ ਬਣਾਇਆ,
ਪਿੰਜਰ ਦੀ ਵੀਣਾ 'ਤੇ ਗਾਇਆ,
ਸੁਆਸਾਂ ਦੀ ਸੁਰ ਨਾਲ ਬੁਲਾਇਆ,
ਹੇ ਕਲਿਆਣ ! ਨਹੀਂ ਤੂੰ ਨਹੀਂ ਆਇਆ,
ਫੇਰ ਵੀ ਭੁੱਲ ਨਾ ਸਕਾਂ ਤੈਨੂੰ,
ਹੇ ਪ੍ਰਾਣਾਂ ਦੇ ਪ੍ਰਾਣ !
ਮੈਨੂੰ ਜਾਣ, ਨਾ ਚਾਹੇ ਜਾਣ ![58]

ਇਸ ਤੱਥ ਬਾਰੇ ਦੋ ਰਾਵਾਂ ਨਹੀਂ ਕਿ ਪੰਜਾਬੀ ਕਵਿਤਾ ਆਪਣੇ ਉੱਦਭਵ ਤੋਂ ਲੈ ਕੇ ਵਰਤਮਾਨ ਤੀਕ ਇਸ ਬ੍ਰਿਹਾ ਦੇ ਜਜ਼ਬੇ/ਭਾਵ ਨੂੰ ਨਿਰੰਤਰ ਪ੍ਰਗਟਾਉਂਦੀ ਰਹੀ ਹੈ। ਕਾਵਿ ਚੇਤਨਾ ਦੇ ਪਰਿਪੇਖ ਅਵੱਸ਼ ਬਦਲਦੇ ਰਹੇ ਹਨ ਪਰ ਇਸ ਅਨੰਤ ਦੈਵੀ ਜਜ਼ਬੇ ਨੂੰ ਪੰਜਾਬੀ ਸ਼ਾਇਰੀ ਆਪਣੀ ਸੁੱਚ ਵਿਚੋਂ ਪ੍ਰਗਟਾਉਂਦੀ ਰਹੀ ਹੈ। ਆਧੁਨਿਕ ਕਾਲ ਵਿਚ ਭਾਈ ਵੀਰ ਸਿੰਘ ਅਤੇ ਪੂਰਨ ਸਿੰਘ ਦੇ ਰੰਗ ਵਿਚ ਅਧਿਆਤਮ ਅਤੇ ਧਰਮ ਮਿਸ਼ਰਣ ਵਾਲੀ ਕਾਵਿ ਸੰਵੇਦਨਾ ਦਾ ਪ੍ਰਮਾਣਕ ਸ਼ਾਇਰ ਜਸਵੰਤ ਸਿੰਘ ਨੇਕੀ ਹੈ। ਡਾ. ਨੇਕੀ ਬਹੁ-ਰੰਗਾ ਸ਼ਾਇਰ ਹੈ। ਉਸ ਦੀ ਇਹ ਕਵਿਤਾ ਭਾਈ ਵੀਰ ਸਿੰਘ ਦੇ ਰੰਗ 'ਸੁਫਨੇ ਵਿਚ ਤੁਸੀਂ ਮਿਲੇ ਅਸਾਨੂੰ' ਦੀ ਯਾਦ ਤਾਜ਼ਾ ਕਰਾਉਂਦੀ ਹੈ:—

ਤੜਕਸਾਰ ਜਦ ਮੇਰਾ ਸੁਪਨ ਟੁੱਟਦਾ ਹੈ
ਤਾਂ ਮੈਂ ਅਣਚਾਹਿਆਂ, ਅਣਲੋਚਿਆਂ
ਇਕ ਅਣਵਿਹਾਜੇ ਦਿਹੁੰ ਦੀ ਗੋਦ ਵਿਚ ਪਿਆ ਹੁੰਦਾ ਹਾਂ।

ਇਕ ਅੱਧ-ਜੀਵਿਆ, ਅੱਧ-ਮਾਣਿਆ ਦਿਨ
ਰੱਬ ਜਾਣੇ ਕਿਥੇ ਅਲੋਪ ਹੋ ਗਿਆ ਹੁੰਦਾ ਹੈ।[59]

ਡਾ. ਨੇਕੀ ਦੀ ਰਮਜ਼ ਭਰੀ ਸ਼ਾਇਰੀ ਵਿਚ ਵਿਜੋਗ ਉਸ ਜੋਤ ਪ੍ਰਤਿ ਹੈ ਜੋ ਮਨੁੱਖ ਨੂੰ ਆਪਣੇ ਨਾਲੋਂ ਨਿਖੇੜ ਦੇਂਦੀ ਹੈ। ਨੇਕੀ ਵਰਗੀ ਰਮਜ਼ ਪ੍ਰੀਤਮ ਸਿੰਘ ਸਫ਼ੀਰ ਵਿਚ ਵੀ ਝਲਕਾਰੇ ਮਾਰਦੀ ਹੈ। ਉਸ ਦੀ ਹੇਠ ਲਿਖੀ ਕਵਿਤਾ ਉਸਦੀ ਰਮਜ਼ ਭਰੀ ਸੁਰ ਤੋਂ ਤਾਂ ਵੱਖਰੀ ਹੈ ਪਰ ਇਸ ਕਵਿਤਾ ਅੰਦਰ ਇਕ ਬਿਹਬਲਤਾ ਹੈ, ਮਿਲਣ ਦੀ ਤਾਂਘ ਅਤੇ ਮਿਲਾਪ ਦਾ ਆਨੰਦ ਹੈ। ਉਸ ਦਾ ਇਹ ਰੰਗ 'ਕੱਤਕ ਕੂੰਜਾਂ' ਦੀਆਂ ਕਵਿਤਾਵਾਂ ਵਿਚੋਂ ਸਹਿਜੇ ਹੀ ਉਭਰ ਆਉਂਦਾ ਹੈ। ਸੰਜੋਗ ਵਿਜੋਗ ਦਾ ਇਹ ਰੰਗ ਇਸ ਕਵਿਤਾ ਵਿਚੋਂ ਦੇਖੋ:—

ਰੁਗ ਭਰ ਭਰ ਕੇ
ਮੈਂ ਦਿਲ ਦੇ ਰੁੰਨੀ
ਲੱਖ ਲੱਖ ਅਥਰਾਂ ਵਗਾਈਆਂ।
ਜਦੋਂ ਕਿਤੇ ਸੱਜਣਾਂ ਤੂੰ ਆਇਓਂ ਸਾਹਵੇਂ
ਪ੍ਰੀਤ-ਪੌਣ ਤੋਂ ਕੋਹ ਕੋਹ ਲੱਗੀਆਂ
ਘਟਾਂ ਗ਼ਮਾਂ ਦੀਆਂ ਛਾਈਆਂ
ਚੁੰਮਣਾਂ,
ਦਿਲਾਂ ਦੇ ਰਿਸ਼ਤੇ ਜੋੜੇ
ਸੁਆਦ ਵਿਆਕੁਲ ਹੋਏ ਅੰਗਾਂ
ਕਲਾਬਾਜ਼ੀਆਂ ਲਾਈਆਂ।[60]

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਸ਼ਿਵ ਕੁਮਾਰ ਦੇ ਪ੍ਰਵੇਸ਼ ਨਾਲ ਬ੍ਰਿਹਾ ਸੰਵੇਦਨਾ ਇਕ ਨਵੇਂ ਪਰਿਪੇਖ ਨਾਲ ਜੁੜਦੀ ਹੈ। ਸ਼ਿਵ ਤੋਂ ਪਹਿਲਾਂ ਦੇ ਸ਼ਾਇਰਾਂ ਵਿਚ ਵਿਜੋਗ/ਪੀੜਾ ਇਕ ਪਾਸਾਰ ਸੀ ਅਤੇ ਹੋਰ ਵਿਭਿੰਨ ਰੰਗ ਵੀ ਆਪਣੇ ਆਪਣੇ ਸਮੇਂ ਨਾਲੋ ਨਾਲ ਉਭਰਦੇ ਰਹੇ ਹਨ। ਭਾਵ ਬ੍ਰਿਹਾ/ਦਰਦ ਇਕ ਵਿਸਥਾਰ

ਸੀ। ਸ਼ਿਵ ਦੇ ਪ੍ਰਸੰਗ ਵਿਚ ਅਜਿਹੀ ਬਹੁ-ਰੰਗੀ ਲੀਲ੍ਹਾ ਗ਼ੈਰ-ਹਾਜ਼ਰ ਹੈ। ਸ਼ਿਵ ਦੀ ਕਾਵਿ ਯਾਤਰਾ ਅਤੇ ਕਾਵਿ ਸੰਵੇਦਨਾ ਦਰਦ ਤੋਂ ਦਰਦ/ਬ੍ਰਿਹਾ ਅਤੇ ਵਿਜੋਗ ਉਪਰ ਹੀ ਕੇਂਦਰਿਤ ਰਹੀ ਹੈ। ਉਸ ਦੀ ਸਮੁੱਚੀ ਕਾਵਿ ਪ੍ਰਾਪਤੀ ਦਾ ਇਹੀ ਇਕੋ ਇਕ ਪਰਿਪੇਖ ਹੈ। ਇਸ ਪਰਿਪੇਖ ਉਪਰ ਅਸੀਂ ਨਿੱਠ ਕੇ ਚਰਚਾ ਪੰਜਵੇਂ ਅਧਿਆਇ ਵਿਚ ਕੀਤੀ ਹੈ। ਇਥੇ ਅਸੀਂ ਇਹੀ ਕਹਿਣਾ ਯੋਗ ਸਮਝਦੇ ਹਾਂ ਕਿ ਸ਼ਿਵ ਦੀ ਸ਼ਾਇਰੀ ਦੇ ਸਾਰੇ ਕਾਵਿ ਝਰੋਖੇ ਇਕੋ ਇਕ ਬਿੰਦੂ ਉਪਰ ਸਿਮਟੇ ਹੋਏ ਹਨ। ਉਸ ਦੀ ਵਿਜੋਗੀ ਹੂਕ ਨੂੰ ਲੋਕ ਮਨ ਨੇ ਸਵੀਕਾਰ ਵੀ ਕੀਤਾ ਹੈ ਪਰ ਅਜਿਹੀ ਉਸ ਭਵਿੱਖਮੁੱਖੀ ਚਰਿਤਰ ਤੋਂ ਨਿਖੜ ਜਾਂਦੀ ਹੈ ਜੋ ਇਕ ਲੰਮੇ ਅਰਸੇ ਤੀਕ ਪ੍ਰਭਾਵਤ ਨਹੀਂ ਕਰਦੀ। ਇਸੇ ਕਰਕੇ ਇਹ ਕਿਹਾ ਗਿਆ ਹੈ ਕਿ ਉਸ ਦੀ ਸ਼ਾਇਰੀ ਭਾਵਿਤ ਤਾਂ ਕਰਦੀ ਹੈ ਪਰ ਪ੍ਰਭਾਵਿਤ ਨਹੀਂ ਕਰਦੀ। ਉਸਦੀ ਹੇਠ ਲਿਖੀ ਕਵਿਤਾ ਉਸ ਦੀ ਬ੍ਰਿਹਾ ਸੰਵੇਦਨਾ ਦਾ ਕੇਂਦਰੀ ਪੈਰਾਡਾਇਮ ਪ੍ਰਸਤੁਤ ਕਰਦੀ ਹੈ:—

ਮੈਂ ਮਰ ਚੁਕਿਆਂ
ਮੈਂ ਠਰ ਚੁਕਿਆਂ
ਮੈਂ ਆਪਣੇ ਦਰਦ ਦੀ ਸੂਲੀ 'ਤੇ
ਚਿਰ ਹੋਇਆ ਕਿ ਚੜ੍ਹ ਚੁਕਿਆਂ
ਮੈਂ ਆਪਣੇ ਸਾਥ ਸੰਗ ਆਪੇ
ਬਥੇਰਾ ਸਾਥ ਕਰ ਚੁਕਿਆਂ
ਮੈਂ ਆਪਣੇ ਆਪ ਤੋਂ ਆਪੇ
ਅਨੇਕਾਂ ਵਾਰ ਡਰ ਚੁਕਿਆਂ
ਮੈਂ ਆਪਣੇ ਆਪ ਨੂੰ ਆਪਣੇ
ਨਮੋਸ਼ੇ ਮੂੰਹ ਵਿਖਾ ਚੁਕਿਆਂ
ਮੈਂ ਆਪਣੇ ਆਪ ਤੋਂ ਆਪਣੇ
ਕਲੰਕਿਤ ਮੂੰਹ ਛੁਪਾ ਚੁਕਿਆਂ

692479

ਮੈਂ ਇਕਲਾਪਾ, ਜ਼ਲਾਲਤ, ਚੁੱਪ,
ਹਿਸੇ ਦੀ ਹੰਢਾ ਚੁਕਿਆਂ
ਮੈਂ ਮਰ ਚੁਕਿਆਂ
ਮੈਂ ਜਾ ਚੁਕਿਆਂ ![61]

ਆਧੁਨਿਕ ਪੰਜਾਬੀ ਕਾਵਿ ਸੰਵੇਦਨਾ ਵਿਚ ਬ੍ਰਿਹਾ, ਵਿਜੋਗ ਅਤੇ ਦਰਦ ਸੋਜ਼ ਦਾ ਇਕ ਨਿਵੇਕਲਾ ਪਾਸਾਰ ਪੰਜਾਬੀ ਗ਼ਜ਼ਲ ਰਾਹੀਂ ਵੀ ਹੋਇਆ ਹੈ। ਗ਼ਜ਼ਲ ਕਾਵਿ ਰੂਪ ਬਾਰੇ ਇਹ ਕਿਹਾ ਗਿਆ ਹੈ ਕਿ ਇਸ ਵਿਚ ਆਸ਼ਕ ਮਾਸ਼ੂਕ ਦੀ ਗੁਫ਼ਤਗੂ, ਨਿਹੋਰੇ ਅਤੇ ਪਿਆਰ ਪ੍ਰਗਟਾਵੇ ਹੁੰਦੇ ਹਨ। ਇਸ ਕਾਵਿ ਰੂਪ ਦਾ ਪਰੰਪਰਾਗਤ ਚਰਿਤਰ ਵੀ ਇਹੀ ਰਿਹਾ ਹੈ। ਗ਼ਜ਼ਲ ਵਿਚ ਵਿਛੋੜੇ ਦੀ ਹੂਕ ਵੱਖ ਵੱਖ ਸ਼ੇਅਰਾਂ ਵਿਚ ਫੈਲਦੀ ਹੋਈ ਅੰਤਰ ਮਨ ਦੀਆਂ ਵੇਦਨਾਵਾਂ ਨੂੰ ਸਾਕਾਰ ਕਰਦੀ ਹੈ। ਆਪਣੇ ਇਸ ਤਰਕ ਦੀ ਪੁਸ਼ਟੀ ਲਈ ਅਸੀਂ ਹੇਠਾਂ ਕੁਛ ਸ਼ੇਅਰ ਦੇ ਰਹੇ ਹਾਂ:—

ਅਗੇ ਤੁਰਿਆ ਨਾ ਜਾਏ ਪਿੱਛੇ ਪਰਤਿਆ ਨਾ ਜਾਏ,
ਕਿਨ੍ਹਾਂ ਰਾਹਾਂ ਉਤੇ ਆਏ ਤੇਰੇ ਲਾਰਿਆਂ ਦੇ ਨਾਲ।
ਕਿੱਦਾਂ ਭਟਕਦੀਆਂ ਨੇ ਆ ਕੇ, ਇਕ ਦਿਨ ਅੱਖੀਂ ਤਕ ਜਾ ਤੂੰ
ਤੇਰੇ ਮੁੱਖ ਤੋਂ ਹੱਟ ਕੇ ਨਜ਼ਰਾਂ, ਹੁਣ ਕਿਧਰੇ ਨਾ ਠਹਿਰਦੀਆਂ।[62]

ਗ਼ਜ਼ਲ ਦੇ ਪਰਿਪੇਖ ਵਿਚ ਬ੍ਰਿਹਾ ਸੰਵੇਦਨਾ ਬਹੁ-ਰੰਗੀ ਚਰਿਤਰ ਵਾਲੀ ਹੈ। ਔਰਤ ਮਰਦ ਦੀਆਂ ਗੁੱਝੀਆਂ ਪੀੜਾਂ ਕਈ ਪਰਤਾਂ ਵਿਚ ਸਾਕਾਰ ਹੋਈਆਂ ਹਨ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਸ਼ਾਇਰਾਂ ਨੂੰ ਬੜੀ ਪ੍ਰਵਾਨਗੀ ਮਿਲੀ ਹੈ, ਜਿਨ੍ਹਾਂ ਨੇ ਗ਼ਜ਼ਲ ਵਿਚ ਪ੍ਰਬੀਨਤਾ ਹਾਸਲ ਕੀਤੀ ਹੈ। ਨਿਰਸੰਦੇਹ ਗ਼ਜ਼ਲ ਕਾਵਿ ਰੂਪ ਦੇ ਝਰੋਖੇ ਵਿਚੋਂ ਪਿਆਰ, ਵਿਛੋੜਾ, ਤੜਪ, ਮਿਲਣ ਦੀ ਤਾਂਘ ਅਤੇ ਬੇਵਫ਼ਾਈ ਵਰਗੀਆਂ ਸੁਰਾਂ ਉਜਾਗਰ ਹੋਈਆਂ ਹਨ।

ਆਪਣੇ ਇਸ ਅਧਿਆਇ ਦੇ ਅੰਤ ਵਿਚ ਅਸੀਂ ਕਹਿਣਾ ਚਾਹਾਂਗੇ ਕਿ ਪੰਜਾਬੀ ਕਾਵਿ ਚੇਤਨਾ ਹਰ ਕਾਲ ਵਿਚ ਬ੍ਰਿਹਾ ਅਤੇ ਵਿਜੋਗ ਦੇ ਅਨੁਭਵ ਨੂੰ ਪ੍ਰਗਟਾਉਂਦੀ

ਰਹੀ ਹੈ। ਪਰਿਪੇਖ ਅਵੱਸ਼ ਬਦਲਦੇ ਰਹੇ ਹਨ ਪਰ ਕੇਂਦਰੀ ਸੁਰ ਵਿਜੋਗ ਵਾਲੀ ਬੜੀ ਰਮਜ਼ਭਰੀ ਰਹੀ ਹੈ। ਅਧਿਆਤਮਵਾਦੀਆਂ ਨੇ ਰੱਬੀ ਪ੍ਰੀਤ ਦਾ ਪਰਿਪੇਖ ਉਸਾਰਿਆ ਹੈ ਜਦ ਕਿ ਮਜਾਜ਼ੀ ਰੰਗ ਵਾਲੀ ਸ਼ਾਇਰੀ ਵਿਚ ਇਹ ਵਿਛੋੜਾ ਔਰਤ ਮਰਦ ਵਿਚਕਾਰ ਹੈ। ਇਹ ਤੱਥ ਤਾਂ ਬੜਾ ਸਪੱਸ਼ਟ ਹੈ ਕਿ ਬ੍ਰਿਹਾ ਦੀ ਸੁਰ ਪੰਜਾਬੀ ਕਾਵਿ ਚੇਤਨਾ ਦੀ ਧਰਾਤਲ ਵਿਚ ਹਮੇਸ਼ਾ ਟਿਕੀ ਰਹੀ ਹੈ।

—0—

# ਟਿੱਪਣੀਆਂ ਅਤੇ ਹਵਾਲੇ

1. ਭਾਈ ਵੀਰ ਸਿੰਘ (ਸੰਪਾ.), ਵਾਰਾਂ ਭਾਈ ਗੁਰਦਾਸ ਸਟੀਕ, ਪੰਨਾ-447.
2. ਪ੍ਰੋ. ਸਾਹਿਬ ਸਿੰਘ, ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਪੰਨਾ-132.
3. -ਉਹੀ-, ਪੰਨਾ-69.
4. -ਉਹੀ-, ਪੰਨਾ-66.
5. -ਉਹੀ-, ਪੰਨਾ-69.
6. -ਉਹੀ-, ਪੰਨਾ-102.
7. ਰਘਬੀਰ ਸਿੰਘ ਅਤੇ ਪਰਦੁਮਨ ਸਿੰਘ ਬੇਦੀ (ਸੰਪਾ.), ਨਜਮ ਹੁਸੈਨ ਸੱਯਦ ਸੇਧਾਂ ਸਾਰਾਂ ਅਤੇ ਹੋਰ ਲੇਖ, ਪੰਨਾ-52.
8. ਡਾ. ਕਾਲਾ ਸਿੰਘ ਬੇਦੀ (ਸੰਪਾ.) ਸ਼ਾਹ ਹੁਸੈਨ ਰਚਨਾਵਲੀ, ਪੰਨਾ-387-88.
9. ਡਾ. ਸੁਖਦੇਵ ਸਿੰਘ, (ਅਨੁ. ਅਤੇ ਸੰਪਾ.), ਪੰਜਾਬੀ ਸੂਫ਼ੀ ਕਵੀ (ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ), ਪੰਨਾ-73.
10. ਡਾ. ਅਤਰ ਸਿੰਘ, ਦ੍ਰਿਸ਼ਟੀਕੋਣ, ਪੰਨਾ-183.
11. ਹਰਜਿੰਦਰ ਸਿੰਘ ਢਿਲੋਂ, ਸੁਲਤਾਨ ਬਾਹੂ ਚਿੰਤਨ, ਕਲਾ ਤੇ ਰਚਨਾ, ਪੰਨਾ-113
12. ਜੀ. ਐਲ. ਸ਼ਰਮਾ, ਬੁਲ੍ਹੇ ਸ਼ਾਹ ਵਿਵੇਚਨ ਤੇ ਰਚਨਾ, ਪੰਨਾ-163-64.
13. ਖੋਜ ਪੱਤ੍ਰਿਕਾ, ਸਾਈਂ ਬੁਲ੍ਹੇ ਸ਼ਾਹ ਅੰਕ, ਪੰਨਾ-155.
14. ਡਾ. ਸੁਤਿੰਦਰ ਸਿੰਘ ਨੂਰ, ਬੁਲ੍ਹੇ ਸ਼ਾਹ ਸ਼ਖਸੀਅਤ ਤੇ ਰਚਨਾ, ਪੰਨਾ-35.
15. ਡਾ. ਪਰਮਿੰਦਰ ਸਿੰਘ, ਕਲਮ ਤੇ ਕਲਾਮ, ਪੰਨਾ-31.
16. -ਉਹੀ-, ਪੰਨਾ-63.
17. -ਉਹੀ-, ਪੰਨਾ-61.
18. ਡਾ. ਹਰਿਭਜਨ ਸਿੰਘ, ਮੁੱਲ ਤੇ ਮੁਲੰਕਣ, ਪੰਨਾ-106.
19. ਡਾ. ਕਾਲਾ ਸਿੰਘ ਬੇਦੀ (ਸੰਪਾ.), ਕਾਫ਼ੀਆਂ ਖ਼੍ਵਾਜਾ ਗੁਲਾਮ ਫ਼ਰੀਦ, ਪੰਨਾ-194.

20. ਡਾ. ਕਾਲਾ ਸਿੰਘ ਬੇਦੀ (ਸੰਪਾ.), ਕਾਫ਼ੀਆਂ ਖ਼੍ਵਾਜਾ ਗੁਲਾਮ ਫ਼ਰੀਦ, ਪੰਨਾ–195.
21. ਕਰਤਾਰ ਸਿੰਘ ਦੁੱਗਲ, ਅੰਮ੍ਰਿਤ ਬਾਣੀ, ਪੰਨਾ–21.
22. –ਉਹੀ–, ਪੰਨਾ–21.
23. –ਉਹੀ–, ਪੰਨਾ–122.
24. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–50–51.
25. –ਉਹੀ–, ਪੰਨਾ–133.
26. –ਉਹੀ–, ਪੰਨਾ–59–60.
27. –ਉਹੀ–, ਪੰਨਾ–247.
28. –ਉਹੀ–, ਪੰਨਾ–391.
29. –ਉਹੀ–, ਪੰਨਾ–703–04.
30. ਕਰਤਾਰ ਸਿੰਘ ਦੁੱਗਲ, ਅੰਮ੍ਰਿਤ ਬਾਣੀ, ਪੰਨਾ–129.
31. –ਉਹੀ–, ਪੰਨਾ–175.
32. –ਉਹੀ–, ਪੰਨਾ–179.
33. –ਉਹੀ–, ਪੰਨਾ–150.
34. –ਉਹੀ–, ਪੰਨਾ–197.
35. –ਉਹੀ–, ਪੰਨਾ–360.
36. –ਉਹੀ–, ਪੰਨਾ–386.
37. ਡਾ. ਅਮਰਜੀਤ ਸਿੰਘ ਕਾਂਗ (ਸੰਪਾ.), ਪੰਜਾਬੀ ਕਿੱਸੇ, ਪੰਨਾ–95.
38. –ਉਹੀ–, ਪੰਨਾ–128.
39. –ਉਹੀ–, ਪੰਨਾ–144–45.
40. –ਉਹੀ–, ਪੰਨਾ–126.
41. –ਉਹੀ–, ਪੰਨਾ–71.
42. –ਉਹੀ–, ਪੰਨਾ–144.

43. ਡਾ. ਪਰਮਿੰਦਰ ਸਿੰਘ, ਕਲਮ ਤੇ ਕਲਾਮ, ਪੰਨਾ-62.
44. ਡਾ. ਅਮਰਜੀਤ ਸਿੰਘ ਕਾਂਗ (ਸੰਪਾ.), ਪੰਜਾਬੀ ਕਿੱਸੇ, ਪੰਨਾ-158.
45. -ਉਹੀ-, ਪੰਨਾ-149.
46. ਪ੍ਰੋ. ਪਿਆਰਾ ਸਿੰਘ ਪਦਮ, ਪੰਜਾਬੀ ਬਾਰਾਂਮਾਹੇ, ਪੰਨਾ-36-37.
47. -ਉਹੀ-, ਪੰਨਾ-83.
48. -ਉਹੀ-, ਪੰਨਾ-135.
49. -ਉਹੀ-, ਪੰਨਾ-301.
50. ਭਾਈ ਵੀਰ ਸਿੰਘ, ਲਹਿਰਾਂ ਦੇ ਹਾਰ, ਪੰਨਾ-13.
51. ਡਾ. ਅਤਰ ਸਿੰਘ, ਸਾਹਿਤ ਸੰਵੇਦਨਾ, ਪੰਨਾ-93.
52. ————————, ਰਾਣਾ ਸੂਰਤ ਸਿੰਘ, ਪੰਨਾ-35.
53. ਮਹਿੰਦਰ ਸਿੰਘ ਰੰਧਾਵਾ (ਸੰਪਾ.), ਪੂਰਨ ਸਿੰਘ, ਜੀਵਨੀ ਤੇ ਕਵਿਤਾ, ਪੰਨਾ-253.
54. ਮੋਹਨ ਸਿੰਘ, ਸਾਵੇ ਪੱਤਰ, ਪੰਨਾ-31.
55. ਡਾ. ਅਤਰ ਸਿੰਘ, ਸਾਹਿਤ ਸੰਵੇਦਨਾ, ਪੰਨਾ-153.
56. ਅੰਮ੍ਰਿਤਾ ਪ੍ਰੀਤਮ, ਅਸ਼ੋਕਾ ਚੇਤੀ, ਪੰਨਾ-26-27.
57. ਡਾ. ਹਰਿਭਜਨ ਸਿੰਘ, ਮੈਂ ਜੋ ਬੀਤ ਗਿਆ, ਪੰਨਾ-41-42.
58. ਬਾਵਾ ਬਲਵੰਤ, ਯਾਦ ਗੀਤ, ਪੰਨਾ-193.
59. ਡਾ. ਕੁਲਬੀਰ ਸਿੰਘ ਕਾਂਗ (ਸੰਪਾ.), ਬਾਵਾ ਬਲਵੰਤ ਦਾ ਕਾਵਿ-ਸੰਸਾਰ, ਪੰਨਾ-192.
60. ਡਾ. ਅਤਰ ਸਿੰਘ, ਸਾਹਿਤ ਸੰਵੇਦਨਾ, ਪੰਨਾ-177.
61. ਪ੍ਰੀਤਮ ਸਿੰਘ ਸਫ਼ੀਰ, ਕੱਤਕ ਕੂੰਜਾਂ, ਲਾਹੌਰ ਬੁੱਕ ਸ਼ਾਪ, 1945.
62. ਡਾ. ਜਗਤਾਰ, ਕੱਚ ਦੇ ਵਸਤਰ, ਪੰਨਾ-63.

---

# ਅਧਿਆਇ ਦੂਜਾ

# ਫ਼ਰੀਦ ਬਾਣੀ ਦੀ ਬ੍ਰਿਹਾ ਸੰਵੇਦਨਾ

# ਫ਼ਰੀਦ ਬਾਣੀ ਦੀ ਬ੍ਰਿਹਾ ਸੰਵੇਦਨਾ

ਸੂਫੀ ਵਿਚਾਰਧਾਰਾ ਮਧਕਾਲੀ ਪੰਜਾਬੀ ਸਾਹਿਤ ਦੀ ਗੌਰਵਮਈ ਰਚਨਾਤਮਕ ਕਾਵਿ-ਪਰੰਪਰਾ ਹੈ। ਇਸ ਵਿਚਾਰਧਾਰਾ ਦਾ ਉੱਦਭਵ ਭਾਵੇਂ ਇਸਲਾਮ ਤੋਂ ਮੰਨਿਆ ਜਾਂਦਾ ਹੈ ਪਰ ਇਹ ਵਿਚਾਰਧਾਰਾ ਲੰਮੇ ਸਮੇਂ ਤਕ ਆਪਣੇ ਸੋਮੇ ਨਾਲ ਜੁੜੀ ਨਾ ਰਹਿ ਸਕੀ। ਇਸਲਾਮ ਦੀ ਕੱਟੜਤਾ ਅਤੇ ਸੰਕੀਰਨਤਾ ਸੱਚੇ ਸੁੱਚੇ ਪੀਰਾਂ ਫ਼ਕੀਰਾਂ ਲਈ ਬੰਧਨ ਸੀ। ਇਨ੍ਹਾਂ ਰੱਬੀ ਦਰਵੇਸ਼ਾਂ ਨੇ ਸਹਿਜੇ ਸਹਿਜੇ ਆਪਣਾ ਨਾਤਾ ਇਸਲਾਮ ਤੋਂ ਨਿਖੇੜਣਾ ਸ਼ੁਰੂ ਕਰ ਦਿੱਤਾ। ਇਹੀ ਰੱਬੀ ਦਰਵੇਸ਼ ਬਾਅਦ ਵਿਚ ਸੂਫ਼ੀਆਂ ਵਜੋਂ ਜਾਣੇ ਜਾਣ ਲਗ ਪਏ। ਇਹ ਕਾਲੀ ਉਨ ਪਹਿਨਣ ਵਾਲੇ ਫ਼ਕੀਰ ਆਪਣੇ ਕਰਮ ਧਰਮ ਵਿਚ ਬੜੇ ਪਵਿੱਤਰ ਅਤੇ ਪ੍ਰਭੂ ਦੀ ਹਕੀਕੀ ਪ੍ਰੀਤ ਵਿਚ ਰੰਗੇ ਹੋਏ ਸਨ। ਇਨ੍ਹਾਂ ਦਰਵੇਸ਼ਾਂ ਨੇ ਸੂਫੀ ਵਿਚਾਰਧਾਰਾ ਨੂੰ ਸੁਤੰਤਰ ਪਛਾਣ ਦਿੱਤੀ। ਇਹ ਦਰਵੇਸ਼ ਰੱਬੀ ਸ਼ਾਇਰ ਵੀ ਸਨ। ਜਦੋਂ ਇਨ੍ਹਾਂ ਨੇ ਆਪਣੇ ਪ੍ਰੇਮ-ਰੰਗੇ ਇਲਾਹੀ ਅਨੁਭਵ ਅਤੇ ਰਹੱਸਮਈ ਰਮਜ਼ਾਂ ਨੂੰ ਕਾਵਿ-ਸੰਵੇਦਨਾ ਵਿਚ ਢਾਲਿਆ ਤਾਂ ਇਨ੍ਹਾਂ ਸੰਤਾਂ ਫ਼ਕੀਰਾਂ ਨੂੰ ਲੋਕਾਂ ਨੇ ਆਪਣਾ ਆਦਰਸ਼ ਬਣਾ ਲਿਆ।

ਸੂਫ਼ੀ ਵਿਚਾਰਧਾਰਾ ਨੇ ਆਪਣੇ ਮੂਲ ਦੀ ਕੱਟੜਤਾ ਤੋਂ ਵੱਖ ਹੋ ਕੇ ਪ੍ਰੇਮਾ-ਭਗਤੀ ਵਾਲਾ ਮਾਰਗ ਅਖ਼ਤਿਆਰ ਕੀਤਾ ਹੈ। ਇਹ ਅਜਿਹੀ ਵਿਚਾਰਧਾਰਾ ਹੈ ਜਿਸ ਦੀਆਂ ਜੜ੍ਹਾਂ ਇਸਲਾਮ ਅਤੇ ਕੁਰਾਨ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ ਪਰ ਇਸ ਵਿਚਾਰਧਾਰਾ ਦੇ ਅਨੁਆਈਆਂ ਨੇ ਆਪਣੀ ਪ੍ਰਭੂ ਭਗਤੀ, ਪ੍ਰੇਮ ਭਾਵਨਾ ਅਤੇ ਸਦਾਚਾਰਕ ਮੁੱਲਾਂ ਰਾਹੀਂ ਆਪਣੀ ਸੁਤੰਤਰ ਹੋਂਦ ਅਤੇ ਹਸਤੀ ਕਾਇਮ ਕਰ ਲਈ ਸੀ। ਇਸ ਵਿਚਾਰਧਾਰਾ ਦੇ ਪਾਂਧੀਆਂ ਨੂੰ ਸੂਫੀ ਕਿਹਾ ਜਾਂਦਾ ਹੈ ਜੋ ਉਚੇਰੀ ਸੁਰਤਿ ਸੰਵੇਦਨਾ ਅਤੇ ਰਹੱਸ ਅਨੁਭੂਤੀ ਵਾਲੇ ਸਨ। ਇਸਲਾਮ ਦੇ ਮੂਲ ਸੋਮੇ ਵਿਚੋਂ ਪੈਦਾ ਹੋਣ ਵਾਲੀ ਇਸ ਵਿਚਾਰਧਾਰਾ ਨੇ ਆਪਣੀ ਪ੍ਰੇਮ ਭਾਵਨਾ ਨਾਲ ਉਹ ਕਰਤਾਰੀ ਕੰਮ ਕੀਤਾ ਜੋ ਇਸਲਾਮ ਦੇ ਕੱਟੜਧਰਮੀ ਅਤੇ ਸ਼ਾਸਕ ਨਾ ਕਰ ਸਕੇ। ਖ਼ੁਦਾ ਦੇ ਨੂਰ

ਪ੍ਰਤਿ ਮੁਹੱਬਤ ਦਾ ਜਜ਼ਬਾ ਸੂਫ਼ੀਆਂ ਦੀ ਅਨੁਭੂਤੀ ਦਾ ਆਧਾਰ ਸੀ। ਸੂਫੀ ਉਹ ਹੈ ਜੋ ਆਪਣੇ ਪ੍ਰਭੂ ਪ੍ਰੀਤਮ ਤੋਂ ਇਲਾਵਾ ਕਿਸੇ ਹਸਤੀ ਨੂੰ ਸਵੀਕਾਰ ਨਹੀਂ ਕਰਦਾ। ਰੱਬ ਨੂੰ ਜ਼ਰੇ ਜ਼ਰੇ ਵਿਚ ਮਹਿਸੂਸ ਕਰਨ ਵਾਲਾ ਸੂਫੀ ਬੁਧਿ ਵਿਵੇਕ ਤੋਂ ਵਧੇਰੇ ਜਜ਼ਬਿਆਂ ਵਿਚ ਵਿਚਰਦਾ ਹੈ। ਪਿਆਰ ਦਾ ਜਜ਼ਬਾ, ਪ੍ਰਭੂ ਪ੍ਰੀਤਮ ਦੇ ਵਿਛੋੜੇ ਵਿਚ ਤੜਪਣਾ ਅਤੇ ਸਦਾਚਾਰੀ ਰਹਿੰਦਿਆਂ ਪ੍ਰਭੂ ਵਿਚ ਅਭੇਦ ਹੋਣ ਦੀ ਇੱਛਾ ਸੂਫੀਆਂ ਦੀ ਮੂਲ ਪਛਾਣ ਹੈ। ਆਤਮ-ਗਿਆਨ ਸੂਫੀ ਦੀ ਸੁਰਤਿ ਸੰਵੇਦਨਾ ਬਣਦਾ ਹੈ।

ਪ੍ਰੋ. ਕਿਸ਼ਨ ਸਿੰਘ ਸੂਫੀਆਂ ਦੇ ਸੱਚ ਸੁੱਚ ਅਤੇ ਰੱਬੀ ਕਰਮ ਦੀ ਗੱਲ ਕਰਦੇ ਕਹਿੰਦੇ ਹਨ ਕਿ, ''ਰੱਬ ਦੇ ਦਾਇਰੇ ਤੋਂ ਬਾਹਿਰ ਬੰਦੇ ਦੀ ਜ਼ਾਤ, ਉਸ ਦੀ ਹਉਮੈਂ, ਉਸ ਦੀ ਖੁਦੀ, ਉਸ ਦੀ ਸ਼ਖਸੀਅਤ ਦਾ ਉਹ ਹਿਸਾ ਹੈ ਜੋ ਲੋਕ ਹਿਤ ਵਿਚ ਲੀਨ ਨਹੀਂ ਬਲਕਿ ਹਾਕਮ ਜਮਾਤਾਂ ਹਿਤੀ ਹੈ 'ਲੋਕ ਵਿਰੋਧੀ ਹੈ' ਸੋ ਖੰਡਣੀ ਹੈ ''ਉਸ ਦੇ ਮਰਨ ਤੋਂ ਬਗੈਰ ਰਬ ਨਹੀਂ ਮਿਲ ਸਕਦਾ'' ਸੋ ਸੂਫ਼ੀ ਦੇ ਰੱਬ ਵਿਚ ਫਿਨਾ ਫਿਲਾ ਹੋਣਾ ਪੂਰਨ ਤੌਰ ਤੇ ਲੋਕ ਹਿਤ ਵਿਚ ਲੀਣ ਹੋਣਾ, ਹਾਕਮ ਜਮਾਤਾਂ ਦੇ ਖਿਲਾਫ਼ ਇਨਕਲਾਬੀ ਹੋਣਾ ਹੈ ''ਸੋ ਮਰਨ ਤੋਂ ਪਹਿਲਾਂ ਮਰਨਾ, ਫਿਨਾ ਫਿੱਲਾ ਬੱਕਾ ਨੂਰ ਹੈ।'', ਰੱਬ ਵਿਚ ਸਦੀਵੀ ਜੀਵਨ ਬੱਕਾ ਨੂਰ ਹੈ।''[1] ਇਹ ਵਿਚਾਰ ਬੜਾ ਪ੍ਰਾਸੰਗਿਕ ਹੈ ਕਿ ਸੂਫੀ ਉਚੇਰੀ ਮਾਨਸਿਕ ਅਵਸਥਾ ਵਾਲੇ ਜਗਿਆਸੂ ਸਨ। ਉਹ ਪ੍ਰਭੂ ਦੇ ਮਾਧਿਅਮ ਰਾਹੀਂ ਹੀ ਪ੍ਰਭੂ ਨੂੰ ਪਾਉਂਦੇ ਹਨ। ਪ੍ਰਭੂ ਨੂੰ ਪਿਆਰ ਕਰਨਾ, ਉਸ ਦੇ ਪ੍ਰੇਮ ਦੀ ਅਨੁਭੂਤੀ ਰਾਹੀਂ ਉਸ ਨੂੰ ਅੰਗ ਸੰਗ ਮਹਿਸੂਸ ਕਰਨਾ ਅਤੇ ਉਸਦੀ ਹੋਂਦ ਵਿਚ ਆਪਣੀ ਹੋਂਦ ਨੂੰ ਰਲਾ ਦੇਣਾ ਹੀ ਸੂਫੀ ਸਾਧਨਾ ਦੀ ਮੰਜ਼ਿਲ ਹੈ। ਸੂਫੀ ਵਿਚਾਰਧਾਰਾ ਵਿਚ ਪਰਮਾਤਮਾ ਹੀ ਧਰਮ ਹੈ ਅਤੇ ਇਹ ਪ੍ਰੇਮ ਧਰਮ ਹੀ ਸੂਫੀ ਅੰਦਰ ਆਤਮ ਗਿਆਨ ਪੈਦਾ ਕਰਦਾ ਹੈ। ਸੂਫੀ ਚਿੰਤਨ ਵਿਚ ਆਤਮ ਗਿਆਨ ਮੂਲ ਪੌੜੀ ਹੈ ਜੋ ਉਸ ਨੂੰ ਮਿਲਾਪ ਦੀ ਉਚੇਰੀ ਅਵਸਥਾ ਤਕ ਲੈ ਜਾਂਦੀ ਹੈ। ਅਸਲ ਵਿਚ ਸੂਫੀ ਪ੍ਰਭੂ ਪ੍ਰੇਮ ਦਾ ਪਿਆਸਾ ਜਗਿਆਸੂ ਹੈ, ਉਸ ਦੀ ਪਿਆਸ ਲੀਨ ਹੋਣ ਨਾਲ ਹੀ ਮਿੱਟਦੀ ਹੈ। ਸੂਫੀ ਪਿਆਰ ਅਤੇ ਜਜ਼ਬੇ ਦੀ ਅੱਖ ਨਾਲ ਰੱਬੀ ਨੂਰ

ਦੇਖਦਾ ਹੈ ਅਤੇ ਅਭੇਦ ਹੋਣ ਲਈ ਤੜਪਦਾ ਹੈ। ਇਸੇ ਤੜਪ ਨੂੰ ਹੀ ਸੂਫੀ ਆਪਣੀ ਜ਼ਿੰਦਗਾਨੀ ਮੰਨਦਾ ਹੈ। ਡਾ. ਮੋਹਨ ਸਿੰਘ ਆਪਣੇ ਲੇਖ ਸੂਫੀ ਮੱਤ ਅਤੇ ਸੂਫੀ ਕਵਿਤਾ ਵਿਚ ਕਹਿੰਦਾ ਹੈ ਕਿ ਸੂਫੀ ਰੱਬ ਦਾ ਸ਼ੀਸ਼ਾ ਹੈ ਜੋ ਦਿਨ ਰਾਤ ਰੱਬੀ ਮਿਲਾਪ ਲਈ ਤਾਂਘਦਾ ਰਹਿੰਦਾ ਹੈ। ਇਸ ਮਿਲਾਪ ਦੀ ਇੱਛਾ ਲਈ ਹੀ ਸੂਫੀ ਮੋਹ ਮਾਇਆ ਤੋਂ ਪਾਰ ਚਲਾ ਜਾਂਦਾ ਹੈ। ਸੰਸਾਰ ਪ੍ਰਤਿ ਵੈਰਾਗ ਅਤੇ ਮਨ ਦੀ ਇਕਾਗਰਤਾ ਸੂਫੀ ਦੀ ਪਛਾਣ ਹੈ। ਸੂਫੀ ਦੀ ਆਖਰੀ ਮੰਜ਼ਿਲ ਫਨਾ ਹੈ, ਅਭੇਦ ਹੋਣਾ ਹੈ। ਡਾ. ਗੁਰਦੇਵ ਸਿੰਘ ਸੂਫੀ ਦੇ ਚਰਿਤਰ ਦੀ ਨਿਸ਼ਾਨਦੇਹੀ ਕਰਦੇ ਲਿਖਦਾ ਹੈ ਕਿ, ''ਸੂਫ਼ੀ ਫ਼ਕਰ-ਓ-ਫ਼ਾਕਹ (ਮਸਕੀਨੀ ਤੇ ਰੋਜ਼ਾਦਾਰੀ ਜਾਂ ਵ੍ਰਤ) ਦੀ ਮਿਸਾਲ ਹੁੰਦੇ ਹਨ ਅਤੇ ਸਬਰ (ਸੰਤੋਖ) ਤੋਂ ਤਵਕਲ (ਭਰੋਸਾ) ਦੀ ਮੂਰਤ ਹੁੰਦੇ ਹਨ ਪਰ ਢੌਂਗੀ ਅਹੰ ਵੱਸ ਤੇ ਭੁੱਖ ਨਾਲ ਬੁਰੇ ਹਾਲੀਂ ਹੁੰਦੇ ਹਨ। ਢੌਂਗੀ ਦੀ ਬੇਸਬਰੀ ਤੇ ਬੇਭਰੋਸਗੀ ਅਜਿਹੇ ਦੁਸ਼ਗੁਣ ਹਨ ਜੋ ਉਸ ਨੂੰ ਸੂਫ਼ੀ ਦੇ ਪੈਰਾਂ ਦੀ ਧੂੜ ਤਕ ਵੀ ਨਹੀਂ ਪਹੁੰਚਾ ਸਕਦੇ। ਸੂਫ਼ੀ ਨੇਕੀ ਤੇ ਪਵਿਤ੍ਰਤਾ ਦੀ ਮੂਰਤ ਹੁੰਦਾ ਹੈ ਪਰ ਢੌਂਗੀ ਬਦੀ ਤੇ ਨਾਪਾਕੀ ਦਾ ਲੜ ਕਦੇ ਛੱਡਣ ਨੂੰ ਤਿਆਰ ਨਹੀਂ ਹੁੰਦਾ। ਸੂਫ਼ੀ ਦਾ ਕੌਲ ਉਸ ਦੇ ਫ਼ਿਅਲ ਦੀ ਗਵਾਹੀ ਦਿੰਦਾ ਹੈ ਜਾਂ ਉਹ ਉਹੀ ਆਖਦਾ ਹੈ ਜੋ ਕਰਦਾ ਜਾਂ ਕਰ ਸਕਦਾ ਹੈ, -ਢੌਂਗੀ ਦਾ ਮਨ ਹੋਰ ਤੇ ਮੁਖ ਹੋਰ ਹੁੰਦਾ ਹੈ ਅਰਥਾਤ ਉਸ ਦੀ ਕਰਨੀ ਉਸ ਦੀ ਕਥਨੀ ਦਾ ਸਾਥ ਨਹੀਂ ਦੇ ਰਹੀ ਹੁੰਦੀ। ਸੂਫ਼ੀ ਦਾ ਹਰ ਕੰਮ ਰਹਿਮਾਨ ਦੁਆਰਾ ਅਨੁਸ਼ਾਸਿਤ ਹੁੰਦਾ ਹੈ ਪਰ ਢੌਂਗੀ ਸ਼ਤਾਨ ਵੱਸ ਹੋ ਕੇ ਨਿਕੰਮਾ ਬੈਠਣ ਵਾਲਾ ਹੁੰਦਾ ਹੈ। ਢੌਂਗੀ ਮੁਹੱਬਤ ਦਾ ਨਾਟਕ 'ਕਰਦਾ' ਹੈ ਪਰ ਸੂਫੀ ਨੂੰ ਇਸ਼ਕ 'ਹੋ ਗਿਆ' ਹੁੰਦਾ ਹੈ। ਸੂਫ਼ੀ ਲਈ ਇਸ਼ਕ ਉਸ ਦਾ ਅਮਲ ਤੇ ਮਸ਼ਾਹਦਾ ਹੈ, ਢੌਂਗੀ ਦਾ ਇਸ਼ਕ ਕਾਮਨਾ ਦੀ ਜੀਊਂਦੀ ਜਾਗਦੀ ਮਿਸਾਲ ਹੁੰਦਾ ਹੈ। ਸੂਫ਼ੀ ਦਾ ਇਸ਼ਕ ਇਕ ਅਨੁਸ਼ਾਸਨ ਅਧੀਨ ਕੀਤੀ ਉਸ ਦੀ ਚੋਣਵੀਂ ਵ੍ਰਿਤੀ ਹੈ, ਉਸ ਦੀ ਜਾਗੀ ਹੋਈ ਤੇ ਸੁੱਚੀ ਵਿਕਲਪੀ ਮਨਸ਼ਾ ਹੈ ਜਿਸ ਕਰਕੇ ਉਸ ਦਾ ਸਮੁੱਚਾ ਜੀਵਨ ਪ੍ਰਕਾਸ਼ ਦਾ ਇਕ ਪੁੰਜ ਬਣ ਜਾਂਦਾ ਹੈ ਜੋ ਢੌਂਗੀ ਦੀ ਕਿਸਮਤ ਵਿਚ ਕਦੇ ਹੋ ਹੀ

ਨਹੀਂ ਸਕਦਾ। ਸੂਫ਼ੀ ਨੂੰ ਆਪਣੇ ਇਸ਼ਕ ਉਤੇ ਮਾਣ ਹੁੰਦਾ ਹੈ। ਉਸ ਦੀ ਉਮੰਗ ਤੇ ਚਾਉ ਕਿਧਰੇ ਮਿਓਂਦੇ ਨਹੀਂ ਦਿਸਦੇ ਤੇ ਇਹ ਏਨੇ ਬੇਰੋਕ ਤੇ ਅਮੋੜ ਹੁੰਦੇ ਹਨ ਜਿਸ ਕਰਕੇ ਉਤਸ਼ਾਹ ਤੇ ਉਮਾਹ ਉਸ ਦੇ ਜੀਵਨ ਦਾ ਸੁਭਾਵਿਕ ਤੌਰ 'ਤੇ ਅੰਗ ਉਪਾਂਗ ਬਣ ਜਾਂਦੇ ਹਨ। ਸ਼ਾਹ ਹੁਸੈਨ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਹਿਣਾ ਪਵੇਗਾ ਕਿ ਜੇ ਦੁਨਿਆਵੀ ਪੱਧਰ 'ਤੇ ਵਿਚਰਦਿਆਂ ਸੂਫ਼ੀ ਨੂੰ ਆਪਣੇ ਮਹਿਬੂਬ ਦੀ ਖ਼ਾਤਰ ਕੁਝ ਮੰਗਣਾ ਪਵੇ ਤਾਂ ਉਹ ਤਖ਼ਤ ਤਕ ਨੂੰ, ਮੰਗ ਕੇ ਨਹੀਂ, ਖੋਹ ਕੇ ਲੈ ਲੈਣ ਦਾ ਸਾਹਸ ਵੀ ਜੁਟਾ ਸਕਦਾ ਹੈ।''[2]

ਨਿਰਸੰਦੇਹ ਸੂਫੀ ਦੀ ਇਸ਼ਕ ਭਾਵਨਾ ਵਿਚੋਂ ਵੀ ਸੂਫੀ ਦੀ ਪਛਾਣ ਹੁੰਦੀ ਹੈ। ਸੂਫੀ ਇਲਮ ਦੇ ਸਮਵਿੱਥ ਇਲਾਹੀ ਰਜ਼ਾ ਵਿਚ ਜੀਉਂਦਾ ਹੈ। ਖ਼ੁਦਾ ਦੀ ਬਖਸ਼ਿਸ਼ ਵਿਚ ਯਕੀਨ, ਵਿਚਾਰ ਦੀ ਥਾਂ ਆਚਾਰ, ਫ਼ਕਰ ਦੀ ਉੱਤਮਤਾ ਫਕੀਰੀ ਵਿਚ ਅਤੇ ਇਲਾਹੀ ਇਲਮ ਨੂੰ ਸੂਫੀ ਆਪਣੀ ਸੁਰਤਿ ਦਾ ਆਧਾਰ ਬਣਾਉਂਦਾ ਹੈ। ਇਸ਼ਕ ਅਤੇ ਬ੍ਰਿਹਾ ਦੀ ਤਿੱਖੀ ਵੇਦਨਾ ਵਿਚ ਸੂਫ਼ੀ ਸੋਨੇ ਤੋਂ ਕੁੰਦਨ ਬਣਦਾ ਹੈ। ਇਸ ਵੇਦਨਾ ਵਿਚ ਕਿਸੇ ਕਰਮ ਕਾਂਡ ਦੀ ਥਾਂ ਨਹੀਂ ਰਹਿ ਜਾਂਦੀ। ਸੂਫੀ ਹਰ ਉਸ ਵਸਤੂ ਅਤੇ ਰਿਸ਼ਤੇ ਦਾ ਵਿਰੋਧ ਕਰਦਾ ਹੈ ਜੋ ਉਸ ਦੇ ਮਾਰਗ ਵਿਚ ਬੰਧਨ ਬਣਦਾ ਹੈ। ਸੂਫੀ ਇਸ ਤੱਥ ਤੋਂ ਸੁਚੇਤ ਹੈ ਕਿ ਪਹਿਲਾਂ ਉਸ ਨੇ ਆਪਾ ਸੰਵਾਰਨਾ ਹੈ ਅਤੇ ਇਸ ਸੰਵਾਰੀ ਹੋਈ ਹੋਂਦ ਹੀ ਪ੍ਰਭੂ ਦੇ ਦਰ ਉਪਰ ਪ੍ਰਵਾਣ ਹੁੰਦੀ ਹੈ। ਸੂਫੀ ਇਸ ਦੀ ਇਲਾਹੀ ਯਾਤਰਾ ਵਿਚ ਉਸ ਦਾ ਮਾਰਗ ਦਰਸ਼ਕ ਉਸ ਦਾ ਮੁਰਸ਼ਦ ਮੰਨਿਆ ਹੈ। ਮੁਰਸ਼ਦ ਉਹ ਹਸਤੀ ਹੈ ਜੋ ਖ਼ੁਦ ਅਭੇਦ ਹੈ ਅਤੇ ਅਭੇਦਤਾ ਦਾ ਰਹੱਸ ਸਮਝਾਉਂਦੀ ਹੈ। ਪ੍ਰੋ. ਗੁਲਵੰਤ ਸਿੰਘ ਸੂਫੀ ਸਾਧਕ ਦੇ ਗੁਣ ਕਰਮ, ਮਨ ਬਚਨ ਅਤੇ ਤਿਆਗ ਦੀ ਗੱਲ ਕਰਦੇ ਹੋਏ ਲਿਖਦੇ ਹਨ ਕਿ, ''ਸੂਫੀ ਸਾਧਕਾਂ ਦੇ ਮਨ ਗੁਣ ਕਰਮ ਅਤੇ ਸੁਭਾਅ ਦੀ ਨਿਰਮਲਤਾ ਦੇ ਕਾਰਣ ਖ਼ੁਦਾ ਦੀ ਨਿਕਟਤਾ ਦਾ ਮਾਣ ਪ੍ਰਾਪਤ ਕਰਦੇ ਹਨ ਕਿਉਂ ਜੋ ਉਨ੍ਹਾਂ ਨੂੰ ਇਲਮ ਦੀ ਦੌਲਤ ਬਹੁਤੀ ਮਾਤਰਾ ਵਿੱਚ ਪ੍ਰਾਪਤ ਸੀ। ਉਨ੍ਹਾਂ ਨੇ ਇਲਾਹੀ ਇਲਮ ਨੂੰ ਆਪਣੇ ਨੈਤਿਕ ਆਚਰਣ ਦਾ

ਕੇਂਦਰੀ ਆਧਾਰ ਬਣਾ ਲਿਆ। ਉਨ੍ਹਾਂ ਨੇ ਸੰਸਾਰਿਕਤਾ ਦੀ ਕਰੂਰਤਾ ਨੂੰ ਮਹਿਸੂਸ ਕਰਕੇ ਤਿਆਗ ਦਿੱਤਾ ਤਾਂ ਜੋ ਆਖ਼ਰੀ ਹਕੀਕਤ ਦਾ ਹੁਸਨ ਜਲਵਾ ਦਿਖਾ ਸਕੇ। ਜਿਹੜੇ ਸਾਧਕ ਸੰਸਾਰ ਵੱਲੋਂ ਵਿਰਕਤ ਹੁੰਦੇ ਹਨ ਉਨ੍ਹਾਂ ਦੇ ਅੰਤਹਕਰਣ ਵਿਚ ਕਈ ਪ੍ਰਕਾਰ ਦੇ ਇਲਮਾਂ ਦੀ ਚਮਕ ਪੈਦਾ ਹੋ ਜਾਂਦੀ ਹੈ। ਇਸ ਕਿਤਾਬ ਵਿਚ ਸੂਫੀ ਸਾਧਕਾਂ ਦੀ ਜਿਹੜੀ ਗੌਰਵ-ਗਾਥਾ ਅੰਕਿਤ ਕੀਤੀ ਗਈ ਹੈ, ਉਹ ਵਾਸਤਵ ਵਿਚ ਉਨ੍ਹਾਂ ਤਪੱਸਵੀ ਅਭਿਆਸੀਆਂ ਦੀ ਅਵਸਥਾ ਦਾ ਵਰਣਨ ਹੈ ਜਿਨ੍ਹਾਂ ਨੂੰ ਰੱਬੀ ਦਰਗਾਹ ਦੀ ਨਿਕਟਤਾ ਦਾ ਮਕਾਮ ਹਾਸਲ ਹੈ। ਵਾਸਤਵ ਵਿਚ ਸੂਫੀ ਸਾਧਕ ਹੀ ਨਿਕਟਤਾ-ਅਵਸਥਾ ਦੀ ਪ੍ਰਾਪਤੀ ਦਾ ਰਸ ਮਾਣਦਾ ਹੈ।''[3] ਸਪੱਸ਼ਟ ਹੈ ਕਿ ਸੂਫੀ ਉਹ ਹੈ ਜੋ ਪਵਿੱਤਰ ਹੈ, ਪ੍ਰੇਮ ਦੀ ਤਲਬ ਵਿਚ ਮਸਤ ਅਤੇ ਖ਼ੁਦਾ ਦੀ ਯਾਦ ਵਿਚ ਲੀਨ ਰਹਿੰਦਾ ਹੈ।

ਸੂਫੀਆਂ ਨੇ ਪਰਮਾਤਮਾ ਦੀ ਹੋਂਦ ਨੂੰ ਸਰਬ ਸ਼ਕਤੀਮਾਨ ਦਰਸਾਉਣ ਉਪਰੰਤ ਜੀਵ ਆਤਮਾ ਤੇ ਪਰਮਾਤਮਾ ਦੇ ਪਰਸਪਰ ਨਾਤੇ ਦਾ ਚਿਤਰਨ ਕੀਤਾ। ਸੂਫ਼ੀਆਂ ਦਾ ਵਿਚਾਰ ਹੈ ਕਿ ਜੀਵਾਤਮਾ ਸੰਸਾਰਕ ਜੀਵ ਬਣਨ ਤੋਂ ਪਹਿਲਾਂ ਪਰਮਾਤਮਾ ਨਾਲ ਜੁੜੀ ਹੋਈ ਸੀ ਪਰਮਾਤਮਾ ਨਾਲ ਲੀਨ ਰਹਿਣ ਦੀ ਉਸਦੀ ਪ੍ਰਵਿਰਤੀ ਆਰੰਭ ਤੋਂ ਵਿਦਮਾਨ ਰਹੀ ਹੈ। ਪਰਮਾਤਮਾ ਨੇ ਜੀਵਾਤਮਾ ਨੂੰ ਉਸਦੀ ਇੱਛਾ ਦੇ ਉਲਟ ਆਪਣੇ ਨਾਲੋਂ ਵਿਛੋੜ ਦਿੱਤਾ। ਮਨੁੱਖਾ ਜੀਵਨ ਜੀਵਾਤਮਾ ਨੂੰ ਪਰਮ ਸ਼ਕਤੀ ਪਰਮਾਤਮਾ ਨਾਲੋਂ ਦੂਰ ਕਰਨ ਦਾ ਪੰਧ ਹੈ, ਜਿਸ ਨੂੰ ਸੂਫੀਆਂ ਨੇ 'ਨਿਰਵਾਸਨ ਕਾਲ' ਕਿਹਾ ਹੈ। ਸੂਫੀ ਵਿਚਾਰਧਾਰਾ ਅਨੁਸਾਰ ਮਨੁੱਖਾ ਜੀਵਨ ਦੀ ਹੋਂਦ ਆਤਮਾ ਨੂੰ ਪਰਮਾਤਮਾ ਵਿਚ ਲੀਨ ਹੋਣ ਦਾ ਸੁਨਹਿਰੀ ਮੌਕਾ ਹੈ। ਇਹ ਮੌਕਾ ਇਸ਼ਕ ਕਮਾਉਣ ਲਈ ਹੈ। ਪ੍ਰਭੂ ਦੇ ਬ੍ਰਿਹਾ ਵਿਚ ਤੜਪਣ ਵਾਲਾ ਹੈ। ਸੂਫੀ ਵਿਚਾਰਧਾਰਾ ਆਤਮਾ ਦੇ ਦੋ ਭੇਦ/ਵਰਗ ਮੰਨਦੀ ਹੈ ਆਤਮਾ ਦਾ ਇਕ ਰੂਪ ਅਧਿਆਤਮਕ ਹੈ ਦੂਜਾ 'ਨਫਸ' ਮੰਨਿਆ ਜਾਂਦਾ ਹੈ। 'ਅਧਿਆਤਮਕ ਆਤਮਾ' ਪਰਮਾਤਮਾ ਤੱਕ ਪਹੁੰਚਣ ਲਈ ਬਿਹਬਲ ਹੈ। ਸੂਫ਼ੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਸੰਬੰਧੀ ਗਿਆਨ ਦੀ ਪ੍ਰਾਪਤੀ ਆਤਮਾ ਦੇ ਰਾਹੀਂ

ਸੰਭਵ ਹੈ, ਪਰਮਾਤਮਾ ਨੂੰ ਜਾਣਨ ਦਾ ਗਿਆਨ/ਖਿੱਚ ਮਨੁੱਖ ਆਤਮਾ ਦੀ ਪਛਾਣ ਕਰਨ ਉਪਰੰਤ ਹੀ ਕਰ ਸਕਦਾ ਹੈ। 'ਰੂਮੀ ਨੇ ਮਸਨਵੀ ਵਿਚ ਲਿਖਿਆ ਹੈ ਕਿ ਪਰਮਾਤਮਾ ਵਿਸ਼ਵਾਸ ਕਰਨ ਵਾਲੇ ਵਿਅਕਤੀ ਦੀ ਆਤਮਾ ਵਿਚ ਵੱਸਦਾ ਹੈ।''[4]

ਸੂਫੀ ਵਿਚਾਰਧਾਰਾ ਅਨੁਸਾਰ ਆਤਮਾ ਨੂੰ ਪਰਮਾਤਮਾ ਨਾਲ ਜੁੜਣ ਲਈ ਸੱਚੇ ਇਸ਼ਕ ਦਾ ਹੋਣਾ ਜ਼ਰੂਰੀ ਹੈ। ਇਸ਼ਕ ਦੇ ਸਾਬਦਿਕ ਅਰਥ ਵਲੋਂ ਮੰਨਿਆ ਜਾਂਦਾ ਹੈ ਕਿ ਇਸ਼ਕ ਅਰਬੀ ਭਾਸ਼ਾ ਦਾ ਸ਼ਬਦ 'ਆਸ਼ਿਕਹ' ਵਿਚੋਂ ਆਇਆ ਹੈ। 'ਆਸ਼ਿਕਹ' ਇਕ ਵੇਲ ਦਾ ਨਾਮ ਹੈ ਜਿਸ ਨੂੰ ਫਾਰਸੀ ਵਿਚ 'ਇਸ਼ਕ-ਪੇਚਾ' ਅਰਬੀ ਭਾਸ਼ਾ ਵਿਚ 'ਲਿਬਲਾਬ' ਕਹਿੰਦੇ ਹਨ ਜਦੋਂ ਇਹ ਕਿਸੇ ਰੁੱਖ ਨੂੰ ਚੰਬੜ ਜਾਂਦੀ ਹੈ ਤਾਂ ਉਸ ਨੂੰ ਇਹ ਸੁਕਾ ਦਿੰਦੀ ਹੈ, ਇਸ਼ਕ ਦਾ ਸੰਕਲਪ ਉਸ ਵੇਲ ਤੋਂ ਉਪਜਿਆ ਇਸ਼ਕ ਜਿਸ ਦਿਲ ਨੂੰ ਇਸ਼ਕ ਦਾ ਰੋਗ ਲੱਗ ਜਾਂਦਾ ਹੈ, ਉਹ ਵਿਛੋੜੇ ਵਿਚ ਮੁਰਝਾ ਜਾਂਦਾ ਹੈ। ਸੱਯਦ ਅਲੀ ਅਬਾਸ ਲਿਖਦਾ ਹੈ ਕਿ ਸੂਫੀ ਇਸ਼ਕ ਮਜਾਜ਼ੀ ਅਤੇ ਇਸ਼ਕ ਹਕੀਕੀ ਦੋਹਾਂ ਉਪਰ ਕੇਂਦਰਿਤ ਹੈ। ਹਾਸ਼ਮ ਨੇ ਵੀ ਲਿਖਿਆ ਸੀ ਕਿ ਇਸ਼ਕ ਮਜ਼ਾਜ਼ੀ ਅਤੇ ਇਸ਼ਕ ਹਕੀਕੀ ਇਕੋ ਬੂਟੇ ਦੇ ਦੋ ਫਲ ਹਨ। ਅੱਬਾਸ ਦੇ ਸ਼ਬਦਾਂ ਵਿਚ:—

— ''ਸੂਫੀਆਂ ਨੇ ਇਸ਼ਕ ਮਜ਼ਾਜ਼ੀ ਨੂੰ ਇਸ਼ਕ ਹਕੀਕੀ ਦਾ ਪੁਲ ਆਖਿਆ ਹੈ। ਉਹ ਕਹਿੰਦੇ ਹਨ ਕਿ ਕਿਸੇ ਬੰਦੇ ਨਾਲ ਪਿਆਰ ਕੀਤੇ ਬਿਨਾਂ ਰੱਬ ਨਾਲ ਪਿਆਰ ਨਹੀਂ ਪਾਇਆ ਜਾ ਸਕਦਾ। ਰੱਬ ਹੀ ਮਹਿਬੂਬ ਇ-ਅਜ਼ਲੀ ਹੈ, ਜਿਸਦੇ ਹੁਸਨ ਦੀਆਂ ਲਾਟਾਂ ਨਾਲ ਇਹ ਸਾਰਾ ਜੱਗ ਲਿਸ਼ਕ ਰਿਹਾ ਹੈ, ਜੁਨੈਦ ਬਗ਼ਦਾਦੀ, ਰਾਬਆ ਬਸਰੀ, ਸ਼ੱਮਸ਼ ਤਬਰੇਜ਼, ਮੌਲਾਨਾ ਰੂਮ ਤੇ ਅਬਦੁਰ ਰਹਿਮਾਨ ਜਾਮੀ ਨੇ ਬੜੇ ਜੋਸ਼-ਖ਼ਰੋਸ਼ ਨਾਲ ਇਸ਼ਕ ਹਕੀਕੀ ਦੇ ਗੁਣ ਗਾਏ ਹਨ। ਉਹ ਕਹਿੰਦੇ ਹਨ ਕਿ ਬੰਦੇ ਦਾ ਇਖ਼ਲਾਕ ਵੀ ਇਸ਼ਕ ਬਗੈਰ ਸੰਵਾਰਿਆ

ਨਹੀਂ ਜਾ ਸਕਦਾ। ਇਸ਼ਕ ਬੰਦੇ ਦੇ ਦਿਲ ਵਿਚੋਂ ਆਕੜ ਤੇ ਖ਼ੁਦੀ ਦਾ ਖੋਟ ਕਪਟ ਕੱਢ ਦੇਂਦਾ ਹੈ ਤੇ ਉਸ ਨੂੰ ਲੋਕ-ਪਿਆਰ ਦਾ ਸਬਕ ਦੇਂਦਾ ਹੈ।''[5]

— ''ਸੂਫ਼ੀ ਕਹਿੰਦੇ ਹਨ ਕਿ ਇਸ਼ਕ ਦੇ ਪਾਰੋਂ ਹੀ ਇਹ ਕਾਇਨਾਤ ਬਣਾਈ ਗਈ ਸੀ। ਖ਼ੁਦਾ ਨੇ ਜਦੋਂ ਰੂਹਾਂ ਨੂੰ ਪੈਦਾ ਕੀਤਾ, ਉਹਨਾਂ ਤੋਂ ਪੁੱਛਿਆ ਕਿ ਮੈਂ ਤੁਹਾਡਾ ਰੱਬ ਹਾਂ ਕਿ ਨਹੀਂ, ਉਹਨਾਂ ਜਵਾਬ ਦਿੱਤਾ, 'ਹਾਂ' ਏਥੋਂ ਰੱਬ ਤੇ ਰੂਹਾਂ ਦੇ ਵਿਚਕਾਰ ਇਕ ਮੀਸਾਕ ਯਾ ਇਕਰਾਰ ਹੋ ਗਿਆ। ਇਹ ਇਕਰਾਰ ਇਸ਼ਕ ਦਾ ਸੀ ਤੇ ਏਸ ਨਾਲ ਹਰ ਬੰਦੇ ਉਤੇ ਰੱਬ ਨਾਲ ਇਸ਼ਕ ਕਰਨਾ ਫ਼ਰਜ਼ ਹੋ ਗਿਆ ਸੀ।''[6]

ਨਜਮ ਹੁਸੈਨ ਸੱਯਦ ਆਪਣੇ ਲੇਖ 'ਸ਼ਲੋਕ ਫਰੀਦ' ਵਿਚ ਲਿਖਦਾ ਹੈ ਕਿ ਬ੍ਰਿਹਾ ਇਕ ਅਜਿਹੀ ਸ਼ਕਤੀ ਹੈ ਜੋ ਬੰਦੇ ਅੰਦਰ ਪ੍ਰਭੂ ਨੂੰ ਮਿਲਣ ਦੀ ਤਾਂਘ ਜਗਾਈ ਰੱਖਦੀ ਹੈ। ਉਸਦੀ ਧਾਰਨਾ ਹੈ ਕਿ ਬ੍ਰਿਹਾ ਹੀ ਉਹ ਲਗਨ ਹੈ ਜੋ ਸੂਫ਼ੀ ਦੀ ਪਛਾਣ ਬਣਦੀ ਹੈ। ਉਸ ਦੀ ਧਾਰਨਾ ਹੈ:—

''ਏਥੇ ਬਿਰਹਾ ਓਸ ਮੁਢਲੀ ਲਗਨ ਦਾ ਨਾਂ ਏ ਜਿਹੜੀ ਬੰਦੇ ਨੂੰ ਅੱਖ ਉਘਾੜਦਿਆਂ ਈ ਆਪਣੇ ਆਪ ਤੇ ਆਪਣੇ ਦੁਆਲੇ ਨੂੰ ਤੇ ਦੋਵਾਂ ਦੇ ਸੰਬੰਧ ਨੂੰ ਸਮਝਣ ਲਈ ਖਿਡਣ ਲੱਗ ਪੈਂਦੀ ਏ ਤੇ ਅੱਖਾਂ ਮੇਟਣ ਤਾਈਂ ਨਹੀਂ ਛੱਡਦੀ। ਕਿਸੇ ਦਾ ਕਿਸੇ ਸੋਚ ਤੇ ਰੂਹ ਆਂਵਦਾ ਏ ਕਿਸੇ ਦਾ ਕਿਸੇ ਤੇ। ਇਹ ਲਗਨ ਬੰਦੇ ਦੇ ਸਾਰੇ ਇਲਮ ਤੇ ਲਗਨ ਦੀ ਨੀਂਹ ਏ। ਏਸ ਲਗਨ ਨੂੰ ਫ਼ਰੀਦ ''ਸੁਲਤਾਨ'' ਦੇ ਦਰਜੇ ਕੀਤਾ ਏ

> ਜੀਹਦਾ ਜੀਵਨ ਦੀ ਪੂਰੀ ਕਹਾਣੀ ਵਿਚ ਹੁਕਮ ਚਲਦਾ ਏ ਤੇ ਜਿਹੜਾ "ਰੱਬ ਦਾ ਪਰਛਾਵਾਂ" ਵੀ ਏ। ਏਸ ਲਗਨ ਤੋਂ ਵਾਂਝੇ ਵਜੂਦ ਨੂੰ ਫ਼ਰੀਦ ਮਸਾਣ ਆਖਿਆ ਏ। ਸੁਲਤਾਨ ਤੇ ਮਸਾਣ ਦਿਆਂ ਲਫ਼ਜ਼ਾਂ ਵਿਚ ਤੁਕ ਦੀ ਸਾਂਝ ਤਾਂ ਹੈ ਪਰ ਜਿੰਨੀ ਸੁਲਤਾਨ ਦੇ ਲਫਜ਼ ਅੰਦਰ ਜਜ਼ਬੇ ਦੀ ਚੜ੍ਹਤਲ ਏ ਓਨਾ ਹੀ ਮਸਾਣ ਦੇ ਲਫ਼ਜ਼ ਤੇ ਰੂਹ ਕਿਰਦਾ ਏ ਤੇ ਆਵਾਜ਼ ਸੁੰਝੀ ਹੋ ਜਾਂਦੀ ਏ। ਲਗਨ ਲਹਿਰ ਦਾ ਹੋਵਨ ਜੀਵਨ ਏ ਤੇ ਨਾ ਹੋਵਣ ਮੌਤ। ਇਹ ਮੁਢਲੀ ਰਮਜ਼ ਏ ਜਿਸ ਨੂੰ ਹੋਰਨਾਂ ਸੂਫ਼ੀ ਰਮਜ਼ਾਂ ਵਾਂਗ ਸਿੱਧੀ ਪੱਧਰੀ ਗੱਲ ਸਮਝਣ ਨਾਲ ਇਹ ਭੁਲੇਖਾ ਪੈਂਦਾ ਏ ਪਈ ਸੂਫ਼ੀ ਸੋਚ ਹਰ ਵੇਲੇ ਮੌਤ ਵਿਚ ਅੜੀ ਰਹਿੰਦੀ ਸੀ। ਫ਼ਰੀਦ ਦੀ ਕਿਰਤ ਵਿਚ ਜਿਥੇ ਮੌਤ, ਹਯਾਤੀ ਰਮਜ਼ਾਂ ਬਣੀਆਂ ਓਥੇ ਬੰਦੇ ਦਾ ਸਰੀਰ ਏਸ ਸਾਰੀ ਰਮਜ਼ ਰੱਤੀ ਖੇਡ ਦਾ ਅਖਾੜਾ ਬਣ ਗਿਆ। ਕੂੜ ਤੇ ਸੱਚ ਜ਼ਾਹਰ ਤੇ ਬਾਤਨ, ਦੁਵੱਲ ਤੇ ਇਕੱਲ ਹਰ ਗੱਲ ਦਾ ਨਿਤਾਰ ਸਰੀਰ ਵਾਲੀ ਰਮਜ਼ ਰਾਹੀਂ ਹੁੰਦਾ ਏ।"[7]

ਸਪੱਸ਼ਟ ਹੀ ਹੈ ਕਿ ਸੂਫੀ ਵਿਚਾਰਧਾਰਾ ਵਿਚ ਇਸ਼ਕ ਦਾ ਸੰਕਲਪ ਗੰਭੀਰਤਾ ਨਾਲ ਵਿਚਾਰਿਆ ਗਿਆ ਹੈ। ਪ੍ਰੇਮ ਦਾ ਪਰਮਾਤਮਾ ਦੀ ਪ੍ਰਾਪਤੀ ਲਈ ਹੋਣਾ ਲਾਜ਼ਮੀ ਹੈ। ਡਾ. ਵਿਮਲ ਕੁਮਾਰ ਜੈਨ ਦੇਵ ਅਨੁਸਾਰ ਸੂਫੀਮਤ ਦਾ ਸਾਰਾ ਭਵਨ ਪ੍ਰੇਮ ਉਤੇ ਆਧਾਰਿਤ ਹੈ। ਇਸ਼ਕ/ਪ੍ਰੇਮ ਰਾਹੀ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ ਇਸ਼ਕ ਨਾਲ ਪਰਮਾਤਮਾ ਦਾ ਰੰਗ ਚੜ੍ਹ ਜਾਂਦਾ ਹੈ। ਰੂਹਾਨੀ ਇਸ਼ਕ ਹਕੀਕੀ ਮੰਨਿਆ ਜਾਂਦਾ ਹੈ ਜੋ ਦੁਨਿਆਵੀ ਪਿਆਰ ਤੋਂ ਉਪਰ ਆਤਮਾ ਦੇ ਪਰਮਾਤਮਾ ਦੇ

ਸੱਚੇ ਪਿਆਰ ਨਾਲ ਸੰਬੰਧਿਤ ਹੈ। ਪ੍ਰਸਿੱਧ ਸੂਫੀ ਰਾਬਿਆ ਦਾ ਕਥਨ ਹੈ ਕਿ ਰੱਬੀ ਇਸ਼ਕ ਆਪਣੇ ਸੱਚੇ ਸੁੱਚੇ ਵਜੂਦ ਸਦਕਾ ਦੁਨਿਆਵੀ ਪਿਆਰ ਨਾਲੋਂ ਬਿਲਕੁਲ ਭਿੰਨ ਹੈ। ਪ੍ਰੇਮ ਹੀ ਅਜਿਹਾ ਪੱਧ ਹੈ ਜਿਸ ਵਿਚ ਲੰਘਦਾ ਮਨੁੱਖ ਪਰਮਾਤਮਾ ਦੀ ਪ੍ਰਾਪਤੀ ਵਿਚ ਸਫਲ ਹੁੰਦਾ ਹੈ। ਆਪਣੇ ਆਪ ਪਰਮਾਤਮਾ ਨੂੰ ਸਮਰਪਣ ਕਰ ਦੇਣਾ ਹੀ ਸੱਚਾ ਪ੍ਰੇਮ ਅਖਵਾਉਂਦਾ ਹੈ ਸੂਫੀਮਤ ਦਾ ਤਰਕ ਹੈ ਕਿ ਮਨੁੱਖੀ ਮਨ ਉਸ ਵਸਤੂ ਨੂੰ ਹੀ ਪ੍ਰੇਮ ਕਰਦਾ ਹੈ ਜਿਸ ਦੀ ਸੁੰਦਰਤਾ ਨੂੰ ਦੇਖ ਕੇ ਮੰਤਰ ਮੁਗਧ ਹੋ ਜਾਂਦਾ ਹੈ, ਆਤਮਾ ਜਦੋਂ ਪਰਮਾਤਮਾ ਦੀ ਰਹੱਸਵਾਦੀ ਸੁੰਦਰਤਾ ਨੂੰ ਦੇਖਦਾ ਉਸ ਦੇ ਇਸ਼ਕ ਵਿਚ ਮੰਤਰ ਮੁਗਧ ਹੋ ਜਾਂਦਾ ਹੈ, ''ਹੁਜਵੀਰੀ ਦਾ ਕਥਨ ਹੈ ਕਿ ਜਦ ਪਰਮਾਤਮਾ ਕਿਸੇ ਮਨੁੱਖ ਦੇ ਹਿਰਦੇ ਵਿਚ ਆਪਣੀ ਅਨੁਭੂਤੀ ਪ੍ਰਗਟ ਕਰਦਾ ਹੈ ਤਾਂ ਉਸ ਦਾ ਜਮਾਲ ਵਿਅਕਤੀ ਉਤੇ ਪ੍ਰਧਾਨ ਬਣਿਆ ਰਹਿੰਦਾ ਹੈ। ਹਿਰਦੇ ਵਿਚ ਭਾਵਾਤਮਕ ਪ੍ਰਵਿਰਤੀ ਕੋਮਲਤਾ ਅਤੇ ਸਰਲਤਾ ਸਦਾ ਭਰੀਆਂ ਰਹਿੰਦੀਆਂ ਹਨ। ਰਾਬਿਆ ਨੇ ਇਸ ਪ੍ਰੇਮ ਦੇ ਦੋ ਭੇਦ ਦੱਸੇ ਹਨ– ਇਕ ਮੁਕਾਮ ਅਤੇ ਦੂਜਾ ਨਿਸ਼ਕਾਮ। ਇਨ੍ਹਾਂ ਦੋਹਾਂ ਭੇਦਾਂ ਦੀ ਵਿਆਖਿਆ ਗਜ਼ਾਲੀ ਨੇ ਇਸ ਪ੍ਰਕਾਰ ਕੀਤੀ ਹੈ ਪਹਿਲੇ ਅਨੁਸਾਰ ਸਾਧਕ ਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ, ਦੂਜੇ ਅਨੁਸਾਰ ਪਰਮਾਤਮਾ ਦਾ ਜਮਾਲ ਵੇਖ ਕੇ ਮੁਗਧ ਹੁੰਦਾ ਹੈ। ਰਾਬਿਆ ਇਸੇ ਨੂੰ ਹੀ ਸ੍ਰੇਸ਼ਟ ਪ੍ਰੀਤ ਮੰਨਦੀ ਹੈ।''[8]

ਪ੍ਰਭੂ ਪ੍ਰੇਮ ਹੀ ਆਤਮਕ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਸੂਫੀਆਂ ਅਨੁਸਾਰ ਮਨੁੱਖ ਨੂੰ ਪ੍ਰਭੂ ਪ੍ਰੇਮ ਵਿਚ ਕਿਸੇ ਵੀ ਮੁਸੀਬਤ ਤੋਂ ਨਹੀਂ ਡਰਨਾ ਚਾਹੀਦਾ, ਬਲਕਿ ਪਰਮਾਤਮਾ ਦੁਆਰਾ ਲਈ ਹਰ ਪ੍ਰੀਖਿਆ ਵਿਚੋਂ ਸੱਚੇ ਮਨ ਤੇ ਅਡੋਲ ਰਹਿਣ ਦੀ ਪ੍ਰੇਰਨਾ ਦਿੱਤੀ ਹੈ, ਜਿਸ ਤਰ੍ਹਾਂ ਬਾਬਾ ਫਰੀਦ ਜੀ ਪ੍ਰਭੂ-ਪ੍ਰੇਮ ਦਾ ਹਵਾਲਾ ਇਸ ਪ੍ਰਕਾਰ ਦਿੰਦੇ ਹਨ:–

ਫਰੀਦਾ ਗਲੀਏ ਚਿਕੜ ਦੂਰਿ ਘਰ ਨਾਲਿ ਪਿਆਰੇ ਨੇਹੁ।।
ਚਲਾ ਤਾ ਭਿਜੈ ਕੰਬਲੀ ਰਹਾਂ ਤਾ ਤੂਟੈ ਨੇਹੁ।
ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮੇਹੁ।।

ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।।

ਪ੍ਰਭੂ-ਪ੍ਰੇਮ ਸੱਚੇ ਮਨ ਨਾਲ ਕੀਤਾ ਪਰਮਾਤਮਾ ਦੀ ਪ੍ਰਾਪਤੀ ਲਈ ਜ਼ਰੂਰੀ ਹੈ। ਸੂਫੀਆਂ ਦੀ ਵਿਚਾਰਧਾਰਾ ਇਸ ਸਿਧਾਂਤ ਨੂੰ ਦਰਸਾਉਂਦੀ ਹੈ ਕਿ ਇਸ਼ਕ ਦੀ ਘਾਟੀ ਬੜੀ ਕਠਿਨ ਹੁੰਦੀ ਹੈ, ਜੇਕਰ ਇਸ਼ਕ ਦਾ ਪੰਧ ਕਠਿਨ ਨਾ ਹੁੰਦਾ ਤਾਂ ਹਰ ਦੁਨਿਆਵੀ ਜੀਵ ਪਰਮਾਤਮਾ ਦਾ ਆਸ਼ਕ ਨਾ ਬਣ ਜਾਂਦਾ। ਇਸ਼ਕ ਦਿਲ ਦੇ ਅੰਦਰ ਵਸਦਾ ਹੈ ਬਾਹਰ ਨਹੀਂ ਜਦੋਂ ਮਨੁੱਖ ਇਸ਼ਕ ਦੀ ਅਵਸਥਾ ਵਿਚ ਵਿਚਰਦਾ ਹੈ ਤਾਂ ਉਸ ਨੂੰ ਸਾਰਾ ਸੰਸਾਰ ਪ੍ਰਭੂ ਦੇ ਨਾਮ-ਰੰਗ ਵਿਚ ਰੰਗਿਆ ਲੱਗਦਾ ਹੈ। ਸ਼ੁਰੂ ਵਿਚ ਸੂਫੀਆਂ ਨੇ ਪ੍ਰਭੂ-ਪ੍ਰੇਮ ਦੇ ਨਾਲ ਸ਼ਰੀਅਤ ਦੀ ਪਾਲਣਾ ਕਰਨੀ ਜ਼ਰੂਰੀ ਨਿਯਮ ਮੰਨੀ ਪਰ ਕਈ ਸੂਫੀ ਸੰਤਾਂ ਜਿਵੇਂ ਬੁਲ੍ਹੇ ਸ਼ਾਹ ਵਰਗੇ ਸੂਫ਼ੀ ਸੰਤਾਂ ਨੇ ਪਰਮਾਤਮਾ ਦੇ ਸੱਚੇ ਇਸ਼ਕ ਨੂੰ ਹੀ ਜ਼ਰੂਰੀ ਸਮਝਿਆ ਹੈ ਇਸ਼ਕ ਵਿਚ ਰੰਗਿਆ ਸਾਧਕ ਆਪਣੇ ਲੂੰ-ਲੂੰ ਵਿਚ ਰੱਬ ਦੀ ਯਾਦ/ਸਮਾ ਲੈਂਦਾ ਹੈ। ਬੁਲ੍ਹਾ ਇਸ਼ਕ ਦੀ ਗੱਲ ਆਪਣੀਆਂ ਕਾਫ਼ੀਆਂ ਵਿਚ ਇੰਜ ਕਰਦਾ ਹੈ:—

ਜਿਸ ਤਨ ਲਗਿਆ ਇਸ਼ਕ ਕਮਾਲ।
ਨਾਚੇ ਬੇਸੁਰ ਤੇ ਬੇਤਾਲ।
ਦਰਦਮੰਦਾਂ ਨੂੰ ਕੋਈ ਨਾ ਛੇੜੇ, ਆਪੇ ਆਪਣਾ ਦੁੱਖ ਸਹੇੜੇ,
ਜੰਮਣਾ ਜਿਊਣਾ ਮੂਲ ਹੁਗੇੜੇ, ਆਪਣਾ ਬੂਝੇ ਆਪ ਖ਼ਿਆਲ।
ਜਿਸ ਤਨ ਲਗਿਆ ਇਸ਼ਕ ਕਮਾਲ।
ਜਿਸ ਨੇ ਵੇਸ ਇਸ਼ਕ ਦਾ ਕੀਤਾ,ਧੁਰ ਦਰਬਾਰੋਂ ਫ਼ਤਵਾ ਲੀਤਾ,
ਜਦੋਂ ਹਜ਼ੂਰੋਂ ਪਿਆਲਾ ਪੀਤਾ, ਕੁੱਝ ਨਾ ਰਿਹਾ ਜਵਾਬ ਸਵਾਲ।
ਜਿਸ ਤਨ ਲਗਿਆ ਇਸ਼ਕ ਕਮਾਲ।
ਜਿਸਦੇ ਅੰਦਰ ਵਸਿਆ ਯਾਰ, ਉਠਿਆ ਯਾਰੋ ਯਾਰ ਪੁਕਾਰ,
ਨਾ ਉਹ ਚਾਹੇ ਰਾਗ ਨਾ ਤਾਰ, ਐਵੇਂ ਬੈਠਾ ਖੇਡੇ ਹਾਲ।
ਜਿਸ ਤਨ ਲਗਿਆ ਇਸ਼ਕ ਕਮਾਲ।

ਬੁੱਲ੍ਹਾ ਸ਼ੋਹ ਨਗਰ ਸੱਚ ਪਾਇਆ,
ਝੂਠਾ ਰੌਲਾ ਸਭ ਮੁਕਾਇਆ,
ਸੱਚਿਆਂ ਕਾਰਨ ਸੱਚ ਸੁਣਾਇਆ,
ਪਾਇਆ ਉਸ ਦਾ ਪਾਕ ਸਮਾਲ।
ਜਿਸ ਤਨ ਲਗਿਆ ਇਸ਼ਕ ਕਮਾਲ।।[9]

ਸੂਫੀ ਨੂੰ ਬਾਹਰਲੀ ਪ੍ਰਕ੍ਰਿਤੀ ਵਿਚ ਹਰ ਪਾਸੇ ਰੱਬ ਹੀ ਨਜ਼ਰ ਆਉਂਦਾ ਹੈ ਤੇ ਜੇਕਰ ਆਪਣੇ ਅੰਦਰ ਬਾਹਰ ਦੇਖਦਾ ਹੈ ਤਾਂ ਸਾਧਕ ਨੂੰ ਰੱਬ ਤੋਂ ਹੋਰ ਕੁਝ ਨਜ਼ਰ ਨਹੀਂ ਆਉਂਦਾ। ਇਸ਼ਕ ਦੀ ਅਵਸਥਾ ਵਿਚ ਵਿਚਰਦਾ ਜੀਵ ਪ੍ਰਭੂ-ਪ੍ਰੇਮ ਵਿਚ ਰੰਗਿਆ ਸੰਸਾਰਕ ਸੁਖਾਂ ਦਾ ਤਿਆਗ ਕਰ ਦੇਵੇ, ਆਪਣੀ ਹੋਂਦ ਨੂੰ ਭੁਲ ਕੇ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਇਸ਼ਕ ਦੀ ਅਖੀਰਲੀ ਸਥਿਤੀ ਦਾ ਪੜਾਅ ਪ੍ਰਭੂ-ਮਿਲਾਪ ਹੈ ਪਰ ਮਿਲਾਪ ਤੋਂ ਪਹਿਲਾਂ ਇਸ਼ਕ ਵਿਚ ਬਿਰਹੋਂ ਦੀ ਤੜਫ ਦਾ ਦੁਖ ਪਰਮਾਤਮਾ ਪ੍ਰਾਪਤੀ ਲਈ ਮੁਢਲੀ ਸਥਿਤੀ ਮੰਨਿਆ ਹੈ। ਬਿਰਹੋਂ ਦੀ ਅਵਸਥਾ ਦੀ ਕੂਕ ਮਨੁੱਖ ਨੂੰ ਪਰਮਾਤਮਾ ਵਲ ਮੋੜਦੀ ਹੈ, ਸ਼ਾਹ ਹੁਸੈਨ ਇਸ ਬਿਰਹੋਂ ਨੂੰ ਇਸ ਤਰ੍ਹਾਂ ਵਿਅਕਤ ਕਰਦਾ ਹੈ:—

ਵਾਰੀ ਵੋ ਦੇਖ ਨਿਮਾਣਿਆ ਦਾ ਹਾਲ,
ਕਦਾਈ ਵੋ ਮਿਹਰ ਪਵੀ ।1।ਰਹਾਉ।
ਰਾਤੀਂ ਦਰਦ ਦਿਹੇਂ ਦਰਮਾਂਦੀ
ਬਿਰਹੁ ਭਛਾਇੜ ਸੀਹੁ।।1।।
ਰੋ-ਰੋ ਨੈਣ ਭਰੇਨੀ ਹਾਂ ਝੋਲੀ,
ਜਿਉਂ ਸਾਵਣ ਦੜੋ ਮੀਂਹ।2।
ਗਲ ਵਿਚ ਪਲੂ ਮੈਂਡਾ ਦਸਤ ਪੈਰਾਂ ਤੇ
ਕਦੀ ਤਾਂ ਅਸਾਡੜਾ ਥੀਉ।3।
ਸਿਰ ਸਦਕੇ ਕੁਰਬਾਨੀ ਕੀਤੀ,

ਘੋਲ ਘੁਮਾਂਦੀ ਹਾਂ ਜੀਉ।4।
ਕਹੇ ਹੁਸੈਨ ਫਕੀਰ ਸਾਈਂ ਦਾ,
ਹੋਰ ਭਰੋਸਾ ਨਹੀਂ ਕਹੀਦਾ,
ਆਨ ਮਿਲਾਅੜੋ ਪੀਉ।5।

ਪਰਮਾਤਮਾ ਦੇ ਵਿਛੋੜੇ ਦੀ ਤੁਲਨਾ ਸੁਹਾਗਣ ਇਸਤਰੀ ਦੇ ਪ੍ਰਭੂ ਪ੍ਰੀਤਮ ਨਾਲ ਕੀਤੀ ਗਈ ਹੈ, ਜੀਵ ਇਸਤਰੀ ਪ੍ਰਭੂ-ਪ੍ਰੇਮ ਵਿਚ ਰੰਗੀ ਵਿਸਮਾਦੀ ਪ੍ਰੀਤਮ ਦੇ ਮਿਲਾਪ ਲਈ ਤੜਫਦੀ ਹੈ। ਦੁਨਿਆਵੀ ਸੁੱਖਾਂ ਦੇ ਆਨੰਦ ਤੋਂ ਦੂਰ ਪ੍ਰਭੂ-ਪ੍ਰੀਤਮ ਦੇ ਮਿਲਾਪ ਦੀ ਤੜਫ ਉਸ ਨੂੰ ਬਿਹਬਲ ਕਰ ਸੁੱਟਦੀ ਹੈ ਜਿਸ ਵਿਚ ਤੜਫਦੀ ਹੈ। ਪਰਮਾਤਮਾ ਅੱਗੇ ਮਿਲਾਪ ਦੀਆਂ ਅਰਜੋਈਆਂ ਕਰਦੀ ਹੈ। ਸੂਫੀ ਵਿਚਾਰਧਾਰਾ ਦਾ ਮਤ ਹੈ ਕਿ ਹਰ ਜੀਵ ਉਸ ਸਰਬ ਸ਼ਕਤੀਮਾਨ ਪਰਮਾਤਮਾ ਦੀ ਹੋਂਦ ਵਿਚੋਂ ਉਪਜਿਆ ਹੈ, ਜਿਸ ਸਦਕਾ ਉਹ ਸਿਰਜਨਹਾਰ ਪਰਮਾਤਮਾ ਦਾ ਅੰਸ਼ ਮਾਤਰ ਹੈ, ਹਰ ਜੀਵ ਨੇ ਜੀਵਨ ਯਾਤਰਾ ਸੰਪੂਰਨ ਕਰਨ ਉਪਰੰਤ ਮੌਤ ਤੋਂ ਮਗਰੋਂ ਪਰਮਾਤਮਾ ਦੇ ਦਰਬਾਰ ਵਿਚ ਹਾਜ਼ਰ ਹੋਣਾ ਹੈ ਤੇ ਆਪਣੇ ਜੀਵਨ ਦਾ ਲੇਖਾ-ਜੋਖਾ ਦੇਣਾ ਹੈ। ਸੂਫੀਮਤ ਅਨੁਸਾਰ ਜੀਵਾਤਮਾ ਪਰਮਾਤਮਾ ਤੋਂ ਵਿਛੜੀ ਹੋਈ ਹੈ, ਅਧਿਆਤਮਕ ਆਤਮਾ ਦੀ ਪ੍ਰਾਪਤੀ ਸਦਕਾ ਪ੍ਰਭੂ-ਇਸ਼ਕ ਵਿਚ ਰੰਗੀ ਪਰਮਾਤਮਾ ਪ੍ਰਾਪਤੀ ਲਈ ਤਰਲੇ ਮਾਰਦੀ ਹੈ। ਸਾਧਨ ਲਈ ਪ੍ਰਭੂ ਦੀ ਪ੍ਰਾਪਤੀ 'ਇਸ਼ਕ' ਰਾਹੀਂ ਹੀ ਸੰਭਵ ਹੈ, ਜੋ ਜੀਵਾਤਮਾ ਨਾਲ ਲੀਨ ਹੋ ਜਾਂਦੀ ਹੈ ਪਰਮਾਤਮਾ ਦੇ ਇਸ਼ਕ ਨੂੰ ਪ੍ਰਾਪਤ ਕਰਨਾ ਹਰ ਪ੍ਰਾਣੀ ਦੇ ਵੱਸ ਦੀ ਗੱਲ ਨਹੀਂ। ਪਰਮਾਤਮਾ ਦੇ ਇਸ਼ਕ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਕਿ ਮਨੁੱਖ ਆਪਣੀ 'ਨਫਸ' ਨੂੰ ਮਾਰ ਕੇ ਆਪਣੀ ਅਧਿਆਤਮਕ ਆਤਮਾ ਦੀ ਪਛਾਣ ਕਰਨ ਵਿਚ ਸਫਲ ਹੋ ਜਾਂਦਾ ਹੈ।

ਬਿਰਹਾ ਇਸ਼ਕ ਦੀ ਮਿੱਠੀ ਪੀੜ ਹੈ ਜੋ ਧੁਰ ਅੰਦਰੋਂ ਨਿਕਲਦੀ ਹੈ। ਸੂਫੀਮਤ ਦੀ ਧਾਰਨਾ ਹੈ ਕਿ ਜੀਵਾਤਮਾ ਦੇ ਮਨ ਵਿਚ ਪ੍ਰਭੂ ਮਿਲਾਪ ਦੀ ਤੜਫ ਦਾ ਹੋਣਾ ਅਤਿਅੰਤ ਜ਼ਰੂਰੀ ਹੈ:—

ਬਿਰਹਾ ਬਿਰਹਾ ਆਖੀਐ ਬਿਰਹਾ ਤੂੰ ਸੁਲਤਾਨ।
ਫਰੀਦਾ ਜਿਤ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣ ਮਸਾਨ।

ਸੂਫੀਆਂ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਹੀ ਇਸ਼ਕ/ਪ੍ਰੇਮ ਹੈ। ਪਰਮਾਤਮਾ ਆਨੰਦ ਦੀ ਪ੍ਰਾਪਤੀ ਲਈ ਪ੍ਰਾਣੀ ਦੇ ਹਿਰਦੇ ਵਿਚ ਵਸਿਆ ਹੈ, ਮਨੁੱਖ ਨੂੰ ਜਦ ਇਹ ਸੱਚ ਦੀ ਸੋਝੀ ਪ੍ਰਾਪਤ ਹੁੰਦੀ ਹੈ ਤਾਂ ਉਹ ਅਧਿਆਤਮਕ ਆਤਮਾ ਦੀ ਪਛਾਣ ਕਰਨ ਵਿਚ ਸਫਲ ਹੋ ਜਾਂਦਾ ਹੈ। ਬਾਯਜੀਦ ਬਿਸਤਾਮੀ ਦਾ ਮੰਨਣਾ ਹੈ ਕਿ ਮਨੁੱਖ ਸਮਝਦਾ ਹੈ ਕਿ ਉਹ ਪਰਮਾਤਮਾ ਨਾਲ ਪ੍ਰੇਮ ਕਰਦਾ ਹੈ ਪਰ ਪਰਮਾਤਮਾ ਖੁਦ ਮਨੁੱਖ ਨਾਲ ਪ੍ਰੇਮ ਕਰ ਰਿਹਾ ਹੈ। ਹੁਜਵੀਰੀ ਅਨੁਸਾਰ ਪ੍ਰਭੂ-ਪ੍ਰੇਮ ਕੇਵਲ ਦਿਆਲਤਾ ਮਾਤਰ ਹੈ। ਰਾਬਿਆ ਅਨੁਸਾਰ 'ਪਰਮਾਤਮਾ ਦੇ ਪ੍ਰੇਮ ਨੇ ਮੈਨੂੰ ਆਪਣੇ ਵਿਚ ਏਨਾ ਲੀਨ ਕਰ ਲਿਆ ਹੈ ਕਿ ਉਸਦੇ ਸਿਵਾ ਮੇਰੇ ਮਨ ਵਿਚ ਕੋਈ ਚੀਜ਼ ਬਚੀ ਹੀ ਨਹੀਂ। ਇਸੇ ਰਹੱਸ ਵਿਚ ਬਾਯਜੀਤ ਬਿਸਤਾਮੀ ਆਖਦਾ ਹੈ ਕਿ ਮੇਰੀ ਪਦਵੀ ਕਿੰਨੀ ਮਹਾਨ ਹੈ।''[10]

ਸੂਫੀਆਂ ਦਾ ਮਤ ਹੈ ਕਿ ਜਦੋਂ ਪ੍ਰਾਣੀ ਦੇ ਅੰਤਰ ਪਰਮਾਤਮਾ ਨੂੰ ਪ੍ਰਾਪਤ ਕਰਨ ਦੀ ਖਾਹਿਸ਼ ਪੈਦਾ ਹੋ ਜਾਂਦੀ ਹੈ ਤਾਂ ਉਸ ਵਿਚਲੀ ਜਗਿਆਸਾ ਉਸ ਨੂੰ ਸਾਧਨਾ ਦੇ ਮਾਰਗ ਤੇ ਲੈ ਆਉਂਦੀ ਹੈ। ਮਨੁੱਖ ਅੰਦਰ ਪ੍ਰੀਤਮ ਪ੍ਰਭੂ ਦੇ ਮਿਲਾਪ ਦੀ ਤਾਂਘ ਹੀ ਉਸ ਨੂੰ ਪਰਮਾਤਮਾ ਪ੍ਰਾਪਤੀ ਦੇ ਪੰਧ ਉਪਰ ਤੋਰਦੀ ਹੈ ਜਦੋਂ ਤੱਕ ਉਸੇ ਅੰਦਰ ਪਰਮਾਤਮਾ ਦੀ ਭਾਲ ਦਾ ਸੰਕਲਪ ਪੈਦਾ ਨਹੀਂ ਹੁੰਦਾ, ਤੱਦ ਤੱਕ ਉਸ ਪਰਮਾਤਮਾ ਪ੍ਰਾਪਤੀ ਦੇ ਪੰਧ ਉਪਰ ਪੈਰ ਨਹੀਂ ਰੱਖਦਾ। ਇਕ ਸਾਧਕ ਦੇ ਮਨ ਅੰਦਰ ਪ੍ਰਭੂ-ਮਿਲਾਪ ਦੀ ਤਾਂਘ ਨੂੰ ਬਾਬਾ ਫਰੀਦ ਇਸ ਤਰ੍ਹਾਂ ਪ੍ਰਗਟਾਉਂਦੇ ਹਨ:—

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ।।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ।।

ਸੂਫ਼ੀਮਤ ਅਨੁਸਾਰ ਪਰਮਾਤਮਾ ਮਿਲਾਪ ਦੀ ਤਾਂਘ ਰੱਖਣ ਵਾਲਾ ਮਨੁੱਖ ਸਾਧਾਰਨ ਨਾ ਰਹਿ ਕੇ ਸਾਲਿਕ (ਯਾਤਰੀ) ਬਣ ਜਾਂਦਾ ਹੈ, ਅਧਿਆਤਮਕ ਮਾਰਗ ਉਪਰ ਤੁਰਦਾ ਸਾਲਿਕ ਪਰਮਾਤਮਾ ਦੇ ਇਸ਼ਕ ਵਿਚ ਰੰਗਿਆ ਜਾਂਦਾ ਹੈ।

ਪਰਮਾਤਮਾ ਹੀ ਸੱਚ ਹੈ, ਦੁਨਿਆਵੀ ਮਾਇਆ ਇਕ ਭਰਮ ਹੈ, ਭੁਲੇਖਾ ਹੈ ਇਸ ਦੀ ਪੂਰਨ ਸੋਝੀ ਪ੍ਰਾਪਤ ਹੋ ਜਾਂਦੀ ਹੈ। ਬ੍ਰਹਮ ਗਿਆਨੀ ਜਿਵੇਂ-ਜਿਵੇਂ ਸੱਚ ਦੇ ਪੰਧ ਤੇ ਚਲਦਾ ਹੈ, ਉਸ ਨੂੰ ਪਰਮਾਤਮਾ ਦਾ ਰਾਹ ਨੇੜੇ ਲਗਦਾ ਹੈ, ਉਸਦੀ ਆਤਮਾ-ਪਰਮਾਤਮਾ ਦੇ ਨੇੜੇ ਜਾ ਪਹੁੰਚਦੀ ਹੈ। ਸੂਫੀ ਦੀ ਅਵਸਥਾ ਦਾ ਪੜਾਅ ਡਾ. ਨਰੇਸ਼ ਅਨੁਸਾਰ, ''ਫਿਰ ਮਹਾਂ-ਮਿਲਣੀ ਦਾ ਉਹ ਪਲ ਆ ਪੁੱਜਦਾ ਜਦੋਂ ਆਤਮਾ ਆਪਦੇ ਮੂਲ, ਆਪਣੇ ਸ੍ਰੋਤ, ਆਪਣੇ ਸੋਮੇ, ਆਪਣੇ ਸੁਆਮੀ, ਆਪਣੇ ਪਰਮ ਪਿਆਰੇ ਵਿਚ ਲੀਨ ਹੋ ਕੇ ਆਪਣੀ ਵੱਖਰੀ ਹੋਂਦ ਦਾ ਭੋਗ ਪਾ ਦਿੰਦੀ ਹੈ। ਇਹੋ ਸਾਖਿਆਤਕਾਰ, ਜਿਸ ਨੂੰ ਸੂਫੀ ਸਾਧਨਾ ਨੇ 'ਫਨਾ' ਆਖਿਆ ਹੈ। ਪਰਮ ਤੱਤ ਵਿਚ ਲੀਨ ਹੋਣ ਮਗਰੋਂ ਆਤਮਾ ਨੂੰ ਇਕ ਨਵਾਂ ਜਨਮ ਪ੍ਰਾਪਤ ਹੁੰਦਾ ਹੈ। ਹੁਣ ਉਹ ਨਿਰੰਤਰ, ਅਭਿੰਨ ਰੂਪ ਵਿਚ ਆਪਣੇ ਸਿਰਜਣਹਾਰ ਵਿਚ ਹੀ ਨਿਵਾਸ ਕਰਦੀ ਹੈ। ਇਸ ਅਵਸਥਾ ਦਾ ਨਾਂ 'ਬਕਾ' (ਨਿੱਤਤਾ, ਸਦੀਵਤਾ, ਅਮਰਤਾ) ਹੈ। ਇਸੇ ਅਵਸਥਾ ਨੂੰ ਪ੍ਰਾਪਤ ਕਰਨਾ ਸੂਫੀ ਸਾਧਨਾ ਦਾ ਅੰਤਿਮ ਲਖਸ਼ ਹੈ।''[11]

ਸੂਫੀ ਵਿਚਾਰਧਾਰਾ ਵਿਚ ਅਧਿਆਤਮਕ ਯਾਤਰਾ ਦੇ ਅਖੀਰਲਾ ਪੜਾਅ 'ਫਨਾ' ਤੋਂ ਉਪਰੰਤ 'ਬਕਾ' ਦੀ ਅਵਸਥਾ ਹੈ ਪਰ ਕਈ ਹਾਲਤਾਂ ਵਿਚ ਸੂਫੀਆਂ ਅਨੁਸਾਰ 'ਫਨਾ' ਤੋਂ ਬਾਅਦ 'ਬਕਾ' ਦੀ ਸਥਿਤੀ ਨਹੀਂ ਹੁੰਦੀ, ਕੁਝ ਸੂਫੀਆਂ ਅਨੁਸਾਰ 'ਫਨਾ' ਤੋਂ 'ਬਕਾ' ਪ੍ਰਾਪਤ ਕਰਨ ਲਈ ਇਕ ਵਿਸ਼ੇਸ਼ ਅਧਿਆਤਮਕ ਯਾਤਰਾ ਪੂਰੀ ਕਰਨੀ ਪੈਂਦੀ ਹੈ। 'ਫਨਾ' ਦੀ ਅਵਸਥਾ ਉਪਰ ਪਹੁੰਚ ਕੇ ਸਾਧਕ ਨੂੰ ਆਤਮ ਭਾਵ ਤੋਂ ਪੂਰੀ ਤਰ੍ਹਾਂ ਸੁਤੰਤਰ ਹੋਣਾ ਚਾਹੀਦਾ ਹੈ। 'ਫਨਾ' ਤੋਂ ਉਪਰੰਤ 'ਫਕਦ' ਦੀ ਅਵਸਥਾ ਉਪਜਦੀ ਹੈ ਜਿਸ ਦਾ ਸ਼ਾਬਦਿਕ ਅਰਥ ਹੈ ਗੁੰਮ ਕਰਨਾ ਜਾਂ ਗੁੰਮ ਹੋਣਾ। ਸਾਧਕ ਦੁਆਰਾ ਆਪਣੇ ਆਤਮ ਭਾਵ ਨੂੰ ਪੂਰੀ ਤਰ੍ਹਾਂ ਗੁਆ ਦੇਣਾ ਹੀ 'ਫਕਦ' ਹੈ। ਜਦੋਂ

ਸਾਧਕ ਅੰਦਰੋਂ ਆਤਮ-ਭਾਵ ਪੂਰੀ ਤਰ੍ਹਾਂ ਖਤਮ ਹੋ ਜਾਂਦਾ ਹੈ ਤਾਂ ਸਾਧਕ ਇਕ ਰੱਬੀ ਮਸਤੀ ਵਿਚ ਰੰਗਿਆ ਇਕ ਦਿਵ ਆਨੰਦ ਦੀ ਪ੍ਰਾਪਤੀ ਕਰਦਾ ਹੈ ਇਸ ਅਵਸਥਾ ਵਿਚ ਸਾਧਕ ਇਕ ਖੇੜੇ ਵਿਚ ਵਿਚਰਦਾ ਰੱਬੀ ਜੋਤ/ਪ੍ਰਕਾਸ਼ ਨੂੰ ਮਾਣਦਾ ਹੈ ਇਸ ਅਵਸਥਾ ਨੂੰ ਸੂਫੀ ਵਿਚਾਰਧਾਰਾ ਵਿਚ 'ਸੁਕ੍' ਅਵਸਥਾ ਕਿਹਾ ਜਾਂਦਾ ਹੈ, ਜਿਸ ਦਾ ਸ਼ਾਬਦਿਕ ਅਰਥ ਹੈ ਨਸ਼ਾ, ਮਸਤੀ ਅਜਿਹੀ ਮਸਤੀ ਜਿਸ ਵਿਚ ਸਾਧਕ ਆਪਣੇ ਰੋਮ-ਰੋਮ ਵਿਚ ਪਰਮਾਤਮਾ ਦੀ ਖਿਚ ਨੂੰ ਮਹਿਸੂਸ ਕਰਦਾ ਹੈ 'ਸੁਕ੍' ਅਵਸਥਾ ਉਪਰੰਤ 'ਵਜਦ' ਪੜਾਅ ਆਉਂਦਾ ਹੈ। ਵਜਦ ਅਧੀਨ ਵਿਚਰਦੇ 'ਬਕਾ' ਤੱਕ ਪਹੁੰਚ ਸਾਧਕ ਰੱਬੀ ਜੋਤ ਵਿਚ ਰਚ ਜਾਂਦਾ ਹੈ। ਅੱਤਾਰ ਨੇ ਸੂਫੀਆਂ ਦੀਆਂ ਸੱਤ ਘਾਟੀਆਂ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ, ''ਅੱਤਾਰ ਨੇ ਅਧਿਆਤਮਿਕ ਯਾਤਰਾ ਦੇ ਪਹਿਲੇ ਪੜਾਅ ਨੂੰ 'ਉਬੂਦੀਅਤ' ਆਖਿਆ ਹੈ। ਉਬੂਦੀਅਤ ਦਾ ਅਰਥ ਹੈ ਦਾਸ ਭਾਵ। ਆਪਣੇ ਆਪ ਨੂੰ ਰੱਬ ਦਾ ਦਾਸ ਮੰਨ ਕੇ ਸਾਧਕ ਉਸ ਦੀ ਖੋਜ ਯਾਤਰਾ ਆਰੰਭ ਕਰਦਾ ਹੈ। ਦਾਸ-ਭਾਵ ਉਸ ਦੇ ਹਿਰਦੇ ਦੀ ਮੈਲ ਲਾਹ ਕੇ ਹਿਰਦਾ ਸਾਫ ਕਰ ਦਿੰਦਾ ਹੈ। ਸਾਫ ਹਿਰਦੇ ਵਿਚ ਉਸ ਨੂੰ ਪਰਮ ਪਿਆਰੇ ਦੀ ਛਬ ਦਿੱਸਣ ਲਗਦੀ ਹੈ। ਪਰਮ-ਪਿਆਰੇ ਦੀ ਛਬ ਵੇਖ ਕੇ ਉਸ ਦੇ ਅੰਦਰ ਪ੍ਰੇਮ ਦਾ ਭਾਵ ਜਾਗ੍ਰਤ ਹੁੰਦਾ ਹੈ। ਇਹ ਇਸ ਯਾਤਰਾ ਦਾ ਦੂਜਾ ਪੜਾਅ ਹੈ, ਜਿਸ ਨੂੰ ਇਸ਼ਕ (ਪ੍ਰੇਮ) ਆਖਿਆ ਗਿਆ ਹੈ ਕਿਉਂਕਿ ਪ੍ਰਭੂ-ਪ੍ਰੇਮ ਦੀ ਰਾਹ ਤੇ ਤੁਰਨ ਲਈ ਸੰਸਾਰਿਕ ਵਾਸ਼ਨਾਵਾਂ ਦਾ ਤਿਆਗ ਅਤਿ ਆਵੱਸ਼ਕ ਹੈ, ਇਸ ਲਈ ਹਿਰਦੇ ਅੰਦਰ ਪ੍ਰਭੂ-ਪ੍ਰੇਮ ਦੇ ਜਾਗ੍ਰਤ ਹੁੰਦਿਆਂ ਹੀ ਸਾਧਕ ਯਾਤਰਾ ਦੇ ਤੀਜੇ ਪੜਾਅ ਅਰਥਾਤ 'ਜੁਹਦ' (ਇੰਦਰੀਆ ਦਾ ਵਸੀਕਰਨ) ਵੱਲ ਜਾਂਦਾ ਹੈ। ਸੰਜਮ ਦੁਆਰਾ ਆਪਣੀਆਂ ਇਛਾਵਾਂ-ਕਾਮਨਾਵਾਂ ਨੂੰ ਮਾਰ ਕੇ ਉਹ ਇਸ ਯਾਤਰਾ ਦੇ ਚੌਥੇ ਪੜਾਅ ਅਰਥਾਤ 'ਮਾਰਫਿਤ' (ਦਿਵ-ਗਿਆਨ) ਤੇ ਪੁੱਜਦਾ ਹੈ। ਪਰਮਾਤਮਾ ਦਾ ਗਿਆਨ ਪ੍ਰਾਪਤ ਹੋਵੇ ਤੇ ਉਹ ਭਾਵ-ਨਿਸ਼ਠ ਹੋ ਕੇ ਸਾਧਕ ਯਾਤਰਾ ਦੇ ਪੰਜਵੇਂ ਪੜਾਅ 'ਵਜਦ' ਤੇ ਆਉਂਦਾ ਹੈ। ਇਸ ਪੜਾਅ ਨੂੰ ਪਾਰ ਕਰਨ ਤੇ ਸਾਧਕ ਨੂੰ ਸੱਚ ਦਾ ਵਾਸਤਵਿਕ ਗਿਆਨ ਹੁੰਦਾ ਹੈ, ਜਿਸ ਨੂੰ ਇਸ

ਯਾਤਰਾ ਦਾ ਛੇਵਾਂ ਪੜਾਅ 'ਹਕੀਕਤ' ਕਿਹਾ ਗਿਆ ਹੈ। ਸੱਚ ਦੇ ਗਿਆਨ ਦੀ ਪ੍ਰਾਪਤੀ ਕਿਹਾ ਗਿਆ ਹੈ। ਸੱਚ ਦੇ ਗਿਆਨ ਦੀ ਪ੍ਰਾਪਤੀ ਮਗਰੋਂ ਉਹ ਅਧਿਆਤਮਕ-ਯਾਤਰਾ ਦੇ ਅੰਤਿਮ ਪੜਾਅ 'ਵਸਲ' 'ਮਹਾਂ ਮਿਲਣੀ) ਤੇ ਪੁੱਜ ਕੇ ਪਰਮ ਪਿਆਰੇ ਦਾ ਸਾਖਿਆਤਕਾਰ ਕਰਦਾ ਹੈ।''[12]

ਸੂਫੀ ਵਿਚਾਰਧਾਰਾ ਅਨੁਸਾਰ ਪਰਮਾਤਮਾ ਪ੍ਰਾਪਤੀ ਲਈ ਇਸ਼ਕ ਦੀ ਅਵਸਥਾ/ਸੱਚਾ ਇਸ਼ਕ ਜਿਥੇ ਅਤਿਅੰਤ ਜ਼ਰੂਰੀ ਹੈ ਉਥੇ ਸਦਾਚਾਰਕ ਗੁਣਾਂ ਦਾ ਹੋਣਾ ਵੀ ਲਾਜ਼ਮੀ ਹੈ ਪਰ ਸੂਫੀ ਵਿਚਾਰਧਾਰਾ ਅਨੁਸਾਰ ਰੱਬੀ ਇਸ਼ਕ ਕੋਈ ਖੇਡ ਨਹੀਂ। ਇਸ਼ਕ ਦੇ ਮਾਰਗ ਤੇ ਚਲਣ ਲਈ ਸਾਧਕ ਨੂੰ ਪ੍ਰਭੂ ਮਿਲਾਪ ਲਈ ਸਿਰਧੜ ਦੀ ਬਾਜ਼ੀ ਲਗਾਉਣੀ ਪੈਂਦੀ ਹੈ। ਬੁੱਲ੍ਹੇ ਸ਼ਾਤਹ ਨੇ ਪਰਮਾਤਮਾ ਪ੍ਰਾਪਤੀ ਲਈ ਜੇ ਆਰਿਆਂ ਨਾਲ ਸਿਰ ਚਰਵਾਣਾ ਪਵੇ, ਸੂਲੀ ਉਤੇ ਚੜ੍ਹਨਾ ਪਵੇ, ਸੀਸ ਕਟਵਾਣਾ ਪਵੇ ਤਾਂ ਕਿਸੇ ਤਰ੍ਹਾਂ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਬਲਕਿ ਸਰੀਰਕ ਕਸ਼ਟ ਤੋਂ ਉਪਰ ਪ੍ਰਭੂ ਪਿਆਰ ਦਾ ਨਸ਼ਾ ਇੰਨਾ ਉਤਮ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਕਸ਼ਟਾਂ ਦੀ ਪਰਵਾਹ ਕੀਤੇ ਬਿਨਾ ਸਾਧਕ ਪ੍ਰਭੂ ਨਾਲ ਇਕ-ਮਨ ਇਕ ਚਿੱਤ ਜੁੜਿਆ ਰਹੇ। ਸੂਫੀਆਂ ਦੀ ਇਸ਼ਕ ਭਾਵਨਾ ਉਪਰ ਵਿਚਾਰ ਕਰਦਿਆਂ ਪ੍ਰੋ. ਗੁਲਵੰਤ ਸਿੰਘ ਲਿਖਦਾ ਹੈ ਕਿ, ''ਇਸ਼ਕ ਹਕੀਕੀ ਵਿਚ ਇਹਸਾਸ, ਭਾਵਨਾ ਅਤੇ ਗਿਆਨ ਇਕਮਿਕ ਹੋ ਜਾਂਦੇ ਹਨ ਜਿਸ ਵਿਚ ਪਹਿਲਾ ਪੜਾਅ ਹੈ ਚਿਤਸੁੱਧੀ। ਚਿਤਸ਼ੁੱਧੀ ਕਾਰਣ ਮਨ ਵਿਚ ਇਲਾਹੀ ਹਕੀਕਤਾਂ ਨੂੰ ਪ੍ਰਤਿਬਿੰਬਤ ਕਰਨ ਦੀ ਸਮਰਥਾ ਪੈਦਾ ਹੋ ਜਾਂਦੀ ਹੈ। ਸਰੀਰਿਕ ਸੁੰਦਰਤਾ ਪ੍ਰਤਿ ਇਸ਼ਕ ਇਨਸਾਨ ਨੂੰ ਅੰਨ੍ਹਾ ਕਰ ਦਿੰਦਾ ਹੈ ਪਰੰਤੂ ਇਲਾਹੀ ਇਸ਼ਕ ਇਨਸਾਨ ਨੂੰ ਅਸਾਧਾਰਣ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਅਤੇ ਉਸਨੂੰ ਅਜਿਹੀਆਂ ਰਮਜ਼ਾਂ ਦਾ ਬੋਧ ਪ੍ਰਾਪਤ ਹੁੰਦਾ ਹੈ ਜੋ ਇੰਦਰੀਆਵੀ ਸੂਝ ਜਾਂ ਅਕਲ ਦੀ ਪਹੁੰਚ ਤੋਂ ਅਤੀਤ ਹਨ। ਇਸ਼ਕ ਬਿਨਾਂ ਇਲਮ ਥੋਥਾ ਹੈ ਪਰੰਤੂ ਇਸ਼ਕ ਹਕੀਕੀ ਦ੍ਰਿੜ ਵਿਸ਼ਵਾਸ ਪੈਦਾ ਕਰਦਾ ਹੈ। ਸੂਫੀ ਰਚਨਾਵਾਂ ਵਿਚ ਯਕੀਨ ਦੇ ਤਿੰਨ ਦਰਜੇ ਹਨ ਯਥਾ ''ਇਲਮ-ਉਲ-ਯਕੀਨ'', ''ਅੰਨ-ਉਲ-ਯਕੀਨ'' ਅਤੇ ''ਹਕ-ਉਲ-

ਯਕੀਨ''। ''ਹਕ-ਉਲ-ਯਕੀਨ'' ਦੀ ਪ੍ਰਾਪਤੀ ਇਸ਼ਕ ਹਕੀਕੀ ਨਾਲ ਹੀ ਹੁੰਦੀ ਹੈ। ਇਸ਼ਕ ਹਕੀਕੀ ਉਪਰ ਨਿਰਭਰ ਇਲਮ ਇਕ ਪ੍ਰਕਾਰ ਦਾ ਇਲਾਹੀ ਚਾਨਣ ਹੈ। ਇਕ ਹੋਰ ਪ੍ਰਕਰਣ ਵਿਚ ਰੂਮੀ ਲਿਖਦਾ ਹੈ ਕਿ ਚਿਤਸ਼ੁੱਧੀ ਉਪਰੰਤ ਦੂਜਾ ਪੜਾਅ ਇਲਾਹੀ ਮਾਰਿਫ਼ਤ ਅਤੇ ਤੀਸਰਾ ਹੈ ਇਸ਼ਕ ਜੋ ਅੰਤਿਮ ਹੈ। ਜੀਵਨ ਜਿਸ ਨੂੰ ਰੂਮੀ ਨੇ ਵਿਕਾਸਗਤੀ ਮੰਨਿਆ ਹੈ ਦੀ ਅੰਤਿਮ ਮੰਜ਼ਿਲ ਖੁਦਾ ਹੈ। ਇਹ ਵਿਕਾਸ-ਪੜਾਅ ਇਕ ਦੂਜੇ ਦੇ ਮਗਰੋਂ ਆਉਂਦੇ ਹਨ। ਮਾਰਿਫ਼ਤ ਅਤੇ ਇਸ਼ਕ ਇਕ ਦੂਜੇ ਦੇ ਨਾਲ ਪ੍ਰਭਾਵ ਅਤੇ ਪਰਿਣਾਮ ਦੇ ਆਧਾਰ ਉਪਰ ਸੰਬੰਧਿਤ ਹਨ। ਇਲਾਹੀ ਇਸ਼ਕ ਇਕ ਪ੍ਰਕਾਰ ਦਾ ਸੂਖਮ ਗਿਆਨ ਅਤੇ ਅਨੁਭਵ ਹੈ। ਰੂਮੀ ਇਕ ਥਾਂ ਲਿਖਦਾ ਹੈ ਕਿ ਹਕੀਕੀ ਇਸ਼ਕ ਮਾਰਿਫ਼ਤ ਉਪਰ ਨਿਰਭਰ ਹੁੰਦਾ ਹੈ ਅਤੇ ਮਾਰਿਫ਼ਤ ਇਸ਼ਕ ਦੇ ਨਾਲ ਸੰਯੁਕਤ ਹੁੰਦੀ ਹੈ। ਇਸ਼ਕ ਜਾਂ ਮੁਹੱਬਤ ਅਸਲ ਸਾਰ ਹੈ ਹੋਰ ਜੋ ਕੁਝ ਹੈ ਨਿਰਾ ਛਿਲਕਾ ਹੈ। ਇਸ਼ਕ ਅਧਿਆਤਮਿਕ ਉੱਨਤੀ ਦਾ ਪ੍ਰੇਰਕ ਹੈ। ਇਸ਼ਕ ਵਿਚ ਇਹ ਕੀਮੀਆਈ ਚਮਤਕਾਰ ਹੈ ਕਿ ਉਹ ਤੁੱਛ ਵਾਸ਼ਨਾਵਾਂ ਨੂੰ ਕੁੰਦਨ ਸਮਾਨ ਬਣਾ ਦਿੰਦਾ ਹੈ। ਇਸ਼ਕ ਵਿਚ ਕੁਰਬਾਨੀ ਉਪਰੰਤ ਹੀ ਪ੍ਰਾਪਤੀ ਦੀ ਉੱਚੀ ਅਵਸਥਾ ਤਕ ਪਹੁੰਚਿਆ ਜਾਂਦਾ ਹੈ। ਹਕੀਕੀ ਪ੍ਰੀਤਮ ਦੇ ਦੀਦਾਰ ਲਈ ਦਾਰ (ਸੂਲੀ) ਉਪਰ ਚੜ੍ਹਨਾ ਪੈਂਦਾ ਹੈ।''[13]

ਪਰਮਾਤਮਾ ਦੇ ਇਸ਼ਕ ਵਿਚ ਸੀਸ ਕਟਾਉਣ ਤੋਂ ਨਾ ਡਰਨ ਵਾਲਾ ਸਾਧਕ ਹੀ ਫਨਾ, ਬਕਾ ਤੇ ਫਿਰ ਵਸਲ ਦੀ ਪ੍ਰਾਪਤੀ ਕਰ ਸਕਦਾ ਹੈ। ਸੂਫੀਆਂ ਨੇ ਇਸ਼ਕ ਨੂੰ 'ਅੱਲਾਹ ਦੀ ਜਾਤ' ਅਤੇ 'ਲੋਕਾਂ ਦਾ ਮਿਹਣਾ' ਕਹਿ ਕੇ ਸਤਿਕਾਰਿਆ ਹੈ। ਇਸ਼ਕ ਦੇ ਰੰਗ ਵਿਚ ਰੰਗਿਆ ਸਾਧਕ ਦੁਨਿਆਵੀ ਹੋਂਦ ਨੂੰ ਭੁਲਾ ਕੇ ਆਪਣਾ ਆਪਾ ਉਸ ਪ੍ਰੀਤਮ ਪ੍ਰਭੂ ਨਾਲ ਜੋੜ ਲੈਂਦਾ ਹੈ। ਦੁਨਿਆਵੀ ਲੋਕ ਚਾਹੇ ਮਸਤ ਫਕੀਰ ਪ੍ਰਭੂ ਦੇ ਰੰਗ ਵਿਚ ਰੰਗੇ ਸਾਧਕ ਦਾ ਮਜ਼ਾਕ ਉਡਾਉਂਦੇ ਹਨ ਪਰ ਸਿਖਰ ਦਾ ਪਿਆਰ ਕਰਨ ਵਾਲਾ ਸਾਧਕ ਹੀ ਪ੍ਰਭੂ-ਮਿਲਾਪ ਹਾਸਿਲ ਕਰਦਾ ਹੈ।

ਸੂਫੀ ਵਿਚਾਰਧਾਰਾ ਵਿਚ ਪ੍ਰਭੂ-ਪ੍ਰੇਮ ਵਿਚ ਸਾਧਕ ਦੇ ਮਨ ਪ੍ਰੀਤਮ ਮਿਲਾਪ ਦੀ ਸਿੱਕ/ਤਾਂਘ ਹੋਣੀ ਲਾਜ਼ਮੀ ਹੈ। ਗੁਲਾਮ ਫਰੀਦ ਸੂਫੀ ਕਵੀ ਪ੍ਰਭੂ ਮਿਲਾਪ ਲਈ ਤਰਲੇ ਪਾਉਂਦੀ ਵੇਦਨਾ ਭਰਪੂਰ ਤਾਂਘ ਦਾ ਹਵਾਲਾ ਹੇਠ ਲਿਖੇ ਅਨੁਸਾਰ ਹੈ:—

— ਨਾ ਕਰ ਬੇ ਪ੍ਰਵਾਹੀ ਵੋ ਯਾਰ।
ਮਿਲ ਸਾਂਵਲ ਮਾਹੀ ਵੋ ਯਾਰ।
ਮੈਂਅਬਦ-ਅਮਲੀ ਤੇ ਕਰ ਰਹਿਮਤ
ਜੈ ਡੇਂਹ ਯਾਰ ਵੀ ਯਾਰ ਨਾ ਯਾਰ
ਅਉਗੁਣਹਾਰੀ ਨਾ ਕਹੀ ਕੰਮ ਦੀ,
ਕੋਝੀ ਕਮਲੀ ਬਦ-ਕਿਰਦਾਰ।

— ਰੁੱਖੀ ਸੁਖੀ ਖਾਇਕ ਕੇ ਠੰਡਾ ਪਾਣੀ ਪੀਉ।
ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਇ ਜੀਉ।

— ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨਾ ਨਾ ਮਾਰੇ ਘੁੰਮਿ।
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ।

ਸੂਫੀ ਮਤ ਅਨੁਸਾਰ ਸੰਸਾਰਕ ਸੁੱਖ ਪਰਮਾਤਮਾ ਦੇ ਵਿਛੋੜੇ ਦਾ ਕਾਰਣ ਸਿੱਧ ਹੁੰਦੇ ਹਨ। ਸਾਧਕ ਦਾ ਜੀਵਨ ਜਿਊਣ ਦਾ ਢੰਗ ਸਾਦਾ ਹੋਣਾ ਚਾਹੀਦਾ ਹੈ, ਜਿਵੇਂ:-

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣ ਮੇਰੀ ਭੁਖ।।
ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁਖ।।

ਸੂਫੀ ਕਾਵਿ ਬਿਰਹੋਂ ਦੀ ਤੜਫ, ਬਿਹਬਲਤਾ, ਵਲਵਲੇ ਦੀ ਤੀਖਣਤਾ ਨਾਲ ਭਰਪੂਰ ਹੈ। ਸੇਖ ਫਰੀਦ ਤੋਂ ਲੈ ਕੇ ਸਭ ਸੂਫੀ ਕਵੀਆਂ ਨੇ ਬਿਰਹਾ ਦੇ ਦਰਦ ਨੂੰ ਬੜੇ ਕਰੁਣਾਮਈ ਅੰਦਾਜ਼ ਵਿਚ ਪ੍ਰਗਟਾਇਆ ਹੈ।

ਸੂਫੀ ਵਿਚਾਰਧਾਰਾ ਵਿਚ ਪਰਮਾਤਮਾ ਇਸ਼ਕ ਲਈ ਫਕੀਰੀ ਧਾਰਨ ਕਰਨੀ ਪੈਂਦੀ ਹੈ, ਫਕੀਰ ਉਹ ਹੈ ਜੋ ਪੂਰਾ ਸਿਦਕੀ ਹੈ, ਜਿਸ ਦੇ ਰੋਮ-ਰੋਮ ਵਿਚ ਪਰਮਾਤਮਾ ਦਾ ਇਸ਼ਕ ਰਚਿਆ ਹੋਇਆ ਹੈ, ਪ੍ਰਭੂ ਦਾ ਚੇਤਾ ਉਸ ਨੂੰ ਹਰ ਦਮ

ਰਹਿੰਦਾ ਹੈ। ਪਰਮਾਤਮਾ ਫਕੀਰ ਨੂੰ ਅੰਦਰ-ਬਾਹਰ ਹਰ ਸਥਾਨ ਤੇ ਪਰਮਾਤਮਾ ਦਾ ਹੀ ਬਿੰਬ ਦਿਖਾਈ ਦਿੰਦਾ ਹੈ ਅਰਥਾਤ ਫਕੀਰ ਉਹ ਹੈ ਜੋ ਪਰਮਾਤਮਾ ਨਾਲ ਸੱਚੇ ਇਸ਼ਕ ਵਿਚ ਰੰਗਿਆ ਹੋਇਆ ਹੈ। ਬਾਬਾ ਫਰੀਦ ਜੀ ਫਕੀਰ ਦਾ ਹਵਾਲਾ ਦਿੰਦੇ ਕਹਿੰਦੇ ਹਨ:—

ਦਰ ਦਰਵੇਸ਼ੀ ਗਾਖੜੀ, ਚਲਾ ਦੁਨੀਆਂ ਭਤਿ।
ਬੰਨ ਉਠਾਈ ਪੋਟਲੀ, ਕਿੱਥੇ ਵੰਜਾਂ ਘਤਿ।

ਸੁਲਤਾਨ ਬਾਹੂ ਫਕੀਰੀ ਦਾ ਪ੍ਰਤਿਮਾਨ ਇੰਜ ਪ੍ਰਗਟਾਉਂਦਾ ਹੈ:—

ਐਨ ਆਸ਼ਕ ਇਸ਼ਕ ਮਾਹੀ ਦੇ ਕੋਲੋਂ,
ਨਿਤ ਫਿਰਨ ਹਮੇਸ਼ਾਂ ਖੀਵੇ ਹੂ।
ਜਿਨ੍ਹਾਂ ਜੀਂਦਿਆਂ ਜਾਨ 'ਮਾਹੀ ਨੂੰ ਦਿੱਤੀ,
ਓਹ ਦੋਹੀਂ ਜਹਾਨੀ ਜੀਵੇ ਹੂ।
ਸ਼ਮ੍ਹਾਂ ਚਰਾਗ ਨਿਤ ਰੋਸ਼ਨ ਜਾਗਨ,
ਸੋ ਕਿਓਂ ਬਾਲਣ ਦੀਵੇ ਹੂ।
ਅਕਲ ਵਿਕਰ ਦੀ ਸੋਚ ਨ ਬਾਹੂ
ਓਥੇ ਫੈਮਾ ਫਹਮ ਕਚੀਵੇ ਹੂ।[14]

ਅਜਿਹੇ ਮਨੁੱਖ ਦਾ ਜੀਵਨ ਵਿਅਰਥ ਹੈ ਜੋ ਸ਼ਰ੍ਹਾ 'ਤੇ ਨਹੀਂ ਚਲ ਸਕਦੇ। ਨਾ ਇਸ਼ਕ ਦੀਆਂ ਮੰਜ਼ਿਲਾਂ ਤਹਿ ਕਰ ਸਕਦੇ ਹਨ। ਪਰਮਾਤਮਾ ਤੋਂ ਦੂਰ ਰਹਿ ਜਾਂਦਾ ਹੈ। ਮੋਹ ਮਾਇਆ ਵਿਚ ਮਲੀਨ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਵਾਸਾ ਨਹੀਂ ਹੋ ਸਕਦਾ। ਫ਼ਕੀਰੀ ਦਾ ਮਾਰਗ ਸੂਫੀਆਂ ਅਨੁਸਾਰ ਕਠਿਨ ਹੈ ਜੇ ਫਕੀਰੀ ਧਾਰਨ ਕਰਨੀ ਹੈ ਜੇ ਰੱਬ ਦੇ ਨਾਂ ਤੇ ਚਲਣਾ ਹੈ ਤਾਂ ਫਕੀਰੀ ਬਾਣਾ ਧਾਰਨ ਕਰਕੇ ਸਬਰ ਤੇ ਸ਼ੁਕਰ/ਰਜ਼ਾ ਵਿਚ ਰਹਿਣ ਦਾ ਭਾਣਾ ਆਉਣਾ ਜ਼ਰੂਰੀ ਹੈ। ਫ਼ਕੀਰ ਨੂੰ ਜਿਊਂਦੇ ਮਰ ਕੇ ਰਹਿਣਾ ਪਵੇਗਾ, ਅਰਥਾਤ ਹੰਕਾਰ/ਹਉਮੈ ਨੂੰ ਵਿਸਾਰ ਕੇ ਪ੍ਰਭੂ ਦੀ ਰਜ਼ਾ ਤੇ ਸ਼ੁਕਰਗੁਜਾਰ ਕਰਨਾ ਪਵੇਗਾ ਮਨੁੱਖਾ ਜੀਵਨ ਵਿਚ ਕੋਈ ਤਕਲੀਫ ਆਵੇ

ਤਾਂ ਪਰਮਾਤਮਾ ਦੀ ਦਾਤ ਸਮਝ ਪ੍ਰਭੂ ਦਾ ਭਾਣਾ ਮੰਨਣ ਦੀ ਸਹਿਨ ਸ਼ਕਤੀ ਹੋਣੀ ਜ਼ਰੂਰੀ ਹੈ। ਸੂਫੀ ਮਤ ਵਿਚ ਫ਼ਕੀਰ ਤੇ ਆਸ਼ਕ ਦਾ ਸੰਕਲਪ ਇਕ ਹੈ। ਪ੍ਰਭੂ ਦਾ ਸਿਰੜੀ ਆਸ਼ਕ ਦਾ ਸੰਕਲਪ ਇੱਕ ਹੈ। ਪ੍ਰਭੂ ਦਾ ਸਿਰੜੀ ਆਸ਼ਕ ਹੀ ਫਕੀਰ ਹੈ ਜੋ ਪ੍ਰਭੂ ਦੇ ਨਾਮ ਵਿਚ ਰੰਗਿਆ ਹਰ ਪ੍ਰਸਥਿਤੀ ਵਿਚ ਸਿਰੜ ਨੂੰ ਧਾਰਨ ਕਰਦਾ ਹੋਇਆ ਪਰਮਾਤਮਾ ਦੇ ਨਾਮ ਸਿਮਰਨ ਨਾਲ ਜੁੜਿਆ ਰਹਿੰਦਾ ਹੈ। ਇਸ਼ਕ ਦਾ ਰਾਹ ਕੁਰਬਾਨੀ ਦੀ ਮੰਗ ਕਰਦਾ ਹੈ। ਡਾ. ਹਰਜਿੰਦਰ ਸਿੰਘ ਢਿਲੋਂ ਸੂਫੀਆਂ ਦੀ ਪ੍ਰੇਮ ਭਾਵਨਾ ਬਾਰੇ ਲਿਖਦੇ ਹਨ ਕਿ, ''ਪੰਜਾਬੀ ਸੂਫੀ ਕਾਵਿ ਵਿਚ ਇਕ ਨਿਰੰਤਰ ਸ਼ਕਤੀਸ਼ਾਲੀ ਪ੍ਰੇਮ-ਧੁਨੀ ਗੂੰਜਦੀ ਸੁਣਾਈ ਦੇਂਦੀ ਹੈ। ਬਾਬਾ ਫ਼ਰੀਦ ਦੀ ਕਾਵਿ ਰਚਨਾ ਵਿਚ ਇਹ ਧੁਨੀ ਉਸਦੀ ਸ਼ਾਂਤ ਆਤਮਾ ਦੀ ਪ੍ਰਤੀਕ ਹੈ। ਕੁਝ ਹਦ ਤਕ ਸ਼ਾਹ ਹੁਸੈਨ ਦੀ ਕਾਵਿ ਰਚਨਾ ਵਿਚ ਵੀ ਸ਼ਾਂਤ ਬਿਰਤੀ ਦੀ ਝਲਕ ਦ੍ਰਿਸ਼ਟੀਗੋਚਰ ਹੁੰਦੀ ਹੈ। ਪਰੰਤੂ ਉਨ੍ਹਾਂ ਦੀ ਪਰਵਰਤੀ ਪੰਜਾਬੀ ਸੂਫ਼ੀ ਕਵਿਤਾ ਅਤਿ ਦੀ ਭਾਵੁਕ ਅਤੇ ਤੀਬਰ ਪ੍ਰੇਮ ਦਾ ਪ੍ਰਗਟਾਵਾ ਕਰਨ ਵਾਲੀ ਹੈ।''[15]

ਸੂਫੀ ਦਿਸਦੇ ਸੰਸਾਰ ਨੂੰ ਮੋਹ ਮਾਇਆ ਦਾ ਜਾਲ ਦੱਸਦੇ, ਦੁਨਿਆਵੀ ਪਦਾਰਥਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ। ਸੂਫੀਆਂ ਅਨੁਸਾਰ ਪਰਮਾਤਮਾ ਸਰਵ ਸ੍ਰੇਸ਼ਟ ਹੈ, ਉਸ ਦੀ ਸਿੱਧੀ ਨਜ਼ਰ ਹੀ ਮਨੁੱਖ ਨੂੰ ਸ਼ੁੱਭ ਕਰਮਾਂ ਨਾਲ ਜੋੜਦੀ ਹੈ। ਰੱਬ ਦੀ ਰਜ਼ਾ ਵਿਚ ਰਹਿ ਕੇ ਮਨੁੱਖ ਅਧਿਆਤਮਕ ਪੰਧ ਸਫਲ ਕਰ ਸਕਦਾ ਹੈ। ਸੂਫੀ ਵਿਚਾਰਧਾਰਾ ਵਿਚ ਰਜ਼ਾ ਨੂੰ ਅੰਤਿਮ ਮਕਾਮ ਕਿਹਾ ਗਿਆ ਹੈ। ਡਾ. ਗੁਲਵੰਤ ਸਿੰਘ ਲਿਖਦਾ ਹੈ ਕਿ ''ਸੂਫੀ ਅਭਿਆਸ-ਯਾਤਰਾ ਦਾ ਅੰਤਿਮ ਮਕਾਮ 'ਰਜ਼ਾ' ਹੈ ਜਿਸਦਾ ਅਰਥ ਹੈ ਖੁਦਾ ਦੇ ਹੁਕਮ ਉੱਤੇ ਰਾਜ਼ੀ ਰਹਿਣਾ। ਕਈ ਵਿਅਕਤੀਆਂ ਦਾ ਵਿਚਾਰ ਹੈ ਕਿ ਕਿਸੇ ਸੰਕਟ ਵਿਚ ਆਦਮੀ ਸਬਰ ਤਾਂ ਕਰ ਸਕਦਾ ਹੈ ਪਰ ਮੁਸ਼ਕਲ ਜਾਂ ਮੁਸੀਬਤ ਉਪਰ ਰਾਜ਼ੀ ਰਹਿਣਾ ਸੰਭਵ ਨਹੀਂ। ਅਜਿਹੀ ਗੱਲ ਉਹੀ ਕਹਿੰਦੇ ਹਨ ਜੋ ਪ੍ਰੇਮ-ਪ੍ਰਥਾ ਦੀਆਂ ਰਮਜ਼ਾਂ ਨਹੀਂ ਜਾਣਦੇ ਕਿਉਂ ਜੋ ਪ੍ਰੇਮ ਵਿਚ ਸਾਧਕ ਆਪਣੇ ਪ੍ਰੀਤਮ ਦੀ ਹਰ ਗੱਲ ਉੱਤੇ ਰਾਜ਼ੀ ਹੁੰਦਾ ਹੈ। ਅਕਸਰ

ਅਜਿਹਾ ਹੁੰਦਾ ਹੈ ਕਿ ਜਦ ਮਨ ਸਾਧਨਾ ਵਿਚ ਇਤਨਾ ਲੀਨ ਹੋ ਜਾਂਦਾ ਹੈ ਤਾਂ ਹੋਰ ਔਖਿਆਈਆਂ ਦਾ ਇਹਸਾਸ ਖ਼ਤਮ ਹੋ ਜਾਂਦਾ ਹੈ। ਰਜ਼ਾ ਵਿਚ ਰਾਜ਼ੀ ਰਹਿਣ ਵਾਲੇ ਸਦਾ ਇਹੀ ਕਹਿੰਦੇ ਹਨ ਕਿ ਹੇ ਪ੍ਰਭੂ ਜੋ ਤੂੰ ਕਰੇਂ ਉਸੇ ਵਿਚ ਹੀ ਮੇਰਾ ਸੁੱਖ ਅਤੇ ਕਲਿਆਣ ਹੈ। ਦੁੱਖ ਅਤੇ ਮੁਸੀਬਤ ਵਿਚ ਜਦੋਂ ਕਿਸੇ ਸੂਫ਼ੀ ਨਾਲ ਹਮਦਰਦੀ ਪ੍ਰਗਟਾਈ ਜਾਂਦੀ ਹੈ ਤਾਂ ਉਸ ਨੂੰ ਬੁਰਾ ਲਗਦਾ ਹੈ ਅਤੇ ਉਹ ਕਹਿੰਦਾ ਹੈ ਕਿ ਮੇਰੇ ਅਤੇ ਖ਼ੁਦਾ ਦੇ ਵਿਚਕਾਰ ਜਾਂ ਪ੍ਰੇਮੀ ਅਤੇ ਪ੍ਰੀਤਮ ਦੇ ਵਿਚਕਾਰ ਕੋਈ ਕਿਉਂ ਆਵੇ। ਲਾਭ-ਪ੍ਰਾਪਤੀ ਅਤੇ ਅਲਾਭ-ਨਿਵਿਰਤੀ ਦੇ ਚੱਕਰ ਵਿਚ ਰਹਿਣ ਵਾਲੇ ਸਾਧਾਰਣ ਵਿਅਕਤੀ, ਗ਼ੱਜ਼ਾਲੀ ਦੇ ਕਥਨ ਅਨੁਸਾਰ ਇਨ੍ਹਾਂ ਗੱਲਾਂ ਨੂੰ ਪੂਰੀ ਤਰ੍ਹਾਂ ਸਮਝਣ ਦੀ ਸਮਰਥਾ ਨਹੀਂ ਰਖਦੇ। ਪ੍ਰਾਰਥਨਾ ਜਾਂ ਅਰਜੋਈ ਕਰਨ ਨਾਲ ਸਾਧਕ ਰਜ਼ਾ ਦੇ ਮਕਾਮ ਤੋਂ ਛੇਕਿਆ ਨਹੀਂ ਜਾਂਦਾ। ਪਾਪ ਨੂੰ ਬੁਰਾ ਸਮਝਣਾ, ਪਾਪੀ ਤੋਂ ਦੂਰ ਰਹਿਣਾ ਗੁਨਾਹ ਦੀਆਂ ਗੱਲਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਾ, ਇਨ੍ਹਾਂ ਵਿਚੋਂ ਕੁਛ ਵੀ ਰਜ਼ਾ ਦੇ ਵਿਪਰੀਤ ਨਹੀਂ। ਜਿਹੜੇ ਇਹ ਕਹਿਣ ਦੀ ਜ਼ਿਦ ਕਰਦੇ ਹਨ ਕਿ ਹਰ ਪ੍ਰਕਾਰ ਦੀ ਬੁਰਿਆਈ ਅਤੇ ਪਾਪ ਰੱਬ ਦੇ ਫੈਸਲੇ ਅਧੀਨ ਹੈ ਇਸ ਲਈ ਉਨ੍ਹਾਂ ਸੰਬੰਧੀ ਰਾਜ਼ੀ ਰਹਿਣਾ ਹੀ ਇਨਸਾਨ ਦਾ ਫਰਜ਼ ਹੈ ਉਨ੍ਹਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਬੁਰਿਆਈ ਅਤੇ ਪਾਪ ਉਪਰ ਰਾਜ਼ੀ ਨਾ ਰਹਿਣਾ ਹੀ ਉੱਤਮ ਭਗਤੀ ਹੈ। ਜਿਹੜਾ ਵਿਅਕਤੀ ਬੁਰਿਆਈ ਜਾਂ ਪਾਪ ਤੋਂ ਦੂਰ ਰਹਿੰਦਾ ਹੈ ਉਸਦੀ ਇਹ ਉਦਾਸੀਨਤਾ ਸ਼ਲਾਘਾਯੋਗ ਨਹੀਂ, ਕਿਉਂ ਜੋ ਜਿਹੜਾ ਵਿਅਕਤੀ ਪਾਪ ਦੇ ਉਨਮੂਲਨ ਵਿਚ ਕਿਰਿਆਤਮਕ ਯੋਗਦਾਨ ਨਹੀਂ ਦਿੰਦਾ ਉਹ ਪਾਪ ਦੇ ਵਰਤਾਰੇ ਦਾ ਸਮਰਥਕ ਹੈ। ਬੁਰਿਆਈ ਨੂੰ ਰੱਬੀ ਰਜ਼ਾ ਸਮਝ ਕੇ ਉਸ ਉਪਰ ਰਾਜ਼ੀ ਰਹਿਣਾ ਬੁਰਿਆਈ ਵਿਚ ਸ਼ਰੀਕ ਹੋਣਾ ਹੈ। ਸੂਫੀ ਮਾਨਿਅਤਾ ਅਨੁਸਾਰ ਰਜ਼ਾ ਦਾ ਅਰਥ ਵਿਅਕਤੀਗਤ ਅਭਿਮਾਨ ਨੂੰ ਤਿਆਗ ਕੇ ਖ਼ੁਦਾਤ ਦੀ ਉਸ ਅਨੰਤ ਅਤੇ ਅਸੀਮ ਸ਼ਕਮਤੀ ਵਿਚ ਵਿਸ਼ਵਾਸ ਰੱਖਣਾ ਹੈ ਜੋ ਸਭ ਕੁਝ ਕਰਨ-ਕਰਾਵਣਹਾਰ ਹੈ। ਇਨਸਾਨ ਇਕ ਇਖ਼ਤਿਆਰ ਵਾਲੀ ਹਸਤੀ ਹੈ ਅਤੇ ਇਖ਼ਤਿਆਰ ਨੂੰ ਠੀਕ ਤਰੀਕੇ

ਨਾਲ ਵਰਤਣਾ ਰਜ਼ਾ ਵਿਚ ਰਾਜ਼ੀ ਰਹਿਣ ਦੇ ਉਲਟ ਨਹੀਂ ਹੈ ਕਿਵੂੰ ਜੋ ਸਾਧਨਾਸ਼ੀਲ ਵਿਅਕਤੀ ਦੇ ਮਨ ਵਿਚ ਗਿਆਨ ਦੁਆਰਾ ਜਿਹੜੀ ਸਾਤਵਿਕ ਜੋਤਿ ਜਾਗਦੀ ਹੈ ਉਸਦੇ ਅਨੁਸਾਰ ਚੱਲਣ ਵਿਚ ਹੀ ਉੱਤਮਤਾ ਹੈ। ਜਦ ਤਕ ਕਿਸੇ ਸਾਧਕ ਦਾ ਮਨ ਪੂਰੀ ਤਰ੍ਹਾਂ ਗਿਆਨ-ਅਨੁਸ਼ਾਸਿਤ ਹੈ ਉਸਦਾ ਸਾਰਾ ਜੀਵਨ ਰਜ਼ਾ ਵਿਚ ਹੈ। ਪ੍ਰਭੂ ਦੇ ਪ੍ਰਤਿ ਪ੍ਰੇਮ, ਪ੍ਰਭੂ ਦਾ ਡਰ ਅਤੇ ਪ੍ਰਭੂ ਤੋਂ ਛੁੱਟ ਹੋਰ ਸਭ ਪਾਸਿਉਂ ਨਿਰਲੇਪਤਾ ਹੀ ਰਜ਼ਾ ਹੈ। ਇਸ ਲਈ ਸਾਧਕ ਦਾ ਫਰਜ਼ ਹੈ ਕਿ ਉਹ ਹਰ ਉਸ ਸਥਿਤੀ ਵਿਚ ਰਾਜ਼ੀ ਰਹੇ ਜੋ ਕਰਨ-ਕਰਾਵਨਹਾਰ ਪ੍ਰਭੂ ਨੇ ਪੈਦਾ ਕੀਤੀ ਹੈ। ਕਈ ਸਾਧਕਾਂ ਦਾ ਕਥਨ ਹੈ ਕਿ ਰਜ਼ਾ ਵਿਚ ਕਾਮਲ ਉਹ ਹੈ ਜੋ ਸੰਸਾਰਿਕਤਾ ਵੱਲ ਰੁਚਿਤ ਨਾ ਹੋਵੇ। ਰਜ਼ਾ ਦਾ ਨਿਰਭਰ ਚਾਰ ਅਸੂਲਾਂ ਉਪਰ ਹੈ ਜਿਨ੍ਹਾਂ ਦਾ ਵੇਰਵਾ ਇਨ੍ਹਾਂ ਸ਼ਬਦਾਂ ਵਿਚ ਹੈ ਕਿ ਸਾਧਕ ਇਹ ਕਹੇ ਕਿ ਹੇ ਪ੍ਰਭੂ ਜੋ ਤੂੰ ਦੇਵੇਂ ਤਾਂ ਮੈਂ ਸਵੀਕਾਰ ਕਰਦਾ ਹਾਂ; ਜੇ ਤੂੰ ਰੋਕੇਂ ਤਾਂ ਮੈਂ ਰਾਜ਼ੀ ਹਾਂ, ਜੇ ਛੱਡ ਦੇਵੇ ਤਾਂ ਮੈਂ ਤੇਰੀ ਬੰਦਗੀ ਕਰਾਂ ਅਤੇ ਜੇ ਤੂੰ ਮੈਨੂੰ ਬੁਲਾਵੇਂ ਤਾਂ ਤੇਰੇ ਇਸ ਆਦੇਸ਼ ਦੀ ਪਾਲਣਾ ਕਰਾਂ। ਜਿਹੜਾ ਵਿਅਕਤੀ ਮਾਨਸਿਕ ਪ੍ਰਫੁੱਲਤਾ ਅਤੇ ਵਿਸਤਾਰ ਦਾ ਅਭਿਲਾਸ਼ੀ ਹੈ ਉਸ ਲਈ ਆਵੱਸ਼ਕ ਹੈ ਕਿ ਰਜ਼ਾ ਦੀ ਪਾਲਣਾ ਕਰੇ।''[16]

ਇਸ ਸਮੁੱਚੀ ਵਿਚਾਰ ਚਰਚਾ ਉਪਰੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਸੂਫੀ ਵਿਚਾਰਧਾਰਾ ਪ੍ਰੇਮ ਭਗਤੀ ਦੇ ਆਰ ਪਾਰ ਫੈਲੀ ਹੋਈ ਹੈ। ਪਰਮਾਤਮਾ ਨੂੰ ਇਸ਼ਕ ਕਰਨਾ, ਉਸਦੀ ਯਾਦ ਵਿਚ ਲੀਨ ਰਹਿਣਾ, ਵਿਛੋੜੇ ਦੇ ਭਾਵਾਂ ਵਿਚ ਤੜਪਣਾ ਅਤੇ ਪਵਿੱਤਰ ਜੀਵਨ ਬਤੀਤ ਕਰਨਾ ਸੂਫੀ ਦੀ ਪਛਾਣ ਹੈ। ਤਿਆਗ, ਉਪਰਾਮਤਾ ਅਤੇ ਸੰਸਾਰਕਤਾ ਤੋਂ ਨਿਰਲੇਪ ਰਹਿ ਕੇ ਸੂਫੀ ਜਦੋਂ ਆਪਣੇ ਮੁਰਸ਼ਦ ਦੀ ਸਿੱਖਿਆ ਵਿਚ ਵਿਚਰਦਾ ਹੈ, ਉਦੋਂ ਉਸ ਨੂੰ ਰੱਬੀ ਮਿਲਾਪ ਦੀ ਅਨੁਭੂਤੀ ਹੁੰਦੀ ਹੈ। ਸੂਫੀ ਵਿਚਾਰਧਾਰਾ ਵਿਚੋਂ ਜਿਹੜੇ ਆਦਰਸ਼ਕ ਮਾਨਵ ਦਾ ਬਿੰਬ ਉਭਰਦਾ ਹੈ, ਉਹ ਇਕ ਪ੍ਰੇਮੀ ਮਾਨਵ ਦਾ ਹੈ, ਕਰਮਕਾਂਡ ਅਤੇ ਅਰਥਹੀਣ ਮਰਯਾਦਾਵਾਂ ਦੇ ਵਿਰੋਧ ਵਾਲਾ ਹੈ ਅਤੇ ਵਿਸ਼ੇਸ਼ ਰੂਪ ਵਿਚ ਸਦਾਚਾਰੀ ਹੈ। ਪ੍ਰੇਮ, ਵਿਦਰੋਹ ਅਤੇ ਸਦਾਚਾਰ

ਉਹ ਆਦਰਸ਼ ਹਨ ਜੋ ਸੂਫੀ ਵਿਚਾਰਧਾਰਾ ਵਿਚੋਂ ਆਦਰਸ਼ਕ ਮਾਨਵ ਦੀ ਪਰਿਕਲਪਨਾ ਕਰਦੇ ਹਨ। ਇਹ ਆਦਰਸ਼ਕ ਮਾਨਵ ਸਰਬਕਾਲੀ ਹੈ ਅਤੇ ਇਸ ਮਾਨਵ ਦੇ ਝਰੋਖੇ ਵਿਚੋਂ ਸੂਫੀਆਂ ਦੇ ਜਤਿ ਸੱਚ, ਧਰਮ ਕਰਮ ਅਤੇ ਸਾਧਨਾ ਦੀ ਪ੍ਰਤੀਤੀ ਹੁੰਦੀ ਹੈ। ਪ੍ਰੋ. ਗੁਲਵੰਤ ਸਿੰਘ ਇਸ਼ਕ ਹਕੀਕੀ ਨੂੰ ਪਰਿਭਾਸ਼ਿਤ ਕਰਦੇ ਲਿਖਦੇ ਹਨ:—

> "ਵਾਸਤਵ ਵਿਚ ਇਸ਼ਕ ਹਕੀਕੀ ਜਾਂ ਪ੍ਰਭੂ ਪ੍ਰੇਮ ਇਸਲਾਮੀ ਸੂਫੀਵਾਦ ਦਾ ਵਿਸ਼ੇਸ਼ ਪਛਾਣ-ਚਿੰਨ੍ਹ ਹੈ ਕਿਉਂ ਜੋ ਅੰਗਰੇਜ਼ੀ ਵਿਚ ਵਿਸ਼ਵ ਦੇ ਵੱਖੋਂ ਵੱਖਰਿਆਂ ਧਰਮਾਂ ਨਾਲ ਸੰਬੰਧਿਤ ਸੂਫੀਵਾਦ ਨੂੰ ਵੱਖੋ ਵੱਖਰਿਆਂ ਸਿਰਲੇਖਾਂ ਅਧੀਨ ਅੰਕਿਤ ਕਰਨ ਵੱਲ ਲੇਖਕ ਇਸਲਾਮੀ ਸੂਫ਼ੀਵਾਦ ਨੂੰ 'ਆਸ਼ਿਕਾਨਾ ਸੂਫ਼ੀਵਾਦ' ਅਰਥਾਤ 'ਪ੍ਰੇਮਮੂਲਕ ਰਹੱਸਵਾਦ' ਦੀ ਸੰਗਿਆ ਅਧੀਨ ਲਿਖਦੇ ਹਨ। 'ਇਸ਼ਕ ਹਕੀਕੀ' ਅਤੇ 'ਇਸ਼ਕ ਮਜਾਜ਼ੀ' ਇਸ਼ਕ ਦੇ ਦੋ ਰੂਪ ਆਮ ਕਰਕੇ ਮੰਨੇ ਜਾਂਦੇ ਹਨ ਪਰੰਤੂ ਸੂਫ਼ੀ ਸਾਹਿਤ ਵਿਚ ਇਹ ਮਾਨਿਅਤਾ ਪ੍ਰਧਾਨ ਹੈ ਕਿ ਇਸ਼ਕ ਸਦਾ ਹਕੀਕੀ ਹੁੰਦਾ ਹੈ ਮਜਾਜ਼ੀ ਨਹੀਂ ਹੁੰਦਾ। ਇਸ਼ਕ ਦੀ ਸਾਧਨਾ ਬਿਖ਼ਮ ਅਤੇ ਕਠਿਨ ਮਾਰਗ ਹੈ। ਇਹ ਸ਼ੇਰ ਦੀ ਪੂਛ ਨੂੰ ਹੱਥ ਪਾਉਣਾ ਹੈ ਨਿਰੀ ਵਕਤੀ ਕ੍ਰੀੜਾ ਨਹੀਂ ਹੈ। ਇਸ਼ਕ ਹੁਸਨ ਉਪਰ ਆਸ਼ਰਿਤ ਹੈ।"[17]

ਸਪੱਸ਼ਟ ਹੀ ਹੈ ਕਿ ਸੂਫੀ ਦੀ ਵੱਖਰੀ ਪਛਾਣ ਹੀ ਇਸ਼ਕ ਦੇ ਬਿਖਮ ਅਤੇ ਕਠਿਨ ਮਾਰਗ ਉਪਰ ਤੁਰਦਿਆਂ ਪ੍ਰਭੂ ਅਭੇਦਤਾ ਪ੍ਰਾਪਤ ਕਰਨੀ ਹੈ। ਡਾ. ਕੁਲਜੀਤ ਸ਼ੈਲੀ ਸੂਫੀਆਂ ਦੀ ਇਸ਼ਕ ਭਾਵਨਾ ਨੂੰ ਵਡੇਰੇ ਅਰਥਾਂ ਨਾਲ ਜੋੜਦੇ ਹੋਏ ਕਹਿੰਦੇ

ਹਨ ਕਿ ਇਸ਼ਕ ਦਾ ਅਰਥ ਆਪਣੀਆਂ ਸੀਮਾਵਾਂ ਨੂੰ ਉਲੰਘ ਕੇ ਆਪਣੇ ਤੋਂ ਬਾਹਰਲੇ ਵਡੇਰੇ ਸੱਚ ਵਿਚ ਅਭੇਦ ਹੋਣਾ ਹੈ, ਉਨ੍ਹਾਂ ਦੇ ਸ਼ਬਦਾਂ ਵਿਚ, "ਰਹੱਸਵਾਦੀ ਅਨੁਭਵ ਦੇ ਮਨੋਵਿਗਿਆਨਕ ਪੱਖ ਤੋਂ ਇਸ਼ਕ ਦਾ ਅਰਥ ਆਪਣੇ ਆਪੇ ਦੀਆਂ ਸੀਮਾਵਾਂ ਨੂੰ ਉਲੰਘ ਕੇ ਆਪਣੇ ਤੋਂ ਬਾਹਰਲੇ ਕਿਸੇ ਸੱਚ ਨਾਲ ਅਭੇਦ ਹੋ ਜਾਣ ਅਤੇ ਇਉਂ ਆਪਣੇ ਅਸਤਿੱਤਵ ਦੇ ਸੰਤਾਪ ਤੋਂ ਮੁਕਤ ਹੋ ਜਾਣ ਦੀ ਇੱਛਾ ਕਿਹਾ ਜਾ ਸਕਦਾ ਹੈ।"[18]

ਫ਼ਰੀਦ ਅਨੁਸਾਰ ਜਿਹੜੇ ਸਾਧਕ ਖ਼ੁਦਾ ਦੇ ਇਸ਼ਕ ਵਿਚ ਸਰਸ਼ਾਰ ਹਨ ਅਤੇ ਜਿਨ੍ਹਾਂ ਦੇ ਮਨ ਵਚਨ ਤਥਾ ਕਰਮ ਵਿਚ ਪੂਰੀ ਇਕਸੁਰਤ੍ਾ ਹੈ ਉਹ ਉੱਤਮ ਅਤੇ ਸ੍ਰੇਸ਼ਟ ਹਨ। ਜਿਨ੍ਹਾਂ ਵਿਅਕਤੀਆਂ ਦੇ ਆਚਰਣ ਵਿਚ ਸਥਿਰਤਾ ਨਹੀਂ ਅਤੇ ਜੋ ਕਥਨ ਅਤੇ ਕਰਮ ਵਿਚ ਇਕਸੁਰਤਾ ਨੂੰ ਆਪਣੀ ਜ਼ਿੰਮੇਦਾਰੀ ਨਹੀਂ ਸਮਝਦੇ ਉਹ ਕੱਚੇ ਹਨ ਕਿਉਂ ਜੋ ਉਹ ਸੱਚੇ ਇਸ਼ਕ ਤੋਂ ਵੰਚਿਤ ਸਨ। ਸੱਚੀ ਪ੍ਰੀਤ ਜਾਂ 'ਸਾਈਂ ਸਿਉਂ ਪਿਰਹੜੀ' ਜਾਂ ਖ਼ੁਦਾਈ ਇਸ਼ਕ ਇਕ ਚਮਤਕਾਰੀ ਰਸਾਇਣ ਹੈ ਜੋ ਜੋਬਨ ਨੂੰ ਪ੍ਰਫੁੱਲਤਾ ਪ੍ਰਦਾਨ ਕਰਦੀ ਹੈ। ਲਬ ਜਾਂ ਲੋਭ ਦਾ ਅਜਿਹੀ ਪ੍ਰੀਤ ਨਾਲ ਕੋਈ ਸੰਬੰਧ ਨਹੀਂ। ਸੱਚੀ ਪ੍ਰੀਤ ਤੋਂ ਵੰਚਿਤ ਜੋਬਨ ਵਿਚ ਸਿਥਿਲਤਾ ਆ ਜਾਂਦੀ ਹੈ।"[19] ਇਹ ਵਿਚਾਰ ਇਨ੍ਹਾਂ ਅਰਥਾਂ ਵਿਚ ਸਾਰਥਿਕ ਹੈ ਕਿ ਜਿਹੜਾ ਸੂਫੀ ਅੰਦਰੋਂ ਬਾਹਰੋਂ ਇਸ਼ਕ ਭਾਵਨਾ ਨਾਲ ਜੁੜਦਾ ਹੈ, ਉਸ ਅੰਦਰੋਂ ਲਬ, ਪਾਪ ਮਿੱਟ ਜਾਂਦੇ ਹਨ। ਇਕ ਉਚੇਰੀ ਮਾਨਸਿਕ ਅਵਸਥਾ ਪ੍ਰਗਟ ਹੋ ਜਾਂਦੀ ਹੈ। ਅਜਿਹੀ ਅਸਤਿਤਵੀ ਅਵਸਥਾ ਵਿਚ ਸੂਫੀ ਮਾਨਵ ਵਡੇਰੇ ਗੁਣਾਂ ਦਾ ਧਾਰਨੀ ਹੋ ਜਾਂਦਾ ਹੈ। ਇਸ਼ਕ ਕਰ ਰਿਹਾ ਮਾਨਵ ਬਾਹਰਲੇ ਵਿਕਾਰਾਂ ਤੋਂ ਮੁੱਕਤ ਹੋ ਜਾਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਇਸ਼ਕ ਸੂਫੀ ਦਾ ਆਦਰਸ਼ ਤਾਂ ਹੈ ਹੀ ਪਰ ਇਹੀ ਆਦਰਸ਼ ਉਸ ਅੰਦਰ ਪਾਰਗਾਮੀ ਅਵਸਥਾ ਵੀ ਪੈਦਾ ਕਰ ਦੇਂਦਾ ਹੈ।

ਇਸ਼ਕ ਅਤੇ ਬ੍ਰਿਹਾ ਇਕ ਦੂਜੇ ਦੇ ਸਮਰੂਪ ਹਨ। ਜੇ ਬ੍ਰਿਹਾ ਹੈ ਤਾਂ ਸਮਝੋ ਇਸ਼ਕ ਦੀ ਤਿੱਖੀ ਤੜਪ ਹੈ। ਇਸ਼ਕ ਦਾ ਜਜ਼ਬਾ ਅਤੇ ਇਸ ਜਜ਼ਬੇ ਅੰਦਰਲੀ

ਚੀਸ ਹੀ ਸੂਫੀ ਮਾਨਵ ਦਾ ਆਦਰਸ਼ ਹੈ। ਡਾ. ਰਤਨ ਸਿੰਘ ਜੱਗੀ ਸੂਫੀ ਦੀ ਤੜਪ ਨੂੰ ਬੁਨਿਆਦੀ ਆਦਰਸ਼ ਸਵੀਕਾਰਦੇ ਹੋਏ ਵਿਚਾਰ ਚਰਚਾ ਕਰਦੇ ਹਨ ਕਿ, ''ਸੂਫੀ ਕਾਵਿ ਵਿਚ ਔਰਤ ਮਰਦ ਦੇ ਵਿਯੋਗ ਦੇ ਰੂਪਕ ਰਾਹੀਂ ਜੀਵ ਤੇ ਬ੍ਰਹਮ ਦੇ ਵਿਯੋਗ ਨੂੰ ਪ੍ਰਤੀਕ ਰੂਪ ਵਿਚ ਸਿਰਜਿਆ ਗਿਆ ਹੈ। ਫ਼ਰੀਦ ਜੀ ਨੇ ਪਤੀ-ਪਤਨੀ ਦੇ ਰੂਪਕ ਪ੍ਰਬੰਧ ਰਾਹੀਂ ਬਿਰਹੋਂ ਦ ਤੀਖਣ ਭਾਵਾਂ ਦੀ ਅਦਿਭਵਿਅਕਤੀ ਕੀਤੀ ਹੈ। ਸ਼ਾਹ ਹੁਸੈਨ ਨੇ ਕੰਵਾਰੀ ਕੁੜੀ ਦਾ ਪ੍ਰਤੀਕ ਪ੍ਰਬੰਧ ਸਿਰਜਿਆ ਹੈ ਜਿਸ ਨੇ ਆਪਣੇ ਮਾਹੀ ਨੂੰ ਰੀਝਾਉਣ ਲਈ ਦਾਜ ਬਣਾਉਣਾ ਹੈ। ਬੁਲ੍ਹੇ ਸ਼ਾਹ ਨੇ ਵੀ ਬਿਰਹਣ ਦਾ ਰੂਪਕ ਸਿਰਜਿਆ ਹੈ। ਉਸ ਨੇ ਸਥਾਈ ਵਾਲੀ ਪੰਗਤੀ 'ਦਿਲ ਲੋਚੇ ਮਾਹੀ ਯਾਰ ਨੂੰ' ਵਿਚ ਹੀ ਇੱਕ ਬੁਨਿਆਦੀ ਮੋਟਿਫ਼ ਸਿਰਜ ਲਿਆ ਹੈ ਅਤੇ ਫਿਰ ਇਸ ਦੇ ਦਵਾਲੇ ਥੀਮ ਦੀ ਉਸਾਰੀ ਕੀਤੀ ਹੈ। ਪ੍ਰਗੀਤਕਾਰ ਵੀ ਇਕੋ ਬੁਨਿਆਦੀ ਮੋਟਿਫ ਵਿਚੋਂ ਥੀਮ ਦੀ ਉਸਾਰੀ ਕਰਦੇ ਹਨ। ਸ਼ਾਹ ਹੁਸੈਨ ਦੀਆਂ ਵਧੇਰੇ ਕਾਫ਼ੀਆਂ ਵਿਚ ਇਸੇ ਜੁਗਤ ਨੂੰ ਅਪਣਾਇਆ ਗਿਆ ਹੈ। ਇਸ ਕਾਫ਼ੀ ਵਿਚ ਪਤਨੀ/ਪ੍ਰੇਮਿਕਾ ਦੀ ਮਾਹੀ ਯਾਰ ਲਈ ਤੜਪ ਦਾ ਹਿਰਦੇ-ਵੇਧਕ ਬਿਆਨ ਹੈ।''[20] ਤਿੱਖੀ ਇਸ਼ਕ ਭਾਵਨਾ, ਬਿਰਹਣ ਦੀਆਂ ਚੀਸਾਂ ਅਤੇ ਦਿਲ ਲੋਚੇ ਯਾਰ ਨੂੰ ਵਾਲਾ ਜਜ਼ਬਾ ਹੀ ਸੂਫੀ ਮਾਨਵ ਨੂੰ ਮਿਲਾਪ ਦੀ ਅਵਸਥਾ ਤਕ ਲੈ ਜਾਂਦਾ ਹੈ। ਮੂਲ ਮੰਜ਼ਿਲ ਪ੍ਰਭੂ ਪ੍ਰੀਤਮ ਨੂੰ ਪਾਉਣਾ ਹੈ, ਇਹੀ ਉਸ ਦਾ ਆਦਰਸ਼ ਹੈ ਅਤੇ ਇਸ ਆਦਰਸ਼ ਦੀ ਪੂਰਤੀ ਲਈ ਇਸ਼ਕ ਅਤੇ ਵਿਯੋਗ ਉਸ ਦਾ ਮਾਧਿਅਮ ਹੈ। ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ਼ਕ ਅਤੇ ਵਿਯੋਗ ਦੀ ਸਿਖਰ ਹੀ ਸੂਫੀ ਨੂੰ ਆਦਰਸ਼ਵਾਦੀ ਬਣਾਉਂਦੀ ਹੈ। ਡਾ. ਰਤਨ ਸਿੰਘ ਜੱਗੀ ਸੂਫੀ ਕਾਵਿ ਵਿਚ ਪਤਨੀ/ਪ੍ਰੇਮਿਕਾ ਦੀ ਮਾਹੀ ਯਾਰ ਲਈ ਤੜਪ ਨੂੰ ਇਸ ਤਰ੍ਹਾਂ ਬਿਆਨਦੇ ਹਨ। ਇਸੇ ਤਰ੍ਹਾਂ ਡਾ. ਅਤਰ ਸਿੰਘ ਆਪਣੇ ਲੇਖ ''ਸ਼ਾਹ ਹੁਸੈਨ ਦਾ ਕਾਵਿ-ਅਨੁਭਵ'' ਵਿਚ ਸੂਫੀਆਂ ਦੇ ਪ੍ਰੇਮੀ-ਪ੍ਰੇਮਿਕਾ ਦੇ ਸੰਬੰਧਾਂ ਨੂੰ ਆਦਰਸ਼ਕ ਮੰਨਦੇ ਹੋਏ ਬ੍ਰਿਹਾ ਨੂੰ ਮੂਲ ਸ਼ਕਤੀ ਕਹਿੰਦੇ ਹਨ। ਉਨ੍ਹਾਂ ਦੀ ਧਾਰਨਾ ਹੈ ਕਿ ਪ੍ਰੇਮਿਕਾ ਦਾ ਨਿਸ਼ੰਗ ਪ੍ਰਗਟਾਵਾ, ਭਾਵਾਂ ਦੀ ਬਿਹਬਲਤਾ ਤੇ ਤਰਲਤਾ, ਅਹਿਸਾਸਾਂ ਦੀ

ਨਿੱਘ ਅਤੇ ਅਪਣਤ ਭਰਿਆ ਬਿਆਨ ਸੂਫੀ ਕਵਿਤਾ ਦਾ ਆਦਰਸ਼ਕ ਪਾਸਾਰ ਹੈ। ਡਾ. ਅਨਵਰ ਚਿਰਾਗ ਉਸ ਨੂੰ ਆਦਰਸ਼ਕ ਸੂਫੀ ਮਾਨਵ ਮੰਨਦੇ ਹਨ ਜਿਸ ਦਾ ਦਿਲ ਦਮਾਗ ਨਫਸਾਨੀ ਬੁਰਾਈਆਂ ਤੋਂ ਪਾਕ ਹੋਵੇ। ਉਨ੍ਹਾਂ ਦੇ ਸ਼ਬਦਾਂ ਵਿਚ, ''ਸੂਫੀ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸਦਾ ਦਿਲ ਤਮਾਮ ਨਫ਼ਸਾਨੀ ਬੁਰਾਈਆਂ ਤੋਂ ਪਾਕ ਹੋਵੇ ਅਤੇ ਉਸਨੂੰ ਰੱਬ ਦੀ ਮਾਰਫ਼ਤ ਅਤੇ ਉਸਦਾ ਵਿਸਾਲ ਹਾਸਲ ਹੋਵੇ। ਇਸ ਤਰ੍ਹਾਂ ਤਸੱਵੁਫ਼ ਦਾ ਮੁੱਖ ਮੰਤਵ ਦਿਲ ਨੂੰ ਗ਼ੈਰ-ਅੱਲਾਹ ਤੋਂ ਪਾਕ ਕਰਕੇ ਰੱਬੀ ਨੇੜਤਾ ਪ੍ਰਾਪਤ ਕਰਨਾ ਹੈ। ਇਸਲਾਮੀ ਵਿਚਾਰਧਾਰਾ ਦੇ ਅੰਤਰਗਤ ਇਸ ਆਦਰਸ਼ ਦੀ ਪੂਰਤੀ ਲਈ ਜਿਸ ਵਿਧੀ-ਵਿਧਾਨ ਦਾ ਪ੍ਰਯੋਗ ਕੀਤਾ ਜਾਂਦਾ ਹੈ, ਉਸਨੂੰ ਤਸੱਵੁਫ਼ ਕਿਹਾ ਜਾਂਦਾ ਹੈ। ਸੂਫ਼ੀ ਚਿੰਤਨ ਦੀ ਇਹ ਵਿਲੱਖਣੀ ਵਿਸ਼ੇਸ਼ਤਾ ਹੈ ਕਿ ਇਸ ਦੁਆਰਾ ਪੇਸ਼ ਦਰਸ਼ਨ ਅੱਖਰ-ਗਿਆਨ ਹੀ ਨਹੀਂ ਬਲਕਿ ਅਨੁਭਵ ਅਤੇ ਇਲਹਾਮ ਤੇ ਆਧਾਰਿਤ ਵੀ ਹੈ। ਇਸਦਾ ਸ੍ਰੋਤ ਦ੍ਰਿਸ਼ਟ ਅਤੇ ਅਦ੍ਰਿਸ਼ਟ ਦੋਵੇਂ ਜਗਤ ਹਨ। ਸੂਫ਼ੀਵਾਦ ਦਾ ਨਿਕਾਸ ਤੇ ਵਿਕਾਸ ਪੂਰਨ ਰੂਪ ਵਿਚ ਇਸਲਾਮੀ ਚਿੰਤਨ 'ਤੇ ਆਧਾਰਿਤ ਹੈ। ਅਤਿਅੰਤ ਇਬਾਦਤ, ਰਜ਼ਾ-ਏ-ਇਲਾਹੀ ਵਿਚ ਰਾਜ਼ੀ ਰਹਿਣਾ, ਨਫ਼ਸਾਨੀ ਖ਼ਾਹਿਸ਼ਾਂ ਦਾ ਤਿਆਗ, ਆਤਮਿਕ ਸ਼ੁੱਧਤਾ, ਤਰਕ-ਏ-ਦੁਨੀਆਂ ਅਰਥਾਤ ਦੁਨਿਆਵੀ ਬੁਰਾਈਆਂ ਦਾ ਤਿਆਗ ਅਤੇ ਇਖ਼ਲਾਕੀ ਆਚਾਰ-ਵਿਚਾਰ ਦੀ ਉਤਮਤਾ ਸੂਫ਼ੀਆਨਾ ਜੀਵਨ-ਜਾਚ ਦੇ ਮੂਲ-ਪਛਾਣ ਚਿੰਨ੍ਹ ਹਨ।''[21] ਸਪੱਸ਼ਟ ਹੀ ਹੈ ਕਿ ਆਦਰਸ਼ਕ ਸੂਫੀ ਜਗਿਆਸੂ ਉਹ ਹੈ ਜੋ ਰੱਬੀ ਨੇੜਤਾ ਪ੍ਰਾਪਤ ਕਰਨ ਲਈ ਉਸ ਪ੍ਰੀਤਮ ਨਾਲ ਇਸ਼ਕ ਕਰੇ ਅਤੇ ਆਦਰਸ਼ ਦੀ ਪੂਰਤੀ ਲਈ ਅੰਦਰਲੇ ਵਿਕਾਰਾਂ ਤੋਂ ਪਾਕ ਵੀ ਹੋਵੇ। ਡਾ. ਹਰਜਿੰਦਰ ਸਿੰਘ ਢਿਲੋਂ ਸੂਫੀ ਦੇ ਰੱਬੀ ਇਸ਼ਕ ਨੂੰ ਇੰਜ ਪਰਿਭਾਸ਼ਿਤ ਕਰਦੇ ਹਨ ਕਿ, ''ਸੂਫੀ ਸਾਹਿਤ ਦੀ ਆਧਾਰ-ਸ਼ਿਲਾ ਰੱਬੀ ਇਸ਼ਕ ਹੈ। ਇਸ ਨੁਕਤੇ ਤੋਂ ਗੱਲ ਤੁਰਦੀ ਤੁਰਦੀ ਰੱਬੀ ਮਿਲਾਪ ਦੀ ਸਥਿਤੀ ਵਿਚ ਜਾ ਸਮਾਪਤ ਹੁੰਦੀ ਹੈ। ਸੂਫ਼ੀ ਇਕ ਸੱਚਾ ਆਸ਼ਿਕ ਹੈ ਜੋ ਆਪਣੇ ਪ੍ਰੀਤਮ ਪ੍ਰਤਿ ਇਸ਼ਕ ਦੀ ਸਾਧਨਾ ਵਿਚ ਲੀਨ ਰਹਿੰਦਾ ਹੈ। ਰੱਬ ਪ੍ਰਤਿ ਇਸ਼ਕ ਦਾ ਪ੍ਰਗਟਾਅ ਇਕ ਸਾਲਿਕ

ਦੇ ਕਰਮਾਂ ਅਤੇ ਬਚਨਾਂ ਦੋਹਾਂ ਦੁਆਰਾ ਹੀ ਹੋਣਾ ਲੋੜੀਂਦਾ ਹੈ।''[22] ਉਹ ਇਸੇ ਧਾਰਨਾ ਨੂੰ ਇਸ ਤਰ੍ਹਾਂ ਵੀ ਪ੍ਰਗਟਾਉਂਦੇ ਹਨ ਕਿ, ''ਇਕ ਸੂਫੀ ਵਾਸਤੇ ਰੱਬੀ ਇਸ਼ਕ ਇਕ ਅਜਿਹੀ ਮਦੁਰਾ ਹੈ ਜਿਹੜੀ ਉਸ ਨੂੰ ਸਦਾ ਉਸ ਦੇ ਪ੍ਰੀਤਮ ਦੇ ਸਨਮੁਖ ਰਖਦੀ ਹੈ। ਰੱਬੀ ਇਸ਼ਕ ਸੀਮਾਵਾਂ ਤੋਂ ਮੁਕਤ ਹੈ। ਰੱਬੀ ਇਸ਼ਕ ਮਾਨਵ ਆਤਮਾ ਦੀ ਅਜਿਹੀ ਪੂੰਜੀ ਹੈ ਜਿਸ ਦੇ ਖੁਸਿਆਂ ਅਥਵਾ ਜਿਸ ਦੀ ਅਣਹੋਂਦ ਕਾਰਣ ਸਮਸਤ ਸੰਸਾਰਕ ਦੁੱਖ ਅਤੇ ਸੰਤਾਪ ਜਗ੍ਰਿਤ ਹੋ ਉਠਦੇ ਹਨ।''[23]

ਡਾ. ਗੁਰਦੇਵ ਸਿੰਘ ਲਿਖਦੇ ਹਨ ਕਿ, ''ਇਸ਼ਕ ਵਿਚ 'ਮੈਂ' ਤੇ 'ਤੂੰ' ਨਿਰਾਰਥਕ ਹੋ ਜਾਂਦੇ ਹਨ, ਹਰ ਪਾਸੇ ਯਾਰ ਹੀ ਯਾਰ ਦਿਸਦਾ ਹੈ; ਇਸ਼ਕ ਸਜਦੇ, ਸਲਾਮਾਂ ਤੇ ਹੋਰ ਔਪਚਾਰਿਕਤਾਵਾਂ ਵੀ ਭੁਲਾ ਦਿੰਦਾ ਹੈ; ਉਹ ਮੋਮਿਨ-ਕਾਫ਼ਿਰ ਦੇ ਵਿਰੋਧ ਨੂੰ ਵੀ ਬਹੁਤ ਹੇਠਾਂ ਛੱਡ ਜਾਂਦਾ ਹੈ; ਉਸ ਨੂੰ ਪ੍ਰਵਾਹ ਹੈ ਤਾਂ ਕੇਵਲ ਇਕਮਿਕਤਾ ਦੀ, ਆਤਮਾ (ਰੂਹ) ਤੇ ਪਰਮਾਤਮਾ (ਰੱਬ) ਦੇ ਇਕ ਹੋ ਜਾਣ ਦੀ। ਹੀਰ ਤੇ ਰਾਂਝੇ ਦੇ ਰੁਪਕ ਦੀ ਸਹਾਇਤਾ ਨਾਲ ਇਸ ਰੂਹਾਨੀ ਕੈਫ਼ੀਅਤ ਨੂੰ ਸਮਝਾਇਆ ਗਿਆ ਹੈ।''[24]

ਸੱਯਦ ਅਲੀ ਅੱਬਾਸ ਸੂਫੀਆਂ ਦੀ ਇਸ਼ਕ ਭਾਵਨਾ ਨੂੰ ਇਖ਼ਲਾਕ ਦੀ ਗੌਰਵਤਾ ਨਾਲ ਜੋੜਦਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਇਸ਼ਕ ਸੂਫੀ ਅੰਦਰ ਹੁਸਨ ਅਤੇ ਇਸ਼ਕ ਦੀਆਂ ਲਾਟਾਂ ਬਾਲ ਦੇਂਦਾ ਹੈ। ਖ਼ੁਦੀ ਦਾ ਖੋਟ ਕੱਢ ਦੇਂਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, ''ਸੂਫੀਆਂ ਨੇ ਇਸ਼ਕ ਮਜ਼ਾਜ਼ੀ ਨੂੰ ਇਸ਼ਕ ਹਕੀਕੀ ਦਾ ਪੁਲ ਆਖਿਆ ਹੈ। ਉਹ ਕਹਿੰਦੇ ਹਨ ਕਿ ਕਿਸੇ ਬੰਦੇ ਨਾਲ ਪਿਆਰ ਕੀਤੇ ਬਿਨਾਂ ਰੱਬ ਨਾਲ ਪਿਆਰ ਨਹੀਂ ਪਾਇਆ ਜਾ ਸਕਦਾ। ਰੱਬ ਹੀ ਮਹਿਬੂਬ ਇ-ਅਜ਼ਲੀ ਹੈ, ਜਿਸਦੇ ਹੁਸਨ ਦੀਆਂ ਲਾਟਾਂ ਨਾਲ ਇਹ ਸਾਰਾ ਜੱਗ ਲਿਸ਼ਕ ਰਿਹਾ ਹੈ, ਜੁਨੈਦ ਬਗ਼ਦਾਦੀ, ਰਾਬਆ ਬਸਰੀ, ਸ਼ੱਮਸ਼ ਤਬਰੇਜ਼, ਮੌਲਾਨਾ ਰੂਮ ਤੇ ਅਬਦੁਰ ਰਹਿਮਾਨ ਜਾਮੀ ਨੇ ਬੜੇ ਜੋਸ਼-ਖ਼ਰੋਸ਼ ਨਾਲ ਇਸ਼ਕ ਹਕੀਕੀ ਦੇ ਗੁਣ ਗਾਏ ਹਨ। ਉਹ ਕਹਿੰਦੇ ਹਨ ਕਿ ਬੰਦੇ ਦਾ ਇਖ਼ਲਾਕ ਵੀ ਇਸ਼ਕ ਬਗ਼ੈਰ ਸੰਵਾਰਿਆ ਨਹੀਂ ਜਾ

ਸਕਦਾ। ਇਸ਼ਕ ਬੰਦੇ ਦੇ ਦਿਲ ਵਿਚੋਂ ਆਕੜ ਤੇ ਖ਼ੁਦੀ ਦਾ ਖੋਟ ਕਪਟ ਕੱਢ ਦੇਂਦਾ ਹੈ ਤੇ ਉਸ ਨੂੰ ਲੋਕ-ਪਿਆਰ ਦਾ ਸਬਕ ਦੇਂਦਾ ਹੈ।''[25] ਮੂਲ ਵਿਚਾਰ ਇਹ ਹੈ ਕਿ ਇਸ਼ਕ ਸੂਫੀ ਅੰਦਰੋਂ ਖ਼ੁਦੀ ਦਾ ਖੋਟ ਮਿਟਾ ਦੇਂਦਾ ਹੈ। ਸੱਯਦ ਅਲੀ ਅੱਬਾਸ ਦਾ ਇਹ ਵਿਚਾਰ ਵੀ ਪ੍ਰਾਸੰਗਿਕ ਹੈ ਕਿ ਖ਼ੁਦਾ ਨੇ ਇਸ਼ਕ ਕਰਕੇ ਹੀ ਕਾਇਨਾਤ ਬਣਾਈ ਸੀ ਅਤੇ ਉਸਦੀ ਕਾਇਨਾਤ ਦਾ ਮਾਨਵ ਜਦੋਂ ਉਸ ਨਾਲ ਇਸ਼ਕ ਕਰਦਾ ਹੈ ਤਾਂ ਆਦਰਸ਼ਕ ਰਿਸ਼ਤੇ ਦੀ ਪ੍ਰਤੀਤੀ ਹੁੰਦੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, ''ਸੂਫੀ ਕਹਿੰਦੇ ਹਨ ਕਿ ਇਸ਼ਕ ਦੇ ਪਾਰੋਂ ਹੀ ਇਹ ਕਾਇਨਾਤ ਬਣਾਈ ਗਈ ਸੀ। ਖ਼ੁਦਾ ਨੇ ਜਦੋਂ ਰੂਹਾਂ ਨੂੰ ਪੈਦਾ ਕੀਤਾ, ਉਨ੍ਹਾਂ ਤੋਂ ਪੁੱਛਿਆ ਕਿ ਮੈਂ ਤੁਹਾਡਾ ਰੱਬ ਹਾਂ ਕਿ ਨਹੀਂ, ਉਹਨਾਂ ਜਵਾਬ ਦਿੱਤਾ, 'ਹਾਂ' ਏਥੋਂ ਰੱਬ ਤੇ ਰੂਹਾਂ ਦੇ ਵਿਚਕਾਰ ਇਕ ਮੀਸਾਕ ਯਾ ਇਕਰਾਰ ਹੋ ਗਿਆ। ਇਹ ਇਕਰਾਰ ਇਸ਼ਕ ਦਾ ਸੀ ਤੇ ਏਸ ਨਾਲ ਹਰ ਬੰਦੇ ਉਤ ਰੱਬ ਨਾਲ ਇਸ਼ਕ ਕਰਨਾ ਫ਼ਰਜ਼ ਹੋ ਗਿਆ ਸੀ।''[26]

ਸੂਫੀ ਵਿਚਾਰਧਾਰਾ ਦੇ ਖੋਜੀ ਡਾ. ਕਾਲਾ ਸਿੰਘ ਬੇਦੀ ਸੂਫੀਆਂ ਦੀ ਇਸ਼ਕ ਭਾਵਨਾ ਨੂੰ ਉਨ੍ਹਾਂ ਦੀ ਜ਼ਾਤ ਨਾਲ ਜੋੜਦੇ ਹਨ ਕਿ ਇਸ਼ਕ ਦੇ ਝਰੋਖੇ ਵਿਚੋਂ ਸੂਫੀ ਆਪਣਾ ਆਦਰਸ਼/ਲਕਸ਼ ਪ੍ਰਾਪਤ ਕਰਦਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਮੰਜ਼ਿਲ ਇਲਾਹੀ ਦਾ ਆਦਰਸ਼ ਹੀ ਸੂਫੀ ਦੀ ਮੁੱਕਤੀ ਹੈ ਅਤੇ ਆਪਣੇ ਇਸ ਆਦਰਸ਼ ਦੀ ਪੂਰਤੀ ਵਿਚੋਂ ਹੀ ਉਹ ਦੁਨਿਆਵੀ ਕਲੇਸ਼ਾਂ ਤੋਂ ਪਾਰ ਜਾਂਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ, ''ਪਰਮਾਤਮਾ ਦੀ ਪ੍ਰਾਪਤੀ ਲਈ ਸੂਫ਼ੀਆਂ ਨੇ ਇਸ਼ਕ ਨੂੰ ਪ੍ਰਾਥਮਿਕਤਾ ਦਿੱਤੀ ਹੈ ਅਤੇ ਇਸ਼ਕ ਦਾ ਬੁਨਿਆਦੀ ਰੂਪ ਇਸ਼ਕ ਮਜਾਜ਼ੀ ਹੈ, ਜੋ ਅੱਗੇ ਚਲ ਕੇ ਇਸ਼ਕ ਹਕੀਕੀ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ਼ਕ ਹਕੀਕੀ ਹੀ ਉਹ ਰਾਹ ਏ ਜੋ ਸੱਚਖੰਡ (ਮੰਜ਼ਿਲ ਇਲਾਹੀ) ਤਕ ਨਿਰਵਿਘਨ ਪਹੁੰਚਾ ਦਿੰਦਾ ਹੈ, ਕਿਉਂਕਿ ਸਾਲਿਕ ਇਸ਼ਕ ਹਕੀਕੀ ਦੇ ਅਸਰ ਅਧੀਨ ਹਰ ਮੁਸੀਬਤ, ਦੁੱਖ, ਕਲੇਸ਼, ਦੁਨੀਆਵੀ ਲਗਾਵਾਂ ਦਾ ਟਾਕਰਾ ਕਰਦਾ ਹੈ ਤੇ ਕਿਸੇ ਜਾਲ ਵਿਚ ਨਹੀਂ ਫਸਦਾ ਹੈ। ਸੂਫ਼ੀਆਂ ਨੇ ਲਕਸ਼ ਦੀ ਪ੍ਰਾਪਤੀ ਲਈ ਚਾਰ ਮੰਜ਼ਿਲਾਂ ਕਾਇਮ ਕੀਤੀਆਂ ਹਨ। ਇਸ਼ਕ ਹਕੀਕੀ ਦੇ ਕੁੱਠੇ

ਆਸ਼ਕ ਨੂੰ ਪਹਿਲੇ ਸ਼ਰੀਅਤ ਤੇ ਫਿਰ ਤਰੀਕਤ ਦੀ ਮੰਜ਼ਿਲ ਪਾਰ ਕਰਨੀ ਪੈਂਦੀ ਹੈ। ਇਸ ਤੋਂ ਅੱਗੇ ਮਾਰਫ਼ਤ ਵਿਚ ਦਾਖ਼ਲ ਹੋਣਾ ਪੈਂਦਾ ਹੈ। ਜਦ ਆਪੇ ਦੀ ਪਛਾਣ ਹੋ ਜਾਂਦੀ ਹੈ, ਤਦ ਸਾਲਿਕ ਮਾਰਫ਼ਤ ਤੋਂ ਅੱਗੇ ਚਲ ਕੇ ਹਕੀਕਤ ਦੇ ਸਾਗਰ ਵਿਚ ਆਪਣੀ ਜ਼ਾਤ ਨੂੰ ਫ਼ਨਾ ਕਰ ਦਿੰਦਾ ਹੈ। ਇਸ ਹਾਲਤ ਨੂੰ ਸੂਫ਼ੀ ਫ਼ਨ-ਫ਼ਿਲਾ ਦੀ ਹਾਲਤ ਕਹਿੰਦੇ ਹਨ।''[27] ਸਪੱਸ਼ਟ ਹੀ ਹੈ ਕਿ ਸੂਫੀ ਦਾ ਆਦਰਸ਼ ਉਸ ਦਾ ਇਸ਼ਕ ਹੈ ਜੋ ਉਸਨੂੰ ਮਹਿਬੂਬ ਦੀ ਨਜ਼ਰ ਵਿਚ ਪ੍ਰਵਾਣ ਕਰਵਾਉਂਦਾ ਹੈ। ਸੂਫੀ ਸ਼ਾਇਰੀ ਵਿਚ ਇਸ਼ਕ ਦੇ ਤਿੱਖੇ ਵੇਗ ਦਾ ਵਹਾਅ ਹੈ ਜੋ ਉਸ ਦੀ ਕਾਇਆ ਕਲਪ ਕਰਦਾ ਹੈ। ਸੂਫੀ ਦਾ ਆਦਰਸ਼ ਹੀ ਅੰਦਰੋਂ ਬਾਹਰੋਂ ਪਵਿੱਤਰ ਹੋ ਕੇ ਮੂਲ ਅਸਲੇ ਵਿਚ ਮਿਲ ਜਾਣਾ ਹੈ।

ਪੰਜਾਬੀ ਅਧਿਆਤਮਕ ਕਾਵਿ ਵਿਚ ਬਾਬਾ ਫਰੀਦ ਦੀ ਪਛਾਣ ਇਕ ਅਜਿਹੇ ਅਨੁਭਵੀ ਸੂਫੀ ਸੰਤ ਦੀ ਹੈ, ਜਿਸ ਨੇ ਅਨੁਭਵ ਦੀ ਪ੍ਰਮਾਣਕਤਾ ਰਾਹੀਂ ਰੱਬੀ ਰਾਹ ਦੀ ਸੋਝੀ ਪੁਆਈ ਹੈ। ਬਾਬਾ ਫ਼ਰੀਦ ਨੇ ਪ੍ਰਭੂ ਮਿਲਾਪ ਦਾ ਜੋ ਕੇਂਦਰੀ ਪੈਰਾਡਾਈਮ ਉਸਾਰਿਆ ਹੈ, ਉਸ ਪੈਰਾਡਾਈਮ ਨੂੰ ਬਾਣੀ ਸੰਸਾਰ ਅਤੇ ਭਗਤ ਬਾਣੀ ਵਿਚ ਮੂਲ ਪ੍ਰੇਰਕ ਮੰਨਿਆ ਗਿਆ ਹੈ। ਬਾਬਾ ਫ਼ਰੀਦ ਦੀ ਵਡਿਆਈ ਇਹ ਹੈ ਕਿ ਉਹ ਸਿਰਫ ਸੂਫੀ ਕਾਵਿ ਦਾ ਹੀ ਮੋਢੀ ਨਹੀਂ ਬਲਕਿ ਉਹ ਪੰਜਾਬ ਦੀ ਸਮੁੱਚੀ ਮੱਧਕਾਲੀ ਅਧਿਆਤਮਕ ਪਰੰਪਰਾ ਦਾ ਮੋਹਰੀ ਹੈ। ਉਸ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮਾਣਕ ਦਰਜਾ ਮਿਲਣਾ ਇਸੇ ਪ੍ਰਵਾਨਗੀ ਦਾ ਪ੍ਰਤੀਕ ਹੈ। ਬਾਬਾ ਫਰੀਦ ਦੀ ਬਾਣੀ ਵਿਚ ਬ੍ਰਿਹਾ ਦਾ ਜੋ ਮਾਡਲ ਉਸਾਰਿਆ ਗਿਆ ਹੈ, ਉਸ ਮਾਡਲ ਨੂੰ ਪੰਜਾਬ ਦੀ ਅਧਿਆਤਮਕ ਪਰੰਪਰਾ ਦੀ ਮੂਲ ਇਕਾਈ ਸਵੀਕਾਰਿਆ ਗਿਆ ਹੈ। ਬਾਣੀਕਾਰਾਂ ਨੇ ਫਰੀਦ ਬਾਣੀ ਨੂੰ ਆਤਮਸਾਤ ਕਰਦਿਆਂ ਅਗੋਂ ਜੋ ਨਵੇਂ ਪ੍ਰਵਚਨ ਉਸਾਰੇ ਹਨ, ਉਨ੍ਹਾਂ ਪ੍ਰਵਚਨਾਂ ਨੂੰ ਬਾਣੀ ਸੰਸਾਰ ਵਿਚ ਪਛਾਣ ਮਿਲੀ ਹੈ। ਇਹ ਤੱਥ ਬੜਾ ਸਵੀਕਾਰ ਕਰਨਯੋਗ ਹੈ ਕਿ ਫਰੀਦ ਬਾਣੀ ਅਨੁਭਵ, ਚਿੰਤਨ ਅਤੇ ਅਧਿਆਤਮਕ ਰਹੱਸਾਂ ਦੇ ਪ੍ਰਸੰਗ ਵਿਚ ਅਜਿਹੀ ਬਾਣੀ ਹੈ, ਜਿਸਦੇ ਆਰ ਪਾਰ ਪੰਜਾਬ ਦੀ

ਅਧਿਆਤਮਕ ਪਰੰਪਰਾ ਨੇ ਆਪਣਾ ਦੀਰਘ ਫੈਲਾਓ ਕੀਤਾ ਹੈ। ਦਿਲਚਸਪ ਤੱਤ ਇਹ ਵੀ ਹੈ ਕਿ ਫਰੀਦ ਨੇ ਜਿਸ ਬ੍ਰਿਹਾ ਨੂੰ ਆਪਣੀ ਰਚਨਾ ਦੇ ਇਕ ਅੰਗ ਵਜੋਂ ਉਸਾਰਿਆ ਹੈ, ਉਥੇ ਉਸ ਦੀ ਪਰੰਪਰਾ ਦੇ ਕਵੀਆਂ ਨੇ ਇਸ ਨੂੰ ਆਪਣੀ ਕੇਂਦਰੀ ਸੁਰ ਬਣਾ ਲਿਆ ਹੈ। ਮਿਸਾਲ ਵਜੋਂ ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਸੁਲਤਾਨ ਬਾਹੂ ਅਤੇ ਗੁਲਾਮ ਫ਼ਰੀਦ ਦੀ ਬਾਣੀ ਵਿਚ ਬ੍ਰਿਹਾ ਕੇਂਦਰੀ ਸੂਤਰ ਬਣ ਗਿਆ ਹੈ, ਜਿਵੇਂ:—

— ਨੀ ਸਈਓ ਮੈਨੂੰ ਢੋਲ ਮਿਲੇ ਤਾਂ ਜਾਪੈ,
ਬਿਰਹੁ ਬਲਾਇ ਘਤੀ ਤਨ ਅੰਦਰ,
ਮੈਂ ਆਪੇ ਹੋਈ ਆਵੈ।।1।।ਰਹਾਉ।
ਬਾਲਪਣ ਮੈਂ ਖੇਲ ਗਵਾਇਆ,
ਜੋਬਨ ਮਾਨ ਬਿਆਪੇ।
ਸਹੁ ਰਾਵਣ ਦੀ ਰੀਤ ਨ ਜਾਣੀ,
ਇਸ ਸੁੰਞੇ ਤਰਨਾਪੇ।1।
ਇਸ਼ਕ ਵਿਛੋੜੇ ਦੀ ਬਾਲੀ ਢਾਂਡੀ,
ਹਰਦਮ ਮੈਨੂੰ ਤਾਪੇ।
ਹਿਕਸ ਕਹੀ ਨਾਲ ਦਾਦ ਨ ਦਿਤੀ,
ਇਸ ਸੁੰਞੇ ਤਰਨਾਪੇ।2।
ਸਿੱਕਣ ਦੂਰ ਨ ਥੀਵੈ ਦਿਲ ਤੋਂ,
ਵੇਖਣ ਨੂੰ ਮਨ ਤਾਪੇ।
ਕਹੈ ਹੁਸੈਨ ਸੁਹਾਗਣਿ ਸਾਈਂ,
ਜਾਂ ਸਹੁ ਆਪ ਸੰਵਾਪੈ।3।।[28]

— ਫੂਕ ਮੁਸੱਲਾ ਭੰਨ ਸੁਟ ਲੋਟਾ,
ਨਾ ਫੜ ਤਸਬੀ ਕਾਸਾ ਸੋਟਾ,
ਆਸ਼ਕ ਕਹਿੰਦਾ ਦੇ ਦੇ ਹੋਕਾ,

ਤਰਕ ਹਲਾਲੋਂ ਖਾ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।
ਜਾਂ ਮੈਂ ਸਬਕ ਇਸ਼ਕ ਦਾ ਪੜਿਆ,
ਜਿਉੜਾ ਮਸਜਦ ਕੋਲੋਂ ਡਰਿਆ।
ਡੇਰੇ ਜਾ ਠਾਕਰ ਦੇ ਵੜਿਆ,
ਜਿਥੇ ਵਜਦੇ ਨਾਦ ਹਜ਼ਾਰ
ਇਸ਼ਕ ਦੀ ਨਵੀਓਂ ਨਵੀਂ ਬਹਾਰ।
ਵੇਦ ਪੁਰਾਣਾ ਪੜ੍ਹ ਪੜ੍ਹ ਥੱਕੇ,
ਸਿਜਦੇ ਕਰਦਿਆਂ ਘਸ ਗਏ ਮੱਥੇ,
ਨਾ ਰਬ ਤੀਰਥ ਨਾ ਰਬ ਮੱਕੇ,
ਜਿਸ ਪਾਇਆ ਤਿਸ ਨੂਰ ਜਮਾਲ।
ਇਸ਼ਕ ਦੀ ਨਵੀਓਂ ਨਵੀਂ ਬਹਾਰ।[29]

— ਦਿਲ ਦਾ ਖੂਨ ਪਿਲਾਵਣ ਆਸ਼ਕ
ਲਾ ਨਾ ਜਿਕਰ ਕਰਨ ਦਾ ਛਲ
ਓਹ ਕਿਉਂ ਕਰੇ ਹਵਾ ਜਿ ਮਸਤੀ,
ਚੁਕਦਾ ਚੰਦਨ ਬੂਰ ਸੰਦਲ।
ਵਿਚੇ ਛੁਰੇ ਉਜਾੜਾਂ ਬਾਰਾਂ,
ਵਿਚੇ ਵਸਦਿਆਂ ਮਾਰੂ ਥਲ।
ਪਰ ਜਿਤ ਵਲ ਛਿੱਕੇ ਸ਼ਰਫ਼ ਮੁਹਾਰਾਂ,
ਹਰ ਜਾ ਦਿਸਦਾ ਯਾਰ ਮਿਸਲ।[30]

ਇਨ੍ਹਾਂ ਉਪਰੋਕਤ ਕਾਵਿ ਤੁਕਾਂ ਅੰਦਰਲੀ ਬ੍ਰਿਹਾ ਦੀ ਤਿੱਖੀ ਅਗਨੀ ਜਿਥੇ ਇਸ ਗੱਲ ਦੀ ਪ੍ਰਤੀਕ ਹੈ ਕਿ ਸੂਫੀ ਕਵਿਤਾ ਦਾ ਕੇਂਦਰੀ ਬਲ ਵਿਜੋਗ ਅਤੇ ਬ੍ਰਿਹਾ ਉਪਰ ਟਿਕਿਆ ਹੈ, ਉਥੇ ਇਹ ਵੀ ਜ਼ਾਹਰ ਹੁੰਦਾ ਹੈ ਕਿ ਬਾਬਾ ਫ਼ਰੀਦ ਨੇ ਬ੍ਰਿਹਾ

ਦੇ ਸੰਕਲਪ ਦੀ ਜੋ ਰੇਖਾਕਾਰੀ ਕੀਤੀ ਹੈ, ਉਸ ਨੂੰ ਉਸ ਦੇ ਗੱਦੀਦਾਰ ਅਨੁਭਵੀ ਬਾਣੀਕਾਰਾਂ ਨੇ ਆਪਣਾ ਮੂਲ ਮਾਡਲ ਬਣਾਇਆ ਹੈ। ਬਾਬਾ ਫਰੀਦ ਦੇ ਬ੍ਰਿਹਾ ਦੇ ਪ੍ਰਗਟਾਵੇ ਨੂੰ ਸਿਰਫ ਸੂਫੀ ਕਵੀਆਂ ਨੇ ਹੀ ਨਹੀਂ ਬਲਕਿ ਗੁਰੂ ਸਾਹਿਬਾਨ ਨੇ ਵੀ ਆਪਣੀ ਬਾਣੀ ਵਿਚ ਵੀ ਕੇਂਦਰ ਬਿੰਦੂ ਬਣਾਇਆ ਹੈ। ''ਇਕ ਘੜੀ ਨਾ ਮਿਲਤੇ ਤਾ ਕਲਜੁਗਿ ਹੋਤਾ'' ਵਰਗਾ ਵਿਜੋਗ ''ਅੱਜ ਨਾ ਸੁਤੀ ਕੰਤ ਸਿਉ'' ਦੀ ਸੁੱਚ ਨੂੰ ਸਵੀਕਾਰ ਕਰਨ ਵਾਲਾ ਹੈ। ਫਰੀਦ ਬਾਣੀ ਨੇ ਬ੍ਰਿਹਾ ਨੂੰ ਜਿਸ ਉੱਦਾਤ ਭਾਵ ਨਾਲ ਜੋੜ ਦਿੱਤਾ ਹੈ, ਉਸ ਵਿਚੋਂ ਇਹੀ ਪ੍ਰਤੀਤੀ ਹੁੰਦੀ ਹੈ ਕਿ ਅਧਿਆਤਮਕ ਕਵਿਤਾ/ਬਾਣੀ ਦਾ ਕੇਂਦਰੀ ਪੈਰਾਡਾਈਮ ਹੀ ਬ੍ਰਿਹਾ ਅਤੇ ਵਿਜੋਗ ਹੈ। ਕਮਾਲ ਦਾ ਰਹੱਸ ਇਹ ਹੈ ਕਿ ਇਹ ਬ੍ਰਿਹਾ/ਵਿਜੋਗ ਭਾਵਨਾ ਸਿਰਫ ਅਧਿਆਤਮਕ ਕਵਿਤਾ ਵਿਚ ਹੀ ਨਹੀਂ ਸਗੋਂ ਪੰਜਾਬੀ ਕਿੱਸਾ ਕਾਵਿ ਪਰੰਪਰਾ ਵਿਚ ਵੀ ਅਨੂਠੇ ਰੰਗ ਵਿਚ ਉਘੜੀ ਹੈ। ਹਾਸ਼ਮ ਇਸ ਸੰਗਮ ਦਾ ਪ੍ਰਮਾਣਕ ਸ਼ਾਇਰ ਹੈ। ਉਸ ਦੇ ਕਿੱਸਿਆਂ ਵਿਚ ਅਤੇ ਸੂਫੀ ਸ਼ਾਇਰੀ ਵਿਚ ਬ੍ਰਿਹਾ ਏਨਾ ਪ੍ਰਚੰਡ ਹੈ ਕਿ ਲੌਕਿਕਤਾ ਅਤੇ ਪਾਰਲੌਕਿਕਤਾ ਇਕ ਦੂਜੇ ਦੇ ਅੰਗ ਸੰਗ ਜੁੜੀ ਪ੍ਰਤੀਤ ਹੋਣ ਲਗਦੀ ਹੈ। ਬ੍ਰਿਹਾ ਦਾ ਇਹ ਅਲੌਕਿਕ ਸੰਗਮ ਉਸੇ ਪਰੰਪਰਾ ਵਿਚੋਂ ਹੀ ਉਘੜਿਆ ਹੈ, ਜਿਸ ਪਰੰਪਰਾ ਦਾ ਕਾਮਲ ਮੋਢੀ ਕਵੀ ਬਾਬਾ ਫਰੀਦ ਸੀ। ਬ੍ਰਿਹਾ ਦਾ ਇਹ ਰੂਪ ਹਾਸ਼ਮ ਦੀ ਸ਼ਾਇਰੀ ਵਿਚੋਂ ਦੇਖੋ:—

— ਜੈਂ ਦੁਖ, ਪ੍ਰੇਮ ਤਿਨ੍ਹੇ ਹੱਥਿ ਆਇਆ,
ਇਸ ਦਿਲਬਰ ਦੀ ਸਰਕਾਰੋਂ।
ਖੁਸ਼ ਦਿਲ ਹੋ ਕਰ ਜ਼ਿਕਰ ਖੁਦਾ ਦਾ,
ਹੁਣ ਬਚਿਂ ਲਾਖ ਅਜ਼ਾਰੋਂ।
ਇਕ ਦੁਖ ਤੋਂ ਦੁਖ ਜਾਣ ਹਜ਼ਾਰਾਂ,
ਦੇਖ ਹਾਸਲ ਏਸ ਪਿਆਰੋਂ।
ਹਾਸ਼ਮ ਸ਼ਾਹ ਦੁਖ ਢੂੰਡ ਇਸ਼ਕ ਦਾ,

ਇਸ ਕਾਮਲ ਪਾਸ ਹਜ਼ਾਰੋਂ।15।[31]

— ਆਸ਼ਕ ਜੇਡ ਬਿਅਕਲ ਨ ਕੋਈ,
ਜਿਨ ਜਾਣ ਸਮਝ ਨਿਤ ਤਪਣਾ।
ਬੇਦ ਕੁਰਾਨ ਪੜ੍ਹੇ ਜਗ ਸਾਰਾ,
ਓਸ ਨਾਮ ਜਾਨੀ ਦਾ ਜਪਣਾ।
ਆਤਸ਼ ਲੈਣ ਬਿਗਾਨੇ ਘਰ ਦੀ,
ਤੇ ਫੂਕ ਦੇਵਣ ਘਰ ਅਪਣਾ।
ਹਾਸ਼ਮ ਸ਼ਾਹ ਕੀ ਹਾਸਲ ਇਸ਼ਕੋਂ,
ਐਵੇਂ ਮੁਫਤ ਬ੍ਰਿਹੋਂ ਵਿਚ ਖਪਣਾ।22।[32]

ਨਿਰਸੰਦੇਹ ਇਹ ਤੱਥ ਸਪੱਸ਼ਟ ਹੈ ਕਿ ਬਾਬਾ ਫਰੀਦ ਨੇ ਆਪਣੀ ਬਾਣੀ ਵਿਚ ਬ੍ਰਿਹਾ/ਵਿਜੋਗ ਨੂੰ ਜੋ ਥਾਂ ਦਿੱਤੀ ਹੈ, ਉਹ ਚਿੰਤਨ ਅਤੇ ਅਨੁਭਵ ਪੱਖੋਂ ਮੂਲ ਪ੍ਰੇਰਕ ਸ਼ਕਤੀ ਬਣੀ ਹੈ। ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਸੂਫੀ ਚਿੰਤਨ ਦਾ ਪਹਿਲਾ ਸੱਚ ਇਹ ਹੈ ਕਿ ਮਨੁੱਖ ਪਰਮਾਤਮਾ ਦਾ ਹੀ ਜੁਜ਼ ਸੀ ਅਤੇ ਪਰਮਾਤਮਾ ਵਿਚ ਲੀਨ ਰਹਿੰਦਿਆਂ ਉਹ ਇਲਾਹੀ ਰੰਗ ਵਿਚ ਰਹਿੰਦਾ ਸੀ ਪਰੰਤੂ ਉਸ ਦੇ ਕੋਲੋਂ ਕੋਈ ਅਜਿਹੀ ਖੁਨਾਮੀ ਹੋ ਜਾਂਦੀ ਹੈ ਜੋ ਵਿਛੋੜੇ ਦਾ ਕਾਰਨ ਬਣਦੀ ਹੈ। ਸੂਫ਼ੀ ਚਿੰਤਨ ਅਨੁਸਾਰ ਮਨੁੱਖੀ ਜਨਮ ਕਿਸੇ ਖੁਨਾਮੀ ਦੀ ਸਜ਼ਾ ਹੈ। ਫਰੀਦ ਇਸ ਵਿਛੜਨ ਭਾਵ ਨੂੰ ਇੰਜ ਪ੍ਰਗਟਾਉਂਦਾ ਹੈ:—

ਫਰੀਦਾ ਜਿ ਦਿਹ ਨਾਲਾ ਕਪਿਆ ਜੇ ਗਲੁ ਕਪਹਿ ਚੁਖ।
ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ।।76।।[33]

ਇਨ੍ਹਾਂ ਉਪਰੋਕਤ ਤੁਕਾਂ ਵਿਚ ਸਪੱਸ਼ਟ ਹੈ ਕਿ ਫਰੀਦ ਲਈ ਮਨੁੱਖੀ ਜਨਮ ਦੁਰਲੱਭ ਨਹੀਂ ਬਲਕਿ ਇਹ ਸਰਾਪ ਹੈ। ਉਹ ਮੰਨਦਾ ਹੈ ਕਿ ਰੱਬ ਕੋਲੋਂ ਨਿਖੜਨਾ ਹੀ ਦੁੱਖ ਦੀ ਸ਼ੁਰੂਆਤ ਹੈ। ਇਸੇ ਕਰਕੇ ਉਹ ਦਾਈ ਨੂੰ ਸੰਕੇਤਕ ਰੂਪ ਵਿਚ ਮਾਰਨ ਵਾਲੀ ਗੱਲ ਕਰਦਾ ਹੈ। ਰੱਬੀ ਜੋਤ ਵਿਚ ਰਹਿਣਾ ਫਰੀਦ ਲਈ ਸੁਖ ਹੈ

ਜਦਕਿ ਜਨਮ ਲੈਂਦਿਆਂ ਸਾਰ ਹੀ ਮਾਮਲੇ ਦਰਪੇਸ਼ ਹਨ, ਦੁਖ ਹਨ, ਪੀੜਾ ਹੈ ਅਤੇ ਕਾਲ ਦੀ ਪ੍ਰਵਾਹਮਾਨਤਾ ਵਿਚ ਸਰੀਰ ਦਾ ਖੁਰ ਜਾਣਾ ਹੈ। ਫਰੀਦ ਬਾਣੀ ਵਿਚ ਪਹਿਲਾ ਵਿਛੋੜਾ ਜਨਮ ਨਾਲ ਹੀ ਆਰੰਭ ਹੁੰਦਾ ਹੈ। ਫਰੀਦ ਜੀ ਅਤੇ ਬਾਣੀਕਾਰਾਂ ਵਿਚ ਭਾਵੇਂ ਵਿਛੋੜੇ ਦੀ ਸਥਿਤੀ ਇਕੋ ਜਿਹੀ ਹੈ ਪਰ ਮੂਲ ਫਰਕ ਇਹ ਹੈ ਕਿ ਜਿਥੇ ਫਰੀਦ ਇਸ ਮਨੁੱਖੀ ਜਨਮ ਨੂੰ ਧਾਰਨ ਕਰਨ ਸਮੇਂ ਪੀੜਾ ਗ੍ਰਸਤ ਹੈ, ਉਥੇ ਬਾਣੀਕਾਰ ਇਸ ਜਨਮ ਨੂੰ ਕਰਮ ਭੂਮੀ ਮੰਨਦੇ ਹੋਏ ਪ੍ਰਭੂ ਨਾਲ ਮੁੜ ਅਭੇਦ ਹੋਣ ਦੀ ਗੱਲ ਕਰਦੇ ਹਨ। ਬਾਣੀਕਾਰ ਅਤੇ ਸੂਫੀ ਸ਼ਾਇਰ ਵਿਛੋੜੇ ਨੂੰ ਭਾਵੇਂ ਇਕੋ ਜਿੰਨੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਪਰੰਤੂ ਮੂਲ ਫਰਕ ਪ੍ਰਭੂ ਨਾਲੋਂ ਵਿਛੜਨ ਸਮੇਂ ਦੀ ਸਥਿਤੀ ਦਾ ਹੈ। ਬਾਬਾ ਫਰੀਦ ਦੀ ਬਾਣੀ ਵਿਚ ਮਨੁੱਖੀ ਜਨਮ ਮਿਲਾਪ ਦਾ ਮਾਰਗ ਵੀ ਬਣਦਾ ਹੈ ਪਰ ਬੁਨਿਆਦੀ ਰੂਪ ਵਿਚ ਮਨੁੱਖੀ ਜਨਮ ਸਰਾਪ ਵਾਂਗ ਹੈ। ਇਹੀ ਕਾਰਣ ਹੈ ਕਿ ਬਾਬਾ ਫਰੀਦ ਨਾਲਾ ਦਬਾਉਣ ਦੀ ਗੱਲ ਕਰਦੇ ਹਨ। ਫਰੀਦ ਬਾਣੀ ਵਿਚ ਉਦੋਂ ਹੀ ਵਿਜੋਗ/ਬ੍ਰਿਹਾ ਦੀ ਤੜਪ ਪੈਦਾ ਹੋ ਜਾਂਦੀ ਹੈ ਜਦੋਂ ਮਨੁੱਖ ਇਸ ਦੇਹ ਰੂਪੀ ਹੋਂਦ ਵਿਚ ਪ੍ਰਗਟ ਹੁੰਦਾ ਹੈ।

ਫਰੀਦ ਬਾਣੀ ਵਿਚ ਬ੍ਰਿਹਾ ਦਾ ਬਿੰਬ ਜੋ ਜਨਮ ਤੋਂ ਬਾਅਦ ਉਦੈ ਹੋਇਆ ਹੈ, ਉਹ ਬੜਾ ਅਰਥ ਭਰਪੂਰ ਹੈ। ਫਰੀਦ ਅਨੁਸਾਰ ਬ੍ਰਿਹਾ ਦੀ ਪ੍ਰਤੀਤੀ ਉਸ ਮਨੁੱਖ ਤੋਂ ਹੁੰਦੀ ਹੈ, ਜਿਸ ਅੰਦਰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਉਹ ਆਪਣੇ ਮੂਲ ਨਾਲੋਂ ਨਿਖੜ ਗਿਆ ਹੈ। ਬਾਣੀ ਵਿਚ ਮੂਲ ਨੂੰ ਪਛਾਣਨ ਵੱਲ ਸੰਕੇਤ ਹੈ— ''ਮਨਿ ਤੂ ਜੋਤਿ ਸਰੂਪ ਹੈ, ਆਪਣਾ ਮੂਲਿ ਪਛਾਣ''। ਫਰੀਦ ਬਾਣੀ ਵਿਚ ਬ੍ਰਿਹਾ ਦੀ ਅਗਨੀ ਉਦੋਂ ਪ੍ਰਜਵਲਤ ਹੁੰਦੀ ਹੈ ਜਦੋਂ ਮਨੁੱਖ ਨੂੰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਉਹ ਆਪਣੇ ਮੂਲ ਤੋਂ ਨਿਖੜ ਗਿਆ ਹੈ। ਨਿਖੜਨ ਦਾ ਇਹ ਭਾਵ ਉਦੋਂ ਪ੍ਰਚੰਡ ਬ੍ਰਿਹਾ ਵਿਚ ਫੈਲਦਾ ਹੈ ਜਦੋਂ ਜਗਿਆਸੂ ਦੇ ਮਨ ਵਿਚ ਮੁੜ ਆਪਣੇ ਅਸਲੇ ਵਿਚ ਅਭੇਦ ਹੋਣ ਦੀ ਇੱਛਾ ਜਾਗਦੀ ਹੈ। ਫਰੀਦ ਬਾਣੀ ਦਾ ਪਹਿਲਾ ਪਾਸਾਰ ਹੀ ਵਿਛੋੜੇ ਦੇ ਭਾਵ ਤੋਂ ਵਿਕਸਿਤ ਹੁੰਦਾ ਹੈ। ਬ੍ਰਿਹਾ ਜਿਥੇ ਦੁੱਖ ਦਾ ਕਾਰਣ ਹੈ, ਉਥੇ

ਬ੍ਰਿਹਾ ਇਸ ਗੱਲ ਦਾ ਵੀ ਸੂਚਕ ਹੈ ਕਿ ਸੂਫੀ ਹੁਣ ਚੇਤਨਾ ਦੇ ਮਾਰਗ ਉਪਰ ਤੁਰ ਪਿਆ ਹੈ। ਫਰੀਦ ਬਾਣੀ ਵਿਚ ਇਹ ਸਪੱਸ਼ਟ ਸੰਕੇਤ ਹੈ ਕਿ ਉਹੀ ਪਲ ਸਾਰਥਕ ਹਨ ਜੋ ਬ੍ਰਿਹਾ ਦੀ ਤੜਪ ਵਿਚ ਗੁਜ਼ਰਦੇ ਹਨ। ਬ੍ਰਿਹਾ ਦੀ ਪਰਿਭਾਸ਼ਾ ਦੇਂਦੇ ਹੋਏ ਫਰੀਦ ਜੀ ਨੇ ਬ੍ਰਿਹਾ ਨੂੰ ਅਜਿਹਾ ਸੁਲਤਾਨ ਮੰਨ ਲਿਆ ਹੈ, ਜੋ ਸਾਰੀ ਦੇਹ ਅਤੇ ਕਾਇਨਾਤ ਨੂੰ ਅਰਥ ਦੇਣ ਵਾਲਾ ਸੂਤਰ ਹੋ ਨਿਬੜਿਆ ਹੈ:—

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।
ਫਰੀਦਾ ਜਿਤ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ।।[34]

ਇਨ੍ਹਾਂ ਉਪਰੋਕਤ ਸਤਰਾਂ ਵਿਚ ਬ੍ਰਿਹਾ ਮਨੁੱਖ ਲਈ ਪ੍ਰਾਣ ਤੱਤ ਬਣ ਗਿਆ ਹੈ। ਫਰੀਦ ਨੇ ਤਾਂ ਬ੍ਰਿਹਾ ਨੂੰ ਸਿਰਫ ਸੁਲਤਾਨ ਹੀ ਨਹੀਂ ਕਿਹਾ ਸਗੋਂ ਇਹ ਵੀ ਕਹਿ ਦਿਤਾ ਹੈ ਕਿ ਜਿਸ ਮਨੁੱਖ ਅੰਦਰ ਬ੍ਰਿਹਾ ਦੀ ਅਗਨੀ ਨਹੀਂ, ਉਹ ਸਰੀਰ ਹੀ ਮਸਾਣ ਹੈ। ਅਜਿਹੀ ਧਰਤੀ ਹੈ ਜੋ ਬੰਜਰ ਹੈ, ਸਰਾਪੀ ਹੋਈ ਹੈ। ਬ੍ਰਿਹਾ ਦੀ ਪੀੜਾ ਨੂੰ ਪਹਿਲੀ ਵਾਰ ਬਾਬਾ ਫਰੀਦ ਨੇ ਸਿਰਫ ਸਲਾਹਿਆ ਹੀ ਨਹੀਂ ਬਲਕਿ ਇਹ ਮੰਨਿਆ ਹੈ ਕਿ ਬ੍ਰਿਹਾ ਨਿਸ਼ਾਨੀ ਹੈ ਚੇਤਨਾ ਦੀ, ਪ੍ਰਭੂ ਨਾਲ ਅਭੇਦ ਹੋਣ ਦੀ ਇੱਛਾ ਹੈ।

ਨਿਰਸੰਦੇਹ ਫਰੀਦ ਬਾਣੀ ਵਿਚ ਬ੍ਰਿਹਾ ਭਾਵ ਕੇਂਦਰੀ ਪੈਰਾਡਾਈਮ ਹੈ। ਮਨੁੱਖ ਅਤੇ ਮਨਮੁੱਖ ਦਾ ਅੰਤਰ ਹੀ ਬ੍ਰਿਹਾ ਦੀ ਤੜਪ ਉਪਰ ਟਿਕਿਆ ਹੋਇਆ ਹੈ। ਬ੍ਰਿਹਾ ਦੀ ਅਣਹੋਂਦ ਇਸ ਗੱਲ ਦੀ ਸੂਚਕ ਹੈ ਕਿ ਮਨੁੱਖ ਮਾਇਆ ਵਿਚ ਗ੍ਰਸਿਆ ਹੋਇਆ ਹੈ। ਮਾਇਆ ਤੋਂ ਪਾਰ ਹੋਣ ਵਾਲੇ ਮਨੁੱਖ ਅੰਦਰ ਹੀ ਪ੍ਰਭੂ ਵਿਜੋਗ ਦੀ ਸਥਿਤੀ ਪੈਦਾ ਹੁੰਦੀ ਹੈ। ਫਰੀਦ ਜੀ ਨੇ ਬ੍ਰਿਹਾ ਨੂੰ ਪ੍ਰਾਣ ਤੱਤ ਮੰਨਦਿਆਂ ਇਸ ਨੂੰ ਸੁਲਤਾਨ ਦਾ ਦਰਜਾ ਦੇ ਦਿੱਤਾ ਹੈ। ਜੇ ਬ੍ਰਿਹਾ ਨਹੀਂ ਤਾਂ ਮਨੁੱਖ ਅੰਧਾ ਹੈ, ਮਾਇਆ ਵਿਚ ਲੀਨ ਹੈ, ਆਪਣੇ ਅਸਲੇ ਤੋਂ ਬੇਖਬਰ ਹੈ ਅਤੇ ਚੋਟਾਂ ਖਾਣ ਲਈ ਰਹਿ ਜਾਵੇਗਾ। ਫਰੀਦ ਜੀ ਅਜਿਹੇ ਮਨੁੱਖ ਦੀ ਸਥਿਤੀ ਨੂੰ ਵੇਖ ਕੇ ਹੈਰਾਨ ਵੀ ਹੁੰਦੇ ਹਨ ਅਤੇ ਪਰੇਸ਼ਾਨ ਵੀ ਕਿ ਇਹ ਮਨੁੱਖ ਕਿਵੇਂ ਆਪਣੇ ਅਸਲੇ ਤੋਂ ਨਿਖੜ ਕੇ ਜੀਅ ਰਹੇ

ਹਨ। ਆਪਣੇ ਇਕ ਸ਼ਲੋਕ ਵਿਚ ਉਹ ਦੋਹਾਂ ਸਥਿਤੀਆਂ ਦਾ ਪ੍ਰਗਟਾਵਾ ਕਰਦੇ ਹੋਏ ਉਸ ਮਨੁੱਖ ਉਪਰ ਤਰਸ ਪ੍ਰਗਟਾਉਂਦੇ ਹਨ ਕਿ ਉਹ ਆਪਣੇ ਮੂਲ ਤੋਂ ਬੇਖਬਰ ਹੋ ਕੇ ਕਿਵੇਂ ਜੀਅ ਰਿਹਾ ਹੈ:—

ਅੱਜ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।[35]

ਇਨ੍ਹਾਂ ਸਤਰਾਂ ਵਿਚ ਦੋ ਬਿੰਬ ਹਨ, ਇਕ ਉਸ ਜਗਿਆਸੂ ਦਾ ਹੈ ਜੋ ਹਰ ਘੜੀ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਹੈ— ''ਅੱਜ ਨ ਸੁਤੀ ਕੰਤਿ ਸਿਉ ਅੰਗੁ ਮੁੜੇ ਮੁੜਿ ਜਾਇ'' ਉਸ ਬ੍ਰਿਹਾ ਦੀ ਸਥਿਤੀ ਵੱਲ ਸੰਕੇਤ ਹੈ ਜੋ ਹਰ ਘੜੀ ਆਪਣੇ ਪ੍ਰੀਤਮ ਦੀ ਯਾਦ ਵਿਚ ਤੜਪ ਰਹੀ ਹੈ। ਇਹ ਇਕ ਅਜਿਹੀ ਸਥਿਤੀ ਹੈ, ਜਿਥੇ ਪ੍ਰੀਤਮ ਵਿਸਰਦਾ ਹੀ ਨਹੀਂ। ਬ੍ਰਿਹਾ ਦੇ ਰੂਪ ਵਿਚ ਮਿਲਾਪ ਰਹਿੰਦਾ ਹੈ। ਫਰੀਦ ਉਸ ਮਨੁੱਖ ਦੀ ਅਵੱਸਥਾ ਦੇਖ ਕੇ ਹੈਰਾਨ ਹੈ ਜੋ ਆਪਣੇ ਸ਼ਹੁ ਨੂੰ ਵਿਸਾਰੀ ਬੈਠਾ ਹੈ। ਮੂਲ ਪ੍ਰਸ਼ਨ ਹੀ ਹੈ ਕਿ ਉਹ ਗ਼ਾਫ਼ਿਲ ਮਨੁੱਖ ਕਿਵੇਂ ਜੀਉ ਰਿਹਾ ਹੈ ਜੋ ਪ੍ਰਭੂ ਦੇ ਵਿਜੋਗ ਵਿਚ ਤੜਪਦਾ ਨਹੀਂ। ਲੀਨ ਵਿਅਕਤੀ ਪ੍ਰਸ਼ਨ ਪੁਛ ਰਿਹਾ ਹੈ ਕਿ ਉਸ ਵਿਅਕਤੀ ਦੀ ਮੁਕਤੀ ਕਿਵੇਂ ਹੋਵੇਗੀ ਜੋ ਮਾਇਆ ਵਿਚ ਖਚਿਤ ਹੈ, ਕੋਠੇ ਮੰਡਪ ਮਾੜੀਆਂ ਵਿਚ ਚਿੱਤ ਲਾਈ ਬੈਠਾ ਹੈ। ਉਸ ਦੀ ਅਵਸਥਾ ਉਦੋਂ ਅਧੀਰ ਹੋਣੀ ਹੈ ਜਦੋਂ ਗੋਰ ਨੇ ਵੀ ਪੁਛਣਾ ਹੈ ਕਿ ਕਿਹੜੇ ਕਰਮ ਕਮਾ ਕੇ ਏਥੇ ਆਇਆ ਹੈਂ। ਫਰੀਦ ਬਾਣੀ ਦਾ ਹਰ ਸ਼ਲੋਕ ਇਸੇ ਬ੍ਰਿਹਾ ਦੀ ਵੇਦਨਾ ਉਪਰ ਉਸਰਦਾ ਦੇਖਿਆ ਜਾ ਸਕਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਬ੍ਰਿਹਾ ਅੰਦਰ ਅਗਨੀ ਹੈ, ਤੜਪ ਜਗਿਆਸੂ ਨੂੰ ਤੜਪਾਉਂਦੀ ਹੈ, ਮਿਲਾਪ ਲਈ ਵਿਲਕਦੀ ਹੈ ਪਰੰਤੂ ਇਹੀ ਤੜਪ, ਅਗਨੀ ਅਤੇ ਪੀੜਾ ਇਸ ਗੱਲ ਦਾ ਸੰਕੇਤ ਹੈ ਕਿ ਮਨੁੱਖ ਅੰਦਰ ਆਪਣੇ ਅਸਲੇ ਦੀ ਪਛਾਣ ਜਾਗ ਪਈ ਹੈ, ਉਹ ਮੁਕਤੀ ਦੇ ਮਾਰਗ ਉਪਰ ਤੁਰ ਪਿਆ ਹੈ। ਬਾਬਾ ਫਰੀਦ ਦਾ ਇਕ ਸ਼ਬਦ ਜੋ ਬ੍ਰਿਹਾ ਦੀ ਅਗਨੀ ਵੱਲ ਸੰਕੇਤ ਕਰਦਾ ਹੈ, ਬੜਾ ਅਰਥ ਭਰਪੂਰ ਹੈ:—

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।।
ਬਾਵਲਿ ਹੋਈ ਸੋ ਸਹੁ ਲੋਰਉ।।
ਤੈ ਸਹਿ ਮਨ ਮਹਿ ਕੀਆ ਰੋਸੁ।।
ਮੁਝੁ ਅਵਗਨ ਸਹਿ ਨਾਹੀ ਦੋਸੁ।।1।।
ਤੈ ਸਾਹਿਬ ਕੀ ਮੈ ਸਾਰ ਨ ਜਾਨੀ।।
ਜੋਬਨੁ ਖੋਇ ਪਾਛੈ ਪਛੁਤਾਨੀ।।1।।ਰਹਾਉ।।
ਕਾਲੀ ਕੋਇਲ ਤੂ ਕਿਤ ਗੁਨ ਕਾਲੀ।।
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।।
ਪਿਰਹਿ ਬਿਹੂਨ ਕਤਹਿ ਸੁਖੁ ਪਾਏ।।
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ।।2।।
ਵਿਧਣ ਖੂਹੀ ਮੁੰਧ ਇਕੇਲੀ।।
ਨਾ ਕੋ ਸਾਥੀ ਨਾ ਕੋ ਬੇਲੀ।।
ਕਰਿ ਕਿਰਪਾ ਪ੍ਰਭਿ ਸਾਧ ਸੰਗਿ ਮੇਲੀ।
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ।।3।।
ਵਾਟ ਹਮਾਰੀ ਖਰੀ ਉਡੀਣੀ।।
ਖੰਨਿਅਹੁ ਤਿਖੀ ਬਹੁਤ ਪਿਈਣੀ।।
ਉਸੁ ਊਪਰਿ ਹੈ ਮਾਰਗੁ ਮੇਰਾ।।
ਸੇਖ ਫਰੀਦਾ ਪੰਥੁ ਸਮਾਰਿ ਸਵੇਰਾ।।4।।1।।[36]

ਇਹ ਉਪਰੋਕਤ ਸ਼ਬਦ ਕਈ ਪ੍ਰਸੰਗਾਂ ਵਿਚ ਵਿਚਾਰਨਯੋਗ ਹੈ। ਸ਼ਬਦ ਦੇ ਪਹਿਲੇ ਹਿੱਸੇ ਵਿਚ ਤਿੱਖੇ ਬ੍ਰਿਹਾ ਵਿਚ ਤਪਣ ਦੀ ਗੱਲ ਕੀਤੀ ਹੈ। ਹਾਥ ਮਰੋਰਉ ਇਸ ਗੱਲ ਦਾ ਸੂਚਕ ਹੈ ਕਿ ਜਗਿਆਸੂ ਆਪਣੀ ਬੇਵੱਸੀ ਵਿਚ ਹੈ, ਹੱਥ ਮਰੋਰਉ, ਬਾਵਲਿ ਹੋਈ ਕਹਿਣ ਦਾ ਅਰਥ ਹੀ ਬ੍ਰਿਹਾ ਵਿਚ ਬੇਹਾਲ ਹੋਣਾ ਹੈ। ਕਮਲੀ ਹੋਈ ਉਹ ਆਪਣੇ ਸ਼ਹੁ ਨੂੰ ਲੱਭ ਰਹੀ ਹੈ। ਇਸੇ ਕਮਲੀ ਹੋਣ ਦਾ ਸੰਕੇਤ ਬੁਲ੍ਹੇ ਸ਼ਾਹ

ਦੀ ਕਵਿਤਾ ਵਿਚ ਵੀ ਹੈ– "ਨੀ ਮੈਂ ਕਮਲੀ ਹਾਂ"। ਸਪਸ਼ਟ ਹੈ ਕਿ ਜਗਿਆਸੂ ਜਦੋਂ ਬ੍ਰਿਹਾ ਵਿਚ ਤਪਦਾ ਹੈ ਤਾਂ ਉਸ ਦੀ ਅਵੱਸਥਾ ਬਾਵਲਿਆਂ ਵਰਗੀ ਹੋ ਜਾਂਦੀ ਹੈ। ਇਹ ਇਕ ਤਰ੍ਹਾਂ ਨਾਲ ਬੇਖ਼ਬਰੀ ਦੀ ਹਾਲਤ ਹੈ, ਬੇਖ਼ਬਰੀ ਮੋਹ ਮਾਇਆ ਤੋਂ, ਆਪਣੇ ਚੌਗਿਰਦੇ ਤੋਂ। ਇਸ ਅਵਸਥਾ ਵਿਚ ਵੀ ਜਗਿਆਸੂ ਤਰਲੇ ਦੀ ਹਾਲਤ ਵਿਚ ਹੈ। ਉਹ ਇਸ ਤੱਥ ਤੋਂ ਵਾਕਿਫ਼ ਹੈ ਕਿ ਉਸ ਦੇ ਪੂਰਬਲੇ ਮੰਦੇ ਕਰਮਾਂ ਕਾਰਣ ਹੀ ਵਿਛੋੜਾ ਪਿਆ ਹੈ। ਇਸੇ ਲਈ ਉਹ ਬਾਰ ਬਾਰ ਦੁਹਰਾ ਰਿਹਾ ਹੈ "ਮੁਝੁ ਅਵਗਨ ਸਹਿ ਨਾਹੀ ਦੋਸੁ।" ਜਗਿਆਸੂ ਬ੍ਰਿਹਾ ਦੀ ਅਵਸਥਾ ਵਿਚ ਤੜਪਦਾ ਹੋਇਆ ਆਪਣੇ ਸ਼ਹੁ ਨੂੰ ਮਨਾ ਰਿਹਾ ਹੈ ਕਿ ਵਿਛੋੜੇ ਦਾ ਸਾਰਾ ਦੋਸ਼ ਉਸੇ ਦਾ ਹੀ ਹੈ। ਇਹ ਅਸਲ ਵਿਚ ਪੂਰੇ ਸਮਰਪਣ ਦੀ ਅਵਸਥਾ ਹੈ। ਬ੍ਰਿਹਾ ਦੀ ਪੀੜਾ ਵੀ ਹੈ ਪਰ ਪਰਮਾਤਮਾ ਉਪਰ ਕੋਈ ਮਿਹਣਾ ਨਹੀਂ ਬਲਕਿ ਆਪਣੇ ਆਪ ਨੂੰ ਹੀ ਦੋਸ਼ੀ ਮੰਨਿਆ ਜਾ ਰਿਹਾ ਹੈ। ਦੂਜੀ ਸਥਿਤੀ ਵਿਚ ਵੀ ਆਪਣੇ ਖੋਟ ਦੀ ਹੀ ਗੱਲ ਕੀਤੀ ਹੈ ਕਿ ਉਸ ਨੇ ਸੱਚੇ ਸਾਹਿਬ ਦੀ ਸਾਰ ਨਹੀਂ ਜਾਣੀ ਅਤੇ ਮਾਇਆ ਵਿਚ ਲੀਨ ਰਿਹਾ ਹੈ। ਜੋਬਨ ਖੋਇ ਜਾਣ ਪਿਛੋਂ ਜਿਹੜੀ ਚੇਤਨਾ ਆਈ ਹੈ, ਉਹ ਬੜੀ ਦੇਰ ਨਾਲ ਆਈ ਹੈ। ਜਗਿਆਸੂ ਆਪਣੇ ਹੀ ਦੋਸ਼ਾਂ ਨੂੰ ਵਿਸਥਾਰ ਦੇ ਰਿਹਾ ਹੈ। ਫਰੀਦ ਬਾਣੀ ਵਿਚ ਇਹ ਥੀਮ ਬੜਾ ਦੁਹਰਾਇਆ ਗਿਆ ਹੈ ਕਿ ਜਗਿਆਸੂ ਮਾਇਆ ਮੋਹ ਵਿਚ ਭੁੱਲਾ ਆਪਣੇ ਅਸਲ ਮਾਰਗ ਤੋਂ ਥਿੜਕਿਆ ਪਿਆ ਹੈ। ਫਰੀਦ ਬਾਣੀ ਇਸੇ ਥਿੜਕੇ ਮਨੁੱਖ ਨੂੰ ਸੰਬੋਧਨ ਹੈ। ਸਪਸ਼ਟ ਹੀ ਹੈ ਕਿ ਫਰੀਦ ਬਾਣੀ ਵਿਚ ਬੜੀ ਨਿਮਰਤਾ ਨਾਲ ਜਗਿਆਸੂ ਆਪਣੇ ਦੋਸ਼ਾਂ ਨੂੰ ਸਵੀਕਾਰ ਕਰਕੇ ਮੁੱਕਤੀ ਮਿਲਾਪ ਲਈ ਵਿਲਕਦਾ ਹੈ। ਇਸ ਉਪਰੋਕਤ ਸ਼ਬਦ ਦੇ ਪਹਿਲੇ ਹਿੱਸੇ ਵਿਚ ਇਸੇ ਮਨੁੱਖ ਦੀ ਵੇਦਨਾ ਹੈ, ਤਰਲਾ ਹੈ ਕਿ ਪ੍ਰਭੂ ਉਸਦੇ ਅਵਗੁਣਾਂ ਨੂੰ ਵਿਸਾਰ ਦੇਵੇ ਕਿਉਂਕਿ ਤਪਿ ਤਪਿ ਕੇ ਬਾਵਲੀ ਹੋਈ ਜੀਵਾਤਮਾ ਲਈ ਉਸ ਦਾ ਸ਼ਹੁ ਹੀ ਆਸਰਾ ਹੈ।

ਇਸ ਸ਼ਬਦ ਵਿਚ ਕਾਲੀ ਕੋਇਲ ਦੇ ਪ੍ਰਤੀਕ ਵਾਲੀ ਸੰਕੇਤਕ ਅਵਸਥਾ ਬੜੀ ਅਰਥ ਭਰਪੂਰ ਹੈ। ਸ਼ਬਦ ਦੇ ਇਸ ਹਿੱਸੇ ਵਿਚ ਬ੍ਰਿਹਾ ਅਤੇ ਵਿਜੋਗ ਦੀ ਭਾਵਨਾ

ਨੂੰ ਸਿਖਰ ਉਪਰ ਲਿਜਾ ਕੇ ਦਰਸਾਇਆ ਗਿਆ ਹੈ। ਤਪਣ ਦੀ ਅਵਸਥਾ ਵਿਚੋਂ ਕਾਲਾ ਹੋ ਜਾਣਾ ਸੰਪੂਰਨ ਰੂਪ ਵਿਚ ਮਾਇਆ ਦੇ ਮਿੱਟ ਜਾਣ ਦਾ ਸੂਚਕ ਹੈ। ਆਪਣੇ ਪ੍ਰੀਤਮ ਪ੍ਰਤੀ ਬ੍ਰਿਹਾ ਦੀ ਅਵੱਸਥਾ ਫਰੀਦ ਜੀ ਨੇ ਬੜੇ ਕਰਤਾਰੀ ਰੂਪ ਵਿਚ ਪ੍ਰਗਟ ਕੀਤਾ ਹੈ। ਇਥੇ ਨਾਲ ਹੀ ਪ੍ਰਸ਼ਨ ਵੀ ਕੀਤਾ ਹੈ ਕਿ ਜਿਸ ਅੰਦਰ ਬ੍ਰਿਹਾ ਨਹੀਂ, ਉਹ ਕਦੀ ਵੀ ਸੁਖ ਨਹੀਂ ਪਾ ਸਕਦਾ ਭਾਵ ਮੁਕਤ ਅਵਸਥਾ ਨਹੀਂ ਪ੍ਰਾਪਤ ਕਰ ਸਕਦਾ। ਪ੍ਰੀਤਮ ਅਤੇ ਪਿਰ ਨਾਲ ਜੁੜਨਾ ਹੀ ਮਿਲਾਪ ਹੈ। ਆਪਣੀ ਗੱਲ ਨੂੰ ਅਗੋਂ ਭਾਵਪੂਰਤ ਬਣਾਉਂਦੇ ਹੋਏ ਫਰੀਦ ਨੇ ਪ੍ਰਭੂ ਦੀ ਕ੍ਰਿਪਾ ਵੱਲ ਇਸ਼ਾਰਾ ਕੀਤਾ ਹੈ। ਬ੍ਰਿਹਾ ਵੀ ਸੰਪੂਰਨ ਵਾਅਦਾ ਨਹੀਂ ਜਿੰਨੀ ਦੇਰ ਤੱਕ ਪ੍ਰਭੂ ਪ੍ਰੀਤਮ ਦੀ ਕ੍ਰਿਪਾ ਨਹੀਂ ਹੁੰਦੀ। ਅਧਿਆਤਮਕ ਸੰਸਾਰ ਦਾ ਇਹ ਰਹੱਸ ਬੜਾ ਵਿਰਲਾ ਹੈ ਕਿ ਮਨੁੱਖ ਦੀ ਕਾਰਜਸ਼ੀਲਤਾ ਤਾਂ ਜ਼ਰੂਰੀ ਹੈ ਪਰ ਸਭ ਤੋਂ ਜ਼ਰੂਰੀ ਪ੍ਰਭੂ ਦੀ ਕਿਰਪਾ ਦਾ ਹੋਣਾ ਹੈ। ਫਰੀਦ ਬਾਣੀ ਦਾ ਇਹ ਸ਼ਬਦ ਬ੍ਰਿਹਾ ਦੇ ਸੰਕਲਪ ਵਿਚ ਹੀ ਨਹੀਂ ਸਗੋਂ ਸਾਰੀ ਬਾਣੀ ਨੂੰ ਅਰਥ ਦੇਣ ਵਾਲਾ ਹੈ। ਇਸੇ ਸ਼ਬਦ ਵਿਚ ਮਨੁੱਖ ਦੇ ਇਕੱਲੇ ਹੋਣ ਦੀ ਗੱਲ ਹੈ, ਮੋਹ ਮਾਇਆ ਤੋਂ ਉਪਰਾਮਤਾ ਦੀ ਚਰਚਾ ਕੀਤੀ ਹੈ ਅਤੇ ਸਭ ਤੋਂ ਅਹਿਮ ਤੱਥ ਇਹ ਹੈ ਕਿ ਜਿਧਰ ਵੀ ਦੇਖੋ ਸਿਰਫ "ਅਲਹੁ ਹੀ ਬੇਲੀ" ਹੈ। ਇਸੇ ਸ਼ਬਦ ਦੀਆਂ ਆਖਰੀ ਚਾਰ ਸਤਰਾਂ ਨੇ ਮਨੁੱਖ ਦੀ ਕਰਮਸ਼ੀਲਤਾ ਅਤੇ ਰਾਹ ਦੀਆਂ ਰੁਕਾਵਟਾਂ ਵੱਲ ਭਰਵਾਂ ਸੰਕੇਤ ਕੀਤਾ ਹੈ। ਪ੍ਰਭੂ ਵੱਲ ਜਾਣ ਵਾਲੀ ਡਗਰ ਬੜੀ ਕਠਿਨ ਅਤੇ ਦੁਖਾਂ ਭਰੀ ਹੈ, ਇਹ ਉਹ ਮਾਰਗ ਹੈ ਜੋ ਖੰਡੇ ਨਾਲੋਂ ਵੀ ਤਿੱਖਾ ਹੈ ਪਰ ਸਥਿਤੀ ਇਹ ਹੈ ਕਿ ਚਲਣਾ ਇਸੇ ਉਪਰ ਹੀ ਪੈਣਾ ਹੈ। ਇਨ੍ਹਾਂ ਸਾਰੇ ਬੰਧਨਾਂ ਵੱਲ ਸੰਕੇਤ ਕਰਦੇ ਹੋਏ ਫਰੀਦ ਨੇ ਮਨੁੱਖ ਨੂੰ ਇਹ ਚਿਤਵਾਨੀ ਵੀ ਦਿੱਤੀ ਹੈ ਕਿ ਜਿੰਨੀ ਜਲਦੀ ਹੋ ਸਕੇ, ਉਸਨੂੰ ਆਪਣਾ ਮਾਰਗ ਸੰਵਾਰ ਲੈਣਾ ਚਾਹੀਦਾ ਹੈ ਕਿਉਂਕਿ ਅਗੋਂ ਇਹ ਵੀ ਸੰਕੇਤ ਹੈ:—

ਬੇੜਾ ਬੰਧਿ ਨਾ ਸਕਿਓ, ਬੰਧਨ ਕੀ ਵੇਲਾ।।
ਭਰਿ ਸਰਵਰੁ ਜਬ ਊਛਲੈ, ਤਬੁ ਤਰਣੁ ਦੁਹੇਲਾ।।1।।

ਹਥੁ ਨ ਲਾਇ ਕਸੁੰਭੜੈ, ਜਲਿ ਜਾਸੀ ਢੋਲਾ।।1।ਰਹਾਉ।
ਇਕ ਆਪੀਨੈ ਪਤਲੀ, ਸਹ ਕੇ ਰੇ ਬੋਲਾ।।
ਦੁਧਾ ਥਣੀ ਨ ਆਵਈ, ਫਿਰਿ ਹੋਇ ਨ ਮੇਲਾ।।2।।
ਕਹੈ ਫਰੀਦ ਸਹੇਲੀਹੋ, ਸਹੁ ਅਲਾਏਸੀ।।
ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ।।3।2।।[37]

ਫਰੀਦ ਦੇ ਇਹ ਦੋਵੇਂ ਸ਼ਬਦ ਬੜੇ ਸਾਰ-ਗਰਭਿਤ ਹਨ। ਪਹਿਲੇ ਸ਼ਬਦ ਵਿਚ ਜਿਥੇ ਬ੍ਰਿਹਾ ਦੀ ਤੜਪ ਦੀ ਗੱਲ ਹੈ, ਮਾਰਗ ਸੰਵਾਰਨ ਦੀ ਚੇਤਨਾ ਹੈ, ਉਥੇ ਦੂਜੇ ਸ਼ਬਦ ਵਿਚ ਇਹ ਰਹੱਸ ਵੀ ਸਮਝਾਇਆ ਹੈ ਕਿ ਜਦੋਂ ਬੇੜਾ ਸਹੀ ਅਵਸਰ ਉਪਰ ਨਾ ਤੋਰਿਆ ਤਾਂ ਫਿਰ ਉਦੋਂ ਇਹੀ ਬੇੜਾ ਭਰੇ ਸਰਵਰੁ ਵਿਚ ਡੁੱਬੇਗਾ ਕਿਉਂਕਿ 'ਪੰਥਿ ਸੰਵਾਰਨ' ਦਾ ਵੇਲਾ ਗੁਆ ਲੈਣਾ ਹੀ ਮਨਮੁੱਖਤਾ ਹੈ। ਫਰੀਦ ਬਾਣੀ ਵਿਚ ਬ੍ਰਿਹਾ ਅਤੇ ਮਿਲਾਪ ਦੋ ਐਸੇ ਬਿੰਦੂ ਹਨ ਜੋ ਸਾਰੀ ਬਾਣੀ ਨੂੰ ਅਰਥ ਦੇਣ ਵਾਲੇ ਬਣ ਗਏ ਹਨ। ਮੂਲ ਸਥਿਤੀ ਬ੍ਰਿਹਾ ਅਤੇ ਵਿਜੋਗ ਦੀ ਹੈ। ਜਿਸ ਅੰਦਰ ਵਿਜੋਗ ਭਾਵਨਾ ਹੈ, ਬ੍ਰਿਹਾ ਦੀ ਤੜਪ ਹੈ, ਉਸ ਨੂੰ ਉਸਦਾ ਸ਼ਹੁ ਘਰ ਲੈਣ ਆਉਂਦਾ ਹੈ ਜਦ ਕਿ ਡੋਹਾਗਣੀ ਮਾਇਆ ਵਿਚ ਖਚਿਤ ਬੇਖ਼ਬਰ ਰਹਿੰਦੀ ਹੈ। ਸੁਹਾਗਣ ਅਤੇ ਡੁਹਾਗਣ ਨੂੰ ਬਾਬਾ ਫਰੀਦ ਨੇ ਇਕ ਦੂਜੇ ਦੇ ਸਮਵਿੱਥ ਰੱਖ ਕੇ ਬ੍ਰਿਹਾ ਦੀ ਪੀੜਾ ਨੂੰ ਰੱਬੀ ਰਹੱਸਾਂ ਨਾਲ ਜੋੜ ਦਿੱਤਾ ਹੈ। ਬ੍ਰਿਹਾ ਵਿਚ ਤੜਪ ਰਹੀ ਸੁਹਾਗਣ ਦੀ ਸੇਜ ਬਾਰੇ ਫਰੀਦ ਜੀ ਇੰਜ ਲਿਖਦੇ ਹਨ:—

ਫਰੀਦਾ ਚਿੰਤ ਖਟੋਲਾ, ਵਾਣੁ ਦੁਖੁ, ਬਿਰਹਿ ਵਿਛਾਵਣ ਲੇਫੁ।
ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ।।35।।[38]

ਫਰੀਦ ਦਾ ਇਹ ਉਪਰੋਕਤ ਸ਼ਲੋਕ ਬ੍ਰਿਹਾ ਦੀ ਮੂਲ ਭਾਵਨਾ ਨੂੰ ਉਜਾਗਰ ਕਰਦਾ ਹੈ। ਇਥੇ ਵਿਛੋੜਾ ਮਾਨਵੀ ਜ਼ਿੰਦਗੀ ਦਾ ਅੰਗ ਬਣ ਗਿਆ ਹੈ। ਹਰ ਪਲ ਜਗਿਆਸੂ ਚਿੰਤਾ ਵਿਚ ਹੈ ਕਿ ਕਿਧਰੇ ਉਸਦਾ ਮਾਲਕ ਪ੍ਰਭੂ ਉਸ ਨੂੰ ਵਿਸਰ ਨਾ ਜਾਏ। ਇੰਜ ਕਹਿੰਦਿਆਂ ਫਰੀਦ ਨੇ ਬ੍ਰਿਹਾ ਨੂੰ ਆਪਣੇ ਅੰਗੀਕਾਰ ਕਰ ਲਿਆ ਹੈ।

ਦੂਸਰੇ ਪਾਸੇ ਨਾਲ ਹੀ ਆਤਮ ਸਮਰਪਣ ਹੈ ਕਿ ਹੇ ਸੱਚੇ ਪ੍ਰਭੂ/ਸਾਹਿਬ, ਉਸਦੀ ਜੁਦਾਈ ਨਾਲ ਮਨੁੱਖ ਉਪਰ ਜੋ ਬੀਤਦੀ ਹੈ, ਉਸ ਵੱਲ ਵੇਖ। ਫਰੀਦ ਦੇ ਹਰ ਸ਼ਲੋਕ ਵਿਚ ਵਿਛੋੜਾ ਹੀ ਕੇਂਦਰ ਵਿਚ ਰਹਿੰਦਾ ਹੈ। ਵਿਛੋੜਾ ਹੀ ਮਿਲਾਪ ਵੱਲ ਸੰਕੇਤ ਕਰਦਾ ਹੈ ਕਿ ਜੇਕਰ ਬ੍ਰਿਹਾ ਭਾਵਨਾ ਹੈ ਤਾਂ ਮਿਲਾਪ ਵੀ ਅਵੱਸ਼ ਹੋਵੇਗਾ। ਇਸੇ ਭਾਵਨਾ ਕਾਰਨ ਹੀ ਫਰੀਦ ਨੇ ਬ੍ਰਿਹਾ ਨੂੰ ਸੁਲਤਾਨ ਆਖਿਆ ਸੀ। ਬ੍ਰਿਹਾ ਇਸ ਰੂਪ ਵਿਚ ਸੁਲਤਾਨ ਹੈ ਕਿਉਂਕਿ ਇਹ ਮਨੁੱਖ ਦੀ ਸਰੀਰ ਰੂਪੀ ਧਰਤੀ ਦੇ ਉਪਜਾਊ ਹੋਣ ਵੱਲ ਇਸ਼ਾਰਾ ਹੈ। ਇਹ ਸ਼ਲੋਕ ਬ੍ਰਿਹਾ/ਵਿਜੋਗ ਦੀ ਪ੍ਰਮਾਣਕ ਵਿਆਖਿਆ ਹੈ:—

ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।

ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਣੁ।36।[39]

ਇਸ ਸ਼ਲੋਕ ਵਿਚ ਤਨ, ਮਸਾਣ, ਸੁਲਤਾਨ ਵਧੇਰੇ ਵਿਆਖਿਆ ਦੀ ਮੰਗ ਕਰਦੇ ਹਨ। ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਮਸਾਣ ਉਹ ਧਰਤੀ ਹੈ, ਜਿਸ ਧਰਤੀ ਉਪਰ ਕੋਈ ਬੀਜ/ਫਲ ਨਹੀਂ ਉਪਜਾਉਂਦਾ ਅਤੇ ਨਾ ਹੀ ਉਸ ਧਰਤੀ ਉਪਰ ਕੋਈ ਨਿਵਾਸ/ਵਾਸਾ ਕਰਨਾ ਲੋਚਦਾ ਹੈ। ਫਰੀਦ ਨੇ ਬ੍ਰਿਹਾ-ਵਿਹੂਣੇ ਜੀਵ ਨੂੰ ਮਸਾਣ ਦੀ ਤੁਲਨਾ ਦੇ ਕੇ ਸਾਰੀ ਸਥਿਤੀ ਸਪਸ਼ਟ ਕਰ ਦਿੱਤੀ ਹੈ। ਇਕ ਪਾਸੇ ਬ੍ਰਿਹਾ ਸੁਲਤਾਨ ਹੈ, ਸਿਰਮੌਰ ਹੈ ਅਤੇ ਭਵਿੱਖਮੁੱਖੀ ਹੈ ਜਦ ਕਿ ਦੂਜੇ ਪਾਸੇ ਬ੍ਰਿਹਾ ਤੋਂ ਸੱਖਣਾ ਜੀਵ ਮਸਾਣ ਤੁਲ ਹੈ। ਉਹ ਜੀਵ ਜੋ ਪਰਮਾਤਮਾ ਦੇ ਵਿਜੋਗ ਵਿਚ ਤੜਪਦਾ ਨਹੀਂ, ਮਾਇਆ ਵਿਚ ਖਚਤ ਹੈ, ਉਸ ਨੂੰ ਕਾਟੇ ਹੇਠ ਰੱਖ ਕੇ ਫਰੀਦ ਨੇ ਇਕੋ ਵੇਲੇ ਮਨਮੁੱਖ ਅਤੇ ਗੁਰਮੁੱਖ ਦੀ ਪਰਿਭਾਸ਼ਾ ਕਰ ਦਿੱਤੀ ਹੈ। ਫਰੀਦ ਦੀ ਬਾਣੀ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਉਹ ਇਕੋ ਵੇਲੇ ਦੋਵੇਂ ਧਿਰਾਂ ਸਪੱਸ਼ਟ ਕਰ ਦੇਂਦਾ ਹੈ। ਇਕ ਧਿਰ ਜੋ ਪ੍ਰਭੂ ਦੇ ਵਿਜੋਗ ਵਿਚ ਤੜਪਦੀ ਹੈ ਅਤੇ ਦੂਜੀ ਧਿਰ ਜੋ ਬੇਖਬਰ ਹੈ, ਮਾਇਆ ਵਿਚ ਗੁੰਮ ਹੈ, ਧਰਤੀ ਉਪਰ, ਆਪਣੇ ਆਪ ਉਪਰ ਭਾਰ ਹੈ। ਅਜਿਹੀਆਂ ਧਿਰਾਂ ਨੂੰ ਹੇਠ ਲਿਖੇ ਸ਼ਲੋਕਾਂ ਵਿਚ ਦੇਖੋ:—

— ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।30।[40]

— ਛੈਲ ਲੰਘੰਦੇ ਪਾਰਿ ਗੋਰੀ ਮਨ ਧੀਰਿਆ।।
ਕੰਚਨ ਵੰਨੇ ਪਾਸੇ ਕਲਵਤਿ ਚੀਰਿਆ।।4।।[41]

ਇਨ੍ਹਾਂ ਉਪਰੋਕਤ ਹਵਾਲਿਆਂ ਦਾ ਦੀਰਘ ਵਿਸ਼ਲੇਸ਼ਣ ਕਰੀਏ ਤਾਂ ਫ਼ਰੀਦ ਬਾਣੀ ਦੇ ਸਾਰੇ ਸਰੋਕਾਰ ਰੋਸ਼ਨ ਹੋਏ ਪ੍ਰਤੀਤ ਹੋਣ ਲਗਦੇ ਹਨ। ਇਕ ਉਹ ਜੀਵ ਹੈ ਜੋ ਇਕ ਘੜੀ ਨਾ ਮਿਲਤੇ ਤੋ ਕਲਯੁਗ ਹੋਤਾ ਵਾਲੀ ਵੇਦਨਾ ਵਿਚ ਹੈ ਅਤੇ ਦੂਜੇ ਪਾਸੇ ਉਹ ਧਿਰ ਹੈ ਜੋ ਬੇਖ਼ਬਰ ਅਤੇ ਬੇਸੁਰਤਿ ਹੈ, ਮਾਇਆ ਵਿਚ ਗ੍ਰਸਤ ਹੈ। ਪਹਿਲੀ ਧਿਰ ਦੂਜੇ ਦੇ ਕਰਮ ਨੂੰ ਵੇਖ ਵੇਖ ਹੈਰਾਨ ਹੈ ਕਿ ਇਹ ਜੀਉ ਕਿਵੇਂ ਰਹੀ ਹੈ ? ਉਹ ਪਰੇਸ਼ਾਨ ਹੈ ਕਿ ਇਕ ਪਲ ਜਾਂ ਇਕ ਰਾਤ ਪ੍ਰਭੂ ਨੂੰ ਵਿਸਾਰਿਆਂ ਉਹ ਸਾਹ-ਸਤ-ਹੀਣ ਹੋ ਗਈ ਹੈ ਅਤੇ ਉਹ ਦੂਜੀ ਧਿਰ ਕਿਵੇਂ ਵਿਚਰ ਰਹੀ ਹੈ, ਉਸ ਅੰਦਰ ਜੀਉਂਦੇ ਰਹਿਣ ਦੀ ਕੀ ਲਾਲਸਾ ਹੈ ? ਇਸ ਸ਼ਲੋਕ ਵਿਚ ਆਤਮ ਸੰਬੋਧਨ ਰਾਹੀਂ ਦੋਵੇਂ ਧਿਰਾਂ ਉਭਰ ਕੇ ਸਾਹਮਣੇ ਆ ਗਈਆਂ ਹਨ— ਮਾਇਆ ਤੋਂ ਪਾਰ ਅਤੇ ਮਾਇਆ ਵਿਚ ਲੀਨ । ਇਸ ਆਤਮਾ ਸੰਬੋਧਨ ਦਾ ਜਵਾਬ ਹੇਠਲੀਆਂ ਤੁਕਾਂ ਵਿਚੋਂ ਆਪੇ ਹੀ ਉਭਰ ਆਇਆ ਹੈ—ਛੈਲ ਲੰਘੰਦੇ ਪਾਰਿ ਗੋਰੀ ਮਨ ਧੀਰਿਆ' ਪਹਿਲੇ ਸ਼ਲੋਕ ਦਾ ਹੀ ਉੱਤਰ ਬਣ ਗਿਆ ਹੈ। ਪਹਿਲੇ ਸ਼ਲੋਕ ਵਿਚ ਜੋ ਪ੍ਰਸ਼ਨ ਉਠਾਇਆ ਸੀ, ਉਸ ਦਾ ਉੱਤਰ ਇਨ੍ਹਾਂ ਤੁਕਾਂ ਵਿਚੋਂ ਮਿਲ ਗਿਆ ਹੈ। ਜੋ ਪ੍ਰਭੂ-ਬ੍ਰਿਹਾ ਤੋਂ ਸੱਖਣੀ ਸੀ, ਜੋ ਮਾਇਆ ਵਿਚ ਲੀਨ ਸੀ, ਉਸ ਨੂੰ ਮੁਕਤ ਹੋਏ ਜਗਿਆਸੂਆਂ ਨੂੰ ਪਾਰ ਜਾਂਦੇ ਵਖ ਕੇ ਡਰ ਲਗ ਰਿਹਾ ਹੈ। ਉਸ ਨੂੰ ਉਦੋਂ ਚੇਤਨਾ ਆਈ ਹੈ ਜਦੋਂ ਬ੍ਰਿਹਾ ਵਿਚ ਤੜਪਦੀ ਆਤਮਾ ਮੁਕਤ ਹੋ ਪਾਰ ਜਾ ਰਹੀ ਦਿਖਾਈ ਦੇਂਦੀ ਹੈ। ਹੁਣ ਉਹ ਬੇਖਬਰ ਧਿਰ ਡਰ ਦੀ ਅਵੱਸਥਾ ਵਿਚ ਹੈ। ਕੰਚਨ ਵਰਗੀ ਕਾਇਆਂ, ਜਿਸਨੂੰ ਮਾਇਆ ਦੇ ਮੋਹ ਵਿਚ ਪਾਲਿਆ ਸੀ, ਉਸ ਨੇ ਹੁਣ ਚੀਰੇ ਜਾਣਾ

ਹੈ। ਇਸੇ ਲਈ ਫਰੀਦ ਜੀ ਨੇ ਅੱਗੇ ਜਾ ਕੇ ਉਲ੍ਹਾਮੇ ਸਹਿਣ ਵਾਲੀ ਗੱਲ ਵੀ ਕਹਿ ਦਿੱਤੀ ਹੈ:—

ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ।
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ।।8।।2।।[42]

ਫਰੀਦ ਬਾਣੀ ਦਾ ਇਹ ਸਪਸ਼ਟ ਨਿਰਣਾ ਹੈ ਕਿ ਹਰ ਚੀਜ਼/ਕਰਮ ਦਾ ਲੇਖਾ ਹੋਣਾ ਹੈ। ਜੇ ਕਰਮ ਨਹੀਂ ਕਮਾਇਆ, ਪ੍ਰਭੂ ਨੂੰ ਵਿਸਾਰਿਆ ਹੈ ਤਾਂ ਉਲ੍ਹਾਮੇ ਸਹਿਣੇ ਪੈਣਗੇ, ਚੀਰੇ ਜਾਣਾ ਪਵੇਗਾ ਅਤੇ ਗੋਰਾਂ ਵਿਚ ਸੜਨਾ ਪਵੇਗਾ। ਮੁਕਤੀ ਤਾਂ ਉਸ ਨੂੰ ਮਿਲਣੀ ਹੈ ਜੋ ਹਰ ਘੜੀ ਬ੍ਰਿਹਾ ਵਿਚ ਤੜਪਦਾ ਹੈ, ਤੜਪ ਤੜਪ ਲੁੱਛਦਾ ਹੈ ਅਤੇ ਇਕ ਪਲ ਵੀ ਆਪਣੇ ਪ੍ਰੀਤਮ ਨੂੰ ਨਹੀਂ ਭੁਲਾਉਂਦਾ। ਫਰੀਦ ਬਾਣੀ ਨੇ ਬ੍ਰਿਹਾ ਨੂੰ ਕੇਂਦਰੀ ਜੁਗਤ ਮੰਨਿਆ ਹੈ। ਬ੍ਰਿਹਾ ਪ੍ਰਤੀਕ ਹੈ ਚੇਤਨਾ ਦਾ, ਪ੍ਰਭੂ ਨੂੰ ਨਾ ਵਿਸਾਰਨ ਦਾ ਹੈ ਅਤੇ ਜੋ ਆਪਣੇ ਪ੍ਰੀਤਮ ਨੂੰ ਮਿਲਣ ਲਈ ਹਰ ਛਿੰਨ ਤਾਂਘਦਾ ਹੈ, ਉਹੀ ਵਿਅਕਤੀ/ਸਾਧਕ ਮਿਲਾਪ ਦਾ ਹੱਕਦਾਰ ਬਣਦਾ ਹੈ। ਜੋ ਵਿਅਕਤੀ ਵੇਲੇ ਖੁੰਝਾ ਕੇ ਪਛਤਾਉਂਦਾ ਹੈ, ਉਸ ਨੂੰ ਫਰੀਦ ਜੀ ਇੰਜ ਸੰਬੋਧਨ ਕਰਦਾ ਹੈ:—

ਬੇੜਾ ਬੰਧਿ ਨਾ ਸਕਿਓ, ਬੰਧਨ ਕੀ ਵੇਲਾ।।
ਭਰਿ ਸਰਵਰੁ ਜਬ ਊਛਲੈ, ਤਬ ਤਰਣੁ ਦੁਹੇਲਾ।।1।।
ਹਥੁ ਨ ਲਾਇ ਕਸੁੰਭੜੈ, ਜਲਿ ਜਸੀ ਢੋਲਾ।।1।ਰਹਾਉ।[43]

ਸਾਰੇ ਨਿਰਣੇ ਸਪਸ਼ਟ ਹਨ। ਸੰਸਾਰ ਇਕ ਵਿਧਣ ਖੂਹੀ ਹੈ ਜੋ ਉਹੀ ਵਿਅਕਤੀ ਪਾਰ ਕਰ ਸਕਦਾ ਹੈ, ਜਿਸਨੇ ਯੋਗ ਸਮੇਂ ਆਪਣੇ ਆਪ ਨੂੰ ਪ੍ਰਭੂ ਪ੍ਰੇਮ ਵਿਚ ਲੀਨ ਕਰ ਲਿਆ ਹੈ। ਫਰੀਦ ਜੀ ਨੇ ਉਪਰੋਕਤ ਸ਼ਬਦ ਵਿਚ ਸਾਰੀ ਸਥਿਤੀ ਦਾ ਨਿਤਾਰਾ ਕਰ ਦਿਤਾ ਹੈ। ਮੁਕਤ ਹੋਣ ਲਈ ਜਿਸ ਸਮੇਂ ਕਿਰਿਆਸ਼ੀਲ ਹੋਣ ਦੀ ਲੋੜ ਹੁੰਦੀ ਹੈ, ਉਸ ਸਮੇਂ ਨੂੰ ਖੁੰਝਾ ਦੇਣ ਨਾਲ ਬਾਅਦ ਵਿਚ ਪਛਤਾਵਾ ਹੈ। ਜਦੋਂ ਪ੍ਰਭੂ ਪ੍ਰੇਮ/ਵਿਜੋਗ ਵਿਚ ਲੀਨ ਹੋਣ ਦੀ ਲੋੜ ਹੁੰਦੀ ਹੈ, ਅਗਰ ਉਸ ਸਮੇਂ ਮਾਇਆ

ਵਿਚ ਸਾਰਾ ਸਮਾਂ ਗੁਆ ਦਿਤਾ ਹੈ ਤਾਂ ਫਿਰ ਉਦੋਂ ਤਾਂ ਪਾਰ ਹੋਣਾ ਅਸੰਭਵ ਹੋ ਜਾਂਦਾ ਹੈ ਜਦ ਪੂਰਾ ਸਰਵਰੁ ਉਛਲ ਰਿਹਾ ਹੁੰਦਾ ਹੈ। ਨਿਰਣਾ ਤਾਂ ਬੜਾ ਵਿਚਾਰਨਯੋਗ ਹੈ। ਅਜਿਹੀ ਡੁਹਾਗਣ ਜਦ ਖਾਲੀ ਹੱਥੀਂ ਜਾਣ ਲਗਦੀ ਹੈ ਤਾਂ ਉਦੋਂ ਉਸ ਅੰਦਰ ਦੁਚਿੱਤੀ ਹੈ—''ਹੰਸੁ ਚਲਸੀ ਡੁੰਮਣਾ, ਅਹਿ ਤਨੁ ਢੇਰੀ ਥੀਸੀ'' ਦਾ ਸੰਕੇਤ ਹੀ ਉਸ ਡੁਹਾਗਣ ਨੂੰ ਹੈ ਜੋ ਸਾਰਾ ਸਮਾਂ ਮਾਇਆ ਵਿਚ ਖਚਿਤ ਰਹੀ ਹੈ ਅਤੇ ਤੁਰਨ ਸਮੇਂ ਖਾਲੀ ਹੱਥਾਂ ਨਾਲ ਮਨ ਅਧੀਰ ਹੈ, ਦੁਚਿੱਤਾ ਹੈ। ਇਸੇ ਨੂੰ ਹੀ ਤਾਂ ਬਾਬਾ ਫਰੀਦ ਨੇ ਇੰਜ ਕਿਹਾ ਹੈ:-

ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ।
ਲੇਖਾ ਰਬੁ ਮੰਗੇਸੀਆ ਤੂੰ ਆਂਹੋਂ ਕੇਰੇ ਕੰਮਿ ।।38।।[44]

ਫਰੀਦ ਬਾਣੀ ਦਾ ਹਰ ਵੇਰਵਾ ਮਨੁੱਖੀ ਵਰਤਾਰੇ ਨੂੰ ਸਪੱਸ਼ਟ ਕਰਨ ਵਾਲਾ ਹੈ। ਜੋ ਬੇਖ਼ਬਰ ਹੈ, ਬੇਸੁਰਤਿ ਹੈ, ਮਾਇਆ ਵਿਚ ਖਚਿਤ ਹੈ, ਜ਼ਿੰਦਗੀ ਦੇ ਚਾਰ ਦਿਹਾੜੇ ਸੌਂ ਕੇ ਜਾਂ ਖਾ ਕੇ ਗਵਾ ਲਏ ਹਨ, ਉਸਨੇ ਤਾਂ ਡਰਨਾ ਹੀ ਹੈ, ਦੁਚਿੱਤੀ ਤਾਂ ਹੋਣੀ ਹੀ ਹੈ ਕਿਉਂਕਿ ਲੇਖਾ ਤਾਂ ਅਵੱਸ਼ ਹੋਣਾ ਹੈ। ਫਰੀਦ ਬਾਣੀ ਸੁਚੇਤ ਕਰਦਿਆਂ ਮਨੁੱਖ ਨੂੰ ਹਰ ਪਹਿਲੂ ਬਾਰੇ ਸੁਚੇਤ ਕਰਦੀ ਹੈ। ਇਕ ਉਹ ਵਿਅਕਤੀ ਹੈ ਜੋ ਹਰ ਛਿੰਨ ਪ੍ਰਭੂ ਦੇ ਵਿਜੋਗ ਵਿਚ ਤੜਪ ਰਿਹਾ ਹੈ ਅਤੇ ਦੂਜਾ ਵਿਅਕਤੀ ਉਹ ਹੈ ਜੋ ਮਾਇਆ ਵਿਚ ਗ੍ਰਸਿਆ ਹੋਇਆ ਹੈ। ਇਕ ਨੂੰ ਫਰੀਦ ਨੇ ਸੁਹਾਗਣ ਕ੍ਹਿਾ ਹੈ ਅਤੇ ਦੂਜੇ ਨੂੰ ਡੁਹਾਗਣ। ਡੁਹਾਗਣ ਦੀ ਮੁਕਤੀ ਸੰਭਵ ਨਹੀਂ। ਫਰੀਦ ਨੇ ਉਸ ਵਿਅਕਤੀ ਦੀ ਮਾਨਸਿਕਤਾ ਨੂੰ ਇੰਜ ਪ੍ਰਗਟਾਇਆ ਹੈ ਜੋ ਹਰ ਪਲ ਵਿਛੋੜੇ ਦੇ ਭਾਵ ਵਿਚ ਤੜਪ ਰਿਹਾ ਹੈ:—

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ।।
ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ।।34।[45]

ਇਹ ਸ਼ਲੋਕ ਦੋ ਸਥਿਤੀਆਂ ਦਾ ਤੁਲਨਾਤਮਕ ਰੂਪ ਹੈ। ਇਕ ਉਹ ਮਾਨਸਿਕਤਾ ਹੈ ਜੋ ਆਪਣੇ ਜੋਬਨ ਜਾਣ ਤੋਂ ਡਰਦੀ ਨਹੀਂ ਕਿਉਂਕਿ ਉਸ ਦੀ ਮਨਸ਼ਾ

ਕੇਵਲ ਇਕੋ ਹੈ ਕਿ ਸਹ ਪ੍ਰੀਤਿ ਨ ਜਾਇ। ਦੂਜੇ ਪਾਸੇ ਸਥਿਤੀ ਦਾ ਦੂਜਾ ਰੂਪ ਇਹ ਹੈ ਕਿ ਜੋ ਜੋਬਨ ਪ੍ਰੀਤਿ ਬਿਨ ਹੈ, ਉਹ ਛਿੰਨ ਭੰਗਰ ਵਿਚ ਕੁਮਲਾ ਜਾਵੇਗਾ। ਫਰੀਦ ਨੇ ਇਹ ਗੱਲ ਬੜੇ ਗੁਝੇ ਢੰਗ ਨਾਲ ਕਹੀ ਹੈ ਕਿ ਇਕ ਧਿਰ ਉਹ ਹੈ ਜਿਸ ਨੂੰ ਧਨ ਜੋਬਨ ਦੀ ਕੋਈ ਪਰਵਾਹ ਨਹੀਂ, ਕੇਵਲ ਪ੍ਰਭੂ ਪ੍ਰੀਤ ਦੀ ਤਮੰਨਾ ਹੈ। ਇਹੀ ਉਸ ਦੀ ਮੁਕਤੀ ਹੈ। ਦੂਜੇ ਪਾਸੇ ਇਹ ਵੇਰਵਾ ਹੈ ਕਿ ਜੋਬਨ ਤਾਂ ਹੈ ਜੇ ਪ੍ਰੀਤ ਹੈ, ਜੇ ਪ੍ਰੀਤ ਹੀ ਨਹੀਂ ਤਾਂ ਜੋਬਨ ਦਾ ਕੁਮਲਾ ਜਾਣਾ ਤਹਿ ਹੈ। ਫਰੀਦ ਦੇ ਇਸ ਸ਼ਲੋਕ ਪ੍ਰੀਤ ਭਾਵਨਾ ਨੂੰ ਬੜੇ ਕਲਾਤਮਕ ਅਰਥ ਦਿੱਤੇ ਹਨ। ਫਰੀਦ ਇਕ ਹੋਰ ਸ਼ਲੋਕ ਵਿਚ ਉਸ ਵਿਅਕਤੀ ਦੀ ਪ੍ਰਤਿਬੱਧਤਾ ਪ੍ਰਗਟਾਉਂਦਾ ਹੈ ਜੋ ਪ੍ਰਭੂ ਪ੍ਰੇਮੀ ਪ੍ਰੀਤ ਵਿਚ ਏਨਾ ਬਿਹਬਲ ਹੈ ਕਿ ਉਹ ਹਰ ਔਖੀ ਘਾਟੀ ਪਾਰ ਕਰਨ ਲਈ ਤਤਪਰ ਹੈ:—

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ।।
ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ।।119।।[46]

ਇਸ ਸ਼ਲੋਕ ਵਿਚ ਪਿਆਰੇ ਪ੍ਰੀਤਮ ਨੂੰ ਮਿਲਣ ਲਈ ਏਨੀ ਵਿਆਕੁਲਤਾ ਹੈ ਕਿ ਕੋਈ ਅੱਗ ਰਸਤੇ ਵਿਚ ਬੰਧਨ ਨਹੀਂ ਬਣ ਸਕਦੀ। ਸਰੀਰ ਭਾਵੇਂ ਤੰਦੂਰ ਵਾਂਗ ਤਪੇ, ਹੱਡ ਬਾਲਣ ਵਾਂਗ ਬਲਣ, ਪੈਰ ਥੱਕ ਜਾਣ ਤਾਂ ਸਿਰ ਭਾਰ ਤੁਰਨ ਲਈ ਤਿਆਰ ਹੈ ਪ੍ਰੰਤੂ ਪ੍ਰੀਤ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ। ਇਸ ਸ਼ਲੋਕ ਵਿਚੋਂ ਉਸ ਵਿਅਕਤੀ ਦੀ ਸੋਚ ਉਭਰਦੀ ਹੈ ਜੋ ਹਰ ਛਿੰਨ, ਹਰ ਘੜੀ ਬ੍ਰਿਹਾ ਵਿਚ ਤਪ ਰਿਹਾ ਹੈ। ਜੋ ਬ੍ਰਿਹਾ ਵਿਚ ਤਪ ਰਿਹਾ ਹੈ, ਉਸ ਲਈ ਤੰਦੂਰ ਦੀ ਅੱਗ ਡਰਾਉਣੀ ਨਹੀਂ, ਸਿਰ ਭਾਰ ਤੁਰਨਾ ਬੰਧਨ ਨਹੀਂ। ਪ੍ਰੀਤ ਭਾਵਨਾ ਦਾ ਇਹ ਸਿਖਰ ਹੈ। ਇਹੀ ਪ੍ਰੀਤ ਭਾਵਨਾ ਬ੍ਰਿਹਾ ਦੀ ਜਨਮਦਾਤੀ ਹੈ। ਕੋਇਲ ਵਾਂਗ ਕਾਲਾ ਹੋ ਜਾਣਾ ਵੀ ਉਸ ਲਈ ਪ੍ਰਾਪਤੀ ਹੈ। ਫਰੀਦ ਵਿਚ ਵਿਯੋਗ ਭਾਵਨਾ ਏਨੀ ਉਡੀਕ ਭਰੀ ਹੈ ਕਿ ਸਰੀਰ ਦੇ ਖੁਰ ਜਾਣ ਬਾਅਦ ਵੀ ਇਹ ਉਸੇ ਸ਼ਿੱਦਤ ਨਾਲ ਬਣੀ ਰਹਿੰਦੀ ਹੈ। ਬ੍ਰਿਹਾ ਦੀ ਇਹ ਸਥਿਤੀ ਦੇਖਣਯੋਗ ਹੈ:—

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ।।
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ।91।[47]

ਫਰੀਦ ਬਾਣੀ ਦਾ ਇਹ ਵਿਚਾਰ ਵਿਛੋੜੇ ਵਿਚੋਂ ਪੈਦਾ ਹੋਣ ਵਾਲੀ ਮਾਨਵੀ ਹੋਂਦ ਦਾ ਚਿਤਰ ਪੇਸ਼ ਕਰਦਾ ਹੈ। ਵਿਛੋੜਾ ਤਪਾਉਂਦਾ ਹੈ ਅਤੇ ਦੇਹ ਦਾ ਖੋਰਾ ਵੀ ਬਣਦਾ ਹੈ। ਜੋ ਵਿਅਕਤੀ ਪ੍ਰੇਮ/ਵਿਜੋਗ ਵਿਚ ਦੀਵਾਨਾ ਹੈ, ਉਸ ਨੂੰ ਆਪਣੀ ਦੇਹ ਦੇ ਖੁਰ ਜਾਣ ਦਾ ਕੋਈ ਝੋਰਾ ਨਹੀਂ। ਕਾਲ ਨੇ ਸਰੀਰ ਖੋਰ ਦਿੱਤਾ ਹੈ, ਹੋਂਦ ਡਗਮਗਾ ਰਹੀ ਹੈ ਪਰ ਅੰਦਰ ਇਕ ਮਿਲਣ ਦੀ ਸਿੱਕ ਹੈ। ਇਸ ਸਿੱਕ ਨੇ ਦੇਹ ਦੇ ਦੁੱਖ ਨੂੰ ਵੀ ਭੁਲਾ ਦਿੱਤਾ ਹੈ। ਜਗਿਆਸੂ ਲਈ ਪ੍ਰਭੂ ਪ੍ਰੀਤ ਹੀ ਮੁਕਤੀ ਹੈ। ਪਿਰ ਦੇਖਨ ਕੀ ਆਸ ਏਨੀ ਬਲਵਾਨ ਹੈ ਕਿ ਬਾਕੀ ਸਭ ਦੁੱਖ ਸੰਤਾਪ ਮੁੱਕ ਗਏ ਹਨ। ਫਰੀਦ ਬਾਣੀ ਵਿਚ ਵਿਛੋੜੇ ਦੀ ਤੜਪ ਏਨੀ ਤੀਬਰ ਹੈ ਕਿ ਕੋਈ ਬੰਧਨ ਮਿਲਣ ਦੀ ਤਾਂਘ ਨੂੰ ਮਿਟਾ ਨਹੀਂ ਸਕਦਾ। ਇਹ ਤਾਂਘ ਏਨੀ ਪ੍ਰਬਲ ਹੈ ਕਿ ਭਿਜਉ ਸਿਜਉ ਵਾਲੀ ਅਵਸਥਾ ਹੋਣ ਉਪਰ ਵੀ ਮਿਲਾਪ ਵਿਚਕਾਰ ਕੋਈ ਰੁਕਾਵਟ ਨਹੀਂ ਹੁੰਦੀ। ਫਰੀਦ ਬਾਣੀ ਦੇ ਇਹ ਦੋ ਸ਼ਲੋਕ ਬੜੇ ਪ੍ਰਸੰਗਿਕ ਹਨ:—

— ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੈ ਨੇਹੁ।
ਚਲਾਂ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ।।24।।[48]

— ਭਿਜਉ ਸਿਜਉ ਕੰਬਲੀ ਅਲਹੁ ਵਰਸਉ ਮੇਹੁ।।
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ।।25।।[49]

ਇਨ੍ਹਾਂ ਦੋ ਸਲੋਕਾਂ ਵਿਚ ਸਾਰੀ ਤਾਂਘ ਸਪੱਸ਼ਟ ਹੈ। ਪਹਿਲੇ ਸਲੋਕ ਵਿਚ ਬੰਧਨਾਂ ਦੀ ਗੱਲ ਹੈ, ਵਿਕਾਰਾਂ ਦੀ ਪ੍ਰਬਲਤਾ ਦਾ ਡਰ ਹੈ, ਪਿਆਰੇ ਦਾ ਘਰ ਵੀ ਦੂਰ ਹੈ ਅਤੇ ਰਸਤੇ ਵਿਚ ਸੰਸਾਰੀ ਮਾਇਆ ਦੇ ਬੰਧਨ ਹਨ। ਇਹ ਉਹ ਸਥਿਤੀ ਹੈ ਜੋ ਹਰ ਵਿਅਕਤੀ ਦੇ ਸਨਮੁੱਖ ਹੈ। ਦੂਜੇ ਸਲੋਕ ਵਿਚ ਪਹਿਲੀ ਸਥਿਤੀ ਦਾ ਉੱਤਰ ਹੈ। ਬੰਧਨ ਉਨੀ ਦੇਰ ਤਕ ਬਾਧਕ ਹਨ ਜਦੋਂ ਤਕ ਅੰਦਰ ਆਤਮ ਵਿਸ਼ਵਾਸ ਨਹੀਂ। ਜਦੋਂ ਪ੍ਰਭੂ ਪ੍ਰੀਤ ਜਾਗਦੀ ਹੈ, ਵਿਛੋੜਾ ਬਿਹਬਲ ਕਰਦਾ ਹੈ ਤਾਂ ਸਾਰੇ ਬੰਧਨ

ਮਿੱਟ ਜਾਂਦੇ ਹਨ। ਇਹ ਉਹ ਦੀਵਾਨਗੀ ਦਾ ਆਲਮ ਹੈ ਜਦੋਂ ਕੋਈ ਡਰ ਭਉ ਜਾਂ ਕਿਸੇ ਤਰ੍ਹਾਂ ਦਾ ਦਵੰਦ ਨਹੀਂ ਹੁੰਦਾ। ਇਹ ਫੈਸਲਾ ਅੰਦਰਲੀ ਸ਼ਕਤੀ ਦਾ ਪ੍ਰਗਟਾਓ ਹੈ। ਭਿਜਉ ਸਿਜਉ ਦੀ ਅਵੱਸਥਾ ਉਦੋਂ ਆਉਂਦੀ ਹੈ ਜਦੋਂ ਅਜੇ ਪ੍ਰੀਤ ਜਾਗੀ ਨਹੀਂ ਹੁੰਦੀ। ਜਦੋਂ ਪ੍ਰੀਤ ਜਾਗਦੀ ਹੈ ਤਾਂ ਕੋਈ ਭਰਮ ਭੁਲੇਖਾ, ਡਰ ਭਉ ਜਾਂ ਸੰਤਾਪ ਨਹੀਂ ਰਹਿੰਦਾ। ਇਹ ਅਵਸਥਾ ਬ੍ਰਿਹਾ ਦੀ ਤਿੱਖੀ ਵੇਦਨਾ ਵਿਚੋਂ ਜਾਗਦੀ ਹੈ। ਫਰੀਦ ਬਾਣੀ ਵਿਚ ਤਾਂ ਉਸਦਾ ਜੀਵਨ ਧ੍ਰਿਗੁ ਹੈ ਜੋ ਵਿਛੋੜੇ ਵਿਚ ਵਿਆਕੁਲ ਨਹੀਂ। ਅਸਲ ਜੀਵਨ ਹੀ ਉਹ ਹੈ ਜੋ ਹਰ ਪਲ ਪ੍ਰਭੂ ਪ੍ਰੀਤਮ ਦੀ ਯਾਦ ਵਿਚ ਨਿਕਲਦਾ ਹੈ:—

ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ।।
ਧ੍ਰਿਗੁ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ।।21।।[50]

ਫਰੀਦ ਬਾਣੀ ਦਾ ਪ੍ਰਵਚਨ ਇਹ ਹੈ ਕਿ ਜੋ ਵਿਡਾਣੀ ਆਸ ਵਿਚ ਰਹਿੰਦੇ ਹਨ, ਉਨ੍ਹਾਂ ਦਾ ਜੀਵਨ ਧਰਤੀ ਉਪਰ ਭਾਰ ਹੈ। ਰਾਤੀ ਵਡੀਆਂ, ਧੁਖਿ ਧੁਖਿ ਉਠਨਿ ਪਾਸ ਇਸ ਗੱਲ ਦਾ ਸੰਕੇਤ ਹੈ ਕਿ ਵਿਛੋੜਾ ਲੰਮਾ ਹੈ, ਦਰਦੀਲਾ ਹੈ। ਇਹ ਦਰਦ ਤਾਂ ਹੀ ਘਟਣਾ ਹੈ ਜੇਕਰ ''ਇਕ'' ਦੀ ਆਸ ਹੈ ਅਤੇ ਉਹ ਜੋ ਬੇਗਾਨੀਆਂ ਆਸਾਂ ਵਿਚ ਲੀਨ ਹਨ, ਉਹ ਅੰਤ ਵਿਚ ਪਛਤਾਉਂਦੇ ਹਨ। ਫਰੀਦ ਬਾਣੀ ਵਿਚ ਉਨ੍ਹਾਂ ਨੂੰ ਤਿੱਖੀ ਫਿਟਕਾਰ ਹੈ ਜੋ ਮਾਇਆ ਮੋਹ ਵਿਚ ਖਚਿਤ ਹੋ ਕੇ ਪ੍ਰਭੂ ਨੂੰ ਵਿਸਾਰੀ ਬੈਠੇ ਹਨ। ਫਰੀਦ ਜੀ ਨੇ ਬੜੀ ਸਪੱਸ਼ਟਤਾ ਨਾਲ ਕਿਹਾ ਹੈ ਕਿ ਅਸਲ ਸੁਹਾਗਣ ਤਾਂ ਉਹ ਹੈ ਜਿਸ ਨੂੰ ਉਸ ਦਾ ਪਤੀ ਵਿਸਾਰਦਾ ਨਹੀਂ। ਇਹ ਸਲੋਕ ਅਸਲ ਸੁਹਾਗਣ ਦੀ ਪਰਿਭਾਸ਼ਾ ਕਰਦਾ ਹੈ:—

ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ।।
ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ।।31।।[51]

ਇਹ ਸਲੋਕ ਉਨ੍ਹਾਂ ਮਨਮੁੱਖਾਂ ਨੂੰ ਚਿਤਾਵਨੀ ਹੈ ਜੋ ਜ਼ਾਹਰਾ ਰੂਪ ਵਿਚ ਭਰਮ ਪਾਲਦੇ ਹਨ ਕਿ ਉਨ੍ਹਾਂ ਦਾ ਕਰਮ ਧਰਮ ਸ਼ੁਭ ਹੈ। ਇਹ ਉਹ ਸਥਿਤੀ ਹੈ, ਜਿਸ

ਬਾਰੇ ਫਰੀਦ ਜੀ ਨੇ ਕਿਹਾ ਸੀ "ਕਾਲੇ ਮੈਂਡੇ ਕਪੜੇ ਕਾਲਾ ਮੈਂਡਾ ਵੇਸ"। ਇਸ ਸਲੋਕ ਵਿਚ ਬੜਾ ਸਰਲ ਨਿਰਣਾ ਹੈ ਕਿ ਉਹੀ ਸੁਹਾਗਣ ਹੈ ਜੋ ਪ੍ਰਭੂ ਦੀ ਨਿਗ੍ਹਾ ਵਿਚ ਪ੍ਰਵਾਣ ਹੈ। ਪ੍ਰਭੂ ਦੀ ਨਿਗ੍ਹਾ ਵਿਚ ਉਹੀ ਸਵੀਕਾਰ ਹੈ ਜੋ ਮਨੋ-ਚਿਤ ਉਸਦਾ ਹੋ ਕੇ ਰਹਿੰਦਾ ਹੈ। ਸੁਹਾਗਣ ਦੀ ਪਰਿਭਾਸ਼ਾ ਹੀ ਵਿਛੋੜੇ ਵਿਚ ਲੀਨ ਹੋਣਾ ਹੈ। ਜੇ ਵਿਜੋਗ ਨਹੀਂ, ਮਿਲਣ ਦੀ ਤਾਂਘ ਨਹੀਂ ਤਾਂ ਉਹ ਜੀਵਾਤਮਾ ਡੁਹਾਗਣ ਹੈ, ਸੁਹਾਗਣ ਕਦਾਚਿਤ ਨਹੀਂ। ਇਹੀ ਫੈਸਲਾ ਵਿਚਾਰਨਯੋਗ ਹੈ।

ਫਰੀਦ ਬਾਣੀ ਵਿਚ ਜੋ ਸੁਹਾਗਣ ਹੈ, ਉਹ ਮੁਕਤ ਹੈ। ਮਿਲਾਪ ਦੀ ਅਧਿਕਾਰੀ ਹੈ। ਜਿਸ ਨੇ ਨਢੀ ਹੁੰਦੇ ਹੋਏ ਪ੍ਰਭੂ ਨੂੰ ਧਿਆਇਆ ਨਹੀਂ, ਉਸ ਦੀ ਤੜਪ ਵਿਚ ਤੜਪਿਆ ਨਹੀਂ, ਉਸ ਦੀ ਅਵੱਸਥਾ ਨੂੰ ਬਾਬਾ ਫਰੀਦ ਇੰਜ ਕਹਿੰਦੇ ਹਨ:—

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ।।
ਧਨ ਕੂਕੇਂਦੀ ਗੋਰ ਮੇਂ ਤੈ ਸਹ ਨ ਮਿਲੀਆਸੁ।।54।।[52]

ਇਨ੍ਹਾਂ ਸਾਰੇ ਸਲੋਕਾਂ ਵਿਚੋਂ ਇਹ ਗੱਲ ਉਭਰਦੀ ਹੈ ਕਿ ਉਹੀ ਜੀਵਾਤਮਾ ਮੁਕਤ ਹੈ, ਜਿਸ ਅੰਦਰ ਵਿਛੋੜੇ ਦਾ ਭਾਵ ਹਰ ਘੜੀ ਪ੍ਰਬਲ ਰਹਿੰਦਾ ਹੈ। ਬ੍ਰਿਹਾ ਵਿਚ ਰਹਿੰਦਿਆਂ ਹੀ ਮਿਲਾਪ ਹੈ। ਅਸਲ ਵਿਚ ਸੂਫੀ ਕਾਵਿ ਵਿਚ ਬ੍ਰਿਹਾ ਦਾ ਬਹੁਤ ਮਹੱਤਵਪੂਰਨ ਸਥਾਨ ਹੈ। ਸੂਫੀ ਕਵੀ ਤਾਂ ਰੱਬੀ ਇਸ਼ਕ ਵਿਚ ਇਸ ਤਰ੍ਹਾਂ ਦੀਵਾਨੇ ਹੋ ਗਏ ਜਾਪਦੇ ਹਨ ਕਿ ਬ੍ਰਿਹਾ ਉਨ੍ਹਾਂ ਦੀ ਜ਼ਿੰਦਗੀ ਦਾ ਜਿਵੇਂ ਇਕ ਅਨਿੱਖੜਵਾਂ ਅੰਗ ਬਣ ਕੇ ਰਹਿ ਗਿਆ ਸੀ। ਲਗਭਗ ਸਾਰੇ ਸੂਫੀ ਕਵੀ ਰਹੱਸਵਾਦੀ ਕਵੀ ਸਨ, ਇਸ ਲਈ ਸੂਫ਼ੀਆਂ ਦਾ ਬ੍ਰਿਹਾ ਰਹੱਸਵਾਦ ਤੋਂ ਪ੍ਰਭਾਵਿਤ ਹੈ। ਇਸ ਲਈ ਹੀ ਤਾਂ ਬਾਬਾ ਸੇਖ਼ ਫ਼ਰੀਦ ਸ਼ਕਰਗੰਜ ਨੇ ਤਾਂ ਬ੍ਰਿਹਾ ਨੂੰ ਇਕ ਉਚ ਦਰਜਾ ਦਿੰਦੇ ਹੋਏ ਸੁਲਤਾਨ ਤੀਕ ਕਹਿ ਦਿੱਤਾ ਹੈ ਅਤੇ ਬ੍ਰਿਹਾ ਤੋਂ ਸੱਖਣੇ ਸਰੀਰ ਨੂੰ ਤਾਂ 'ਮਸਾਣੁ' ਦਾ ਦਰਜਾ ਦਿੱਤਾ ਹੈ;—

ਬਿਰਹਾ ਬਿਰਹਾ ਆਖੀਐ, ਬਿਰਹਾ ਤੂੰ ਸੁਲਤਾਨ।

ਫਰੀਦਾ ਜਿਤੁ ਤਨਿ ਬਿਰਹਾ ਨ ਊਪਜੈ,

ਸੋ ਤਨੁ ਜਾਣੁ ਮਸਾਣੁ।[53]

ਸੂਫੀਆਂ ਦਾ ਬ੍ਰਿਹਾ ਤਾਂ ਸ਼ੇਖ਼ ਫਰੀਦ ਜੀ ਤੋਂ ਲੈ ਕੇ ਗੁਲਾਮ ਫ਼ਰੀਦ ਤੱਕ ਦਾ ਸਫ਼ਰ ਤੈਅ ਕਰਦਾ ਹੈ। ਇਨ੍ਹਾਂ ਸਾਰੇ ਸੂਫ਼ੀਆਂ ਦੀ ਕਵਿਤਾ ਵਿਚ ਬ੍ਰਿਹਾ ਦੀ ਹੂਕ ਸਮਾਨ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਸੂਫ਼ੀ ਸਾਧਨਾ, ਪ੍ਰੇਮ-ਸਾਧਨਾ ਹੈ। ਇਸ ਲਈ ਵਿਛੋੜੇ ਦੀ ਤੜਪ, ਬ੍ਰਿਹਾ ਦੀ ਹੂਕ ਅਤੇ ਵਿਜੋਗ-ਪੀੜਾ ਸੂਫ਼ੀਆਂ ਦਾ ਕੇਂਦਰੀ ਨੁਕਤਾ ਹੋਣ ਦੇ ਬਾਵਜੂਦ ਵੀ ਉਹ ਇਸ ਦਾ ਪ੍ਰਗਟਾਵਾ ਅੱਡ-ਅੱਡ ਢੰਗ ਰਾਹੀਂ ਕਰਦੇ ਹਨ। ਸੇਖ ਫ਼ਰੀਦ ਨੇ ਆਪਣੀ ਬ੍ਰਿਹਾ ਦੀ ਤੜਪ ਨੂੰ ਕਾਲੀ ਕੋਇਲ ਦੇ ਰੂਪਕ ਰਾਹੀਂ ਪ੍ਰਗਟਾਇਆ ਹੈ:—

ਕਾਲੀ ਕੋਇਲ ਤੂੰ ਕਿਤ ਗੁਨ ਕਾਲੀ।

ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ।।[54]

ਸ਼ਾਹ ਹੁਸੈਨ ਨੇ ਬ੍ਰਿਹਾ ਦੀ ਅਵੱਸਥਾ ਨੂੰ 'ਸੂਲਾਂ ਦੀ ਮਾਰ' ਦਾ ਪ੍ਰਤੀਕ ਦੇ ਕੇ ਇਸ ਤਰ੍ਹਾਂ ਬਿਆਨ ਕੀਤਾ ਹੈ:—

ਦਰਦ ਵਿਛੋੜੇ ਦਾ ਹਾਲ ਨੀ ਮੈਂ ਕੈਨੂੰ ਆਖਾਂ

ਸੂਲਾਂ ਮਾਰ ਦੀਵਾਨੀ ਕੀਤੀ ਬਿਰਹੋਂ ਪਾਇਆ ਸਾਡੇ ਖਿਆਲ।[55]

ਸ਼ਾਹ ਹੁਸੈਨ ਤਾਂ ਇਥੋਂ ਤੱਕ ਕਹਿ ਜਾਂਦਾ ਹੈ ਕਿ ਸੱਚਾ ਸਾਧਕ (ਆਸ਼ਕ) ਆਪਣੇ ਪ੍ਰੀਤਮ ਦੇ ਵਿਛੋੜੇ ਵਿਚ ਤਾਂ ਖ਼ੂਨ ਦੇ ਅੱਥਰੂ ਰੋਂਦਾ ਹੈ:—

ਹੰਝੂ ਰੋਂਦਾ ਸਭ ਕੋਈ ਆਸ਼ਕ ਰੋਂਦੇ ਰੱਤਿ ਨੀ।[56]

ਸੂਫ਼ੀ ਕਾਵਿ ਦਾ ਸਿੱਖਰ ਦਾ ਕਵੀ ਬਲ੍ਹੇ ਸ਼ਾਹ ਦੀ ਤਾਂ ਆਪਣੇ ਪਿਆਰੇ ਪ੍ਰੀਤਮ ਬਿਨਾ ਜਿੰਦ ਹੀ ਕੁਮਲਾ ਜਾਂਦੀ ਹੈ:—

ਬਹੁੜੀ ਵੇ ਤਬੀਬਾ ਮੈਂਡੀ ਜਿੰਦ ਗਈਆਂ।

ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।[57]

ਸੂਫ਼ੀ ਫ਼ਕੀਰ ਸੁਲਤਾਨ ਬਾਹੂ ਆਪਣੇ ਬ੍ਰਿਹਾ ਨੂੰ ਹੇਠ ਲਿਖੇ ਅਨੁਸਾਰ ਪ੍ਰਗਟਾਉਂਦਾ ਹੈ:—

ਐਨ- ਇਸ਼ਕ ਦੀ ਭਾਹ ਹੱਡਾਂ ਦਾ ਬਾਲਣ,
ਆਸ਼ਿਕ ਬੈਠ ਸਕੀਂਦੇ ਹੂ।
ਘਤ ਕੇ ਜਾਨ ਜਿਗਰ ਵਿਚ ਆਰਾ,
ਵੇਖ ਕਬਾਬ ਤਲੀਂਦੇ ਹੂ।
ਸਰਗਰਦਾਨ ਫਿਰਨ ਹਰ ਵੇਲੇ,
ਖ਼ੂਨ ਜਿਗਰ ਦਾ ਪੀਂਦੇ ਹੂ।[58]

ਖਵਾਜਾ ਗੁਲਾਮ ਫ਼ਰੀਦ ਨੇ ਬ੍ਰਿਹਾ ਪ੍ਰਤੀ ਆਪਣਾ ਨਜ਼ਰੀਆ ਇਨ੍ਹਾਂ ਸਤਰਾਂ ਰਾਹੀਂ ਪ੍ਰਗਟਾਇਆ ਹੈ ਕਿ ਬ੍ਰਿਹਾ ਦਾ ਰਸਤਾ ਬੜਾ ਬਿਖੜਾ ਤੇ ਔਖਾ ਹੈ:—

ਦਰਿਆ ਬਿਰਹੋਂ ਦਾ ਤਾਰ ਹੈ, ਹਰ ਮੌਜ ਆਦਮ ਖ਼ੁਆਰ ਹੈ।
ਨਾ ਪਾਰ ਨਾ ਉਤਾਰ ਹੈ, ਔਖੀਂ ਅੜਾਈਂ ਆ ਅੜੀ।[59]

ਪੰਜਾਬੀ ਸੂਫ਼ੀ ਕਵੀਆਂ ਦੀਆਂ ਬ੍ਰਿਹੋਂ ਸੰਬੰਧੀ ਦਿੱਤੀਆਂ ਉਪਰੋਕਤ ਉਦਾਹਰਣਾਂ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਬ੍ਰਿਹੋਂ ਜਾਂ ਵਿਜੋਗ ਦੀ ਭਾਵਨਾ ਸੂਫੀ ਚਿੰਤਨ ਦਾ ਇੱਕ ਅਨਿਖੜਵਾਂ ਅੰਗ ਹੈ। ਸੂਫ਼ੀਆਂ ਦਾ ਮੁਖ ਮੰਤਵ ਆਪਣੇ ਆਪ ਨੂੰ ਪਰਮਾਤਮਾ ਨਾਲ ਅਭੇਦ ਕਰਨਾ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਮਿਲਣ ਦੀ ਤਾਂਘ ਅਰਥਾਤ ਵਸਲ ਦੀ ਲੋਚਾ ਭਾਵੇਂ ਪ੍ਰੇਮੀ ਤੇ ਪ੍ਰੇਮਿਕਾ ਦੀ ਹੋਵੇ, ਭਾਵੇਂ ਜੀਵਾਤਮਾ ਦੀ ਪ੍ਰਭੂ ਨਾਲ, ਦੋਹਾਂ ਅਵੱਸਥਾਵਾਂ ਵਿਚ ਬ੍ਰਿਹਾ ਦੀ ਤੜਪ ਬਰਾਬਰ ਕਿਰਿਆਸ਼ੀਲ ਰਹਿੰਦੀ ਹੈ। ਹਰੇਕ ਸੂਫ਼ੀ ਸਾਧਕ ਪਰਮਾਤਮਾ ਦਾ ਰਹੱਸ ਜਾਣਨ ਉਪਰੰਤ ਅਤੇ ਖੁਦ ਨੂੰ ਉਸ ਤੋਂ ਵਿਛੜੀ ਹੋਈ ਆਤਮਾ ਦਾ ਸੱਚ ਜਾਣਨ ਤੋਂ ਮਗਰੋਂ ਦੁਖ ਤੇ ਸੰਤਾਪ ਭੋਗਦਾ ਹੈ। ਇਸ ਲਈ ਉਹ ਉਸ ਪਰਮਾਤਮਾ ਦੇ ਨਾਲ ਮਿਲਣ ਲਈ ਪ੍ਰਭੂ ਨਾਲ ਸੱਚਾ ਇਸ਼ਕ ਕਰਦਾ ਹੈ ਅਤੇ ਇਹ ਇਸ਼ਕ ਦਾ ਪੈਂਡਾ ਵੀ ਬਹੁਤ ਮੁਸ਼ਕਲਾਂ ਭਰਿਆ ਹੈ।

ਸਮੁੱਚਾ ਸੂਫ਼ੀ ਕਾਵਿ ਅਧਿਆਤਮਕ ਕਾਵਿ ਹੋਣ ਕਾਰਨ ਪਾਰਲੌਕਿਕ ਜਗਤ ਨਾਲ ਜੁੜਿਆ ਹੋਇਆ ਹੈ ਜਿਸ ਅਨੁਸਾਰ ਸਾਧਕ ਦਾ ਪਰਮ-ਲਕਸ਼ ਪਰਮਾਤਮਾ ਦੇ ਰਹੱਸ ਨੂੰ ਜਾਨਣਾ ਹੁੰਦਾ ਹੈ ਅਤੇ ਪਰਮਾਤਮਾ ਦੀ ਪ੍ਰਾਪਤੀ ਲਈ ਜਗਿਆਸੂ ਨੂੰ ਮੋਹ ਮਾਇਆ ਅਤੇ ਪਦਾਰਥਕ ਇਛਾਵਾਂ ਤੋਂ ਨਿਰਲੇਪ ਰਹਿ ਕੇ ਹਰ ਪਲ ਪਰਮਾਤਮਾ ਦੀ ਭਗਤੀ ਵਿਚ ਮਗਨ ਰਹਿਣਾ ਹੁੰਦਾ ਹੈ। ਡਾ. ਜਸਪਾਲ ਕੌਰ ਕਾਂਗ ਇਸ ਨੂੰ ਬਿਆਨ ਕਰਦੇ ਹੋਏ ਲਿਖਦੇ ਹਨ ਕਿ, ''ਸਾਧਕ ਪ੍ਰਭੂ-ਭਗਤੀ ਵਿਚ ਲੀਨ ਹੋਣ ਲਈ ਹਰ ਘੜੀ ਯਤਨਸ਼ੀਲ ਹੁੰਦਾ ਹੈ। ਜਗਿਆਸੂ ਲਈ ਇਸ ਸਥਿਤੀ ਦੇ ਰਾਹ ਵਿਚ ਜੋ ਰੁਕਾਵਟ ਹੈ, ਉਹੀ ਇਸ ਲਈ ਸੰਤਾਪ ਹੈ।''[60]

ਭਾਵ ਇਹ ਹੈ ਕਿ ਮਨੁੱਖ ਦੀ ਲਕਸ਼-ਸਿੱਧੀ ਵਿਚ ਆਉਣ ਵਾਲੀ ਕੋਈ ਵੀ ਰੁਕਾਵਟ ਉਸ ਲਈ ਦੁਖ ਦਾ ਕਾਰਨ ਬਣਦਾ ਹੈ ਅਤੇ ਪਰਮਾਤਮਾ ਤੋਂ ਵਿਛੜੇ ਸਾਧਕ ਅੰਦਰ ਬੇਚੈਨੀ, ਪੀੜਾ ਤੇ ਬ੍ਰਿਹਾ ਦੀ ਇੱਕ ਹੂਕ ਜਿਹੀ ਉੱਠਣ ਲੱਗ ਪੈਂਦੀ ਹੈ। ਫ਼ਰੀਦ ਬਾਣੀ ਦਾ ਕੇਂਦਰੀ ਨੁਕਤਾ ਹੀ ਇਹ ਹੈ ਕਿ ਮਨੁੱਖ ਪ੍ਰਭੂ ਤੋਂ ਵਿਛੜੀ ਹੋਈ ਹੋਂਦ ਹੈ ਅਤੇ ਇਹ ਵਿਛੋੜਾ ਉਸ ਦੇ ਪੂਰਬਲੇ ਕਰਮਾਂ ਦਾ ਫਲ ਹੈ।

ਇਕ ਹੋਰ ਸ਼ਲੋਕ ਰਾਹੀਂ ਬਾਬਾ ਫ਼ਰੀਦ ਜੀ ਇਸ ਗੱਲ ਤੇ ਪਛਤਾਵਾ ਕਰਦੇ ਹੋਏ ਲਿਖਦੇ ਹਨ ਕਿ ਜੇਕਰ ਉਹ ਜਾਣਦੇ ਹੁੰਦੇ ਕਿ ਇਸ ਸੰਸਾਰ ਵਿਚ ਜਨਮ ਲੈਂਦਿਆਂ ਸਾਰ ਹੀ ਆਤਮਾ ਨੇ ਪਰਮਾਤਮਾ ਨਾਲੋਂ ਵਿਛੜ ਜਾਣਾ ਹੈ ਤਾਂ ਉਹ ਪਰਮਾਤਮਾ ਨਾਲ ਆਪਣੇ ਪਿਆਰ ਦੀ ਗੰਢ ਨੂੰ ਹੋਰ ਵੀ ਪੀਡੀ ਕਰ ਦਿੰਦੇ ਤਾਂ ਕਿ ਉਨ੍ਹਾਂ ਦੀ ਪ੍ਰੀਤ ਨਾ ਟੁੱਟਦੀ ਭਾਵ ਉਨ੍ਹਾਂ ਦੀ ਆਤਮਾ ਨੂੰ ਵਿਛੋੜੇ ਦਾ ਇਹ ਸੰਤਾਪ ਨਾ ਹੰਢਾਉਣਾ ਪੈਂਦਾ:—

ਜੇ ਜਾਣਾ ਲੜੁ ਛਿਜਣਾ, ਪੀਡੀ ਪਾਈ ਗੰਢਿ।।
ਤੈਂ ਜੇਵਡ ਮੈਂ ਨਾਹਿ ਕੋ, ਸਭੁ ਜਗੁ ਡਿਠਾ ਹੰਢਿ।।[61]

ਸੂਫੀ ਮੱਤ ਅਨੁਸਾਰ ਪ੍ਰਭੂ-ਪ੍ਰਾਪਤੀ ਦਾ ਸਾਧਨ ਪ੍ਰੇਮ ਹੈ, ਇਸ਼ਕ ਹੈ, ਅਤੇ ਬੰਦਗੀ ਹੈ। ਬਾਬਾ ਫ਼ਰੀਦ ਜੀ ਬੰਦਗੀ ਦਾ ਆਧਾਰ ਸੱਚੀ ਪ੍ਰੀਤ ਨੂੰ ਮਿੱਥਦੇ ਹਨ। ਸੱਚੀ ਪ੍ਰੀਤ ਦਾ ਇਹ ਭਗਤੀ ਮਾਰਗ ਬਹੁਤ ਮੁਸ਼ਕਲ ਹੈ। ਉਹ ਲਿਖਦੇ ਹਨ:—

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ।।
ਬੰਨ੍ਹਿ ਉਠਾਈ ਪੋਟਲੀ, ਕਿਥੈ ਵੰਞਾ ਘਤਿ।।[62]

ਫ਼ਰੀਦ ਜੀ ਦੱਸਦੇ ਹਨ ਕਿ ਭਗਤੀ ਮਾਰਗ ਜਿਹੇ ਔਖੇ ਪੈਂਡੇ ਰਾਹੀਂ ਬ੍ਰਿਹਾ ਦੀ ਅਗਨੀ ਵਿਚ ਤਨ ਨੂੰ ਤੰਦੂਰ ਦੀ ਤਰ੍ਹਾਂ ਤਪਾ ਕੇ ਹੱਡਾਂ ਦਾ ਬਾਲਣ ਬਾਲਦਾ ਹੈ ਤੇ ਪ੍ਰੀਤਮ ਨੂੰ ਮਿਲਣ ਦੀ ਸਿੱਕ ਨੂੰ ਪ੍ਰਗਟਾਉਂਦਾ ਹੈ:—

ਤਨ ਤਪੈ ਤਨੂਰ ਜਿਉਂ ਬਾਲਣੁ ਹੱਡ ਬਲੰਨਿ।
ਪੈਰੀ ਥਕਾਂ ਸਿਰਿ ਜੁਲਾਂ, ਜੇ ਮੂੰ ਪਿਰੀ ਮਿਲੰਨਿ।।[63]

ਜੀਵਾਤਮਾ ਕਿਉਂਕਿ ਉਸ ਪਰਮਾਤਮਾ ਦਾ ਹੀ ਇੱਕ ਅਭਿੰਨ ਅੰਗ ਹੈ, ਇਸ ਲਈ ਇਸ ਦਾ ਫਿਰ ਤੋਂ ਉਸ ਨਾਲ ਅਭੇਦ ਹੋਣ ਲਈ ਬੇਚੈਨ ਹੋਣਾ ਤਰਕ ਸੰਗਤ ਹੈ। ਸੂਫ਼ੀ ਮੱਤ ਦੇ ਧਾਰਨੀ ਵਿਛੜਨ ਤੋਂ ਮਿਲਾਪ ਤੱਕ ਦੇ ਸਫ਼ਰ ਨੂੰ 'ਦੌਰਾਏ ਵਜੂਦ' ਦਾ ਨਾਂ ਦਿੰਦੇ ਹਨ।[64]

ਸੱਚੇ ਸੂਫ਼ੀ ਨੂੰ ਇਸ ਸਮੱਸਿਆ ਨਾਲ ਦੋ ਚਾਰ ਹੋਣਾ ਪੈਂਦਾ ਹੈ ਕਿ ਜੀਵਾਤਮਾ ਜੋ ਪਰਮਾਤਮਾ ਤੋਂ ਵਿਛੜ ਕੇ ਆਈ ਹੋਈ ਹੈ, ਉਹ ਮੁੜ ਵਿਕਾਸ ਕਰਕੇ ਰੱਬ ਵਿਚ ਕਿਵੇਂ ਅਭੇਦ ਹੋਵੇ? ਇਸ ਕਰਕੇ ਸੱਚਾ ਸੂਫੀ ਸਾਧਨਾ ਦੁਆਰਾ ਪ੍ਰਭੂ ਮਿਲਾਪ ਲਈ ਇਕਾਗਰਚਿੱਤ ਹੁੰਦਾ ਹੈ। ਸੱਚੇ ਸਾਧਕ ਲਈ ਭੌਤਿਕ ਜਗਤ ਤੋਂ ਅਧਿਆਤਮਕ ਜਗਤ ਵਿਚ ਪਹੁੰਚਣਾ ਕਠਿਨ ਨਹੀਂ ਹੁੰਦਾ। ਇਸ ਦੌਰਾਨ ਸਾਧਕ ਨੂੰ ਪਰਮਾਤਮਾ ਦੀ ਬਖਸ਼ਿਸ਼ ਵੀ ਹੋ ਜਾਂਦੀ ਹੈ ਜਿਸ ਨਾਲ ਉਹ ਪਰਮਾਤਮਾ ਵਿਚ ਅਭੇਦ ਹੋ ਜਾਂਦਾ ਹੈ। ਪਰਮਾਤਮਾ ਦੇ ਰਹੱਸ ਨੂੰ ਜਾਨਣਾ ਹੀ ਸੂਫ਼ੀ ਸਾਧਕ ਦਾ ਉਦੇਸ਼ ਹੁੰਦਾ ਹੈ, ਇਸ ਨੂੰ ਹੀ ਰਹੱਸਵਾਦ ਕਿਹਾ ਜਾਂਦਾ ਹੈ।

ਸ਼ੇਖ ਫਰੀਦ ਵੀ ਅਜਿਹੇ ਹੀ ਸੂਫ਼ੀ ਫਕੀਰ ਸਨ ਜੋ ਪ੍ਰਭੂ ਦੇ ਮਿਲਾਪ ਲਈ ਬੇਚੈਨ ਸਨ। ਉਨ੍ਹਾਂ ਦੀ ਆਤਮਾ ਉਸ ਈਸ਼ਵਰ ਨਾਲ ਅਭੇਦ ਹੋਣ ਲਈ ਖ਼ੁਦਾ ਦੇ ਇਸ਼ਕ ਦੇ ਰੰਗ 'ਚ ਰੱਤੀ ਹੋਈ ਹੈ। ਉਨ੍ਹਾਂ ਦਾ ਇਹ ਅਟੱਲ ਨਿਸ਼ਚਾ ਹੈ ਕਿ ਮਿਲਣ ਦੀ ਉਹ ਸੁਲੱਖਣੀ ਘੜੀ ਜ਼ਰੂਰ ਆਵੇਗੀ ਜਦੋਂ ਉਸ ਦਾ ਪ੍ਰੀਤਮ ਉਸ ਦੇ ਅੰਗ-ਸੰਗ ਹੋਵੇਗਾ। ਇਹ ਹੀ ਕਾਰਨ ਹੈ ਕਿ ਫਰੀਦ ਜੀ ਨੇ ਆਪਣੇ ਮਨੁੱਖੀ ਜੀਵਨ ਵਿਚ ਉੱਚ ਸਦਾਚਾਰਕ ਮੁੱਲਾਂ ਨੂੰ ਅਪਣਾਇਆ ਤੇ ਅਜਿਹਾ ਕਰਨ ਦੀ ਪ੍ਰੇਰਨਾ ਵੀ ਸੰਸਾਰ ਦੇ ਲੋਕਾਂ ਨੂੰ ਦਿੱਤੀ।

ਅਧਿਆਤਮਕ ਜੀਵਨ ਦੇ ਪੰਧ ਵਿਚ ਜਗਿਆਸੂ ਨੂੰ ਜੋ ਜੋ ਮੰਜ਼ਿਲਾਂ ਤੈਅ ਕਰਨੀਆਂ ਪੈਂਦੀਆਂ ਹਨ, ਇਹ ਸਾਰੀਆਂ ਅਵੱਸਥਾਵਾਂ ਤੇ ਕਠਿਨਾਈਆਂ ਉਸ ਜੀਵਨ ਦਾ ਹਿੱਸਾ ਹਨ, ਜਿਸਨੂੰ ਅਧਿਆਤਮਵਾਦ, ਸੂਫੀਵਾਦ ਜਾਂ ਰਹੱਸਵਾਦ ਕਿਹਾ ਜਾਂਦਾ ਹੈ। ਪ੍ਰੋ. ਕਿਰਪਾਲ ਸਿੰਘ ਕਸੇਲ ਦਾ ਮੱਤ ਹੈ, ''ਸੱਚ ਤਾਂ ਇਹ ਹੈ ਕਿ ਬਾਬਾ ਫਰੀਦ ਲਈ ਪਰਮਾਤਮਾ, ਚਿੰਤਨ ਦਾ ਵਿਸ਼ਾ ਹੀ ਨਹੀਂ ਸਗੋਂ ਚਿਤਵਨ ਦਾ ਇਸ਼ਟ ਹੈ ਜੋ ਉਨ੍ਹਾਂ ਦੀ ਸ਼ਖਸੀਅਤ ਅੰਦਰ ਰਹੱਸਵਾਦੀ ਜਗਿਆਸਾ ਨੂੰ ਸਦਾ ਤਤਪਰ ਰੱਖਦਾ ਹੈ।''[65] ਪਰ ਇਸ ਦਾ ਅਰਥ ਇਹ ਨਹੀਂ ਕਿ ਫਰੀਦ ਬਾਣੀ ਚਿੰਤਨ ਮੁਕਤ ਹੈ। ਉਨ੍ਹਾਂ ਦੀ ਰਚਨਾ ਵਿਚ ਥਾਂ-ਥਾਂ ਦਾਰਸ਼ਨਿਕ ਅੰਸ਼ਾਂ ਦਾ ਪ੍ਰਗਟਾਵਾ ਮਿਲਦਾ ਹੈ ਜੋ ਭਾਵੇਂ ਸੰਪੂਰਨ ਦਰਸ਼ਨ ਪ੍ਰਬੰਧ ਤਾਂ ਨਹੀਂ ਘੜਦੇ, ਪਰ ਉਨ੍ਹਾਂ ਦੀ ਦਾਰਸ਼ਨਿਕ ਮਹੱਤਤਾ ਬਹੁਤ ਗਹਿਰੀ ਹੈ। ਸ਼ੇਖ ਫ਼ਰੀਦ ਦਾ ਅਨੁਭਵ ਉਹ ਚਿੰਤਨ ਹੈ ਜੋ ਨਾਨਕ-ਬਾਣੀ ਵਿਚੋਂ ਵਿਕਸਿਤ ਹੋ ਕੇ ਦ੍ਰਿਸ਼ਟੀਗੋਚਰ ਹੁੰਦਾ ਹੈ। ਇਸ ਪੱਖੋਂ ਫਰੀਦ ਬਾਣੀ, ਗੁਰਬਾਣੀ-ਮੁਖੀ ਹੋ ਜਾਂਦੀ ਹੈ। ਵੇਦ ਸ਼ਾਸਤਰਾਂ ਤੇ ਆਧਾਰਿਤ ਪ੍ਰਚੱਲਤ ਧਾਰਨਾ ਕਿ ਦੁਨੀਆਂ ਵਿਚ ਜੋ ਸਥਿਰ ਹੈ, ਉਹ ਸੱਚ ਹੈ ਤੇ ਜੋ ਅਸਥਿਰ ਹੈ ਉਹ ਝੂਠ ਹੈ, ਨੂੰ ਨਕਾਰਦੇ ਹੋਏ ਬਾਬਾ ਫ਼ਰੀਦ ਜੀ ਦੱਸਦੇ ਹਨ ਕਿ ਇਹ ਸੰਸਾਰ ਅਸਥਿਰ ਤਾਂ ਜ਼ਰੂਰ ਹੈ ਪਰ ਝੂਠ ਨਹੀਂ ਹੈ। ਇਸ ਲਈ ਸੰਸਾਰ ਦੇ ਤਿਆਗ ਦੀ

ਕੋਈ ਗੱਲ ਨਹੀਂ ਬਣਦੀ। ਉਨ੍ਹਾਂ ਨੇ ਤਿਆਗ ਦੀ ਥਾਂ ਵੈਰਾਗ ਨੂੰ ਮਹੱਤਤਾ ਦਿੱਤੀ ਹੈ, ਇਸ ਬਾਰੇ ਉਹ ਲਿਖਦੇ ਹਨ:—

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ, ਵਣਿ ਕੰਡਾ ਮੋੜੇਹਿ।
ਵਸੀ ਰਬੁ ਹਿਆਲੀਐ, ਜੰਗਲ ਕਿਆ ਢੂਢੇਹਿ।।[66]

ਫ਼ਰੀਦ ਜੀ ਅਨੁਸਾਰ ਵੈਰਾਗ ਦਾ ਖੇਤਰ ਵਿਸ਼ਾਲ ਹੈ, ਜਿਸ ਵਿਚ ਸਰੀਰ ਦੀ ਨਾਸ਼ਮਾਨਤਾ ਅਤੇ ਸੰਸਾਰਕ ਪਦਾਰਥਾਂ ਦੇ ਪ੍ਰੇਮ ਨੂੰ ਲਿਆ ਜਾ ਸਕਦਾ ਹੈ। ਅਸਲ ਵਿਚ ਵੈਰਾਗ ਪ੍ਰਭੂ ਦੀ ਪ੍ਰਾਪਤੀ ਲਈ ਬਹੁਤ ਜ਼ਰੂਰੀ ਹੈ। ਜਦੋਂ ਤੱਕ ਜਗਿਆਸੂ ਨੂੰ 'ਸਵੈ' ਦਾ ਗਿਆਨ ਨਹੀਂ ਹੁੰਦਾ ਉਦੋਂ ਤਕ ਉਹ ਸੰਸਾਰਕ ਝਮੇਲਿਆਂ ਅਤੇ ਤੇਰ-ਮੇਰ ਦੇ ਚੱਕਰਾਂ 'ਚੋਂ ਨਹੀਂ ਨਿਕਲ ਸਕਦਾ। ਇਨ੍ਹਾਂ ਵਿਕਾਰਾਂ ਤੋਂ ਮੁਕਤੀ ਪਾਉਣ ਲਈ ਉਸ ਨੂੰ ਸੰਸਾਰ ਦੀ ਨਾਸ਼ਵਰਤਾ ਤੇ ਆਤਮਾ ਦੇ ਸ੍ਰੋਤ ਨੂੰ ਸਮਝਦੇ ਹੋਇਆਂ ਸਵੈ ਨੂੰ ਭੁੱਲਣਾ ਪਵੇਗਾ। ਰੱਬ ਦੇ ਨੂਰ ਦਾ ਗਿਆਨ ਕਿਸੇ ਚੰਗੇ ਮੁਰਸ਼ਦ ਜਾਂ ਗੁਰੂ ਦੀ ਬਖਸ਼ਿਸ਼ ਨਾਲ ਹੀ ਹੋ ਸਕਦਾ ਹੈ। ਇਸ ਬਾਰੇ ਫਰੀਦ ਜੀ ਕਹਿੰਦੇ ਹਨ:—

ਲੰਮੀ ਲੰਮੀ ਨਦੀ ਵਹੈ, ਕੰਧੀ ਕੇਰੈ ਰੇਤਿ।
ਬੇੜੇ ਨੋ ਕਪਰੁ ਕਿਆ ਕਰੇ, ਜੇ ਪਾਤਣ ਰਹੈ ਸੁਚੇਤਿ।।[67]

ਕੁਝ ਵਿਦਵਾਨਾਂ ਨੇ ਬਾਬਾ ਫਰੀਦ ਦੇ ਉਨ੍ਹਾਂ ਸ਼ਲੋਕਾਂ ਨੂੰ ਆਧਾਰ ਬਣਾ ਕੇ ਜਿਨ੍ਹਾਂ 'ਚ ਫਰੀਦ ਜੀ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਨੂੰ ਨਿਰਾਸ਼ਾਵਾਦੀ ਕਵੀ ਹੋਣ ਦਾ ਦੋਸ਼ ਲਾਇਆ ਹੈ ਪਰੰਤੂ ਇਹ ਸੱਚ ਨਹੀਂ। ਫਰੀਦ ਜੀ ਨੇ ਮੌਤ ਦਾ ਵਰਣਨ ਕਰਕੇ ਅਤੇ ਸੰਸਾਰ ਦੀ ਨਾਸ਼ਮਾਨਤਾ ਦਾ ਸੁਨੇਹਾ ਦੇ ਕੇ ਮਨੁੱਖ ਨੂੰ ਮੌਤ ਵਰਗੀ ਅਟੱਲ ਸੱਚਾਈ ਤੋਂ ਜਾਣੂ ਕਰਵਾਇਆ ਹੈ ਤਾਂ ਕਿ ਉਹ ਨੈਤਿਕਤਾ ਤੇ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਦਾ ਰਸਤਾ ਅਖ਼ਤਿਆਰ ਕਰ ਲੈਣ। ਫਰੀਦ ਜੀ ਦੱਸਦੇ ਹਨ ਕਿ ਵਿਸ਼ੇ-ਵਿਕਾਰਾਂ 'ਚ ਫਸ ਕੇ ਰੱਬ ਨੂੰ ਭੁਲਾਉਣਾ ਨਹੀਂ ਚਾਹੀਦਾ ਅਤੇ ਮਨੁੱਖੀ ਜੀਵਨ ਨੂੰ ਐਵੇਂ ਹੀ ਬੇਕਾਰ ਨਹੀਂ ਗੁਆਉਣਾ ਚਾਹੀਦਾ। ਇਹ ਤਾਂ ਆਸ਼ਾਵਾਦੀ ਬਿਰਤੀ ਹੈ ਨਾ ਕਿ ਨਿਰਾਸ਼ਾਵਾਦੀ। ਇਸ ਨਾਲ ਮਨੁੱਖ ਨੂੰ ਕਰਮਯੋਗੀ

ਬਣਨ ਦੀ ਪ੍ਰੇਰਨਾ ਮਿਲਦੀ ਹੈ। ਸੰਸਾਰਕ ਉਮਰ ਦੇ ਪਿਛਲੇ ਪਹਿਰ ਉਹ ਪ੍ਰਭੂ ਦੇ ਦੀਦਾਰ ਦੀ ਲੋਚਾ ਨੂੰ ਕੁਝ ਇਸ ਢੰਗ ਨਾਲ ਪ੍ਰਗਟਾਉਂਦੇ ਹਨ:—

ਕਾਗਾ ਕਰੰਗ ਢਢੋਲਿਆ, ਸਗਲਾ ਖਾਇਆ ਮਾਸੁ।
ਏ ਦੁਇ ਨੈਨਾ ਮਤਿ ਛੁਹਉ, ਪਿਰ ਦੇਖਨ ਕੀ ਆਸ।[68]

ਇਸ ਪ੍ਰਕਾਰ ਬਾਬਾ ਫਰੀਦ ਜੀ ਆਪਣੀ ਜ਼ਿੰਦਗੀ ਦੇ ਆਖਰੀ ਪਲਾਂ ਵਿਚ ਵੀ ਪਰਮਾਤਮਾ ਨਾਲ ਮਿਲਾਪ ਦੀ ਉਮੀਦ ਨਹੀਂ ਛੱਡਦੇ। ਜੇਕਰ ਇਹ ਆਸ਼ਾਵਾਦ ਨਹੀਂ ਤਾਂ ਫਿਰ ਹੋਰ ਕੀ ਹੈ ? ਭਾਵੇਂ ਬਾਬਾ ਫਰੀਦ ਜੀ ਦੇ ਕੁਝ ਸ਼ਲੋਕ ਅਜਿਹੇ ਵੀ ਹਨ ਜਿਨ੍ਹਾਂ ਵਿਚੋਂ ਨਿਰਾਸ਼ਾਵਾਦ ਦੀ ਝਲਕ ਪੈਂਦੀ ਪ੍ਰਤੀਤ ਹੁੰਦੀ ਹੈ ਜਿਵੇਂ:—

ਫਰੀਦਾ ਚਿੰਤ ਖਟੋਲਾ ਵਾਣੁ ਦੁਖ, ਬਿਰਹ ਵਿਛਾਵਣ ਲੇਫੁ।
ਏਹੁ ਹਮਾਰਾ ਜੀਵਣਾ, ਤੂੰ ਸਾਹਿਬ ਸਚੇ ਵੇਖੁ।।[69]

ਪਰੰਤੂ ਇਹ ਨਿਰਾਸ਼ਾਵਾਦ ਤਾਂ ਪ੍ਰਭੂ ਪ੍ਰਾਪਤੀ ਦੇ ਰਾਹ 'ਚ ਆਉਣ ਵਾਲੀਆਂ ਮੁਸ਼ਕਲਾਂ ਨਾਲ ਸੰਬੰਧਤ ਹੈ, ਇਨ੍ਹਾਂ ਵਿਚ ਵਿਛੋੜੇ ਦਾ ਦਰਦ ਹੈ ਤੇ ਬ੍ਰਿਹਾ ਦੀ ਡੂੰਘੀ ਪੀੜਾ ਹੈ। ਅਸਲ ਵਿਚ ਫਰੀਦ ਜੀ ਅੰਦਰ ਪ੍ਰਭੂ ਪ੍ਰਾਪਤੀ ਲਈ ਬੇਚੈਨੀ ਹੈ, ਲਾਲਸਾ ਹੈ, ਪਿਆਸ ਹੈ ਅਤੇ ਤਾਂਘ ਹੈ। ਉਨ੍ਹਾਂ ਦੀ ਬਾਣੀ 'ਚ ਇਹ ਨਿਰਾਸ਼ਾਵਾਦ ਦੀ ਝਲਕ ਇਸ ਕਰਕੇ ਹੈ ਕਿਉਂਕਿ ਉਹ ਰੱਬ ਤੀਕ ਪਹੁੰਚਣ ਦੇ ਪੈਂਡੇ ਦੀ ਮੁਸ਼ਕਲ ਨੂੰ ਭਲੀਭਾਂਤ ਸਮਝਦੇ ਸਨ।

ਡਾ. ਵਿਸ਼ਵਾਨਾਥ ਤਿਵਾੜੀ ਅਨੁਸਾਰ, "ਫਰੀਦ ਦੀ ਕਵਿਤਾ ਵਿਚ ਬ੍ਰਿਹਾ ਬਹੁਤ ਹੈ, ਦੁੱਖ ਹੈ, ਮੌਤ ਹੈ, ਕਰੁਣਾ ਹੈ, ਜੀਵਨ ਦਾ ਚੁਲਬੁਲਾਪਨ ਨਹੀਂ, ਪਿਆਰ ਦੇ ਗੀਤ ਨਹੀਂ, ਹਾਸਾ ਨਹੀਂ, ਖੇੜਾ ਨਹੀਂ, ਖੁਸ਼ੀ ਨਹੀਂ, ਕਹਿੰਦੇ ਹਨ ਉਸ ਵਿਚ ਨਿਰਾਸ਼ਾ ਹੈ। ਫਰੀਦ ਬਾਰੇ ਇਹ ਵਿਚਾਰ ਰੱਖਣ ਵਾਲੇ ਲੋਕ ਅਸਲ ਵਿਚ ਫ਼ਰੀਦ ਜੀ ਦੀ ਫਿਲਾਸਫੀ ਨੂੰ ਸਮਝ ਨਹੀਂ ਸਕੇ। ਫਰੀਦ ਜੀ ਨੇ ਜੀਵਨ ਦੇ ਸੱਚ ਨੂੰ ਸਮਝਿਆ ਹੈ, ਉਸ ਨੂੰ ਹੁਣ ਦਾ ਨਹੀਂ, ਕੱਲ੍ਹ ਦਾ ਫ਼ਿਕਰ ਹੈ। ਅੱਜ ਦੀ ਵਕਤੀ

ਖੁਸ਼ੀ ਜਾਂ ਸੁੱਖ ਵਿਚ ਗੜੂੰਦ ਨਾ ਹੋ ਕੇ 'ਕੱਲ੍ਹ' ਦਾ ਫਿਕਰ ਕਰਨ ਵਾਲਾ ਆਸ਼ਾਵਾਦੀ ਹੁੰਦਾ ਹੈ।''[70]

ਬਾਬਾ ਫ਼ਰੀਦ ਦੀ ਬਾਣੀ ਜ਼ਿੰਦਗੀ ਦੇ ਦੁੱਖਾਂ ਤੇ ਬ੍ਰਿਹਾ ਦੀ ਗੱਲ ਹੀ ਨਹੀਂ ਕਰਦੀ ਸਗੋਂ ਮਨੁੱਖ ਨੂੰ ਇਨ੍ਹਾਂ ਸੰਤਾਪਾਂ ਤੋਂ ਮੁਕਤ ਹੋਣ ਦਾ ਮਾਰਗ ਵੀ ਦਰਸਾਉਂਦੀ ਹੈ। ਇਹ ਮਾਰਗ ਹੈ– ਪ੍ਰਭੂ ਦੇ ਹੁਕਮ ਅਨੁਸਾਰ ਚੱਲਣਾ, ਉਸ ਨਾਲ ਪਿਆਰ ਕਰਨਾ, ਬ੍ਰਿਹਾ ਦਾ ਆਨੰਦ ਮਾਣਨ ਦੇ ਨਾਲ ਹੀ ਸਦਾਚਾਰਕ ਜੀਵਨ ਜਿਉਂਦੇ ਹੋਏ ਮਨੁੱਖੀ ਕਦਰਾਂ ਕੀਮਤਾਂ ਦੀ ਪੈਰਵੀ ਕਰਨਾ ਹੈ। ਫਰੀਦ ਬਾਣੀ ਦੀ ਨੈਤਿਕ ਸਿੱਖਿਆ ਵਿੱਚ ਕੇਂਦਰੀ ਨੁਕਤਾ 'ਸਵੈ-ਕਾਬੂ' ਹੈ ਜਿਸ ਦਾ ਪ੍ਰਗਟਾਵਾ ਵੱਖ-ਵੱਖ ਰੂਪਾਂ ਵਿਚ ਹੋਇਆ ਮਿਲਦਾ ਹੈ:–

– ਫਰੀਦਾ ਮਨੁ ਮੈਦਾਨ ਕਰਿ, ਟੋਏ ਟਿੱਬੇ ਲਾਹਿ।
ਅਗੈ ਮੂਲ ਨਾ ਆਵਸੀ, ਦੋਜ਼ਕ ਸੰਦੀ ਭਾਹਿ।।[71]

– ਰੁਖੀ ਸੁਖੀ ਖਾਇਕੈ, ਠੰਢਾ ਪਾਣੀ ਪੀਉ।
ਫਰੀਦਾ ਦੇਖ ਪਰਾਈ ਚੋਪੜੀ ਨਾ ਤਰਸਾਇ ਜੀਉ।[72]

ਫਰੀਦ ਜੀ ਆਪਣੀ ਬਾਣੀ ਵਿਚ ਨੈਤਿਕਤਾ ਦਾ ਸਿੱਧਾ ਸਾਦਾ ਪਰ ਗੰਭੀਰ ਤੇ ਕਰੜਾ ਨਿਯਮ ਇਉਂ ਪ੍ਰਸਤੁਤ ਕਰਦੇ ਹਨ:–

– ਫਰੀਦਾ ਬੁਰੇ ਦਾ ਭਲਾ ਕਰਿ, ਗੁਸਾ ਮਨਿ ਨਾ ਹੰਢਾਇ।
ਦੇਹੀ ਰੋਗ ਨ ਲਗਈ, ਪਲੈ ਸਭੁ ਕਿਛੁ ਪਾਇ।[73]

– ਫਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰ।
ਮਤੁ ਸ਼ਰਮਿੰਦਾ ਥੀਵਹੀ, ਸਾਈਂ ਦੇ ਦਰਬਾਰਿ।।[74]

ਫਰੀਦ ਬਾਣੀ ਵਿਚ ਹਲੀਮੀ ਤੇ ਨਿਰਮਾਣਤਾ ਦਾ ਪ੍ਰਤੱਖ ਸੰਦੇਸ਼ ਹੈ। ਆਪ ਬੇਸ਼ੱਕ ਪੈਰਾਂ ਹੇਠ ਆਉਣ ਵਾਲੀ ਦੱਭ ਬਣ ਜਾ, ਪਰ ਕਿਸੇ ਨੀਵੇਂ ਨਿਤਾਣੇ, ਪੈਰਾਂ ਹੇਠਲੀ ਖਾਕ ਦੀ ਵੀ ਨਿੰਦਾ ਨਾ ਕਰ, ਖਾਕ ਜਿੱਡਾ ਕੌਣ ਹੈ? ਜੇਕਰ ਤੇਰੇ ਉੱਤੇ

ਕੋਈ ਹਮਲਾ ਵੀ ਕਰ ਜਾਵੇ ਤਾਂ ਉੱਤਰ ਵਿਚ ਤੂੰ ਉਸ ਉੱਤੇ ਹੱਥ ਨਹੀਂ ਚੁੱਕਣਾ। ਨੈਤਿਕਤਾ ਦੀ ਇਹ ਪੱਧਰ ਸ਼ਾਇਦ ਅਸਾਧਾਰਣ ਦਲੇਰੀ ਦੀ ਮੰਗ ਕਰਦੀ ਹੈ।''[75]

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪ੍ਰੇਮ ਤੇ ਬ੍ਰਿਹਾ ਫਰੀਦ ਜੀ ਦੇ ਰਹੱਸਵਾਦ ਦੇ ਦੋ ਅਹਿਮ ਪੱਖ ਹਨ। ਸੂਫ਼ੀ ਕਵੀ ਪਰਮਾਤਮਾ ਨਾਲ ਮਿਲਾਪ ਦਾ ਕੇਵਲ ਇਕ ਢੰਗ ਹੀ ਮੰਨਦੇ ਹਨ, ਉਹ ਹੈ ਉਸ ਨਾਲ ਪਿਆਰ ਕਰਨਾ। ਸੋ ਸ਼ੇਖ਼ ਫ਼ਰੀਦ ਵੀ ਇਕ ਰਹੱਸਵਾਦੀ ਸੂਫ਼ੀ ਕਵੀ ਹੈ ਜੋ ਪਰਮਾਤਮਾ ਦੇ ਭੇਦ ਨੂੰ ਸਮਝਦਾ ਹੈ ਤੇ ਉਸ ਨਾਲ ਮਿਲਾਪ ਲਈ ਕੇਵਲ ਤਾਂਘਦਾ ਹੀ ਨਹੀਂ ਸਗੋਂ ਬ੍ਰਿਹਾ ਦੀ ਅਗਨੀ ਵਿਚ ਆਪਣੇ ਆਪ ਨੂੰ ਸਾੜਦਾ ਵੀ ਹੈ। ਉਹ ਨੈਤਿਕਤਾ ਦੇ ਗੁਣ ਨੂੰ ਅਪਣਾ ਕੇ ਪ੍ਰਭੂ-ਪ੍ਰਾਪਤੀ ਦੇ ਅਮਲ ਨੂੰ ਆਸਵੰਦ ਬਣਾਉਂਦਾ ਹੈ। ਮੂਲ ਰੂਪ ਵਿਚ ਬ੍ਰਿਹਾ ਹੀ ਫ਼ਰੀਦ-ਬਾਣੀ ਦਾ ਕੇਂਦਰੀ ਨੁਕਤਾ ਹੈ।

ਫਰੀਦ ਬ੍ਰਿਹਾ ਪਿਆਰ ਦਾ ਪ੍ਰਤੀਕ ਹੈ ਕਿਉਂਕਿ ਬ੍ਰਿਹਾ ਅਰਥਾਤ ਵਿਛੋੜਾ ਮਿਲਾਪ ਦੀ ਵਿਰੋਧੀ ਅਵੱਸਥਾ ਹੈ। ਜੇ ਮਿਲਾਪ ਹੈ ਤਾਂ ਹੀ ਵਿਛੋੜੇ ਦੀ ਹੋਂਦ ਹੈ। ਸ਼ੇਖ ਫ਼ਰੀਦ ਦੀ ਪ੍ਰਭੂ ਮਿਲਾਪ ਲਈ ਬਿਹਬਲਤਾ ਤੇ ਤੜਪ, ਉਸ ਦੀ ਪਰਮਾਤਮਾ ਪ੍ਰਤੀ ਤੀਬਰ ਪਿਆਰ ਦੀ ਵਿਲੱਖਣ ਪੇਸ਼ਕਾਰੀ ਹੈ। ਵਿਜੋਗ ਨੂੰ ਇਕ ਰੂਪਕ ਦੇ ਤੌਰ ਤੇ ਵਰਤਦੇ ਹੋਇਆਂ ਬਾਬਾ ਫਰੀਦ ਆਪਣੇ ਪ੍ਰੀਤਮ ਨਾਲ ਪਿਆਰ ਨੂੰ ਇਸ ਤਰ੍ਹਾਂ ਪ੍ਰਸਤੁਤ ਕਰਦੇ ਹਨ:—

ਅਜੁ ਨ ਸੁਤੀ ਕੰਤ ਸਿਉ, ਅੰਗ ਮੁੜੇ ਮੁੜਿ ਜਾਇ।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।[76]

ਸੂਫ਼ੀ ਚਿੰਤਨ ਵਿਚ ਕੇਵਲ ਵਿਛੋੜੇ ਦੇ ਸੰਤਾਪ ਦੀ ਹੀ ਪ੍ਰਬਲਤਾ ਨਹੀਂ ਬਲਕਿ ਇਸ ਤੋਂ ਪਾਰ ਜਾਣ ਦਾ ਮਾਰਗ ਇਸ਼ਕ ਵੀ ਹੈ। ਫਰੀਦ-ਬਾਣੀ ਵਿਚ ਇਸ਼ਕ ਤੇ ਵਿਛੋੜਾ ਨਾਲੋ ਨਾਲ ਹੀ ਚੱਲਦੇ ਹਨ। ਵਿਛੋੜੇ ਵਿਚ ਤੜਫਦਾ ਸੂਫ਼ੀ ਉਸ ਪਲ ਲਈ ਤੜਫਦਾ ਹੈ ਜੋ ਮਿਲਾਪ ਦਾ ਸਾਧਨ ਬਣ ਸਕੇ। ਇਸ ਵਿਚਾਰ ਨੂੰ ਉਜਾਗਰ ਕਰਦਾ ਸ਼ੇਖ ਫਰੀਦ ਦਾ ਇਹ ਸ਼ਲੋਕ ਬੜਾ ਪ੍ਰਮਾਣਕ ਹੈ:—

ਫਰੀਦਾ ਤਨ ਸੁਕਾ ਪਿੰਜਰੁ ਕੀਆ, ਤਲੀਆ ਖੂੰਡਹਿ ਕਾਗ।
ਅਜੈ ਸੁ ਰਬ ਨਾ ਬਾਹੁੜਿਓ, ਦੇਖੁ ਬੰਦੇ ਕੇ ਭਾਗ।[77]

ਸੰਸਾਰਕ ਪ੍ਰੀਤ ਵਿਚ ਜਿਸ ਤਰ੍ਹਾਂ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਲੁਭਾਉਣ ਲਈ ਹਾਰ-ਸ਼ਿੰਗਾਰ ਕਰਦੀ ਹੈ—ਬਿਲਕੁਲ ਉਸੇ ਤਰ੍ਹਾਂ ਹੀ ਸੂਫ਼ੀ ਵੀ ਆਪਣੇ ਇਸ਼ਕ ਹਕੀਕੀ ਦੀਆਂ ਤਿੰਨਾਂ ਅਵੱਸਥਾਵਾਂ ਨੂੰ ਦਰਸਾਉਂਦੇ ਹਨ। ਇਸ ਦਾ ਜ਼ਿਕਰ ਬਾਬਾ ਫਰੀਦ ਦੇ ਹੇਠ ਲਿਖੇ ਸ਼ਲੋਕਾਂ ਵਿਚ ਮਿਲਦਾ ਹੈ:—

ਆਪ ਸਵਾਰਹਿ ਮੈਂ ਮਿਲਹਿ, ਮੈਂ ਮਿਲਿਆ ਸੁਖੁ ਹੋਇ।
ਫ਼ਰੀਦਾ ਜੇ ਤੂੰ ਮੇਰਾ ਹੋਇ ਰਹਹਿ, ਸਭ ਜਗ ਤੇਰਾ ਹੋਇ।[78]

ਵਿਛੋੜੇ ਦੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਫਰੀਦ ਜੀ ਲਿਖਦੇ ਹਨ:—

ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ।
ਬਾਵਲਿ ਹੋਈ ਸੋ ਸਹੁ ਲੋਰਉ।
ਤੈ ਸਹਿ ਮਨ ਮਹਿ ਕੀਆ ਰੋਸੁ।
ਮੁਝ ਅਵਗੁਨ ਸਹ ਨਾਹੀ ਦੋਸੁ।[79]

ਆਪਣੇ ਪ੍ਰਭੂ ਪ੍ਰੀਤਮ ਨੂੰ ਰਿਝਾਉਣ ਲਈ ਫਰੀਦ ਜੀ ਲਿਖਦੇ ਹਨ:—

ਫਰੀਦਾ ਪਾੜ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ, ਸੇਈ ਵੇਸ ਕਰਉ।[80]

ਬਾਬਾ ਫਰੀਦ ਜੀ ਅਨੁਸਾਰ ਇਸ਼ਕ ਦਾ ਮਾਰਗ ਬਹੁਤ ਮੁਸ਼ਕਲਾਂ ਭਰਪੂਰ ਹੈ। ਇਸ ਲਈ ਆਸ਼ਕ ਬਣਨਾ ਤੇ ਇਸ਼ਕ ਕਮਾਉਣਾ ਕੋਈ ਸੌਖਾ ਕੰਮ ਨਹੀਂ ਹੈ। ਇਸ ਅਵੱਸਥਾ ਨੂੰ ਫਰੀਦ ਜੀ ਇਸ ਤਰ੍ਹਾਂ ਪ੍ਰਗਟਾਉਂਦੇ ਹਨ:—

ਫਰੀਦਾ ਗਲੀਏ ਚਿਕੜੁ ਦੂਰ ਘਰਿ, ਨਾਲ ਪਿਆਰੇ ਨੇਹੁ।
ਚਲਾ ਤਾਂ ਭਿਜੈ ਕੰਬਲੀ, ਰਹਾਂ ਤਾਂ ਤੁਟੈ ਨੇਹੁ।।[81]

ਸ਼ੇਖ ਫ਼ਰੀਦ ਸੂਫ਼ੀ ਕਵੀ ਹੈ ਅਤੇ ਉਨ੍ਹਾਂ ਦਾ ਰਹੱਸਵਾਦ ਵੀ ਭਾਵਨਾ-ਪ੍ਰਧਾਨ ਸੂਫੀਆਨਾ ਹੀ ਹੈ। ਰਹੱਸਵਾਦ ਦਾ ਪ੍ਰਧਾਨ ਤੱਤ ਪਿਆਰ ਨੂੰ ਮੰਨਿਆ ਗਿਆ ਹੈ।

ਫਰੀਦ ਰੱਬ ਨਾਲ ਪ੍ਰੀਤ ਕਰਨ ਦੀ ਭਾਵਨਾ ਨੂੰ ਪ੍ਰਗਟਾਉਂਦਾ ਹੈ। ਸ਼ੇਖ ਫ਼ਰੀਦ ਉਨ੍ਹਾਂ ਲੋਕਾਂ ਨੂੰ ਸੱਚਾ ਮੰਨਦੇ ਹਨ ਜਿਹੜੇ ਪ੍ਰਭੂ ਦੇ ਇਸ਼ਕ ਦੇ ਰੰਗ ਵਿਚ ਰੱਤੇ ਹੋਏ ਉਸ ਨਾਲ ਸੱਚਾ ਇਸ਼ਕ ਕਰਦੇ ਹਨ। ਇਸ ਦਾ ਇਜ਼ਹਾਰ ਬਾਬਾ ਫਰੀਦ ਜੀ ਹੇਠ ਲਿਖੇ ਸਲੋਕ ਵਿਚ ਕਰਦੇ ਹਨ:—

ਜੋਬਨ ਜਾਂਦੇ ਨਾ ਡਰਾਂ, ਜੇ ਸਹੁ ਪ੍ਰੀਤਿ ਨ ਜਾਇ।
ਫਰੀਦਾ ਕਿਤੀ ਜੋਬਨੁ ਪ੍ਰੀਤਿ ਬਿਨ, ਸੁੱਕ ਗਏ ਕੁਮਲਾਇ।[82]

ਪ੍ਰਭੂ ਪ੍ਰੇਮ ਵਿਚ ਰੱਤੇ ਸਾਧਕਾਂ ਦੀ ਤਾਂ ਸਰੀਰ ਵਿਚੋਂ ਰੱਤ ਵੀ ਸੁੱਕ ਜਾਂਦੀ ਹੈ। ਬਾਬਾ ਫ਼ਰੀਦ ਅਨੁਸਾਰ:—

ਫਰੀਦਾ ਰਤੀ ਰਤੁ ਨ ਨਿਕਲੇ ਜੇ ਤਨਿ ਚੀਰੈ ਕੋਇ।
ਜੋ ਤਨ ਰਤੇ ਰਬ ਸਿਉ, ਤਿਨ ਤਨ ਰਤਿ ਨ ਹੋਇ।[83]

ਪ੍ਰਭੂ ਵਿਛੋੜੇ ਵਿਚ ਬਿਹਬਲ ਹੋਏ ਸੇਖ਼ ਫਰੀਦ ਜੀ ਦੇ ਹੇਠ ਲਿਖੇ ਸਲੋਕਾਂ ਵਿਚ ਉਨ੍ਹਾਂ ਦਾ ਪ੍ਰਭੂ ਪਿਆਰ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ:—

— ਪਿਰਹਿ ਬਿਹੂਨ ਕਤਹਿ ਸੁਖ ਪਾਏ।
ਜਾ ਹੋਏ ਕ੍ਰਿਪਾਲ ਤਾ ਪ੍ਰਭੂ ਮਿਲਾਏ।।[84]

— ਫਰੀਦਾ ਗਲੀ ਸੁ ਸਜਣ ਵੀਹ, ਇਕੁ ਢੂਢੇਂਦੀ ਨ ਲਹਾਂ।
ਧੁਖਾਂ ਜਿਉ ਮਾਲੀਹ, ਕਾਰਣਿ ਤਿੰਨਾ ਮਾ ਪਿਰੀ।।[85]

ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਪ੍ਰਭੂ-ਪਿਆਰ ਨਾਲ ਭਰਪੂਰ ਸ਼ੇਖ ਫ਼ਰੀਦ ਜੀ ਦੀ ਬਾਣੀ ਵਿਚਲੀ ਪ੍ਰੇਮ ਦੀ ਹੂਕ ਇਸ ਗੱਲ ਦਾ ਪ੍ਰਮਾਣ ਹੈ ਕਿ ਸੂਫ਼ੀ ਬਾਣੀ ਵਿਚ ਇਸ਼ਕ ਅਤੇ ਬ੍ਰਿਹਾ ਦਾ ਚੋਲੀ ਦਾਮਨ ਦਾ ਸਾਥ ਹੈ। ਇਸ ਪ੍ਰਕਾਰ ਬਾਬਾ ਫ਼ਰੀਦ ਜੀ ਦਾ ਬ੍ਰਿਹਾ ਪ੍ਰਭੂ ਪ੍ਰੇਮ ਲਈ ਪ੍ਰੇਰਨਾ ਸ੍ਰੋਤ ਬਣਦਾ ਹੈ।

ਸੂਫ਼ੀ ਸਾਧਕਾਂ ਨੇ ਜਿੱਥੇ ਆਪਣੀ ਸਾਧਨਾ ਵਿਧੀ ਵਿਚ ਬ੍ਰਿਹਾ ਨੂੰ ਲਾਜ਼ਮੀ ਤੱਤ ਮੰਨਿਆ ਹੈ, ਉਥੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਭਾਵੇਂ ਜੀਵਾਤਮਾ, ਪ੍ਰਭੂ ਤੋਂ ਹੀ ਇੱਕ ਨਿਖੜਿਆ ਹੋਇਆ ਅੰਗ ਹੈ ਪਰ ਜੀਵਾਤਮਾ ਆਪਣੀ ਅਸਲੀ ਹੋਂਦ ਵਿਚ

ਲੀਨ ਹੋਣ ਲਈ ਤਾਂ ਹੀ ਤੜਪ ਰੱਖ ਸਕਦੀ ਹੈ ਜੇਕਰ ਉਸ ਨੂੰ ਇਹ ਗਿਆਨ ਹੋਵੇ ਕਿ ਉਹ ਪਰਮਾਤਮਾ ਦਾ ਇਕ ਅੰਸ਼-ਮਾਤਰ ਹੀ ਹੈ। ਇਸ ਦਾ ਸਮਰਥਨ ਕਰਦੇ ਹੋਏ ਡਾ. ਨਰੇਸ਼ ਲਿਖਦੇ ਹਨ, ''ਜਦੋਂ ਤੱਕ ਵਿਅਕਤੀ ਅੰਦਰ ਬ੍ਰਹਮ ਨਾਲ ਇਕਮਿੱਕ ਹੋਣ ਦੀ ਪਿਆਸ ਜਾਗ੍ਰਤ ਨਹੀਂ ਹੁੰਦੀ, ਉਦੋਂ ਤੱਕ ਉਸ ਦਾ ਸਾਧਨਾ-ਮਾਰਗ ਤੇ ਆਉਣਾ ਹੀ ਸੰਭਵ ਨਹੀਂ ਹੈ। ਇਹ ਪਿਆਸ ਵੀ ਉਦੋਂ ਹੀ ਜਾਗ੍ਰਤ ਹੋਵੇਗੀ ਜਦੋਂ ਵਿਅਕਤੀ ਦੀ ਸੰਪੂਰਨ ਨਿਸ਼ਠਾ ਪ੍ਰਭੂ ਦੇ ਏਕਤਵ ਅਤੇ ਉਸ ਦੀ ਸਭ ਥਾਈਂ ਵਿਦਮਾਨਤਾ ਉੱਪਰ ਕੇਂਦ੍ਰਿਤ ਹੋ ਕੇ ਸਿਰਫ ਉਸੇ ਨੂੰ ਪ੍ਰੇਮ ਦੇ ਯੋਗ ਸਮਝੇਗੀ।''[86]

ਸੂਫ਼ੀਆਂ ਦਾ ਇਹ ਵਿਸ਼ਵਾਸ ਹੈ ਕਿ ਜਦੋਂ ਵਿਅਕਤੀ ਦੇ ਅੰਦਰ ਪ੍ਰਭੂ ਦੇ ਰਹੱਸ ਨੂੰ ਜਾਨਣ ਦੀ ਲੋਚਾ ਪੈਦਾ ਹੁੰਦੀ ਹੈ ਤਾਂ ਉਦੋਂ ਉਸ ਦੀ ਇਹ ਜਗਿਆਸਾ ਉਸ ਨੂੰ ਪ੍ਰਭੂ-ਭਗਤੀ ਦੇ ਮਾਰਗ ਤੇ ਲੈ ਆਉਂਦੀ ਹੈ। ਬਾਬਾ ਫ਼ਰੀਦ ਜੀ ਇਸੇ ਜਗਿਆਸਾ ਨੂੰ ਪ੍ਰਗਟਾਉਂਦੇ ਲਿਖਦੇ ਹਨ:—

ਵਸੀ ਰਬ ਹਿਆਲੀਐ, ਜੰਗਲੁ ਕਿਆ ਢੂਢਹਿ।[87]

ਜਦੋਂ ਸਾਧਕ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਦੀ ਹੋਂਦ ਤਾਂ ਸਮੁੱਚੀ ਸ੍ਰਿਸ਼ਟੀ ਵਿਚ ਹੈ ਤਾਂ ਉਹ ਕਿਸੇ ਵੀ ਜੀਵ ਨੂੰ ਫਿਕੇ ਬੋਲ ਨਹੀਂ ਬੋਲਦਾ ਕਿਉਂਕਿ ਉਸਨੂੰ ਪਰਮਾਤਮਾ ਦੀ ਸਰਬ-ਵਿਆਪਕ ਦਾ ਗਿਆਨ ਹੋ ਜਾਂਦਾ ਹੈ। ਇਸ ਸੰਬੰਧੀ ਫ਼ਰੀਦ ਜੀ ਦਾ ਇਹ ਸ਼ਲੋਕ ਕਾਫੀ ਸਾਰਥਕ ਹੈ:—

ਇਕ ਫਿਕਾ ਨਾ ਗਾਲਾਇ, ਸਭਨਾ ਮੈ ਸਚਾ ਧਣੀ।
ਹਿਆਉ ਨਾ ਕੈਹੀ ਠਾਹਿ, ਮਾਣਕ ਸਭ ਅਮੋਲਵੇ।।[88]

ਫ਼ਰੀਦ-ਬਾਣੀ ਰਾਹੀਂ ਮਨੁੱਖ ਉਸ ਸੱਚਾਈ ਪ੍ਰਤੀ ਵੀ ਚੇਤੰਨ ਹੁੰਦਾ ਹੈ, ਜਿਸ ਅਨੁਸਾਰ ਉਸ ਨੂੰ ਇਹ ਸੋਝੀ ਹੋ ਜਾਂਦੀ ਹੈ ਕਿ ਮਨੁੱਖ ਇਸ ਸੰਸਾਰ ਰੂਪੀ ਸਰੋਵਰ ਵਿਚ ਇਕੱਲਾ ਹੀ ਵਿਚਰ ਰਿਹਾ ਹੈ ਤੇ ਉਸ ਨੂੰ ਫਾਹਣ ਵਾਲੇ ਵਿਸ਼ੇ-ਵਿਕਾਰ ਬਹੁਤ ਜ਼ਿਆਦਾ ਹਨ।ਫ਼ਰੀਦ ਜੀ ਆਪਣੀ ਇਸ ਭਾਵਨਾ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ:—

ਸਰਵਰ ਪੰਖੀ ਹੇਕੜੋ, ਫਾਹੀਵਾਲ ਪਚਾਸ।

ਇਹ ਤਨ ਲਹਰੀ ਗਡੁ ਥਿਆ, ਸਚੇ ਤੇਰੀ ਆਸ।[89]

ਹੋਂਦ ਦਾ ਸੰਤਾਪ ਜਗਿਆਸੂ ਲਈ ਹਰ ਘੜੀ ਦੁੱਖ ਦਾ ਅਹਿਸਾਸ ਕਰਾਉਂਦਾ ਹੈ। ਫਰੀਦ ਬਾਣੀ ਵਿਚ ਮਾਨਵੀ ਸੰਤਾਪ ਦਾ ਪਹਿਲਾ ਕਾਰਨ ਹੀ ਇਹ ਹੈ ਕਿ ਸੰਤਾਪ ਮਨੁੱਖੀ ਹੋਂਦ ਦੀ ਪ੍ਰਾਪਤੀ ਨਾਲ ਜੁੜਿਆ ਹੋਇਆ ਹੈ। ਮਾਨਵੀ-ਸੰਤਾਪ ਦਾ ਦੂਜਾ ਵਿਚਾਰਨਯੋਗ ਨੁਕਤਾ ਫਰੀਦ-ਬਾਣੀ ਵਿਚ ਪ੍ਰਗਟ ਹੋਈ ਕਾਲਗਤ ਚੇਤਨਾ ਹੈ। ਕਾਲ ਦੇ ਵਰਤਾਰੇ ਤੋਂ ਮੁਕਤ ਹੋਣਾ ਮੁਸ਼ਕਿਲ ਹੈ ਕਿਉਂਕਿ ਇਹ ਤਾਂ ਇਕ ਵਿਆਪਕ ਸੱਚ ਹੈ।[90] ਇਸ ਦੇ ਸੰਦਰਭ ਵਿਚ ਫ਼ਰੀਦ ਜੀ ਦੇ ਉਹ ਸ਼ਲੋਕ ਦਿੱਤੇ ਜਾ ਸਕਦੇ ਹਨ, ਜਿਨ੍ਹਾਂ ਰਾਹੀਂ ਬਾਬਾ ਫਰੀਦ ਜੀ ਨੇ ਮਾਨਵ ਵਿਚ ਇਹ ਚੇਤਨਾ ਪੈਦਾ ਕਰ ਦਿੱਤੀ ਕਿ ਕਾਲ ਦੀ ਇਸ ਪ੍ਰਵਾਹਮਾਨਤਾ ਵਿੱਚ ਉਸ ਸੱਚੇ ਪਰਮਾਤਮਾ ਤੋਂ ਬਿਨਾ ਹੋਰ ਸਭ ਕੁਝ ਨਾਸ਼ ਹੋ ਜਾਣਾ ਹੈ:—

— ਦੇਖੁ ਫਰੀਦਾ ਜੁ ਥੀਆ, ਦਾੜੀ ਹੋਈ ਭੂਰ।

ਅਗਹੁ ਨੇੜਾ ਆਇਆ, ਪਿਛਾ ਰਹਿਆ ਦੂਰ।[91]

— ਚਲਿ ਚਲਿ ਗਈਆਂ ਪੰਖੀਆਂ, ਜਿਨੀ ਵਸਾਏ ਤਲ।

ਫ਼ਰੀਦਾ ਸਰੁ ਭਰਿਆ ਭੀ ਚਲਸੀ, ਥਕੇ ਕੰਵਲ ਇਕਲ।[92]

ਇਨ੍ਹਾਂ ਸ਼ਲੋਕਾਂ ਦੁਆਰਾ ਕਾਲਗਤ ਚੇਤਨਾ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਕਾਲ ਦੇ ਲੰਮੇ ਅੰਤਰਾਲ ਵਿਚ ਹੋਣ ਵਾਲੇ ਨੁਕਸਾਨ ਬਾਰੇ ਬਾਬਾ ਫਰੀਦ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹੋਏ ਉਸ ਨੂੰ ਆਪਣਾ ਮੂਲ ਪਛਾਨਣ ਲਈ ਪ੍ਰੇਰਨਾ ਦਿੰਦੇ ਹਨ। ਆਪਣਾ ਮੂਲ ਪਛਾਨਣ ਤੋਂ ਬਾਅਦ ਹੀ ਪਰਮਾਤਮਾ ਵਿਚ ਅਭੇਦ ਹੋਇਆ ਜਾ ਸਕਦਾ ਹੈ। ਪ੍ਰਭੂ ਦੇ ਨਾਲ ਇਹ ਅਭੇਦਤਾ ਹੀ ਮਾਨਵ ਨੂੰ ਕਾਲ ਦੀ ਭਿਆਨਕਤਾ ਤੋਂ ਮੁਕਤ ਕਰਵਾ ਸਕਦੀ ਹੈ। ਫਰੀਦ-ਬਾਣੀ ਮਨੁੱਖ ਨੂੰ ਕਾਲ ਦੀ ਪ੍ਰਵਾਹਮਾਨਤਾ ਦੁਆਰਾ ਪੈਦਾ ਹੋਏ ਮਾਨਵੀ ਸੰਤਾਪ ਪ੍ਰਤੀ ਚੇਤੰਨ ਕਰਦੀ ਹੈ ਤਾਂ ਜੋ ਉਹ ਵਾਪਰਨ ਵਾਲੇ ਸਭ ਕੁਝ ਨੂੰ ਵੇਖ ਕੇ ਨਿਰਾਸ਼ ਨਾ ਹੋਵੇ ਸਗੋਂ ਇਸ

ਸਮੁੱਚੇ ਵਰਤਾਰੇ ਵਿਚ ਆਪਣੀ ਸ਼ਮੂਲੀਅਤ ਕਰਕੇ ਉਸ ਪਰਮਸੱਤਾ ਨੂੰ ਸਮਝਦੇ ਹੋਇਆਂ ਨਿਮਰਤਾ ਤੇ ਨੈਤਿਕ ਗੁਣਾਂ ਨੂੰ ਧਾਰਨ ਕਰਕੇ ਉਸ ਸੱਚੇ ਪਰਮਾਤਮਾ ਨੂੰ ਮਿਲਣ ਲਈ ਉਸ ਨਾਲ ਸੱਚਾ ਤੇ ਸੁੱਚਾ ਇਸ਼ਕ ਕਮਾਵੇ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸ਼ੇਖ ਫ਼ਰੀਦ ਰਚਿਤ ਬਾਣੀ ਦਾ ਕੇਂਦਰਬਿੰਦੂ ਬ੍ਰਿਹਾ, ਜਿਥੇ ਪਿਆਰ ਦਾ ਪ੍ਰਤੀਕ ਹੈ ਉਥੇ ਸਾਧਕ ਲਈ ਇਹ ਆਤਮ-ਚੇਤਨਾ ਵੀ ਪੈਦਾ ਕਰਦਾ ਹੈ ਕਿਉਂਕਿ ਇਸ ਬ੍ਰਿਹਾ ਰੂਪੀ ਵੇਦਨਾ ਰਾਹੀਂ ਸਾਧਕ ਅੰਦਰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਦੀ ਆਤਮਾ ਦਾ ਆਪਣੇ ਮੂਲ ਸ੍ਰੋਤ ਪ੍ਰਭੂ ਨਾਲ ਅਭੇਦ ਹੋਣਾ ਅਤੀ ਜ਼ਰੂਰੀ ਹੈ। ਇਸ ਦਾ ਭਾਵ ਇਹ ਹੈ ਕਿ ਹੁਣ ਉਸ ਅੰਦਰ ਮੋਕਸ਼ ਦੀ ਪ੍ਰਾਪਤੀ ਪ੍ਰਤੀ ਚੇਤਨਾ ਜਾਗ੍ਰਿਤ ਹੋ ਗਈ ਹੈ ਅਤੇ ਉਹ ਮੁਕਤੀ ਦੀ ਹੀ ਲੋਚਾ ਕਰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ ਜੀ ਰਾਹੀਂ ਰਚਿਤ ਦੋ ਰਾਗਾਂ—ਸੂਹੀ ਅਤੇ ਆਸਾ ਵਿਚ ਦੋ-ਦੋ ਸ਼ਬਦ ਕ੍ਰਮਵਾਰ ਪੰਨਾ 448 ਅਤੇ ਪੰਨਾ 794 ਤੇ ਦਰਜ਼ ਹਨ। ਇਨ੍ਹਾਂ ਤੋਂ ਬਿਨਾ ਫਰੀਦ ਜੀ ਦੇ ਸ਼ਲੋਕ ਜੋ ਗਿਣਤੀ ਪੱਖੋਂ 130 ਹਨ, ਪੰਨਾ 1377 ਤੋਂ 1384 ਤੱਕ ਦਰਜ ਹਨ। ਇਨ੍ਹਾਂ ਸ਼ਲੋਕਾਂ ਰਾਹੀਂ ਫਰੀਦ ਜੀ ਮਨੁੱਖ ਨੂੰ ਦਰਵੇਸ਼ਾਂ ਵਾਲਾ, ਉੱਚ ਆਦਰਸ਼ਕ ਜੀਵਨ ਜੀਊਣ ਦੀ ਪ੍ਰੇਰਨਾ ਦਿੰਦੇ ਹਨ। ਮੰਦੇ ਕਰਮਾਂ ਤੋਂ ਰੋਕਣ ਲਈ ਮੌਤ ਦਾ ਤੇ ਨਰਕ ਦੇ ਭਿਆਨਕ ਦ੍ਰਿਸ਼ਾਂ ਦਾ ਡਰ ਦਰਸਾਇਆ ਗਿਆ ਹੈ। ਨਿਮਰਤਾ ਤੇ ਸਾਦਗੀ ਭਰਪੂਰ ਜੀਵਨ ਜੀਊਣ ਦਾ ਸੁਨੇਹਾ ਦਿੰਦੇ ਹੋਏ ਬਾਬਾ ਫਰੀਦ ਜੀ ਜਿਥੇ ਬੁਢਾਪੇ ਵਿਚ ਵੀ ਪ੍ਰਭੂ-ਮਿਲਾਪ ਲਈ ਤਰਸਦੇ ਜੀਵ ਦਾ ਦ੍ਰਿਸ਼ ਪੇਸ਼ ਕਰਦੇ ਹਨ ਉਥੇ ਉਨ੍ਹਾਂ ਦੇ ਸ਼ਲੋਕਾਂ ਵਿਚ ਮਨੁੱਖ ਲਈ ਨਵੀਆਂ ਦਿਸ਼ਾਵਾਂ ਵੀ ਦਰਸਾਈਆਂ ਗਈਆਂ ਹਨ। ਇਸ ਦਾ ਸਮਰਥਨ ਕਰਦੇ ਹੋਏ ਡਾ. ਅਮਰਜੀਤ ਸਿੰਘ ਕਾਂਗ ਲਿਖਦੇ ਹਨ, "ਇਨ੍ਹਾਂ ਸ਼ਲੋਕਾਂ ਅੰਦਰ ਉਸ ਮਨੁੱਖ ਲਈ ਗਿਆਨ ਸੋਝੀ ਹੈ ਜੋ ਮਾਇਆ ਵਿਚ ਡੁੱਬਾ ਆਪਣੇ ਕਰਮ/ਧਰਮ ਦੀ ਪਛਾਣ ਗੁਆ ਬੈਠਾ ਹੈ। ਇਹ ਕਹਿਣਾ ਕਿ 'ਬੁਰੇ ਦਾ ਭਲਾ ਕਰ' ਬੜੀ ਗੰਭੀਰ ਸੁਰਤਿ

ਵਾਲਾ ਹੈ। ਬੁਰੇ ਦਾ ਭਲਾ ਕਰਨ ਦੀ ਸਥਿਤੀ ਵਿਚ ਪਹੁੰਚਿਆ ਹੋਇਆ ਮਨੁੱਖ ਹੀ ਅਸਲ ਵਿਚ ਸੰਪੂਰਨ ਮਨੁੱਖ ਹੈ, ਇਹ ਮਾਨਵਤਾ ਦੀ ਚਰਮ ਸੀਮਾ ਹੈ ਜਿਥੇ ਪਹੁੰਚ ਕੇ ਮਨੁੱਖ ਨੂੰ ਦੂਜੇ ਵਿਚੋਂ ਆਪਣਾ ਦੀਦਾਰ ਹੋਣ ਲੱਗਦਾ ਹੈ। ਫਰੀਦ ਜੀ ਦਾ ਪ੍ਰਵਚਨ 'ਦੇਹੀ ਰੋਗੁ ਨ ਲਗਈ' ਏਨਾ ਪ੍ਰਮਾਣਿਕ ਹੈ ਕਿ ਇਸ ਉੱਪਰ ਅਮਲ ਕਰਨ ਵਾਲਾ ਆਪਣੇ ਅੰਦਰੋਂ ਹੀ ਸਭ ਕੁਝ ਪ੍ਰਾਪਤ ਕਰ ਲੈਂਦਾ ਹੈ। ਦੇਹੀ ਦਾ ਦੁੱਖ ਅਸਲ ਵਿਚ ਮਨ ਦੇ ਸੰਤਾਪ ਵਿਚੋਂ ਹੀ ਪੈਦਾ ਹੁੰਦਾ ਹੈ। ਫਰੀਦ ਜੀ ਨੇ ਮਨੁੱਖ ਨੂੰ ਉਸ ਦੀ ਜ਼ਿੰਦਗੀ ਦਾ ਰਹੱਸ ਸਮਝਾ ਦਿੱਤਾ ਹੈ ਕਿ ਜਿਸ ਮਨੁੱਖ ਅੰਦਰ ਮਾਫ਼ ਕਰਨ ਦੀ ਸ਼ਕਤੀ ਆ ਗਈ, ਉਹ ਨਿਸ਼ਚੈ ਹੀ ਪਾਰਗਾਮੀ ਅਵੱਸਥਾ ਤਕ ਪਹੁੰਚ ਚੁੱਕਾ ਹੈ।''[93]

ਉਪਰੋਕਤ ਸਮੁੱਚੀ ਵਿਚਾਰ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਪੰਜਾਬੀ ਸੂਫ਼ੀਆਂ ਦਾ ਬ੍ਰਿਹਾ ਜਿੱਥੇ ਮਨੁੱਖ ਮਾਤਰ ਨੂੰ ਸੱਚੇ ਪ੍ਰਭੂ ਨਾਲ ਇਸ਼ਕ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉੱਥੇ ਜੀਵ ਨੂੰ ਆਪਣਾ ਆਪ ਪਛਾਨਣ ਤੇ ਵੀ ਜ਼ੋਰ ਦਿੰਦਾ ਹੈ। ਸੇਖ਼ ਫ਼ਰੀਦ ਜੀ ਦੇ ਸੰਦਰਭ ਵਿਚ ਇਹ ਬ੍ਰਿਹਾ ਉਨ੍ਹਾਂ ਦੀ ਅੰਤਿਮ ਅਵਸਥਾ ਤਕ ਵੀ ਉਨ੍ਹਾਂ ਦਾ ਸਾਥੀ ਰਿਹਾ ਹੈ। ਫ਼ਰੀਦ ਦੇ ਜੀ ਦੇ ਰੱਬੀ ਇਸ਼ਕ ਦੀ ਪੂਰਨਤਾ ਵਿਚ ਤੇ ਤ੍ਰਿਪਤੀ ਵਿਚ ਵੀ ਇਸ ਬ੍ਰਿਹਾ ਦੀ ਵੇਦਨਾ ਦਾ ਅੰਤ ਨਹੀਂ ਹੁੰਦਾ ਹੈ। ਸੇਖ਼ ਫ਼ਰੀਦ ਇਸ਼ਕ ਹਕੀਕੀ ਦੀ ਮੰਜ਼ਿਲ ਤੇ ਪਹੁੰਚ ਕੇ ਵੀ ਬ੍ਰਿਹਾ ਵਿਚ ਹੀ ਬੇਚੈਨ ਰਹਿੰਦਾ ਹੈ। ਬ੍ਰਿਹਾ, ਫਰੀਦ ਜੀ ਲਈ ਸਾਧਨਾ ਮਾਰਗ ਦਾ ਸੁਲਤਾਨ ਹੈ ਅਤੇ ਬ੍ਰਿਹਾ ਉਸ ਦੇ ਪ੍ਰਾਣਾਂ ਦੀ ਇਸ਼ਕ-ਵੇਦਨਾ ਹੈ। ਇਹ ਇਕ ਅਜਿਹੀ ਪੀੜਾ ਹੈ ਜਿਸ ਦੀ ਵਿਥਿਆ ਉਸ ਸਾਈਂ ਤੋਂ ਬਿਨਾ ਹੋਰ ਕੋਈ ਵੀ ਨਹੀਂ ਬੁੱਝ ਸਕਦਾ। ਪ੍ਰਭੂ-ਪਿਆਰ ਦੀ ਇਹ ਬਿਰਹਾ, ਬਿਹਬਲਤਾ ਤੋਂ ਵਿਛੋੜੇ ਦੀ ਤੜਪ ਹੀ ਹੈ ਜੋ ਸਾਈਂ ਫਰੀਦ ਜਿਹੇ ਸੂਫ਼ੀ ਫ਼ਕੀਰ ਨੂੰ ਇਸ਼ਕ-ਹਕੀਕੀ ਦੀ ਦਰਗਾਹ ਵਿਚ ਪਹੁੰਚਾ ਦਿੰਦੀ ਹੈ।

—0—

## ਹਵਾਲੇ ਅਤੇ ਟਿੱਪਣੀਆਂ


1. ਪੰਜਾਬੀ ਦੁਨੀਆ, ਸੂਫ਼ੀ ਸਾਹਿਤ ਅੰਕ, ਨਵੰਬਰ-ਦਸੰਬਰ, 1964, ਪੰਨਾ-26.
2. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨੇ-33-34.
3. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-143.
4. ਬਿਕਰਮ ਸਿੰਘ ਘੁੰਮਣ (ਸੰਪਾ.), ਸੂਫੀਮਤ ਅਤੇ ਪੰਜਾਬੀ ਸੂਫੀ ਕਾਵਿ,ਪੰਨਾ-52.
5. ਸਯੱਦ ਅਲੀ ਅਬਾਸ ਜਲਾਲਪੁਰੀ, ਸੂਫ਼ੀ ਕਾਵਿ ਤੇ ਉਸਦਾ ਪਿਛੋਕੜ, ਪੰਨਾ-149.
6. -ਉਹੀ-, ਪੰਨਾ-149.
7. ਨਜਮ ਹੁਸੈਨ ਸੱਯਦ, ਸੇਧਾਂ ਸਾਰਾਂ ਅਤੇ ਹੋਰ ਲੇਖ, ਪੰਨਾ-52.
8. ਬਿਕਰਮ ਸਿੰਘ ਘੁੰਮਣ (ਸੰਪਾ.), ਸੂਫੀਮਤ ਅਤੇ ਪੰਜਾਬੀ ਸੂਫੀ ਕਾਵਿ,ਪੰਨਾ-56.
9. ਡਾ. ਪ੍ਰੀਤਮ ਸੈਨੀ (ਸੰਪਾ.), ਕਲਾਮ ਬੁੱਲ੍ਹੇ ਸ਼ਾਹ, ਪੰਨੇ-59-60.
10. ਬਿਕਰਮ ਸਿੰਘ ਘੁੰਮਣ (ਸੰਪਾ.), ਸੂਫੀਮਤ ਅਤੇ ਪੰਜਾਬੀ ਸੂਫੀ ਕਾਵਿ, ਪੰਨਾ-51.
11. ਡਾ. ਨਰੇਸ , ਸੂਫੀਮਤ ਅਤੇ ਸੂਫੀ ਕਾਵਿ, ਪੰਨਾ-42.
12. -ਉਹੀ-, ਪੰਨਾ-44.
13. ਪ੍ਰੋ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨੇ-93-94.
14. ਡਾ. ਐਸ. ਐਸ. ਅਮੋਲ, ਸੁਲਤਾਨ ਬਾਹੂ, ਪੰਨਾ-106.
15. ਡਾ. ਹਰਜਿੰਦਰ ਸਿੰਘ ਢਿਲੋਂ, ਪੰਜਾਬੀ ਸੂਫ਼ੀ ਕਾਵਿ ਅਤੇ ਸ਼ਰੀਅਤ, ਪੰਨਾ-105.
16. ਡਾ. ਗੁਲਵੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨੇ-124-125.
17. -ਉਹੀ-, ਪੰਨਾ-159.
18. ਡਾ. ਕੁਲਜੀਤ ਸ਼ੈਲੀ, ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ-ਵਿਵੇਕ, ਪੰਨਾ-194.
19. ਪ੍ਰੋ. ਗੁਲਬੰਤ ਸਿੰਘ, ਇਸਲਾਮ ਅਤੇ ਸੂਫ਼ੀਵਾਦ, ਪੰਨਾ-133.

20. ਡਾ. ਰਤਨ ਸਿੰਘ ਜੱਗੀ (ਸੰਪਾ.) ਖੋਜ ਪਤ੍ਰਿਕਾ (ਸਾਈਂ ਬੁੱਲ੍ਹੇਸ਼ਾਹ ਅੰਕ), ਮਾਰਚ, 1984, ਪੰਨਾ-19.
21. ਡਾ. ਅਨਵਰ ਚਿਰਾਗ਼, ਇਸਲਾਮੀ ਚਿੰਤਨ ਅਤੇ ਪੰਜਾਬੀ ਸੂਫ਼ੀ ਕਵਿਤਾ, ਪੰਨਾ-105-106.
22. ਹਰਜਿੰਦਰ ਸਿੰਘ ਢਿਲੋਂ, ਸੁਲਤਾਨ ਬਾਹੂ ਚਿੰਤਨ, ਕਲਾ ਤੇ ਰਚਨਾ, ਪੰਨਾ-25.
23. -ਉਹੀ-, ਪੰਨਾ-38.
24. ਡਾ. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਨਾ-131.
25. -ਉਹੀ-, ਪੰਨਾ-149.
26. -ਉਹੀ-, ਪੰਨਾ-149.
27. ਡਾ. ਰਤਨ ਸਿੰਘ ਜੱਗੀ (ਸੰਪਾ.) ਖੋਜ ਪਤ੍ਰਿਕਾ (ਸਾਈਂ ਬੁੱਲ੍ਹੇਸ਼ਾਹ ਅੰਕ), ਮਾਰਚ, 1984, ਪੰਨਾ-131.
28. ਡਾ. ਧਰਮਪਾਲ ਸਿੰਗਲ (ਸੰਪਾ.) ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ-285.
29. ਡਾ. ਦਰਸ਼ਨ ਸਿੰਘ (ਸੰਪਾ.), ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ, ਪੰਨਾ-229.
30. -ਉਹੀ-, ਪੰਨਾ-231.
31. ਪਿਆਰਾ ਸਿੰਘ ਪਦਮ, ਹਾਸ਼ਮ-ਰਚਨਾਵਲੀ, ਪੰਨਾ-196.
32. -ਉਹੀ-, ਪੰਨਾ-197.
33. ਪ੍ਰੋ. ਸਾਹਿਬ ਸਿੰਘ, ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਪੰਨਾ-92.
34. -ਉਹੀ-, ਪੰਨਾ-69.
35. -ਉਹੀ-, ਪੰਨਾ-66.
36. ਪ੍ਰੋ. ਸਾਹਿਬ ਸਿੰਘ, ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਪੰਨਾ-132.
37. -ਉਹੀ-, ਪੰਨਾ-134.

38. ਪ੍ਰੋ. ਸਾਹਿਬ ਸਿੰਘ, ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਪੰਨਾ–69.
39. -ਉਹੀ-, ਪੰਨਾ–69.
40. -ਉਹੀ-, ਪੰਨਾ–66.
41. -ਉਹੀ-, ਪੰਨਾ–129.
42. -ਉਹੀ-, ਪੰਨਾ–129.
43. -ਉਹੀ-, ਪੰਨਾ–134.
44. -ਉਹੀ-, ਪੰਨਾ–71.
45. -ਉਹੀ-, ਪੰਨਾ–69.
46. -ਉਹੀ-, ਪੰਨਾ–120.
47. -ਉਹੀ-, ਪੰਨਾ–102.
48. -ਉਹੀ-, ਪੰਨਾ–63.
49. -ਉਹੀ-, ਪੰਨਾ–64.
50. -ਉਹੀ-, ਪੰਨਾ–62.
51. -ਉਹੀ-, ਪੰਨਾ–67.
52. -ਉਹੀ-, ਪੰਨਾ–81.
53. ਡਾ. ਕਾਲਾ ਸਿੰਘ ਬੇਦੀ, ਸ਼ਾਹ ਹੁਸੈਨ ਰਚਨਾਵਲੀ, ਪੰਨਾ–186.
54. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਫਰੀਦ ਜੀ ਕੇ, ਸ਼ਲੋਕ–36, ਪੰਨਾ–1379.
55. -ਉਹੀ-, ਬਾਣੀ ਸੇਖ ਫਰੀਦ ਜੀ ਕੀ, ਰਾਗ ਸੂਹੀ, ਪੰਨਾ–794.
56. ਡਾ. ਮੋਹਨ ਸਿੰਘ ਦੀਵਾਨਾ, ਸ਼ਾਹ ਹੁਸੈਨ, ਕਾਫੀ–146, ਪੰਨਾ–217.
57. -ਉਹੀ- ਕਾਫੀ–39, ਪੰਨਾ–106.
58. ਜੀ. ਐਲ. ਸ਼ਰਮਾ, ਬੁਲ੍ਹੇ ਸ਼ਾਹ ਵਿਵੇਚਨ ਤੇ ਰਚਨਾ,ਕਾਫੀ 103, ਪੰਨਾ–223
59. ਡਾ. ਹਿਰਦੇਜੀਤ ਸਿੰਘ ਭੋਗਲ, ਸੁਲਤਾਨ ਬਾਹੂ ਦੀ ਵਿਚਾਰਧਾਰਾ, ਖੋਜ ਪੱਤ੍ਰਿਕਾ, ਪਟਿਆਲਾ, ਪੰਨਾ–197.

60. ਸ੍ਰੀ ਰਘਬੀਰ ਸਿੰਘ ਭਰਤ, ਖ਼ਵਾਜ਼ਾ ਗੁਲਾਮ ਫਰੀਦ ਤੇ ਉਸਦੀ ਸ਼ਾਇਰੀ, ਪੰਨਾ-230.

61. ਡਾ. ਜਸਪਾਲ ਕੌਰ ਕਾਂਗ, ਫਰੀਦ ਬਾਣੀ ਵਿਚ ਕਾਲ ਦੀ ਪ੍ਰਵਾਹਮਾਨਤਾ ਤੇ ਮਾਨਵੀ ਸੰਤਾਪ, ਖੋਜ-ਦਰਪਣ, ਜੁਲਾਈ-98, ਪੰਨਾ-143.

62. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਫਰੀਦ ਜੀ ਕੇ, ਸ਼ਲੋਕ-76, ਪੰਨਾ-1381.

63. -ਉਹੀ-, ਸ਼ਲੋਕ-2, ਪੰਨਾ-1378.

64. -ਉਹੀ-, ਸ਼ਲੋਕ 119, ਪੰਨਾ-1384.

65. ਰਾਮ ਪੂਜਨ ਤਿਵਾੜੀ, ਸੂਫੀ ਮੱਤ ਸਾਧਨਾ ਅਤੇ ਸਾਹਿਤਯ, ਪੰਨਾ-270.

66. ਪ੍ਰੋ. ਕਿਰਪਾਲ ਸਿੰਘ ਕਸੇਲ, ਬਾਬਾ ਫਰੀਦ ਦੀ ਸਾਹਿਤਕ ਪ੍ਰਤਿਭਾ,ਪੰਨਾ-49

67. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਫਰੀਦ ਕੇ, ਸ਼ਲੋਕ-65, ਪੰਨਾ-1381.

68. -ਉਹੀ-, ਸ਼ਲੋਕ-86, ਪੰਨਾ-1382.

69. -ਉਹੀ-, ਸ਼ਲੋਕ-91, ਪੰਨਾ-1382.

70. -ਉਹੀ-, ਸ਼ਲੋਕ-35, ਪੰਨਾ-1379.

71. ਵਿਸ਼ਵਾਨਾਥ ਤਿਵਾੜੀ, ਬਾਬਾ ਫ਼ਰੀਦ ਅਤੇ ਮੌਤ, ਬਾਬਾ ਫ਼ਰੀਦ ਜੀਵਨ, ਸਮਾਂ ਤੇ ਰਚਨਾ (ਸੰਪਾ.) ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ-240.

72. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਸੇਖ ਫਰੀਦ ਜੀ ਕੇ, ਸ਼ਲੋਕ 74, ਪੰਨਾ-1381.

73. -ਉਹੀ-, ਸ਼ਲੋਕ-29, ਪੰਨਾ-1379.

74. -ਉਹੀ-, ਸ਼ਲੋਕ-78, ਪੰਨਾ-1382.

75. -ਉਹੀ-, ਸ਼ਲੋਕ-59, ਪੰਨਾ-1381.

76. ਡਾ. ਵਜ਼ੀਰ ਸਿੰਘ, ਫਰੀਦ ਦਾ ਨੈਤਿਕ ਫਲਸਫਾ, ਖੋਜ-ਪੱਤ੍ਰਿਕਾ, ਬਾਬਾ ਫ਼ਰੀਦ ਵਿਸ਼ੇਸ਼ ਅੰਕ (ਸੰਪਾ.) ਜੀਤ ਸਿੰਘ ਸੀਤਲ, ਪੰਨਾ-158.

77. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਸੇਖ ਫ਼ਰੀਦ ਜੀ ਕੇ, ਸ਼ਲੋਕ-90, ਪੰਨਾ-1382.
78. -ਉਹੀ-, ਸ਼ਲੋਕ-90, ਪੰਨਾ-1382.
79. -ਉਹੀ-, ਸ਼ਲੋਕ-95, ਪੰਨਾ-1382.
80. -ਉਹੀ-, ਰਾਗ ਸੂਹੀ, ਸ਼ਬਦ-1, ਪੰਨਾ-794.
81. -ਉਹੀ-, ਸ਼ਲੋਕ 103, ਪੰਨਾ-1383.
82. -ਉਹੀ-, ਸ਼ਲੋਕ-24, ਪੰਨਾ-1379.
83. -ਉਹੀ-, ਸ਼ਲੋਕ-34, ਪੰਨਾ-1379.
84. ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਸੂਹੀ, ਸ਼ਬਦ-1, ਪੰਨਾ-794.
85. -ਉਹੀ- ਸ਼ਲੋਕ ਫਰੀਦ ਜੀ ਕੇ, ਸ਼ਲੋਕ ਸੇਖ ਫ਼ਰੀਦ ਜੀ ਕੇ, ਸ਼ਲੋਕ-87, ਪੰਨਾ-1382.
86. ਡਾ. ਨਰੇਸ਼, ਸੂਫ਼ੀਮਤ ਅਤੇ ਸੂਫੀ ਕਾਵਿ, ਪੰਨਾ-37.
87. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਸੇਖ਼ ਫ਼ਰੀਦ ਜੀ ਕੇ, ਸ਼ਲੋਕ-19,ਪੰਨਾ-1378.
88. -ਉਹੀ-, ਸ਼ਲੋਕ-129, ਪੰਨਾ-1384.
89. -ਉਹੀ-, ਸ਼ਲੋਕ-125, ਪੰਨਾ-1384.
90. ਡਾ. ਜਸਪਾਲ ਕੌਰ ਕਾਂਗ, ਫਰੀਦ ਬਾਣੀ ਵਿਚ ਕਾਲ ਦੀ ਪ੍ਰਵਾਹਮਾਨਤਾ ਤੇ ਮਾਨਵੀ ਸੰਤਾਪ, ਖੋਜ-ਦਰਪਣ, ਜੁਲਾਈ 98, ਪੰਨੇ-143-44.
91. ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਲੋਕ ਸੇਖ਼ ਫ਼ਰੀਦ ਜੀ ਕੇ, ਸ਼ਲੋਕ-9, ਪੰਨਾ-1378.
92. -ਉਹੀ-, ਸ਼ਲੋਕ-66, ਪੰਨਾ-1381.
93. ਡਾ. ਅਮਰਜੀਤ ਸਿੰਘ ਕਾਂਗ, ਫਰੀਦ-ਬਾਣੀ ਦੀ ਸਮਕਾਲੀ ਪ੍ਰਾਸੰਗਿਕਤਾ, ਖੋਜ-ਦਰਪਣ, ਜੁਲਾਈ-98, ਪੰਨੇ-133-134.

# ਅਧਿਆਇ ਤੀਜਾ

# ਗੁਰੂ ਨਾਨਕ ਬਾਣੀ ਦੀ ਬ੍ਰਿਹਾ ਸੰਵੇਦਨਾ

# ਗੁਰੂ ਨਾਨਕ ਬਾਣੀ ਦੀ ਬ੍ਰਿਹਾ ਸੰਵੇਦਨਾ

ਬਾਣੀ ਚਿੰਤਨ ਦਾ ਮੂਲ ਪੈਰਾਡਾਇਮ ਹੀ ਪ੍ਰਭੂ ਪ੍ਰੇਮਾ ਭਗਤੀ ਹੈ। ਇਹੀ ਪ੍ਰੇਮਾ ਭਗਤੀ ਮਨੁੱਖ ਨੂੰ ਪ੍ਰਭੂ ਮਿਲਾਪ ਤਕ ਲੈ ਕੇ ਜਾਂਦੀ ਹੈ। ਬਾਣੀ ਅਨੁਸਾਰ ਪ੍ਰੇਮ ਕਰਨ ਵਾਲਾ ਹੀ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ। ਇਹੀ ਪ੍ਰੇਮਾ ਭਗਤੀ ਜਗਿਆਸੂ ਨੂੰ ਆਪਣੇ ਪ੍ਰੀਤਮ ਨਾਲ ਮਿਲਾਉਂਦੀ ਹੈ। ਇਹ ਮਿਲਾਪ ਹੀ ਪਾਰਗਾਮੀ ਅਵਸਥਾ ਹੈ ਜੋ ਜੀਵ-ਇਸਤ੍ਰੀ ਨੂੰ ਮੂਲ ਜੋਤਿ ਦਾ ਹਿੱਸਾ ਬਣਾ ਦਿੰਦਾ ਹੈ। ਗੁਰੂ ਨਾਨਕ ਬਾਣੀ ਵਿਚ ਵੀ ਸਾਰੀ ਯਾਤਰਾ ਵਿਛੋੜੇ ਤੋਂ ਮਿਲਾਪ ਵਾਲੀ ਹੈ। ਇਹ ਮਿਲਾਪ ਹੀ ਜਗਿਆਸੂ ਦੀ ਬ੍ਰਿਹਾ ਪੀੜਾ ਨੂੰ ਸ਼ਾਂਤ ਅਤੇ ਸਹਿਜ ਕਰਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਪ੍ਰੇਮਾ ਭਗਤੀ ਨੂੰ ਸਭ ਤੋਂ ਉੱਤਮ ਅਵਸਥਾ ਮੰਨਦੇ ਹਨ ਜੋ ਜਗਿਆਸੂ ਅੰਦਰਲੀ ਬ੍ਰਿਹਾ ਦੀ ਤਪਸ਼ ਨੂੰ ਸ਼ਾਂਤ ਕਰਦੀ ਹੈ। ਪ੍ਰੇਮ ਜਿਥੇ ਮਿਲਾਪ ਦਾ ਸਾਧਨ ਹੈ, ਉਥੇ ਨਾਲ ਹੀ ਇਸ ਪ੍ਰੇਮ ਦੇ ਚਾਉ ਵਾਲੇ ਕੋਲੋਂ ਸਿਰ ਦੇਣ ਦੀ ਮੰਗ ਕੀਤੀ ਜਾਂਦੀ ਹੈ। ਪ੍ਰਭੂ ਦੀ ਪ੍ਰੇਮ-ਗਲੀ ਵਿਚ ਤਾਂ ਸਿਰ ਤਲੀ ਉਪਰ ਰੱਖ ਕੇ ਆਉਣ ਦੀ ਗੱਲ ਕਹੀ ਗਈ ਹੈ। ਗੁਰੂ ਨਾਨਕ ਬਾਣੀ ਕਿਉਂਕਿ ਬਾਣੀ ਚਿੰਤਨ ਦਾ ਮੂਲ ਮਾਡਲ ਸਿਰਜਣ ਵਾਲੀ ਹੈ, ਇਸ ਲਈ ਬਾਣੀ ਦਾ ਵੀ ਕੇਂਦਰੀ ਪੈਰਾਡਾਇਮ ਪ੍ਰਭੂ ਵਿਜੋਗ ਤੋਂ ਪ੍ਰਭੂ ਮਿਲਾਪ ਤੀਕ ਹੈ। ਆਪਣੇ ਇਸ ਅਧਿਆਇ ਵਿਚ ਅਸੀਂ ਨਾਨਕ-ਬਾਣੀ ਦੀ ਬ੍ਰਿਹਾ ਵੇਦਨਾ ਉਪਰ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਬਾਣੀ ਦੇ ਕੁਝ ਅਜਿਹੇ ਸਰੋਕਾਰਾਂ ਦੀ ਗੱਲ ਕਰਨੀ ਜ਼ਰੂਰੀ ਸਮਝਦੇ ਹਾਂ ਜਿਨ੍ਹਾਂ ਦੇ ਝਰੋਖੇ ਵਿਚ ਬਾਣੀ ਦਾ ਵਿਚਾਰਧਾਰਕ ਪਰਿਪੇਖ ਸਪੱਸ਼ਟ ਹੋ ਜਾਵੇ। ਇਸ ਵਿਚਾਰਧਾਰਕ ਸਪੱਸ਼ਟਤਾ ਵਿਚੋਂ ਹੀ ਸਾਡਾ ਖੋਜ ਕਾਰਜ ਵੱਲ ਵੱਧੇਗਾ। ਇਹ ਵਿਚਾਰਧਾਰਕ ਪਿੱਠਭੂਮੀ ਇਹ ਵੀ ਸਪੱਸ਼ਟ ਕਰੇਗੀ ਕਿ ਗੁਰੂ ਬਾਣੀ ਵਿਚਲੀ ਪ੍ਰੇਮਾ ਭਗਤੀ ਸੂਫੀਆਂ ਨਾਲੋਂ ਵੱਖਰੀ ਤਾਂ ਹੈ ਪਰ ਇਸ ਪ੍ਰੇਮ ਭਗਤੀ ਦੀ ਲੀਲ੍ਹਾ ਨਿਵੇਕਲੀ ਹੈ। ਬ੍ਰਿਹਾ ਵੇਦਨਾ ਵੀ ਬਾਣੀ ਵਿਚ ਹੈ ਪਰ ਇਸ ਵੇਦਨਾ ਦੀ ਹੂਕ ਠਹਿਰੀ ਹੋਈ ਹੈ। ਇਹ ਸਾਰੇ ਮਸਲੇ ਉਦੋਂ ਸਪੱਸ਼ਟ ਹੋ

ਜਾਣਗੇ, ਜਦੋਂ ਅਸੀਂ ਬਾਣੀ ਦਾ ਉਹ ਵਿਚਾਰਧਾਰਕ ਬਿੰਬ ਉਸਾਰਾਂਗੇ ਜੋ ਜਗਿਆਸੂ ਦੀ ਹੋਂਦ ਦੇ ਆਰ ਪਾਰ ਫੈਲਿਆ ਹੋਇਆ ਹੈ। ਇਸੇ ਬਿੰਬ ਵਿਚੋਂ ਹੀ ਨਾਨਕ ਬਾਣੀ ਦੀ ਬ੍ਰਿਹਾ ਵੇਦਨਾ ਦੀ ਲੀਲ੍ਹਾ ਸਾਕਾਰ ਹੋਵੇਗੀ।

ਬਾਣੀ ਚਿੰਤਨ ਦਾ ਸਭ ਤੋਂ ਅਹਿਮ ਵਿਚਾਰ ਮਨੁੱਖ ਅੰਦਰੋਂ ਪ੍ਰੇਮਾ-ਭਗਤੀ ਜਗਾਉਣਾ ਹੈ। ਪ੍ਰੇਮਾ-ਭਗਤੀ ਨੂੰ ਬਾਣੀ-ਚਿੰਤਨ ਵਿਚ ਕੇਂਦਰੀ ਮਹੱਤਵ ਪ੍ਰਾਪਤ ਹੈ। ਪ੍ਰਭੂ ਪ੍ਰਾਪਤੀ ਦਾ ਇੱਕੋ ਇਕ ਮਾਰਗ ਪ੍ਰਭੂ ਪ੍ਰੇਮ ਵਿਚ ਲੀਨ ਰਹਿਣਾ ਹੈ। ਸੂਫੀਆਂ ਵਿਚ ਇਸ ਪ੍ਰੇਮ ਦੀ ਲੀਲ੍ਹਾ ਇਸ਼ਕ ਵਾਲੀ ਹੈ। ਬਾਣੀ ਵਿਚ ਪ੍ਰੇਮ ਦਾ ਪ੍ਰਗਟਾ ਬੜਾ ਸਹਿਜ ਹੈ। ਜਿਸ ਅੰਦਰ ਪ੍ਰੇਮ ਭਾਵਨਾ ਜਾਗ ਪੈਂਦੀ ਹੈ, ਉਸ ਅੰਦਰੋਂ ਦਵੈਤ-ਭਾਵ ਮੁੱਕ ਜਾਂਦਾ ਹੈ। ਹਰ ਹੋਂਦ ਵਿੱਚੋਂ ਰੱਬੀ ਪ੍ਰਕਾਸ਼ ਦਾ ਝਲਕਾਰਾ ਝਲਕਣ ਲੱਗਦਾ ਹੈ। ਅਜਿਹੇ ਝਲਕਾਰੇ ਵਿਚ ਨਾ ਕੋਈ ਵੈਰੀ ਹੈ ਨਾ ਹੀ ਕੋਈ ਬੇਗਾਨਾ ਹੈ। ਗੁਰੂ ਨਾਨਕ ਨੇ ਸਗਲ ਜਮਾਤਾਂ ਦਾ ਮਾਡਲ ਦੇ ਕੇ ਪ੍ਰੇਮ ਨੂੰ ਇਸ ਮਾਡਲ ਦੀ ਬੁਨਿਆਦ ਮੰਨਿਆ ਹੈ। ਜਿਸ ਮਨੁੱਖ ਅੰਦਰ ਪ੍ਰੇਮ ਭਾਵ ਝਲਕ ਪੈਂਦਾ ਹੈ, ਉਹ ਭਾਵਾਂ ਵਿਚ ਕੋਮਲ ਹੋ ਜਾਂਦਾ ਹੈ, ਉਸਦੀ ਬੋਲ-ਬਾਣੀ ਮਿਠਾਸ ਭਰੀ ਹੋ ਜਾਂਦੀ ਹੈ ਅਤੇ ਉਹ ਗੁਣਾਂ ਦਾ ਮਾਲਕ ਹੋ ਜਾਂਦਾ ਹੈ। ਬਾਣੀਕਾਰਾਂ ਨੇ ਇਹ ਸਪੱਸ਼ਟ ਕਿਹਾ ਹੈ ਕਿ ਪ੍ਰਭੂ ਪ੍ਰਾਪਤੀ "ਪ੍ਰੇਮ ਖੇਲਣ ਦੇ ਚਾਓ" ਵਿੱਚੋਂ ਪੈਦਾ ਹੁੰਦੀ ਹੈ। ਮਨੁੱਖ ਜਦੋਂ ਦੂਸਰੇ ਪ੍ਰਤੀ ਪ੍ਰੇਮ-ਭਾਵਨਾ ਵਿਚ ਵਿਚਰਦਾ ਹੈ ਤਾਂ ਸੰਪ੍ਰਦਾਇਕ ਸੋਚ ਮਿੱਟ ਜਾਂਦੀ ਹੈ। ਅੰਦਰ ਪ੍ਰੇਮ-ਭਾਵ ਅਜਿਹਾ ਜਾਗਦਾ ਹੈ ਕਿ ਨੈਣ-ਨਕਸ਼ ਜੁੜਨ ਦੀ ਚੇਤਨਾ ਜਾਗ ਪੈਂਦੀ ਹੈ। ਪ੍ਰੇਮ-ਭਾਵ ਵਿਚ ਵਿਚਰ ਰਿਹਾ ਵਿਅਕਤੀ ਦੂਜੇ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ। ਹਉਮੈ ਮਿਟ ਜਾਂਦੀ ਹੈ ਅਤੇ ਅੰਦਰ-ਬਾਹਰ ਚਾਨਣ ਰੁਸ਼ਨਾਉਣ ਲੱਗਦਾ ਹੈ। ਬਾਣੀ-ਸੰਵੇਦਨਾ ਵਿਚ ਪ੍ਰੇਮਾ-ਭਗਤੀ ਮੂਲ ਮਾਰਗ ਹੈ। ਉਹੀ ਵਿਅਕਤੀ ਪ੍ਰਭੂ ਦਾ ਨਾਮ ਸੁਣ ਅਤੇ ਮੰਨ ਸਕਦਾ ਹੈ ਜੋ ਪ੍ਰੇਮ-ਭਾਵ ਵਿਚ ਲੀਨ ਹੈ। ਦਰਅਸਲ ਪ੍ਰੇਮ ਦਾ ਜਾਗਣਾ ਮਨੁੱਖ ਅੰਦਰੋਂ ਪ੍ਰਭੂ ਦਾ ਪ੍ਰਗਟਾਵਾ ਹੋਣਾ ਹੈ, ਪ੍ਰਭੂ ਦਾ ਪ੍ਰਗਟਾਵਾ ਪ੍ਰੇਮ ਰਾਹੀਂ ਹੀ ਹੁੰਦਾ ਹੈ। ਜਿਸ ਜਗਿਆਸੂ ਅੰਦਰ ਪ੍ਰੇਮਾ-ਭਗਤੀ ਜਾਗ ਪੈਂਦੀ ਹੈ, ਉਹ

ਕਿਸੇ ਲਈ ਅਜਨਬੀ ਨਹੀਂ ਰਹਿੰਦਾ। ਜਿਸ ਸਮਾਜ ਵਿਚ ਵਿਅਕਤੀਆਂ ਅੰਦਰ ਪ੍ਰੇਮਾ-ਭਗਤੀ ਦਾ ਵਾਸ ਹੁੰਦਾ ਹੈ, ਉਥੇ ਪਰਾਇਆ ਹੱਕ ਵੀ ਪਾਪ ਪ੍ਰਤੀਤ ਹੋਣ ਲੱਗਦਾ ਹੈ। ਧਰਮ ਚਿੰਤਨ ਦੇ ਵਿਚ ਪ੍ਰੇਮ ਮੂਲ ਧਰਾਤਲ ਹੈ ਅਤੇ ਬਾਣੀ ਦਾ ਸਾਰਾ ਉਸਾਰ ਇਸੇ ਧਰਾਤਲ ਉਪਰ ਹੋਇਆ ਹੈ। ਬਾਣੀਕਾਰਾਂ ਨੇ ਤਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਇਹ ਉਹ ਮਾਰਗ ਹੈ ਜਿਸ ਉਪਰ ਚੱਲਣ ਸਮੇਂ ਸੀਸ ਤਲੀ ਉਪਰ ਧਰਨਾ ਪੈਂਦਾ ਹੈ ਜੋ ਜਗਿਆਸੂ ਇਸ ਮਾਰਗ ਦਾ ਧਾਰਨੀ ਹੋ ਜਾਂਦਾ ਹੈ ਉਹੀ ਮੁਕਤੀ ਦਾ ਹੱਕਦਾਰ ਬਣਦਾ ਹੈ। ਅਜਿਹੇ ਜਗਿਆਸੂ ਨੂੰ ਪਰਮਾਤਮਾ ਖੁਦ ਆਪ ਮਿਲਣ ਲਈ ਪਹਿਲ ਕਰਦਾ ਹੈ। ਪ੍ਰੇਮਾ-ਭਗਤੀ ਦੇ ਭਾਵਾਂ ਵਿਚੋਂ ਗੁਜ਼ਰ ਰਹੇ ਵਿਅਕਤੀ ਲਈ ਪਰਮਾਤਮਾ ਮਾਤਾ ਵੀ ਹੈ, ਪਿਤਾ ਵੀ ਹੈ, ਭ੍ਰਾਤਾ ਵੀ ਹੈ ਅਤੇ ਬੰਧਪ ਵੀ, ਭਾਵ ਸਾਰੇ ਰਿਸ਼ਤਿਆਂ ਦੀ ਜੜ੍ਹ ਪ੍ਰੇਮਾ-ਭਗਤੀ ਹੈ। ਪ੍ਰੇਮਾ-ਭਗਤੀ ਬਾਣੀ-ਸੰਵੇਦਨਾ ਦਾ ਮੂਲ ਸਰੋਕਾਰ ਹੈ।[1]

ਬਾਣੀ ਸੰਸਾਰ ਵਿਚ ਮਨੁੱਖ ਨੇ ਜਿਸ ਪ੍ਰਭੂ ਪ੍ਰੀਤਮ ਨੂੰ ਪ੍ਰਾਪਤ ਕਰਨਾ ਹੈ, ਉਹ ਨਿਰਗੁਣ ਹੈ, ਕਿਸੇ ਅਵਤਾਰਵਾਦ ਵਿਚ ਨਹੀਂ। ਇਹ ਪ੍ਰਭੂ ਮਨੁੱਖ ਦੇ ਅੰਦਰ ਹੈ। ਬਾਣੀ ਚਿੰਤਨ ਵਿਚ ਰੱਬ ਪ੍ਰੇਮ ਦਾ ਸਾਗਰ ਹੈ, ਗਿਆਨ ਦਾ ਪ੍ਰਗਟਾਵਾ ਹੈ। ਇਸ ਪ੍ਰਭੂ ਦੀ ਪ੍ਰਾਪਤੀ ਲਈ ਮਨੁੱਖ ਨੂੰ ਸਚਿਆਰਾ ਬਣਨ ਦੀ ਲੋੜ ਹੈ। ਸਚਿਆਰਾ ਉਹ ਹੈ ਜਿਸਨੇ ਆਪਣੇ ਆਪ ਨੂੰ ਹੁਕਮ ਅਨੁਕੂਲ ਕਰ ਲਿਆ ਹੈ, ਆਪਣੇ ਅੰਦਰਲੇ ਦੀ ਤਲਾਸ਼ ਅਤੇ ਪਛਾਣ ਕਰ ਲਈ ਹੈ, ਆਪਣੇ ਕਰਮ ਨੂੰ ਨਿਰਮਲ ਕਰ ਲਿਆ ਹੈ ਅਤੇ ਆਪਣੇ ਮਨ ਉਪਰ ਅਧਿਕਾਰ ਪ੍ਰਾਪਤ ਕਰ ਲਿਆ ਹੈ। ਇਹ ਸਚਿਆਰਾ ਮਨੁੱਖ ਹੀ ਬਾਣੀ ਪ੍ਰਵਚਨ ਦਾ ਆਦਰਸ਼ ਰੂਪ ਹੈ। ਬਾਣੀ ਅਨੁਸਾਰ ਮਨ ਉਪਰ ਜਿੱਤ ਹੀ ਅਸਲ ਵਿਚ ਸਚਿਆਰਾ ਬਣਨਾ ਹੈ। ਸਚਿਆਰਾ ਉਹ ਵਿਅਕਤੀ ਹੈ ਜੋ ਨਾਮ ਦੇ ਸਹਾਰੇ ਆਪਣੀ ਜੀਵਨ-ਸ਼ੈਲੀ ਨਿਸ਼ਚਿਤ ਕਰਦਾ ਹੈ। ਨਾਮ ਸੁਣਦਾ ਅਤੇ ਮੰਨਦਾ ਹੈ। ਨਾਮ ਦੇ ਸਹਾਰੇ ਹੀ ਉਹ ਆਪਣੇ ਮਨ ਦੀ ਮੈਲ ਨੂੰ ਦੂਰ ਕਰਦਾ ਹੈ। ਨਾਮ ਤੋਂ ਭਾਵ ਪ੍ਰਭੂ ਦੇ ਨੇਮ ਵਿਚ ਰਹਿਣਾ ਹੈ, ਨੇਮ ਦੇ ਵਿਚ ਹੀ

ਮਨੁੱਖ ਨੂੰ ਅਮਲੇ ਦੀ ਸੋਝੀ ਹੁੰਦੀ ਹੈ। ਪ੍ਰਭੂ ਦਾ ਨਾਮ ਅਜਿਹੇ ਮਨੁੱਖ ਲਈ ਦਿਸ਼ਾ ਬਣਦਾ ਹੈ। ਨਾਮ ਦੇ ਸਹਾਰੇ ਮਨੁੱਖੀ ਸੰਤਾਪ ਮਿੱਟ ਜਾਂਦੇ ਹਨ। ਸਾਰੇ ਕਰਮ-ਕਾਂਡ, ਭੇਖ-ਵਾਦ, ਥੋਥੇ ਪ੍ਰਤੀਤ ਹੋਣ ਲੱਗਦੇ ਹਨ। ਪ੍ਰਭੂ ਦੀ ਰਜ਼ਾ ਵਿਚ ਰਹਿਣ ਵਾਲਾ ਵਿਅਕਤੀ ਹੀ ਅਸਲ ਵਿਚ ਨਾਮ ਨੇਮੀ ਹੈ। ਇਹ ਆਦਰਸ਼ਕ ਮਨੁੱਖ ਹੈ।[2] ਆਦਰਸ਼ਕ ਮਨੁੱਖ ਦੀ ਪਛਾਣ ਹੀ ਇਹ ਹੈ ਕਿ ਉਹ ਮਾਇਆ ਤੋਂ ਉਪਰਾਮ ਹੋ ਕੇ ਪ੍ਰਭੂ ਭਗਤੀ ਅਤੇ ਪ੍ਰਭੂ ਪ੍ਰੇਮ ਵਿਚ ਡੁੱਬਾ ਰਹਿੰਦਾ ਹੈ। ਪ੍ਰੇਮ ਦੀ ਸਿੱਖਰ ਵਿਚੋਂ ਹੀ ਉਸ ਅੰਦਰ ਬ੍ਰਿਹਾ ਭਾਵ ਜਾਗਦੇ ਹਨ। ਬ੍ਰਿਹਾ ਦੀ ਤਿੱਖੀ ਪੀੜਾ ਇਸ ਰਹੱਸ ਦਾ ਪ੍ਰਗਟਾਵਾ ਹੈ ਕਿ ਜਗਿਆਸੂ ਪ੍ਰਮਾਣਕ ਮਾਰਗ ਦਾ ਪਾਂਧੀ ਹੈ। ਗੁਰੂ ਸਾਹਿਬਾਨ ਉਸ ਜਗਿਆਸੂ ਨੂੰ ਇਨਸਾਨ ਮੰਨਣ ਤੋਂ ਇਨਕਾਰੀ ਹਨ ਜੋ ਪ੍ਰਭੂ ਦੇ ਨਾਮ ਤੋਂ ਸੱਖਣੇ ਹਨ। ਜੋ ਇਨਸਾਨ ਲੁਕ ਕੇ ਮੰਦੇ ਕੰਮ ਕਰਦਾ ਹੈ, ਮਾਲਕ ਪਰਮੇਸ਼ਰ ਨੂੰ ਹਰ ਥਾਂ ਹਾਜ਼ਰ ਨਾਜ਼ਰ ਨਹੀਂ ਮੰਨਦਾ ਤੇ ਜੋ ਆਪਣੇ ਅਸਲੇ ਦੀ ਪਛਾਣ ਨਹੀਂ ਕਰਦਾ, ਉਹ ਇਨਸਾਨ ਕਦੇ ਵੀ ਉਸ ਪਰਮਾਤਮਾ ਨੂੰ ਨਹੀਂ ਪਾ ਸਕਦਾ। ਉਹ ਦੁਨੀਆਂ ਦੀਆਂ ਤ੍ਰਿਸ਼ਨਾਵਾਂ, ਕਲਪਨਾ ਵਿਚ ਹੀ ਫਸਿਆ ਰਹਿੰਦਾ ਹੈ। ਇਥੇ ਗੁਰੂ ਸਾਹਿਬ ਮਨੁੱਖ ਨੂੰ ਦੋਵੇਂ ਰਾਹਾਂ ਤੋਂ ਅਵਗਤ ਕਰਵਾਉਂਦੇ ਹਨ ਕਿ ਰਾਹ ਦੋ ਹਨ—ਇਕ ਗੁਰਮੁਖੀ ਰਾਹ ਤੇ ਦੂਜਾ ਮਨਮੁਖੀ ਰਾਹ। ਜੋ ਗੁਰਮੁਖੀ ਰਾਹ 'ਤੇ ਚੱਲੇਗਾ ਉਹ ਮੁਕਤ ਹੋ ਜਾਵੇਗਾ ਤੇ ਜੋ ਮਨਮੁਖੀ ਰਾਹ 'ਤੇ ਜਾਏਗਾ ਉਹ ਨਰਕਾਂ ਵਿਚ ਹੀ ਸੜਦਾ ਰਹੇਗਾ। ਭਾਵ ਇਹ ਹੈ ਕਿ ਜੋ ਬੰਦਾ ਪਰਮੇਸ਼ਰ ਨੂੰ ਨਹੀਂ ਜਾਣਦਾ, ਉਸ ਨੂੰ ਸਹੀ ਇਨਸਾਨਾਂ ਦੀ ਸ਼੍ਰੇਣੀ ਵਿਚ ਨਹੀਂ ਗਿਣਨਾ ਚਾਹੀਦਾ, ਸਗੋਂ ਉਸ ਨੂੰ ਤਾਂ ਭੂਤਾਂ, ਪ੍ਰੇਤਾਂ ਦੀ ਗਿਣਤੀ ਵਿਚ ਸ਼ਾਮਿਲ ਕਰਨਾ ਯੋਗ ਹੈ।[3] ਇਹ ਰਹੱਸ ਬਾਣੀ ਵਿਚ ਉਜਾਗਰ ਕੀਤਾ ਗਿਆ ਹੈ ਕਿ ਜਿਸ ਅੰਦਰ ਤ੍ਰਿਸ਼ਨਾਵਾਂ ਹਨ, ਉਹ ਅਜੇ ਪ੍ਰੇਮ ਦੀ ਚਿਣਗ ਤੋਂ ਦੂਰ ਹੈ। ਜਗਿਆਸੂ ਅੰਦਰ ਜਦੋਂ ਪ੍ਰੇਮ ਜਾਗਦਾ ਹੈ ਤਾਂ ਸਾਰੇ ਰਿਸ਼ਤੇ ਕੂੜੇ ਪ੍ਰਤੀਤ ਹੋਣ ਲਗਦੇ ਹਨ, ਮਨਮੁੱਖਤਾ ਮਿੱਟਣ ਲਗਦੀ ਹੈ। ਪ੍ਰੇਮ ਭਾਵ ਜਗਿਆਸੂ ਅੰਦਰ ਚਾਨਣ ਪੈਦਾ ਕਰ ਦੇਂਦਾ ਹੈ। ਬਾਣੀ ਮਾਰਗ ਵਿਚ ਇਹ ਰਹੱਸ ਜ਼ਾਹਰ ਕੀਤਾ ਗਿਆ ਹੈ

ਕਿ ਪਰਮਾਤਮਾ ਨੂੰ ਪ੍ਰੇਮ ਬਾਣੀ ਨਾਲ ਤਾਂ ਪਾਇਆ ਜਾ ਸਕਦਾ ਹੈ ਪਰ ਫੋਕੀਆਂ ਦਲੀਲਾਂ ਜਾਂ ਕਰਮ-ਕਾਂਡਾਂ ਰਾਹੀਂ ਇਹ ਪ੍ਰਾਪਤੀ ਨਹੀਂ ਹੁੰਦੀ। ਗੁਰੂ ਨਾਨਕ ਮਾਝ ਕੀ ਵਾਰ ਵਿਚ ਇਹ ਸਪੱਸ਼ਟ ਲਿਖਦੇ ਹਨ ਕਿ ਪਰਮਾਤਮਾ ਦੀ ਥਾਹ ਪਾਉਣਾ ਕਿਸੇ ਦੀ ਵੱਸ ਦੀ ਗੱਲ ਨਹੀਂ। ਕਿਤਨੇ ਹੀ ਵੇਦ-ਪਾਠੀ ਕਠਿਨ ਸ਼ਾਸਤਰਾਂ ਦੀ ਵਿਆਖਿਆ ਕਰਦੇ ਹਨ, ਪਰ ਉਸ ਨੂੰ ਸਮਝ ਨਹੀਂ ਸਕੇ, ਨਿਰਾ ਆਖ ਆਖ ਕੇ ਹੀ ਟੁਰ ਜਾਂਦੇ ਹਨ। ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸਾਈਂ ਦਾ ਭੇਦ ਕੇਵਲ ਪੜ੍ਹਨ ਨਾਲ ਨਹੀਂ ਪਾਇਆ ਜਾ ਸਕਦਾ, ਉਹ ਬੁੱਝਣ ਨਾਲ ਹੀ ਪਾਈਦਾ ਹੈ ਜੋ ਮਨੁੱਖ ਉਸ ਬੇਅੰਤ ਪ੍ਰਭੂ ਦੇ ਨਾਮ ਨੂੰ ਮੰਨਦਾ ਹੈ, ਭਾਵ ਜੋ ਉਸਦੇ ਨਾਮ ਵਿਚ ਜੁੜਦਾ ਹੈ, ਉਹ ਉਸ ਪ੍ਰਭੂ ਦੀ ਹਜ਼ੂਰੀ ਵਿਚ ਅੱਪੜ ਜਾਂਦਾ ਹੈ। ਜੋ ਮਨੁੱਖ ਉਸ ਪਰਮੇਸ਼ਰ ਨੂੰ ਜਾਣਦਾ ਪਛਾਣਦਾ ਨਹੀਂ, ਉਸ ਦੀ ਰਜ਼ਾ ਵਿਚ ਰਾਜ਼ੀ ਨਹੀਂ ਰਹਿੰਦਾ, ਉਸ ਦਾ ਜਨਮ ਵਿਅਰਥ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਮਨੁੱਖ ਤੇ ਬ੍ਰਹਮ ਵਿਚਕਾਰ ਇਹ ਜੋ ਸੰਸਾਰ ਹੈ, ਇਹ ਸਾਗਰ ਵਾਂਗ ਬਹੁਤ ਹੀ ਔਖਾ ਹੈ, ਇਹ ਸਾਗਰ ਕੇਵਲ ਗੁਰੂ ਦੀ ਕਿਰਪਾ ਨਾਲ ਹੀ ਤਰਿਆ ਜਾਣ ਵਾਲਾ ਹੈ। ਜੋ ਮਨੁੱਖ ਹਮੇਸ਼ਾ ਉਸ ਸੱਚੇ ਪ੍ਰਭੂ ਨੂੰ ਮਨ ਵਿਚ ਧਿਆਉਂਦੇ ਹਨ, ਉਸ ਦਾ ਹਿਰਦਾ ਕਮਲ ਵਾਂਗ ਸਦਾ ਹੀ ਖਿੜਿਆ ਰਹਿੰਦਾ ਹੈ, ਉਸ ਨੇ ਹੀ ਆਪਣੇ ਪਰਮਾਤਮਾ ਤੋਂ ਪੂਰਾ ਗਿਆਨ ਪ੍ਰਾਪਤ ਕੀਤਾ ਹੈ, ਜਿਸ ਸਦਕਾ ਉਹ ਅੰਦਰੋਂ ਸਦਾ ਹੁਲਾਸ ਵਿਚ ਆਉਂਦਾ ਹੈ ਕਿਉਂਕਿ ਉਹ ਆਪਣੇ ਅੰਦਰੋਂ ਕਾਮ ਆਦਿ ਵੈਰੀਆਂ ਨੂੰ ਮਾਰ ਕੇ ਕੱਢ ਦੇਂਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਸੱਚੇ ਸਤਿਗੁਰੂ ਨੂੰ ਸੇਵਿਆ ਹੈ ਜਿਸ ਸਦਕਾ ਪ੍ਰਭੂ ਨੇ ਮਿਹਰ ਕਰ ਕੇ ਸੱਚਾ ਰਾਹ ਦੱਸਿਆ ਹੈ।[4] ਇਹ ਰਹੱਸ ਬੜਾ ਉਘੜਵਾਂ ਹੈ ਕਿ ਪ੍ਰਭੂ ਦਾ ਨਾਮ ਸਿਮਰਨ ਹੀ ਮਨੁੱਖ ਨੂੰ ਭਵ-ਸਾਗਰ ਵਿਚੋਂ ਪਾਰ ਕਰਵਾਉਂਦਾ ਹੈ। ਨਾਮ ਸਿਮਰਨ ਵਿਚ ਉਹ ਜੀਵ ਲੀਨ ਹੋ ਸਕਦਾ ਹੈ ਜੋ ਪ੍ਰੇਮ ਦੇ ਰੰਗ ਵਿਚ ਰੰਗਿਆ ਹੋਇਆ ਹੈ। ਅਸਲ ਵਿਚ ਨਾਮ ਦਾ ਅਰਥ ਹੀ ਇਹ ਹੈ ਕਿ ਹਰ ਛਿੰਨ ਪ੍ਰਭੂ ਪ੍ਰੀਤਮ ਦੀ

ਯਾਦ ਵਿਚ ਟਿਕੇ ਰਹਿਣਾ। ਜੋ ਸਿਮਰਦਾ ਹੈ, ਉਹੀ ਪ੍ਰੇਮ ਕਰਦਾ ਹੈ। ਸਿਮਰਨ ਪ੍ਰੇਮ ਦਾ ਪ੍ਰਗਟਾਵਾ ਹੈ।

ਬਾਣੀ ਚਿੰਤਨ ਵਿਚ ਇਹ ਨਿਰਣਾ ਦਿੱਤਾ ਗਿਆ ਹੈ ਕਿ ਉਹ ਜਗਿਆਸੂ ਅਸਲ ਪ੍ਰੇਮਾ ਭਗਤੀ ਕਰਦਾ ਹੈ ਜੋ ਸ਼ਬਦ ਰਾਹੀਂ ਪਰਮਾਤਮਾ ਨੂੰ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਜਗਿਆਸੂਆਂ ਦੇ ਖਿੜਾਓ ਦਾ ਜ਼ਿਕਰ ਕਰਦਿਆਂ ਗੁਰੂ ਨਾਨਕ ਕਹਿੰਦੇ ਹਨ ਕਿ ਜਿਨ੍ਹਾਂ ਨੂੰ ਪ੍ਰਭੂ ਪ੍ਰਾਪਤੀ ਹੋਈ ਹੈ, ਉਨ੍ਹਾਂ ਦੇ ਮੁੱਖ ਉਜਲੇ ਅਤੇ ਸ਼ਿੰਗਾਰੇ ਹੋਏ ਹਨ। ਉਨ੍ਹਾਂ ਅੰਦਰ ਇਕ ਅਜਿਹੀ ਲਿਵ ਲੱਗਦੀ ਹੈ ਕਿ ''ਕਰਹਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ'' ਭਾਵ ਰਾਤ ਦਿਨ ਇੱਕੋ ਪ੍ਰਭੂ ਦੀ ਚੇਤਨਾ ਵਿਚ ਜੁੜੇ ਰਹਿੰਦੇ ਹਨ। ਇਨ੍ਹਾਂ ਅੰਦਰਲਾ ਪ੍ਰੇਮ ਰੰਗ ਉਨ੍ਹਾਂ ਨੂੰ ਨਿਰਮਾਣ ਬਣਾ ਦਿੰਦਾ ਹੈ ਅਤੇ ਉਹ ਕੇਵਲ ਸੱਚੀ ਅਰਦਾਸ ਵਿਚ ਟਿਕ ਜਾਂਦੀਆਂ ਹਨ। ਨਾਨਕ ਬਾਣੀ ਵਿਚ ਉਸ ਭਗਤ ਦਾ ਬਿੰਬ ਹੈ ਜੋ ਅੰਦਰੋਂ ਬਾਹਰੋਂ ਪ੍ਰਭੂ ਪ੍ਰੇਮ ਵਿਚ ਰੰਗਿਆ ਗਿਆ ਹੈ। ਇਹ ਬਿੰਬ ਅਜਿਹਾ ਹੈ:—

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ।।
ਕਰਹਿ ਭਗਤਿ ਦਿਨੁ ਰਾਤਿ ਨ ਰਹਨੀ ਵਾਰੀਆ।।
ਮਹਲਾ ਮੰਝਿ ਨਿਵਾਸੁ ਸਬਦਿ ਸਵਾਰੀਆ।।
ਸਚੁ ਕਹਹਿ ਅਰਦਾਸਿ ਸੇ ਵੇਚਾਰੀਆ।।
ਸੋਹਹਿ ਖਸਮੈ ਪਾਸਿ ਹੁਕਮਿ ਸਿਧਾਰੀਆ।।
ਸਖੀ ਕਹਹਿ ਅਰਦਾਸਿ ਮਨਹੁ ਪਿਆਰੀਆ।।
ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ।।
ਸਬਦਿ ਸਵਾਰੀਆਸੁ ਅੰਮ੍ਰਿਤੁ ਪੀਵਿਆ।।[5]

ਪ੍ਰਭੂ ਪ੍ਰੇਮ ਦਾ ਰੰਗ ਏਨਾ ਗੂੜ੍ਹਾ ਹੈ ਕਿ ਨਾਮ ਤੋਂ ਬਿਨਾਂ ਇਨ੍ਹਾਂ ਲਈ ਜੀਉਣਾ ਇਕ ਬੰਧਨ ਬਣ ਜਾਂਦਾ ਹੈ। ਸ਼ਬਦਿ ਸੁਰਤਿ ਅੰਦਰਲੀ ਹਸਤੀ ਨੂੰ ਅਜਿਹਾ ਸੰਵਾਰਦਾ ਹੈ ਕਿ ਮਨ ਇਕ ਪਾਰਗਾਮੀ ਅਵਸਥਾ ਵਿਚ ਪਹੁੰਚ ਕੇ ਟਿਕ ਜਾਂਦਾ ਹੈ।

ਸ਼ਬਦ ਅੰਮ੍ਰਿਤ ਹੀ ਇਨ੍ਹਾਂ ਦੀ ਪਿਆਸ ਬਣ ਜਾਂਦੀ ਹੈ। ਪ੍ਰਭੂ ਨੂੰ ਮਨੋਂ ਤਨੋਂ ਪਿਆਰ ਕਰਨ ਵਾਲੀ ਜੀਵਾਤਮਾ ਮਜੀਠੇ ਰੰਗ ਵਿਚ ਰੰਗੀ ਜਾਂਦੀ ਹੈ। ਉਨ੍ਹਾਂ ਲਈ ''ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ'' ਵਾਲੀ ਅਵਸਥਾ ਪੈਦਾ ਹੋ ਜਾਂਦੀ ਹੈ। ਅਜਿਹੀ ਜੀਵਾਤਮਾ ਪ੍ਰਭੂ ਦੇ ਦਰਿ ਬਿਨਾਂ ਇਕ ਪਲ ਨਹੀਂ ਜੀਉਂਦੀਆਂ। ਸਪੱਸ਼ਟ ਵਿਚਾਰ ਪ੍ਰਗਟਾਇਆ ਗਿਆ ਹੈ ਕਿ ਪਰਮਾਤਮਾ ਦੇ ਪ੍ਰੇਮ ਵਿਚ, ਉਸ ਦੇ ਵੈਰਾਗ ਅਤੇ ਬ੍ਰਿਹਾ ਭਾਵ ਵਿਚ ਜੀਊਣ ਵਾਲਾ ਜਗਿਆਸੂ ਹੀ ਅਸਲ ਵਿਚ ਪ੍ਰੇਮਾ ਭਗਤੀ ਦੇ ਰਾਹ ਦਾ ਸਵਾਮੀ ਹੈ। ਇਹ ਵੀ ਸੰਕੇਤ ਬਾਣੀ ਵਿਚੋਂ ਮਿਲਦਾ ਹੈ ਕਿ ਪ੍ਰੇਮਾ ਭਗਤੀ ਹੀ ਬਾਣੀ ਸੰਸਾਰ ਵਿਚ ਉਚੇਰੀ ਅਵਸਥਾ ਹੈ। ਪ੍ਰੇਮਾ ਭਗਤੀ ਦੇ ਇਸ ਬਿੰਬ ਨੂੰ ਬਾਣੀਕਾਰ ਗੁਰੂ ਨਾਨਕ ਨੇ ਭਗਤੀ ਅਤੇ ਸੰਸਾਰਕਤਾ ਦੀ ਵਿਰੋਧੀ ਜੁੱਟ ਰਾਹੀਂ ਪ੍ਰਸਤੁਤ ਕੀਤਾ ਹੈ। ਸੰਸਾਰਕਤਾ ਵਿਚ ਭੋਗ ਹੈ, ਭਗਤੀ ਵਿਚ ਜੋਗ ਹੈ। ਦੋਵੇਂ ਇਕ ਦੂਜੇ ਦੇ ਵਿਰੋਧ ਵਿਚ ਹਨ। ਇਸੇ ਲਈ ਇਸ ਵਾਰ ਦੀ ਸੋਲ੍ਹਵੀਂ ਪਉੜੀ ਵਿਚ ਇਹ ਕਿਹਾ ਗਿਆ ਹੈ ਕਿ ''ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।।'' ਸੰਸਾਰਕਤਾ ਵਿਚ ਮੋਹ ਮਾਇਆ ਹੈ ਜਿਸ ਨੂੰ ਗੁਰੂ ਨਾਨਕ ਕੂੜ ਕਹਿੰਦੇ ਹਨ। ਬਾਣੀ ਦਾ ਅਸਲ ਮੰਤਵ ਹੀ ਇਸ ਕੂੜ ਦੀ ਪਾਲ ਨੂੰ ਤੋੜਨਾ ਹੈ। ਸੰਸਾਰਕਤਾ ਵਿਚ ਪੰਜੇ ਵਿਕਾਰ ਵਧਦੇ ਫੁਲਦੇ ਹਨ, ''ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।'' ਜਦ ਕਿ ਭਗਤ ''ਸਚੋ ਸੱਚੁ'' ਕਮਾਉਂਦਾ ਹੈ। ਬੁਨਿਆਦੀ ਟਕਰਾਓ ਹੀ ਇਹ ਹੈ ਕਿ ਭਗਤ ਤਾਂ ਅੰਦਰ ਝਾਕਦਾ ਹੈ ਜਦ ਕਿ ਸੰਸਾਰ ਬਾਹਰ ਵੱਲ ਖਿੱਚਿਆ ਰਹਿੰਦਾ ਹੈ। ਭਗਤ ਉਹ ਹੈ ਜਿਸ ਨੇ ''ਵਿਚਹੁ ਆਪੁ ਗਵਾਇਆ'' ਹੈ ਅਤੇ ਉਸ ਦਾ ''ਖਸਮੈ ਕੈ ਦਰਿ ਮੁਖ ਉਜਲੇ'' ਹੈ। ਦੂਜੇ ਪਾਸੇ ''ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ'' ਹੈ। ਇਨ੍ਹਾਂ ਦੋਹਾਂ ਵਿਚ ਪਰਸਪਰ ਦੂਰੀਆਂ ਹਨ। ਇਨ੍ਹਾਂ ਦੂਰੀਆਂ ਵਿਚ ਇਕ ਕੋਲ ਮੁਕਤੀ ਹੈ, ਦੂਜੇ ਕੋਲ ਆਵਾਗੌਣ ਦੀ ਮਾਰ ਹੈ। ਵਾਰ ਵਿਚ ਸਪੱਸ਼ਟ ਕੀਤਾ ਹੈ ਕਿ ''ਕਰਤਾ ਆਪਿ

ਅਭੁਲੁ ਹੈ'' ਇਸ ਲਈ ਸੰਸਾਰੀ ਨੂੰ ਚੋਟਾਂ ਖਾਣੀਆਂ ਪੈਣੀਆਂ ਹਨ। ਇਸੇ ਵਿਚਾਰ ਨੂੰ ਬੜੇ ਗਹਿਰੇ ਰੂਪ ਵਿਚ ਗੁਰੂ ਨਾਨਕ ਨੇ ਇੰਜ ਉਸਾਰਿਆ ਹੈ:—

ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ।।
ਮੁਠੀ ਧੰਧੈ ਚੋਰਿ ਮਹਲੁ ਨ ਪਾਈਐ।।
ਏਨੈ ਚਿਤਿ ਕਠੋਰਿ ਸੇਵ ਗਵਾਈਐ।।
ਜਿਤੁ ਘਟਿ ਸਚੁ ਨ ਖਾਇ ਸੁ ਭੰਨਿ ਘੜਾਈਐ।।
ਕਿਉ ਕਰਿ ਪੂਰੈ ਵਟਿ ਤੋਲਿ ਤੁਲਾਈਐ।।
ਕੋਇ ਨ ਆਖੈ ਘਟਿ ਹਉਮੈ ਜਾਈਐ।।
ਲਈਅਨਿ ਖਰੇ ਪਰਖਿ ਦਰਿ ਬੀਨਾਈਐ।।
ਸਉਦਾ ਇਕਤੁ ਹਟਿ ਪੂਰੈ ਗੁਰਿ ਪਾਈਐ।।[6]

ਇਸ ਪਉੜੀ ਦੀ ਮੂਲ ਸਥਿਤੀ ਉਭਰ ਕੇ ਸਾਹਮਣੇ ਆਈ ਹੈ ਕਿ ਜੋ ਸੰਸਾਰਕਤਾ ਵਿਚ ਗ੍ਰਸਿਆ ਗਿਆ ਹੈ, ਉਸ ਨੂੰ ਵਿਕਾਰਾਂ ਨੇ ਡੱਸਣਾ ਹੀ ਹੈ। ਇਹੀ ਕਾਰਣ ਹੈ ਕਿ ਸੰਸਾਰੀ ਮਨੁੱਖ ਕਦੀ ਵੀ ਆਪਣੇ ਪ੍ਰਭੂ ਨੂੰ ਪ੍ਰਾਪਤ ਨਹੀਂ ਕਰਦਾ। ਸਪੱਸ਼ਟ ਸੰਕੇਤ ਹੈ ਕਿ ਜੇਕਰ ਸੰਸਾਰਕਤਾ ਹੈ ਤਾਂ ਹਿਰਦਾ ਕਠੋਰ ਹੋਵੇਗਾ, ਬਾਬ-ਬਾਰ ਘੜਨ ਲਈ ਟੁੱਟਦਾ ਭੱਜਦਾ ਰਹੇਗਾ, ਭਾਵ ਆਵਾਗੌਣ ਵਿਚ ਪਿਆ ਰਹੇਗਾ। ਜਿਸ ਹਿਰਦੇ ਵਿਚ ਪ੍ਰਭੂ ਨਹੀਂ ਉਹ ਹਿਰਦਾ ਕਠੋਰ ਹੈ, ਪ੍ਰਭੂ ਦੇ ਦਰ ਠੋਕਰਾਂ ਖਾਵੇਗਾ। ਸੰਸਾਰੀ ਦੁਨਿਆਵੀ ਹੱਟ ਤੋਂ ਹਟਦਾ ਨਹੀਂ ਜਦ ਕਿ ਅਮਲ ਹੱਟੀ ਅਤੇ ਖੱਟੀ ਗੁਰੂ ਦੇ ਹੱਟ ਤੋਂ ਮਿਲਣੀ ਹੈ। ਬੜਾ ਡੂੰਘਾ ਵਿਚਾਰ ਇਹ ਹੈ ਕਿ ਜੇਕਰ ਮਨੁੱਖ ਅਸਲ ਹੱਟ ਉਪਰ ਪਹੁੰਚ ਜਾਵੇ ਤਾਂ ਸਾਰੀਆਂ ਮੁਥਾਜੀਆਂ ਮੁੱਕ ਜਾਣਗੀਆਂ। ਵਿਰੋਧ ਇਹ ਹੈ ਕਿ ਚੇਤਨਾ ਕੇਵਲ ਸੰਸਾਰਕਤਾ ਤਕ ਸੀਮਤ ਹੈ। ਫਲਸਰੂਪ ਖੁਆਰੀ ਹੈ ਕਿਉਂਕਿ "ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸਿ।।" ਹੋਣਾ ਹੈ। ਸੰਸਾਰੀਆਂ ਦੇ ਨਾਲ ਸੰਵਾਦ ਰਚਾਉਂਦਿਆਂ ਸੱਚੀ ਦਰਗਾਹ ਦੀ ਉਸਾਰੀ ਕੀਤੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਸੱਚ ਕੂੜ ਦੀ ਪਰਿਭਾਸ਼ਾ ਦਸਦਿਆਂ ਇਹ

ਵੀ ਨਿਖੇੜਾ ਕੀਤਾ ਹੈ ਕਿ ''ਵਿਣੁ ਸਚੇ ਕੂੜਿਆਰੁ ਬੰਨਿ ਚਲਾਈਐ।।'' ਪ੍ਰਭੂ ਦੇ ਨਾਮ ਬਿਨਾਂ ਸਭ ਕੂੜ ਮੰਨਿਆ ਹੈ ਅਤੇ ਅਜਿਹੇ ਕੂੜ ਕਮਾਉਣ ਵਾਲੇ ਨੂੰ ਜਮ ਬੰਨ੍ਹ ਕੇ ਲੈ ਜਾਂਦੇ ਹਨ। ਇਹ ਨਿਰਣਾ ਬੜਾ ਸਾਫ਼ ਹੈ ਕਿ ਪ੍ਰਭੂ ਨਾਮ ਬਿਨਾਂ ਤਨ ਮਿੱਟੀ ਦੀ ਢੇਰੀ ਹੈ ਅਤੇ ਮਿੱਟੀ ਵਿਚ ਮਿਲ ਕੇ ਬਾਰ ਬਾਰ ਜਨਮ ਲੈਂਦਾ ਹੈ। ਪ੍ਰਭੂ ਨਾਮ ਬਿਨਾਂ ਮਨੁੱਖ ਦਾ ਖਾਧਾ ਪੀਤਾ ਅਤੇ ਪਹਿਨਿਆ ਸਭ ਵਿਅਰਥ ਹੈ। ਪ੍ਰਭੂ ਦਰਗਾਹ ਦੀ ਪ੍ਰਾਪਤੀ ਅਤੇ ਪ੍ਰਤੀਤੀ ਕੂੜ ਵਿਚ ਲੀਨ ਮਨੁੱਖ ਨੂੰ ਨਹੀਂ ਮਿਲਣੀ। ਸੰਸਾਰ ਨੂੰ ਮਾਇਆ ਕਹਿ ਕੇ ਠੱਗਣੀ ਦਾ ਦਰਜਾ ਦਿੱਤਾ ਹੈ। ਸਰੀਰ ਅੰਦਰਲੀਆਂ ਤ੍ਰਿਸ਼ਨਾਵਾਂ ਇਸੇ ਕੂੜ ਦੀ ਖੇਡ ਦਾ ਪ੍ਰਗਟ ਰੂਪ ਹੈ।[7] ਪ੍ਰਭੂ ਨਾਮ ਨੂੰ ਹੀ ਸਾਰੀ ਪ੍ਰੇਮਾ ਭਗਤੀ ਦਾ ਆਧਾਰ ਮੰਨਿਆ ਗਿਆ ਹੈ।

ਗੁਰੂ ਨਾਨਕ ਨੇ ਆਪਣੀ ਅਧਿਆਤਮਕ ਵਾਰ 'ਮਾਝ ਕੀ ਵਾਰ' ਵਿਚ ਪ੍ਰਭੂ ਪ੍ਰੇਮ ਭੋਜਨ ਰਾਹੀਂ ਅਗਨੀ ਨੂੰ ਸ਼ਾਂਤ ਕਰਨ ਦਾ ਮਾਰਗ ਦੱਸਿਆ ਹੈ। ''ਸਚਾ ਭੋਜਨੁ ਭਾਉ ਸਤਿਗੁਰਿ ਦੱਸਿਆ'' ਹੀ ਮਨੁੱਖ ਨੂੰ ਅੰਦਰੋਂ ਸ਼ਾਂਤ ਕਰ ਸਕਦਾ ਹੈ। ਪ੍ਰਭੂ ਦਾ ਨਾਮ ਮੰਨਣ ਸੁਣਨ ਨਾਲ ਅੰਦਰਲੇ ਵਿਕਾਰ ਮਿਟਦੇ ਹਨ। ਵਾਰ ਵਿਚ ਹਮੇਸ਼ਾ ਫ਼ੈਸਲਾ ਰਣਭੂਮੀ ਵਿਚ ਹੁੰਦਾ ਹੈ। ਅਧਿਆਤਮਕ ਵਾਰਾਂ ਵਿਚ ਇਹ ਰਣਭੂਮੀ ਮਨੁੱਖੀ ਸਰੀਰ ਹੈ। ਇਸੇ ਸਰੀਰ ਵਿਚੋਂ ਦੇਵਤਾ ਜਗਾ ਲਓ ਜਾਂ ਇਸੇ ਵਿਚੋਂ ਰਾਖਸ਼ਸ। ਯੁੱਧ ਅੰਦਰ ਹੋ ਰਿਹਾ ਹੈ। ਸੱਚ ਕੂੜ ਵਿਚ ਟਕਰਾਓ ਰਹਿਣਾ ਹੀ ਹੈ। ''ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ'' ਦਾ ਮਾਡਲ ਇਹੀ ਸੰਕੇਤ ਕਰਦਾ ਹੈ ਕਿ ''ਤਨ ਮਹਿ ਤ੍ਰਿਸਨਾ ਅਗਿ ਸ਼ਬਦਿ ਬੁਝਾਈਐ'' ਭਾਵ ਇਹ ਅੱਗ ਸ਼ਾਂਤ ਉਦੋਂ ਹੋਵੇਗੀ ਜਦੋਂ ਅੰਦਰ ਮਨ ਨੂੰ ਜਿੱਤਣ ਦੀ ਸ਼ਕਤੀ ਪੈਦਾ ਹੋਵੇਗੀ। ਇਨ੍ਹਾਂ ਪਉੜੀਆਂ ਵਿਚ ਜਿਸ ਟਕਰਾਓ ਦਾ ਸੰਕੇਤ ਬਾਰ ਬਾਰ ਆਇਆ ਹੈ, ਉਹ ਸੰਕੇਤ ਸੱਚ ਕੂੜ ਅਤੇ ਗਿਆਨ-ਅਗਿਆਨ ਵਿਚਕਾਰ ਹੈ। ਗੁਰੂ ਸਪੱਸ਼ਟ ਕਹਿ ਰਹੇ ਹਨ ਕਿ ''ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ।।'' ਪਰੰਤੂ ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਗੁਰੂ ਅਨੇਕ ਵਾਰ ਮਨੁੱਖ ਨੂੰ ਚੇਤੰਨ ਕਰ ਰਹੇ ਹਨ ਪਰ ਮਾਇਆ ਦੀ ਸ਼ਕਤੀ ਏਨੀ

ਬਲਵਾਨ ਹੈ ਕਿ ਕੂੜ ਦੀ ਪਾਲ ਵਿਚ ਮਨੁੱਖ ਡੱਸਿਆ ਜਾ ਰਿਹਾ ਹੈ। ਅਧਿਆਤਮਕ ਸੰਸਾਰ ਵਿਚ ਮਨੁੱਖ ਨੂੰ ਡੁੱਬਣੋਂ ਜਿੰਨਾ ਵਰਜਿਆ ਗਿਆ ਹੈ, ਮਨੁੱਖ ਉਨਾ ਹੀ ਫਿਰ ਇਸ ਵਿਚ ਫਸ ਜਾਂਦਾ ਹੈ। ਕਾਰਣ ਮਾਇਆ ਅੰਦਰ ਵੀ ਹੈ ਅਤੇ ਬਾਹਰ ਵੀ। ਅਜਿਹੀ ਸਥਿਤੀ ਨੂੰ ਗੁਰੂ ਨਾਨਕ ਇੰਜ ਕਹਿੰਦੇ ਹਨ ਕਿ ਕਿਸੇ ਵਿਰਲੇ ਨੂੰ ਹੀ ਕੂੜ ਦੀ ਪਾਲ ਦੀ ਸਮਝ ਆਉਂਦੀ ਹੈ। ਮਾਡਲ ਇਹ ਉਸਾਰਿਆ ਹੈ ਕਿ ਜੀਵਦਿਆਂ ਹੀ ਮਰਨ ਦੀ ਜਾਚ ਸਿੱਖਣੀ ਪਵੇਗੀ। ਤ੍ਰਿਸ਼ਨਾਵਾਂ ਭਟਕਾ ਰਹੀਆਂ ਹਨ ਅਤੇ ਜਦੋਂ ਕੂੜ ਦੀ ਕੰਧ ਉਸਰ ਜਾਂਦੀ ਹੈ ਤਾਂ ਪਲੋ ਪਲੀ ਤੁਰਨਾ ਪੈ ਜਾਂਦਾ ਹੈ।[8] ਬਾਣੀ ਦਾ ਇਹ ਰਹੱਸ ਬੜਾ ਵਿਚਾਰਨਯੋਗ ਹੈ ਕਿ ਜੀਂਵਦਿਆਂ ਮਰਨ ਦੀ ਜਾਚ ਉਸ ਜਗਿਆਸੂ ਨੂੰ ਆਉਂਦੀ ਹੈ ਜੋ ਪ੍ਰੇਮ ਭਾਵਨਾ ਵਿਚ ਲੀਨ ਹੋ ਜਾਂਦਾ ਹੈ। ਅਜਿਹੇ ਜਗਿਆਸੂ ਲਈ ਸੰਸਾਰਕਤਾ ਉਪਰਾਮਤਾ ਪੈਦਾ ਕਰਦੀ ਹੈ। ਬਾਣੀ ਵਿਚ ਜੀਵ ਨੂੰ ਪ੍ਰੇਮ ਦੀ ਭਾਵਨਾ ਪੈਦਾ ਕਰਨ ਵੱਲ ਪ੍ਰੇਰਿਆ ਹੈ। ਜਿਨ੍ਹਾਂ ਅੰਦਰ ਪ੍ਰਭੂ ਪ੍ਰੇਮ ਦੀ ਚਿਣਗ ਜਾਗ ਪੈਂਦੀ ਹੈ, ਉਹ ਹਰ ਪਲ ਵਿਆਕੁਲ ਰਹਿੰਦੇ ਹਨ, ਅੰਦਰ ਇਕ ਵਿਛੋੜੇ ਦੀ ਸਥਿਤੀ ਬਣ ਰਹਿੰਦੀ ਹੈ। ਪ੍ਰੇਮ ਵਿਚ ਸ਼ਰਸ਼ਾਰ ਭਗਤੀ ਹੀ ਜਗਿਆਸੂ ਦੀ ਕਮਾਈ ਮੰਨੀ ਗਈ ਹੈ। ਜੋ ਪ੍ਰੇਮ ਵਿਚ ਰੱਤੇ ਹੋਏ ਹਨ, ਉਨ੍ਹਾਂ ਭਗਤਾਂ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਗੁਰੂ ਸਾਹਿਬਾਨ ਸੰਸਾਰੀ ਜੀਵਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਦੇ ਹਨ, ਉਥੇ ਉਹ ਇਸ ਪੂਰੇ ਦਿਨ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਉਸ ਦੀ ਭਗਤੀ ਕਰਨ ਦੇ ਸਹੀ ਸਮੇਂ ਦੀ ਪਹਿਚਾਣ ਵੀ ਕਰਵਾਉਂਦੇ ਹਨ। ਗੁਰੂ ਸਾਹਿਬ ਅਨੁਸਾਰ ਪਹਿਲੇ ਪਹਿਰ ਭਾਵ ਪ੍ਰਭਾਤ ਵੇਲੇ ਜੋ ਵਾਹਿਗੁਰੂ ਜੀ ਦੀ ਸਿਫਤਿ-ਸਾਲਾਹ ਕਰਦੇ ਹਨ ਤੇ ਉਸ ਪ੍ਰਭੂ ਨੂੰ ਇਕ ਮਨ ਹੋ ਕੇ ਅਰਾਧਦੇ ਹਨ, ਅਸਲ ਵਿਚ ਉਹੀ ਪੂਰੇ ਸ਼ਾਹ ਹਨ, ਜੋ ਸਹੀ ਸਮੇਂ ਸਿਰ ਸੰਕਲਪ ਵਿਕਲਪ ਦੀ ਸੈਨਾ ਨਾਲ ਜੂਝਦੇ ਹਨ ਭਾਵ ਅੰਮ੍ਰਿਤ ਵੇਲੇ ਮਨ ਨਾਲ ਜੰਗ ਕਰਦੇ ਅਤੇ ਆਲਸ ਨੂੰ ਛੱਡ ਕੇ ਬੰਦਗੀ ਕਰਨ ਦਾ ਉੱਦਮ ਕਰਦੇ ਹਨ। ਦੂਜੇ ਪਹਿਰ ਵਿਚ ਦਿਨ ਚੜ੍ਹਿਆਂ ਮਨ ਦੀਆਂ ਮਤਾਂ ਅਨੇਕਾਂ ਹੀ ਮਨੋਰਥਾਂ ਵੱਲ ਖਿੰਡ ਜਾਂਦੀਆਂ

ਹਨ, ਮਨ ਕਈ ਪਾਸੀਂ ਦੌੜਦਾ ਹੈ, ਉਹ ਦੁਨੀਆਂ ਵਿਚ ਐਸੇ ਫਸਦੇ ਹਨ ਕਿ ਨਿਕਲ ਹੀ ਨਹੀਂ ਸਕਦੇ। ਤੀਜੇ ਪਹਿਰ ਵੇਲੇ ਭੁੱਖ ਤੇ ਤ੍ਰੇਹ ਦੋਵੇਂ ਹੀ ਮਨੁੱਖ ਨੂੰ ਆ ਘੇਰਦੀਆਂ ਹਨ ਤੇ ਜੀਵ ਰੋਟੀ ਬਣਾਉਣ ਖਾਣ ਦੇ ਆਹਰ ਵਿਚ ਜੁੱਟ ਜਾਂਦਾ ਹੈ। ਚੌਥੇ ਪਹਿਰ ਭਾਵ ਰਾਤ ਨੂੰ ਨੀਂਦ ਦੀ ਉਂਘ ਆ ਜਾਂਦੀ ਹੈ, ਭਾਵ ਨੀਂਦ ਆ ਦਬਾਉਂਦੀ ਹੈ ਤੇ ਮਨੁੱਖ ਅੱਖਾਂ ਮੀਟ ਕੇ ਘੂਕ ਨੀਂਦ ਵਿਚ ਸੌਂ ਜਾਂਦਾ ਹੈ। ਫਿਰ ਸਵੇਰੇ ਨੀਂਦਰੋਂ ਉਠ ਕੇ ਸੰਸਾਰਕ ਵਿਉਹਾਰਾਂ ਦੇ ਝਗੜੇ ਮਚਾ ਲੈਂਦਾ ਹੈ ਤੇ ਉਸ ਵਿਚ ਹੀ ਉਲਝਿਆ ਰਹਿੰਦਾ ਹੈ। ਇਸ ਲਈ ਗੁਰੂ ਸਾਹਿਬਾਨ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਕ ਅੰਮ੍ਰਿਤ ਵੇਲਾ ਹੀ ਸਿਮਰਨ ਲਈ ਜ਼ਰੂਰੀ ਹੈ ਪਰ ਜਦੋਂ ਅੰਮ੍ਰਿਤ ਵੇਲੇ ਦੇ ਅਭਿਆਸ ਨਾਲ ਅੱਠੇ ਪਹਿਰ ਪਰਮਾਤਮਾ ਦਾ ਡਰ ਅਦਬ ਮਨ ਵਿਚ ਟਿਕ ਜਾਏ ਤਾਂ ਸਾਰੇ ਵੇਲੇ ਸਾਰੇ ਵਕਤ ਸਫਲ ਹਨ।[9] ਬਾਣੀ ਚਿੰਤਨ ਦੇ ਇਹ ਸਾਰੇ ਸਰੋਕਾਰ ਜੀਵ ਨੂੰ ਪ੍ਰੇਮ ਦੇ ਰਾਹ ਉਪਰ ਤੁਰਨ ਵੱਲ ਪ੍ਰੇਰਦੇ ਹਨ।

ਬਾਣੀ ਚਿੰਤਨ ਦੀ ਮਾਨਤਾ ਹੈ ਕਿ ਪ੍ਰਭੂ ਸੰਜੋਗ ਵਿਜੋਗ ਦੀ ਲੀਲ੍ਹਾ ਰਚਨ ਵਾਲਾ ਹੈ। ''ਵਿਜੋਗ ਪ੍ਰਭੂ ਤੋਂ ਦੂਰ ਜਾਣ ਵਿਚ ਹੈ, ਸੰਜੋਗ ਉਸ ਸਤਿਗੁਰ ਦੇ ਹੱਥ ਵਿਚ ਹੈ ਜੋ ਰੋਗ ਸੋਗ ਅਤੇ ਭੋਗ ਤੋਂ ਮੁਕਤੀ ਦਿਵਾਉਂਦਾ ਹੈ। ''ਕਾਇਆ ਹੰਸਿ'' ਭਾਵ ਸਰੀਰ ਤੇ ਆਤਮਾ ਦਾ ਮੇਲ ਕਰਵਾਉਣ ਵਾਲਾ ਪ੍ਰਭੂ ਆਪ ਹੈ ਪਰੰਤੂ ਵਿਅੰਗ ਇਹ ਹੈ ਕਿ ਪ੍ਰਭੂ ਤਾਂ ਸੰਜੋਗ ਕਰਵਾਉਣ ਦੀ ਭੂਮਿਕਾ ਨਿਭਾਉਂਦਾ ਹੈ ਪਰ ਮਨੁੱਖ ਭੋਗਾਂ ਤੇ ਸੁੱਖਾਂ ਦੇ ਸੁਆਦ ਵਿਚ ਪ੍ਰਭੂ ਨਾਲੋਂ ਵਿਛੜ ਜਾਂਦਾ ਹੈ। ਸਾਰੇ ਦੁੱਖਾਂ ਦਾ ਕਾਰਨ ਮਨੁੱਖ ਆਪ ਹੈ ਜੋ ਮਾਇਆ ਅਤੇ ਅਗਿਆਨਤਾ ਵਿਚ ਫਸਿਆ ਆਪਣੇ ਰਚਨਾਕਾਰ ਤੋਂ ਦੂਰ ਚਲਾ ਜਾਂਦਾ ਹੈ। ਸੰਜੋਗ ਵਿਜੋਗ ਦੀ ਲੀਲ੍ਹਾ ਦੇ ਰਹੱਸ ਨੂੰ ਸਤਿਗੁਰ ਸਮਝਾਉਣ ਵਾਲਾ ਹੈ ਜੋ ਅਗਿਆਨ ਤੋਂ ਗਿਆਨ ਵੱਲ ਲੈ ਕੇ ਜਾਂਦਾ ਹੈ। ਇਸ ਭੋਗ ਅਤੇ ਸੋਗ ਨੂੰ ਇੰਜ ਸਮਝਾਇਆ ਗਿਆ ਹੈ:—

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ।।
ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ।।

ਮੂਰਖੁ ਭੋਗੇ ਭੋਗੁ ਦੁਖ ਸਬਾਇਆ।।
ਸੁਖਹੁ ਉਠੇ ਰੋਗ ਪਾਪ ਕਮਾਇਆ।।
ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ।।
ਮੂਰਖ ਗਣਤ ਗਣਾਇ ਝਗੜਾ ਪਾਇਆ।।
ਸਤਿਗੁਰ ਹਥਿ ਨਿਬੇੜੁ ਝਗੜੁ ਚੁਕਾਇਆ।।
ਕਰਤਾ ਕਰੇ ਸੁ ਹੋਗੁ ਨ ਚਲੈ ਚਲਾਇਆ।।[10]

ਬਾਣੀ ਦੀ ਵਿਚਾਰਧਾਰਾ ਵਿਚੋਂ ਜੋ ਮਾਨਤਾਵਾਂ ਸਾਕਾਰ ਹੋਈਆਂ ਹਨ, ਉਨ੍ਹਾਂ ਨੂੰ ਇੰਜ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਕਿ ਜੀਵ ਪ੍ਰਭੂ ਦੀ ਸਿਰਜਣਾ ਤਾਂ ਹੈ ਪਰ ਇਸ ਸਿਰਜਣਾ ਦੀ ਸਥਿਤੀ ਵਿਛੋੜੇ ਵਾਲੀ ਹੈ। ਮਨੁੱਖ ਜੋਤਿ ਸਰੂਪ ਹੀ ਸੀ ਪਰ ਧਰਤੀ ਉਪਰ ਆਉਣਾ ਉਸ ਨੂੰ ਵਿਜੋਗ ਦੀ ਅਵਸਥਾ ਦੀ ਚੇਤਨਾ ਦੇਂਦਾ ਹੈ। ਮਾਨਵੀ ਮੁੱਕਤੀ ਦਾ ਪ੍ਰਤਿਮਾਨ ਇਹ ਹੈ ਕਿ ਉਹ ਨਾਮ ਸਿਮਰਨ ਅਤੇ ਪ੍ਰੇਮਾ ਭਗਤੀ ਵਿਚ ਟਿਕ ਕੇ ਜੋਤਿ ਸੰਗ ਦੁਬਾਰਾ ਲੀਨ ਹੋ ਜਾਵੇ। ਲੀਨ ਹੋਣ ਦਾ ਇਕੋ ਇਕ ਆਧਾਰ ਹਰ ਛਿੰਨ੍ਹ ਪ੍ਰਭੂ ਪ੍ਰੇਮ ਅਤੇ ਪ੍ਰਭੂ ਵਿਜੋਗ ਵਿਚ ਟਿਕੇ ਰਹਿਣਾ ਹੈ। ਧਿਆਨਯੋਗ ਨੁੱਕਤਾ ਇਹ ਹੈ ਕਿ ਗੁਰੂ ਸਾਹਿਬਾਨ ਆਪਣੇ ਵਿਛੋੜੇ/ਬ੍ਰਿਹਾ ਭਾਵਾਂ ਨੂੰ ਸੂਫੀਆਂ ਵਾਂਗ ਸ਼ੋਖ ਪ੍ਰਗਟਾਵੇ ਰਾਹੀਂ ਨਹੀਂ ਕਰਦੇ ਬਲਕਿ ਬੜੇ ਸਹਿਜ ਵਿਚ ਨਿਮਰਤਾ ਦਾ ਪ੍ਰਤੀਕ ਬਣ ਕੇ ਪ੍ਰਗਟਾਉਂਦੇ ਹਨ। ਗੁਰੂ ਸਾਹਿਬਾਨ ਦੀ ਪ੍ਰੇਮਾ ਭਗਤੀ ਵਿਚ ਬੇਨਤੀ ਭਾਵ ਹਰ ਪਲ ਬਣੇ ਰਹਿੰਦੇ ਹਨ। ਇਹ ਸਥਿਤੀ ਤਾਂ ਸਪੱਸ਼ਟ ਹੈ ਕਿ ਜਿਥੇ ਪ੍ਰੇਮਾਭਗਤੀ ਹੈ, ਉਥੇ ਨਾ ਮਿਲਣ ਦੀ ਅਵਸਥਾ ਵਿਚ ਬ੍ਰਿਹਾ ਵੇਦਨਾ ਬਣੀ ਰਹਿੰਦੀ ਹੈ। ਬਾਣੀਕਾਰ ਆਪਣੀ ਇਸ ਬ੍ਰਿਹਾ ਵੇਦਨਾ ਨੂੰ ਤਿੱਖੀ ਸੁਰ ਵਿਚ ਨਹੀਂ ਪ੍ਰਗਟਾਉਂਦੇ ਬਲਕਿ ਅਰਜ਼ੋਈ ਦੇ ਰੂਪ ਆਪਣੀ ਵੇਦਨਾ ਜ਼ਾਹਰ ਕਰਦੇ ਹਨ। ਇਹੀ ਰਹੱਸ ਹੈ ਕਿ ਜਿਥੇ ਸੂਫੀ ਸ਼ਾਇਰੀ ਆਪਣੀ ਵਿਜੋਗ ਭਾਵਨਾ ਨੂੰ ਆਸ਼ਕ ਮਾਸ਼ੂਕ ਦੇ ਪ੍ਰਤੀਕ ਵਿਚ ਪ੍ਰਗਟਾਉਂਦੇ ਹਨ, ਉਥੇ ਗੁਰੂ ਸਾਹਿਬਾਨ ਆਪਣੀ ਇਸ ਬ੍ਰਿਹਾ ਹੂਕ ਨੂੰ ਪਤੀ ਪਤਨੀ ਦੇ ਰੂਪਕ ਰਾਹੀਂ ਸਿਰਜਦੇ ਹਨ। ਪ੍ਰਤੀਕ ਦੀ ਭਿੰਨਤਾ ਤੋਂ ਹੀ ਪਤਾ

ਲਗ ਜਾਂਦਾ ਹੈ ਕਿ ਜਿਥੇ ਪ੍ਰੇਮੀਆਂ ਵਿਚਕਾਰ ਪ੍ਰਗਟਾਵਾ ਸ਼ੋਖ ਹੋਵੇਗਾ, ਉਥੇ ਪਤੀ ਪਤਨੀ ਵਿਚਕਾਰ ਸਹਿਜ ਅਤੇ ਠਹਿਰਾਓ ਹੋਵੇਗਾ। ਬਾਣੀਕਾਰ ਪ੍ਰੇਮ ਦੀ ਵਿਜੋਗੀ ਸਥਿਤੀ ਵਿਚ ਨੈਤਿਕ ਬੰਧਨਾਂ ਦੀ ਉਲੰਘਣਾ ਨਹੀਂ ਕਰਦੇ। ਮਿਸਾਲ ਗੁਰੂ ਨਾਨਕ ਦੇਵ ਜੀ ਦੀ ਬਾਰਹਮਾਹ ਤੁਖਾਰੀ ਵਿਚ ਆਪਣੀ ਬ੍ਰਿਹਾ ਵੇਦਨਾ ਨੂੰ ਬੜੇ ਸਹਿਜ ਪ੍ਰਗਟਾਵੇ ਵਿਚ ਉਸਾਰਦੇ ਹਨ:—

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ।।
ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ।।
ਹਰਿ ਰਚਨਾ ਤੇਰੀ ਕਿਆ ਗਤਿ ਮੇਰੀ,
ਹਰਿ ਬਿਨੁ ਘੜੀ ਨ ਜੀਵਾ।।
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ,
ਗੁਰਮੁਖਿ ਅੰਮ੍ਰਿਤੁ ਪੀਵਾਂ।।
ਰਚਨਾ ਰਾਚਿ ਰਹੇ ਨਿਰੰਕਾਰੀ,
ਪ੍ਰਭ ਮਨਿ ਕਰਮ ਸੁ ਕਰਮਾ।।
ਨਾਨਕ ਪੰਥੁ ਨਿਹਾਲੇ ਸਾਧਨ,
ਤੂ ਸੁਣਿ ਆਤਮ ਰਾਮਾ।।1।।[11]

ਇਸ ਛੰਤ ਵਿਚ ਪ੍ਰਭੂ ਪ੍ਰੇਮ ਅਤੇ ਬ੍ਰਿਹਾ ਦੀ ਤੀਬਰਤਾ ਬੜੀ ਸਪੱਸ਼ਟ ਹੈ। ਇਕ ਘੜੀ ਵੀ ਜੀਊਣਾ ਔਖਾ ਪ੍ਰਤੀਤ ਹੋ ਰਿਹਾ ਹੈ। ਅਰਜ਼ੋਈ ਭਾਵਾਂ ਵਿਚ ਲੀਨ ਇਸਤ੍ਰੀ ਮਿਹਰ ਲਈ ਤਰਸ ਰਹੀ ਹੈ। ਪ੍ਰਭੂ ਪ੍ਰੀਤ ਨੂੰ ਹੀ ਗੁਰੂ ਨਾਨਕ ਜਗਿਆਸੂ ਦੀ ਮੰਜ਼ਲ ਮੰਨਦੇ ਹਨ। ਪ੍ਰਿਅ ਬਿਨਾਂ ਹਰ ਮਾਰਗ ਦੁਹੇਲਾ ਹੈ। ਅਰਦਾਸ ਇਹ ਕੀਤੀ ਹੈ ਕਿ ਪ੍ਰੀਤਮ ਦੀ ਲੀਲ੍ਹਾ ਨੂੰ ਜਾਣਨਾ ਸਹਿਜ ਨਹੀਂ। ਇਸ ਅਵਸਥਾ ਵਿਚ ਇਕੋ ਇਕ ਰਾਹ ਪ੍ਰਭੂ ਦੀ ਯਾਦ ਵਿਚ ਟਿਕੇ ਰਹਿਣਾ ਹੈ। ਇਨ੍ਹਾਂ ਹੀ ਬ੍ਰਿਹਾ ਭਾਵਾਂ ਨੂੰ ਗੁਰੂ ਨਾਨਕ ਇਸ ਤਰ੍ਹਾਂ ਵੀ ਪ੍ਰਗਟਾਉਂਦੇ ਹਨ:—

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ।।

ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ।।
ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ,
ਸਾ ਸੋਹਾਗਣਿ ਨਾਰੇ।।
ਨਵ ਘਰ ਥਾਪਿ ਮਹਲ ਘਰੁ ਊਚਉ,
ਨਿਜ ਘਰਿ ਵਾਸੁ ਮੁਰਾਰੇ।।
ਸਭ ਤੇਰੀ ਤੂ ਮੇਰਾ ਪ੍ਰੀਤਮੁ, ਨਿਸਿ ਬਾਸੁਰ ਰੰਗਿ ਰਾਵੈ।।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ,
ਕੋਕਿਲ ਸਬਦਿ ਸੁਹਾਵੈ।।2।।[12]

ਇਨ੍ਹਾਂ ਭਾਵਾਂ ਵਿਚ ਵੈਰਾਗ ਦੀ ਮਿੱਠੀ ਸੁਰ ਪ੍ਰਗਟ ਹੋ ਰਹੀ ਹੈ। ਗੁਰੂ ਨਾਨਕ ਦੇਵ ਜੀ ਵੈਰਾਗਣ/ਬ੍ਰਿਹਣ ਇਸਤ੍ਰੀ ਦੀ ਪ੍ਰਭੂ ਯਾਦ ਨੂੰ ਪਪੀਹੇ ਅਤੇ ਕੋਇਲ ਦੇ ਪ੍ਰਤੀਕਾਂ ਰਾਹੀਂ ਪ੍ਰਗਟਾਇਆ ਹੈ। ਪਪੀਹਾ ਪ੍ਰਿਉ ਪ੍ਰਿਉ ਅਤੇ ਕੋਇਲ ਕੂ ਕੂ ਰਾਹੀਂ ਆਪਣੇ ਪ੍ਰੀਤਮ ਦੀ ਯਾਦ ਨੂੰ ਸਿਮਰਦੀ ਹੈ। ਇਹ ਪ੍ਰਗਟਾਵਾ ਅੰਦਰਲੀ ਆਵਾਜ਼ ਹੈ ਜਿਸ ਵਿਚ ਡੂੰਘੀ ਵੇਦਨਾ ਅਤੇ ਪੀੜਾ ਹੈ। ਗੁਰੂ ਦੇ ਬੋਲ ਬੜੇ ਭਾਵਪੂਰਤ ਹਨ ਕਿ ਜਦੋਂ ਪ੍ਰਭੂ ਨੂੰ ਮਿੱਠੀ ਬੋਲੀ ਵਾਲੀ ਜੀਵ-ਇਸਤ੍ਰੀ ਚੰਗੀ ਲੱਗਣ ਲਗਦੀ ਹੈ ਤਾਂ ਉਸਦੇ ਭਾਗ ਜਾਗ ਪੈਂਦੇ ਹਨ ਅਤੇ ਉਹ ਪ੍ਰਭੂ ਮਿਲਾਪ ਦੀ ਪਾਰਗਾਮੀ ਅਵਸਥਾ ਪ੍ਰਾਪਤ ਕਰ ਲੈਂਦੀ ਹੈ। ਇਸ ਛੰਤ ਵਿਚ ਸਰੀਰਕ ਇੰਦਰਿਆਂ ਉਪਰ ਨਿਯੰਤਰਣ ਅਤੇ ਮਾਇਕ ਪਦਾਰਥਾਂ ਤੋਂ ਮੁਕਤ ਹੋਣ ਵੱਲ ਸੰਕੇਤ ਕੀਤਾ ਹੈ। ਤਨ ਦੀ ਧਰਾਤਲ ਤੋਂ ਪਾਰ ਜਾ ਕੇ ਹੀ ਬ੍ਰਿਹਾ ਅਵਸਥਾ ਮਿਲਾਪ ਦਾ ਰੂਪ ਧਾਰਦੀ ਹੈ। ਗੁਰੂ ਨਾਨਕ ਬਾਰਹਮਾਹ ਤੁਖਾਰੀ ਵਿਚ ਵਿਜੋਗ/ਬ੍ਰਿਹਾ ਅਵਸਥਾ ਬੜੀ ਤਰਲਤਾ ਨਾਲ ਉਸਾਰਦੇ ਹਨ। ਰਸ-ਭਿੰਨਾ ਪ੍ਰੀਤਮ ਹੀ ਬਿਰਹਣ ਦੀ ਸਿਮਰਤੀ ਬਣ ਜਾਂਦਾ ਹੈ। ਇਹ ਭਾਵ ਇਸ ਤਰ੍ਹਾਂ ਪ੍ਰਗਟਾਏ ਹਨ:—

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ।।
ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ।।

ਕਿਉ ਘੜੀ ਬਿਸਾਰੀ ਹਉ ਬਲਿਹਾਰੀ,
ਹਉ ਜੀਵਾ ਗੁਣ ਗਾਏ।।
ਨਾ ਕੋਈ ਮੇਰਾ, ਹਉ ਕਿਸੁ ਕੇਰਾ,
ਹਰਿ ਬਿਨੁ ਰਹਣੁ ਨ ਜਾਏ।।
ਓਟ ਗਹੀ ਹਰਿ ਚਰਣ ਨਿਵਾਸੇ,
ਭਏ ਪਵਿਤ੍ਰ ਸਰੀਰਾ।।
ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ,
ਗੁਰ ਸਬਦੀ ਮਨੁ ਧੀਰਾ।।[13]

ਬਿਰਹਣ ਇਸਤ੍ਰੀ ਦੀ ਵੇਦਨਾ ਬੜੀ ਤਰਲ ਹੈ। ਪ੍ਰੀਤਮ ਮਨ ਤਨ ਵਿਚ ਰਮਿਆ ਹੋਇਆ ਹੈ ਅਤੇ ਇਕ ਪਲ ਲਈ ਵੀ ਵਿਸਾਰਣਾ ਮਰਨ ਤੁਲ ਹੈ। ਗੁਰੂ ਨਾਨਕ ਦੇਵ ਜੀ ਇਸ ਬਿਰਹਣ ਦੇ ਅਧੀਰ ਮਨ ਬਿਹਬਲ ਅਵਸਥਾ ਦਾ ਪ੍ਰਗਟਾਵਾ ਬੜੇ ਮਾਰਮਿਕ ਰੂਪ ਵਿਚ ਕਰਦੇ ਹਨ। ਬਿਰਹਣ ਜਦੋਂ ਆਤਮਕ ਆਨੰਦ ਦੀ ਪ੍ਰੀਤੀਤੀ ਕਰਦੀ ਹੈ ਤਾਂ ਮਨ ਵਿਚ ਟਿਕਾਓ ਆ ਜਾਂਦਾ ਹੈ, ਪ੍ਰੀਤਮ ਦੀ ਸਿਮਰਤੀ ਹੀ ਧੀਰਜ ਪੈਦਾ ਕਰਦੀ ਹੈ। ਜਿਹੜੀ ਜੀਵ-ਇਸਤ੍ਰੀ ਪ੍ਰਭੂ ਸਿਫਤ-ਸਮੀਰ ਵਿਚ ਰਹਿੰਦੀ ਹੈ, ਉਸੇ ਨੂੰ ਪ੍ਰਭੂ ਦੀ ਛੁਹ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਇਸ ਤਰਲ ਭਾਵ ਨੂੰ ਅੰਮ੍ਰਿਤ ਬਾਣੀ ਦੇ ਰੰਗ ਵਿਚ ਉਸਾਰਦੇ ਹਨ। ਉਹੀ ਵਿਜੋਗਣ ਇਸਤ੍ਰੀ ਭਾਗਾਂ ਵਾਲੀ ਹੈ, ਜਿਸ ਦੇ ਘਰ ਮਨ-ਮੰਦਿਰ ਵਿਚ ਵਾਸ ਕਰਦਾ ਹੈ। ਗੁਰੂ ਨਾਨਕ ਅਜਿਹੇ ਵਿਰਾਗੇ ਮਨ ਦੀ ਸਥਿਤੀ ਇਸ ਤਰ੍ਹਾਂ ਪ੍ਰਗਟਾਉਂਦੇ ਹਨः—

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ।।
ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ।।
ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ,
ਧਨ ਊਭੀ ਗੁਣ ਸਾਰੀ।।
ਘਰਿ ਘਰਿ ਕੰਤੁ ਰਵੈ ਸੋਹਾਗਣਿ,

ਹਉ ਕਿਉ ਕੰਤਿ ਵਿਸਾਰੀ।।
ਉਨਵਿ ਘਨ ਛਾਏ ਬਰਸੁ ਸੁਭਾਏ,
ਮਨਿ ਤਨਿ ਪ੍ਰੇਮੁ ਸੁਖਾਵੈ।।
ਨਾਨਕ ਵਰਸੈ ਅੰਮ੍ਰਿਤ ਬਾਣੀ,
ਕਰਿ ਕਿਰਪਾ ਘਰਿ ਆਵੈ।।4।।[14]

ਗੁਰੂ ਨਾਨਕ ਬਾਣੀ ਵਿਚ ਉਹੀ ਬਿਰਹਣ ਉਚੇਰੀ ਅਵਸਥਾ ਉਪਰ ਪਹੁੰਚਦੀ ਹੈ ਜਿਸ ਦਾ ਮਨਿ ਤਨਿ ਪ੍ਰੇਮ ਸੁਖ ਦੀ ਪ੍ਰਤੀਤੀ ਕਰਦੀ ਹੈ। ਕੰਤ ਨੂੰ ਵਿਸਾਰਣਾ ਹੀ ਮਰਨਾ ਹੈ। ਇਹ ਰਹੱਸ ਬੜਾ ਜ਼ਾਹਰ ਹੈ ਕਿ ਬਿਰਹਣ ਦੀ ਵੇਦਨਾ ਉਦੋਂ ਹੀ ਸ਼ਾਂਤ ਹੁੰਦੀ ਹੈ ਜਦੋਂ ਪ੍ਰਭੂ 'ਕਰਿ ਕਿਰਪਾ ਘਰਿ ਆਵੈ।।'' ਦੀ ਅਵਸਥਾ ਆਉਂਦੀ ਹੈ। ਪ੍ਰਭੂ ਦੀ ਯਾਦ ਵਿਚ ਲੀਨ ਰਹਿਣਾ ਬਿਰਹਣ ਦੀ ਭੂਮਿਕਾ ਹੈ ਜਦ ਕਿ ਅਗਲਾ ਪੜ੍ਹਾਅ ਕੰਤ ਦੀ ਕਿਰਪਾ ਨਾਲ ਜੁੜਿਆ ਰਹਿੰਦਾ ਹੈ। ਗੁਰੂ ਨਾਨਕ ਇਸ ਭਾਵ ਨੂੰ ਇਕ ਦੂਜੇ ਦੇ ਪ੍ਰਸੰਗ ਵਿਚ ਹੀ ਉਸਾਰਦੇ ਹਨ। ਜੇ ਪ੍ਰੇਮ ਹੈ ਤਾਂ ਕਿਰਪਾ ਅਵੱਸ਼ ਪ੍ਰਾਪਤ ਹੋਵੇਗੀ। ਗੁਰੂ ਨਾਨਕ ਬਿਰਹਣ ਦੀ ਵੇਦਨਾ ਨੂੰ ਪ੍ਰਕ੍ਰਿਤੀ ਦੇ ਝਰੋਖੇ ਵਿਚੋਂ ਬੜੇ ਸੌਂਦਰਯਸ਼ਾਲੀ ਉੱਦਾਤ ਰੂਪ ਵਿਚ ਪ੍ਰਗਟਾਉਂਦੇ ਹਨ:—

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।।
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ।।
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ,
ਤੇਰੇ ਨਾਮ ਵਿਟਹੁ ਕੁਰਬਾਣੋ।।
ਬਰਸੇ ਅੰਮ੍ਰਿਤ ਧਾਰ ਬੂੰਦ ਸੁਹਾਵਣੀ।
ਸਾਜਨ ਮਿਲੈ ਸਹਿਜ ਸੁਪਾਇ ਹਰਿ ਸਿਉਂ ਪ੍ਰੀਤ ਬਣੀ।।
ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।।
ਮੈਂ ਮਨਿ ਤਨਿ ਸਹੁ ਭਾਵੇ ਪਿਰ ਪਰਦੇਸਿ ਸਿਧਾਏ।।
ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ,

ਦਾਮਨਿ ਚਮਕਿ ਡਰਾਏ।।
ਸੇਜ ਅਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।।
ਹਰਣੀ ਹੋਵਾ ਬਨਿ ਵਸਾ ਕੰਦ ਮੂਲ ਚੁਣਿ ਖਾਉ।।
ਗੁਰਪਰਸਾਦੀ ਮੇਰਾ ਸਹੁ ਮਿਲੈ,
ਵਾਰਿ ਵਾਰਿ ਹਉ ਜਾਉ ਜੀਉ।।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ,
ਕਾਪੜੁ ਤਨਿ ਨ ਸੁਖਾਵਏ।।
ਨਾਨਕ ਸਾ ਸੁਹਾਗਣਿ ਕੰਤੀ ਪਿਰ ਕੇ ਅੰਕਿ ਸਮਾਵਏ।।[15]

ਇਸ ਉਪਰੋਕਤ ਸ਼ਬਦ ਵਿਚ ਸਾਵਣ ਮਹੀਨੇ ਦੇ ਪ੍ਰਕ੍ਰਿਤੀ-ਚਿਤਰਣ ਨੂੰ ਚੁਣਿਆ ਹੈ। ਏਥੇ ਸਾਵਣ ਰੁੱਤ ਦਾ ਚਿੱਤ੍ਰ ਜਿਵੇਂ ਮੋਰਾਂ ਨੇ ਰੁਣ ਝੁਣ ਲਾਉਣੀ, ਸਾਵਣ ਵਿਚ ਅੰਮ੍ਰਿਤਧਾਰ ਬੂੰਦਾਂ ਦਾ ਬਰਸਣਾ, ਘਣ ਘੋਰਿ ਘਟਾਵਾਂ ਦਾ ਘੁੰਮਣਾ, ਹਵਾਵਾਂ ਦਾ ਸ਼ੂਕਣਾ, ਬਿਜਲੀ ਦਾ ਚਮਕਣਾ ਆਦਿ ਸਾਵਣ ਰੁੱਤ ਦੇ ਸੁਤੰਤਰ ਅਨੂਪਮ ਕਲਾਤਮਕ ਚਿੱਤ੍ਰ ਹਨ ਅਤੇ ਨਾਲ ਹੀ ਦੂਜੇ ਪਾਸੇ ਮੁੰਧ ਕਟਾਰੇ, ਲੋਭੀ ਲੋਭ ਲੁਭਾਉਣਾ, ਸਹਿਜ ਸੁਭਾਇ ਹਰਿ ਸਿਉ ਪ੍ਰੀਤ ਬਣਨੀ, ਮਨ ਤਨ ਦਾ ਪਿਰ ਨੂੰ ਭਾਉਣਾ, ਪਿਰ ਦਾ ਪਰਦੇਸੀ ਹੋ ਜਾਣਾ, ਇਕੱਲਿਆਂ ਹਾਵਿਆਂ ਨਾਲ ਮਰਨਾ, ਡਰਨਾ, ਨੀਂਦ, ਭੁਖ ਨਾ ਲਗਣੀ, ਕਪੜੇ ਤਨ ਨੂੰ ਨਾ ਸੁਖਾਉਣੇ ਆਦਿ ਦੁਆਰਾ ਸੁਹਾਗਣ ਦੀ ਭਾਵਕ ਪਰਸਥਿਤੀ ਸੁਤੰਤਰ ਰੂਪ ਵਿਚ ਅੰਕਿਤ ਕੀਤੀ ਗਈ ਹੈ। ਪਰ ਫੇਰ ਵੀ ਇਹ ਦੋਵੇਂ ਸੁਤੰਤਰ ਪਰਸਥਿਤੀਆਂ ਇੰਨੀਆਂ ਅੰਤਰ-ਸੰਬੰਧਿਤ ਹੋ ਗਈਆਂ ਹਨ ਕਿ ਸਾਵਣ ਰੁੱਤ ਦਾ ਹਰ ਕਰਮ ਸੁਹਾਗਣ ਦਾ ਪ੍ਰਤਿਕਰਮ ਬਣਦਾ ਜਾ ਰਿਹਾ ਹੈ। ਇਸ ਤੋਂ ਇਲਾਵਾ ਇਕ ਹੋਰ ਕਲਾਤਮਕ ਵਡਿਆਈ ਇਹ ਹੈ ਕਿ ਗੁਰੂ ਨਾਨਕ ਦੇਵ ਸਾਵਣ ਰੁੱਤ ਦਾ ਵਰਣਨ ਵਿਸਤਾਰ ਨਾਲੋਂ ਸੰਜਮੀ ਰੂਪ ਵਿਚ ਕਰਦੇ ਹਨ। ਵਿਸਤਾਰ-ਸਹਿਤ ਵਰਣਨ ਭਾਵ-ਤੀਬਰਤਾ ਗੁਆ ਬੈਠਦਾ ਹੈ। ਇਕੋ ਹੀ ਤੁਕ 'ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ' ਵਿਚ ਦੋਵੇਂ ਭਾਵ ਅਤੇ

ਪ੍ਰਕ੍ਰਿਤੀ ਦਾ ਸੰਖਿਪਿਤ ਚਿੱਤ੍ਰ ਹੈ ਅਤੇ ਇਸੇ ਕਰਕੇ ਭਾਵ-ਲਹਿਰ ਮੱਠੀ ਹੋਣ ਦੀ ਬਜਾਇ ਪ੍ਰਕ੍ਰਿਤੀ-ਚਿਤ੍ਰਣ ਅਤੇ ਭਾਵ, ਭਾਵ ਅਤੇ ਪ੍ਰਕ੍ਰਿਤੀ-ਚਿਤ੍ਰਣ ਇਨੇ ਕਾਹਲੇ ਕਾਹਲੇ ਤੇਜ਼ੀ ਨਾਲ ਅੰਕਿਤ ਕੀਤੇ ਗਏ ਹਨ ਕਿ ਆਪ ਮੁਹਾਰੇ ਪ੍ਰਕ੍ਰਿਤੀ-ਚਿਤ੍ਰਣ ਇਨੇ ਕਾਹਲੇ ਕਾਹਲੇ ਤੇਜ਼ੀ ਨਾਲ ਅੰਕਿਤ ਕੀਤੇ ਗਏ ਹਨ ਕਿ ਆਪ ਮੁਹਾਰੇ ਤੀਬਰ ਹੋ ਹੋ ਉਮਡ ਉਮਡ ਆਉਂਦੇ ਹਨ। ਭਾਵ ਅਤੇ ਪ੍ਰਕ੍ਰਿਤੀ-ਚਿਤ੍ਰਣ ਦਾ ਅਜਿਹਾ ਵਰਣਨ ਤੁਖਾਰੀ ਬਾਰਾਮਾਹ ਦੇ ਬਾਕੀ ਚੇਤ, ਅਸਾੜ, ਭਾਦੋਂ ਆਦਿ ਮਹੀਨਿਆਂ ਵਿਚ ਵੀ ਏਸੇ ਤਰ੍ਹਾਂ ਹੀ ਕਾਵਿ-ਸਿਖਰ ਤੇ ਪਹੁੰਚਦਾ ਹੈ। ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪ੍ਰਕ੍ਰਿਤੀ-ਚਿਤ੍ਰਣ ਦਾ ਅਜਿਹਾ ਵਰਣਨ ਅਲੌਕਿਕ ਹੀ ਹੈ।[16] ਨਿਰਸੰਦੇਹ ਗੁਰੂ ਨਾਨਕ ਪਿਆਰ, ਬ੍ਰਿਹਾ ਅਤੇ ਵਿਲਕਣੀ ਨੂੰ ਪ੍ਰਕ੍ਰਿਤੀ ਦੇ ਝਰੋਖੇ ਵਿਚੋਂ ਬੜੇ ਸੁਹਜਮਈ ਰੂਪ ਦੇ ਦੇਂਦੇ ਹਨ। ਪ੍ਰਕ੍ਰਿਤੀ ਵਿਚੋਂ ਗੁਰੂ ਨਾਨਕ ਚੇਤ ਮਹੀਨੇ ਨੂੰ 'ਪਿਆਰਾ ਪਲ' ਮੰਨਦੇ ਹਨ ਕਿਉਂਕਿ ਬਨਸਪਤੀ ਦਾ ਮੌਲਣਾ ਆਤਮਕ ਵਿਕਾਰਾਂ ਦਾ ਪ੍ਰਗਟਾਵਾ ਬਣਦਾ ਹੈ। ਫੁੱਲਾਂ ਉਪਰ ਬੈਠੇ ਭੌਰੇ ਚੰਗੇ ਲਗਣ ਲਗਦੇ ਹਨ, ਕੌਲ ਫੁੱਲ ਵੀ ਖਿੜ ਜਾਂਦੇ ਹਨ। ਇਸ ਤਰ੍ਹਾਂ ਜਾਪਦਾ ਹੈ ਕਿ ਪ੍ਰਭੂ ਪ੍ਰੀਤਮ ਆਪਣੀ ਵਿਛੜੀ ਹੋਂਦ ਦੀ ਆਤਮਾ ਵਿਚ ਵੱਸ ਗਿਆ ਹੈ। ਚੇਤ ਮਹੀਨੇ ਦੇ ਪ੍ਰਕ੍ਰਿਤਕ ਸੁਹਜ ਨੂੰ ਗੁਰੂ ਨਾਨਕ ਵਿਛੋੜੇ ਅਤੇ ਮਿਲਾਪ ਦੇ ਰੂਪ ਵਿਚ ਪ੍ਰਗਟਾਉਂਦੇ ਹਨ:—

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ।।
ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ।।
ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ,
ਬਿਰਹਿ ਬਿਰੋਧ ਤਨੁ ਛੀਜੈ।।
ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ।।
ਭਵਰੁ ਭਵੰਤਾ ਫੂਲੀ ਡਾਲੀ, ਕਿਉ ਜੀਵਾ ਮਰੁ ਮਾਏ।।
ਨਾਨਕ ਚੇਤਿ ਸਹਜਿ ਸੁਖੁ ਪਾਵੈ,
ਜੇ ਹਰਿ ਵਰੁ ਘਰਿ ਧਨ ਪਾਏ।।5।।[17]

ਚੇਤ ਮਹੀਨੇ ਵਿਚ ਬਸੰਤ-ਬਹਾਰ ਆਤਮਕ ਆਨੰਦ ਮਾਣਦੀ ਹੈ ਅਤੇ ਮਨ ਅੰਦਰਲਾ ਕਲ ਫੁੱਲ ਖਿੜ ਪੈਂਦਾ ਹੈ। ਪ੍ਰਭੂ ਦਾ ਵਾਸ ਹੀ ਬਿਰਹਣ ਦੀ ਸਹਿਜ ਅਨੁਭੂਤੀ ਦਾ ਪ੍ਰਗਟਾਵਾ ਬਣ ਜਾਂਦਾ ਹੈ। ਗੁਰੂ ਨਾਨਕ ਜਦੋਂ ਪ੍ਰਭੂ ਮਿਲਾਪ ਜਾਂ ਬਿਰਹਣ ਅਵਸਥਾ ਨੂੰ ਚਿਤਰਦੇ ਹਨ ਤਾਂ ਲੌਕਿਕ ਸ਼ਿੰਗਾਰ ਉਜਵਲ ਹੋ ਕੇ ਬਿੰਬਾਂ ਵਿਚ ਢਲ ਜਾਂਦਾ ਹੈ। ਧਿਆਨਯੋਗ ਨੁੱਕਤਾ ਇਹ ਵੀ ਹੈ ਕਿ ਗੁਰੂ ਨਾਨਕ ਬਿਰਹਣ ਦੀ ਹੂਕ, ਸਿਮਰਤੀ, ਪਿਆਰ ਭਾਵਨਾ ਅਤੇ ਸਾਚੇ ਮੇਲਿ ਨੂੰ ਸਮਾਜਕ ਸੰਦਰਭਾਂ ਵਿਚ ਉਸਾਰਦੇ ਹਨ। ਡਾ. ਹਰਬੰਸ ਸਿੰਘ ਆਪਣੀ ਪੁਸਤਕ 'ਗੁਰੂ ਨਾਨਕ ਦੇਵ ਦੀ ਕਾਵਿ ਕਲਾ' ਵਿਚ ਗੁਰੂ ਨਾਨਕ ਦੇ ਸੌਂਦਰਯ ਬਿੰਬ ਨੂੰ ਸੰਜੋਗ ਦੀ ਸ਼ਿੰਗਾਰ ਲੀਲ੍ਹਾ ਦਾ ਜੀਵੰਤ ਪ੍ਰਗਟਾਵਾ ਮੰਨਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ, ''ਗੁਰੂ ਨਾਨਕ ਦੇਵ ਦੀ ਬਾਣੀ ਵਿਚ ਸਮਾਜਿਕ ਵਿਵਹਾਰ ਅਨੁਕੂਲ 'ਹਮ ਘਰਿ ਸਾਜਨ ਆਏ', 'ਧੁਨਿ ਅਨਹਦ ਵਾਜੇ', 'ਵਰ', 'ਪ੍ਰੀਤਮ', 'ਜੰਞ ਲਾੜੇ ਨਾਲਿ ਸੋਹੈ', 'ਵੀਵਾਹੁ ਹੋਆ', 'ਫੂਲ ਮਾਲਾ ਗਲਿ ਪਹਿਰਉਗੀ ਹਾਰੋ, ਆਦਿ ਰਾਹੀਂ ਵਿਆਹ ਦੇ ਵਾਤਾਵਰਣ ਦਾ ਵਰਣਨ ਕਰਦੇ ਹਨ ਪਰ ਇਹ ਅਜਿਹਾ ਵਰਣਨ ਵਾਸਤਵ ਵਿਚ ਪਰਾਭੌਤਿਕ ਅਵਸਥਾ ਵਿਚ ਪ੍ਰਵਿਸ਼ਟ ਕਰ ਜਾਂਦਾ ਹੈ ਜਦੋਂ ਸਾਜਨ 'ਸਾਚੇ ਮੇਲਿ' ਦੇ ਪ੍ਰਤੀਕ ਬਣ ਜਾਂਦੇ ਹਨ ਅਤੇ ਵਾਜੇ 'ਸ਼ਬਦ' ਅਤੇ 'ਅਨਹਦ' ਦੇ ਵਜਦੇ ਹਨ, 'ਗਿਆਨ' ਦਾ ਰਸ ਆਸਵਾਦਨ ਕੀਤਾ ਜਾਂਦਾ ਹੈ, 'ਗੁਣਾਂ' ਦੀ ਜੰਞ ਢੁਕਦੀ ਹੈ ਆਦਿ। ਇਥੇ ਇਸਤ੍ਰੀ ਅਤੇ ਮਨੁੱਖ ਦੇ ਮੇਲ ਨਾਲੋਂ ਆਤਮਾ ਅਤੇ ਪਰਮਾਤਮਾ ਦੇ ਸੰਜੋਗ ਦੀ ਸ਼ਿੰਗਾਰ ਸਹਿਤ ਅਭਿਵਿਕਤੀ ਕੀਤੀ ਗਈ ਹੈ ਜਿਸ ਕਰਕੇ ਇਹ ਲੌਕਿਕ ਸ਼ਿੰਗਾਰ ਉਜੂਲ ਸੰਜੋਗ ਸ਼ਿੰਗਾਰ ਦੇ ਬਿੰਬਾਂ ਵਿਚ ਵਟ ਜਾਂਦਾ ਹੈ। ਪਰਮਾਤਮਾ ਆਪ ਵਰ ਜਾਂ ਲਾੜੇ ਦੇ ਪ੍ਰਤੀਕਾਂ ਦੁਆਰਾ ਨਾਇਕ ਹੋਣ ਕਰਕੇ ਆਲੰਬਨ ਰੂਪ ਬਣਦਾ ਹੈ। ਸਥਾਈ ਭਾਵ ਰਤੀ ਦਾ ਹੈ। ਫੂਲ, ਮਾਲਾ, ਹਾਰ ਆਦਿ ਭਾਵ ਨੂੰ ਉਦੀਪਤ ਕਰਦੇ ਹਨ। ਇਸ ਪ੍ਰਕਾਰ ਇਹ ਸਾਰਾ ਅਭਿਵਿਅੰਜਨ ਸੰਜੋਗ ਸ਼ਿੰਗਾਰ ਨੂੰ ਹੀ ਬਿੰਬਤ ਕਰ ਰਿਹਾ ਹੈ ਜਿਸ ਦੀ ਯੋਗ ਉਦਾਹਰਣ ਨਿਮਨ-ਲਿਖਤ ਹੈ:—

ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।।
ਕੁਹਕਿਨ ਕੋਕਿਲਾ ਤਰਲ ਜੁਆਨੀ।।
ਤਰਲਾ ਜੁਆਣੀ ਆਪਿ ਭਾਣੀ ਇਛਾ ਮਨ ਕੀ ਪੂਰੀਏ।।
ਸਾਰੰਗ ਜਿਉ ਪਗੁ-ਧਰੇ ਠਿਮ ਠਿਮ ਆਪਿ ਆਪੁ ਸੰਧੂਰੀਏ।
ਸ੍ਰੀ ਰੰਗ ਰਾਤੀ ਫਿਰੈ ਮਾਤੀ ਉਦਕੁ ਗੰਗਾ ਵਾਣੀ।।
ਬਿਨਵੰਤਿ ਨਾਨਕੁ ਦਾਸੁ ਹਰਿ ਕਾ,
ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ।।

ਇਸ ਸ਼ਬਦ ਵਿਚ 'ਚਾਲ ਸੁਹਾਵੀ', 'ਮਧੁਰਾੜੀ ਬਾਣੀ', 'ਕੋਕਿਲਾ', 'ਤਰਲ ਜੁਆਨੀ', 'ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ'', 'ਰੰਗ ਰਾਤੀ', ਆਦਿ ਸਭ ਉਜੂਲ ਸ਼ਿੰਗਾਰ ਦਾ ਹੀ ਨਿਰੂਪਣ ਹੈ। 'ਇਛਾ ਮਨ ਕੀ ਪੂਰੀਏ' ਵਾਲੀ ਤੁੱਕ ਉਜੂਲ ਸੰਜੋਗ ਸ਼ਿੰਗਾਰ ਨੂੰ ਪ੍ਰਤਿਬਿੰਬਤ ਕਰ ਰਹੀ ਹੈ। ਪ੍ਰਕ੍ਰਿਤਿਕ ਚਿਤਰ ਅਤੇ ਤਰਲ ਜੁਆਨੀ, ਸੰਧੂਰੀਏ ਆਦਿ ਰਾਹੀਂ ਭਾਵਾਂ ਨੂੰ ਉਦੀਪਤ ਕੀਤਾ ਗਿਆ ਹੈ। 'ਤੇਰੀ ਚਾਲ ਸੁਹਾਵੀ', 'ਪਗੁ ਧਰੈ ਠਿਮਿ ਠਿਮਿ'', ਆਦਿ ਅਨੁਭਾਵਾਂ ਰਾਹੀਂ ਸਥਾਈ ਭਾਵ ਰਤੀ ਨੂੰ ਤੀਖਣ ਕੀਤਾ ਜਾ ਰਿਹਾ ਹੈ। ਸੋ ਇਸ ਪ੍ਰਕਾਰ ਇਹ ਸਾਰਾ ਕਾਵਿ-ਵਾਤਾਵਰਣ ਪਰਮ-ਸਤਿ ਦਾ ਹੀ ਕਾਵਿ-ਕਲਾਤਮਿਕ ਸੌਂਦਰਯ-ਬਿੰਬ ਹੈ।''[18]

ਗੁਰੂ ਨਾਨਕ ਬਾਣੀ ਵਿਚ ਬਿਰਹਣ ਜਦੋਂ ਸੱਜ ਵਿਆਹੀਆਂ ਦਾ ਹਾਰ-ਸ਼ਿੰਗਾਰ ਦੇਖਦੀ ਹੈ ਤਾਂ ਉਸ ਦੇ ਧੁਰ ਅੰਦਰ ਪ੍ਰਭੂ-ਪ੍ਰੀਤਮ ਨੂੰ ਮਿਲਣ ਦੀ ਧੂਹ ਪੈਦਾ ਹੋ ਜਾਂਦੀ ਹੈ। ਅਜਿਹੀ ਉਤੇਜਿਤ ਵਿਚ ਵਿਜੋਗਣ ਅਰਦਾਸ ਕਰਦੀ ਹੈ ਕਿ ਪ੍ਰੀਤਮ ਦਾ ਟਿਕਾਣਾ ਮਿਲ ਪਵੇ ਤਾਂ ਜੋ ਅੰਦਰ ਦੀ ਬਿਹਬਲਤਾ ਮੁੱਕ ਸਕੇ। ਬਾਣੀ ਵਿਚ ਇਹ ਮੂਲ ਭਾਵ ਨਾਲ ਰਹਿੰਦਾ ਹੈ ਕਿ ਪ੍ਰਭੂ ਨੂੰ ਹਰ-ਛਿੰਨ ਸਿਮਰਨਾ ਹੈ, ਅਰਜ਼ੋਈ ਕਰਨੀ ਹੈ ਤਾਂ ਜੋ ਹਰਿ ਕੇ ਮਹਲੁ ਦੀ ਪਛਾਣ ਹੋ ਸਕੇ। ਗੁਰੂ ਨਾਨਕ ਵੈਸਾਖ ਮਹੀਨੇ ਨੂੰ ਇਸ ਲਈ ਪਿਆਰਾ ਕਹਿੰਦੇ ਹਨ ਕਿ ਇਸ ਮਹੀਨੇ ਪਤੀ ਤੋਂ ਵਿਛੜੀਆਂ ਨਾਰਾਂ ਨੂੰ

ਸੰਜੋਗ ਮਿਲਦਾ ਹੈ। ਇਨ੍ਹਾਂ ਬਿਹਬਲ ਭਾਵਾਂ ਨੂੰ ਗੁਰੂ ਨਾਨਕ ਦੇਵ ਜੀ ਬੜੇ ਤਰਲ ਰੂਪ ਵਿਚ ਉਸਾਰਦੇ ਹਨ:—

ਵੈਸਾਖੁ ਭਲਾ, ਸਾਖਾ ਵੇਸ ਕਰੇ।।
ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ।।
ਘਰਿ ਆਉ ਪਿਆਰੇ ਦੁਤਰ ਤਾਰੇ,
ਤੁਧੁ ਬਿਨੁ ਅਢੁ ਨ ਮੋਲੋ।।
ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ।।
ਦੂਰਿ ਨ ਜਾਨਾ ਅੰਤਰਿ ਮਾਨਾ,
ਹਰਿ ਕਾ ਮਹਲੁ ਪਛਾਨਾ।।
ਨਾਨਕ ਵੈਸਾਖੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ।।[19]

ਗੁਰੂ ਨਾਨਕ ਪ੍ਰਭੂ ਤੋਂ ਵਿਛੜੇ ਜੀਵਾਂ ਨੂੰ ਇਹ ਸੰਬੋਧਨ ਕਰਦੇ ਹਨ ਕਿ ਸਹੇਲੀਓ, ਆਵੋ ਮਿਲੋ ਬੈਠੋ ਅਤੇ ਤਨ ਦੇ ਵਿਛੜੇ ਹੋਣ ਦਾ ਅਹਿਸਾਸ ਮਨਾਂ ਵਿਚੋਂ ਕੱਢ ਕੇ ਪ੍ਰਭੂ ਨੂੰ ਸਿਮਰੀਏ ਤਾਂ ਜੋ ਮੁੜ ਮਿਲਾਪ ਹੋ ਸਕੇ। ਪ੍ਰੀਤਮ ਦੇ ਨਾਮ ਦੀ ਲਿਵ ਵਿਚ ਲੀਨ ਜਗਿਆਸੂ/ਬਿਹਰਣ ਨੂੰ ਤਾਂ ਮਰਨ ਦੀ ਜਾਚ ਆ ਜਾਣੀ ਚਾਹੀਦੀ ਹੈ ਤਾਂ ਜੋ ਮਰ ਕੇ ਹੀ ਪਰਵਾਣ ਹੋਣਾ ਹੁੰਦਾ ਹੈ। ਇਨ੍ਹਾਂ ਭਾਵਾਂ ਨੂੰ ਗੁਰੂ ਨਾਨਕ ਦੇਵ ਬੜੇ ਸੰਕੇਤਕ ਰੂਪ ਵਿਚ ਉਸਾਰਦੇ ਹਨ :—

ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ।
ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮਾਲੇਹਾਂ।
ਸਾਹਿਬੁ ਸਮਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ।
ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੇ ਕਾ ਭਾਣਾ।
ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ,
ਅਸੀ ਕਿ ਹੁਕਮੁ ਕਰੇਹਾ।
ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ।1।

ਮਰਣੁ ਨ ਮੰਦਾ ਲੋਕਾ ਆਖੀਐ,
ਜੇ ਮਰਿ ਜਾਣੈ ਐਸਾ ਕੋਇ।
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ,
ਪੰਥੁ ਸੁਹੇਲਾ ਆਗੈ ਹੋਇ।[20]

ਗੁਰੂ ਨਾਨਕ ਬਿਰਹਣ ਦੀ ਤਪਦੀ ਮਾਨਸਿਕ ਅਵਸਥਾ ਨੂੰ ਪ੍ਰਭੂ ਦੀ ਸਿਫਤਿ ਸਲਾਹ ਨਾਲ ਸ਼ਾਂਤ ਕਰਨ ਦੀ ਪ੍ਰੇਰਣਾ ਦੇਂਦੇ ਹਨ। ਉਹ ਜੇਠ ਮਹੀਨੇ ਦੀ ਤਪਦੀ ਧੁੱਪ ਨੂੰ ਬਿਰਹਣ ਦੀ ਤੜਪਣ ਨਾਲ ਤੁਲਨਾਉਂਦੇ ਹਨ। ਜੇਠ ਦੀ ਸਾੜਦੀ ਲੋ ਵਿਚ ਜਦੋਂ ਕਦੀ ਠੰਡੀ ਹਵਾ ਦਾ ਬੁਲ੍ਹਾ ਆਉਂਦਾ ਹੈ ਤਾਂ ਸਰੀਰ ਨੂੰ ਠੰਡਕ ਪਹੁੰਚਦੀ ਹੈ, ਉਸੇ ਤਰ੍ਹਾਂ ਬਿਰਹਣ ਦੀ ਤੜਪ ਨੂੰ ਉਦੋਂ ਸ਼ਾਂਤੀ ਮਿਲਦੀ ਹੈ ਜੋ ਪ੍ਰਭੂ ਮਿਹਰ ਦੀ ਮਿਲਾਪ ਵਾਲੀ ਰਹਿਮਤ ਮਿਲਦੀ ਹੈ। ਪ੍ਰੀਤਮ ਦੀ ਯਾਦ ਅਗਨੀ ਦੀ ਤਪਸ਼ ਤੋਂ ਬਚਾ ਲੈਂਦੀ ਹੈ। ਬਿਰਹਣ ਆਪਣੇ ਗੁਣਾਂ ਅਤੇ ਸਿਫ਼ਤ ਰਾਹੀਂ ਕੰਤ ਨੂੰ ਰੀਝਾ ਲੈਂਦੀ ਹੈ। ਜੇਠ ਮਹੀਨਾ ਉਦੋਂ ਚੰਗਾ ਲਗਦਾ ਹੈ ਜੋ ਪ੍ਰੀਤਮ ਘਰ ਆ ਵੱਸਦਾ ਹੈ, ਤਪਸ਼ ਠੰਡੀ ਠਾਰ ਹੋ ਜਾਂਦੀ ਹੈ। ਇਸ ਵਰਤਾਰੇ ਨੂੰ ਗੁਰੂ ਨਾਨਕ ਇਸ ਤਰ੍ਹਾਂ ਪੇਸ਼ ਕਰਦੇ ਹਨ:—

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ।।
ਥਲ ਤਾਪਹਿ ਸਰ ਭਾਰ, ਸਾਧਨ ਬਿਨਉ ਕਰੈ।।
ਧਨ ਬਿਨਉ ਕਰੇਦੀ ਗੁਣ ਸਾਰੇਦੀ,
ਗੁਣ ਸਾਰੀ ਪ੍ਰਭ ਭਾਵਾ।।
ਸਾਚੈ ਮਹਲਿ ਰਹੈ ਬੈਰਾਗੀ, ਆਵਣ ਦੇਹਿ ਤ ਆਵਾ।।
ਨਿਮਾਣੀ ਨਿਤਾਣੀ ਹਰਿ ਬਿਨੁ, ਕਿਉ ਪਾਵੈ ਸੁਖ ਮਹਲੀ।।
ਨਾਨਕ ਜੇਠਿ ਜਾਣੈ ਤਿਸੁ ਜੈਸੀ,
ਕਰਮਿ ਮਿਲੈ ਗੁਣ ਗਹਿਲੀ।।7।।[21]

ਜੇਠ ਮਹੀਨੇ ਵਿਚਲੀ ਤਪਸ਼ ਸਾਵਣਿ ਮਹੀਨੇ ਵਿਚ ਰੁੱਤ ਦੇ ਬਦਲਣ ਨਾਲ ਮਨੋ-ਅਵਸਥਾ ਵਿਚ ਬਦਲਾਵ ਆ ਜਾਂਦਾ ਹੈ। ਗੁਰੂ ਨਾਨਕ ਬ੍ਰਿਹਾ ਦੀ ਵੇਦਨਾ ਨੂੰ ਪ੍ਰਕ੍ਰਿਤੀ ਦੇ ਜਲੌ ਰਾਹੀਂ ਪ੍ਰਗਟਾਉਂਦੇ ਹਨ। ਸਾਵਣ ਵਿਚ ਬਿਹਰਣ ਦੀ ਅਵਸਥਾ ਵਧੇਰੇ ਬਿਹਬਲ ਹੋ ਜਾਂਦੀ ਹੈ। ਪ੍ਰਕ੍ਰਿਤੀ ਮਨ ਤਨ ਨੂੰ ਸ਼ਾਂਤ ਤਾਂ ਕਰਦੀ ਹੈ ਪਰ ਵਿਜੋਗੀ ਇਸਤ੍ਰੀ ਉਦੋਂ ਸਹਿਜ ਵਿਚ ਆਉਂਦੀ ਹੈ ਜਦੋਂ ਪਿਰੁ ਘਰਿ ਵਿਚ ਆਉਂਦਾ ਹੈ। ਇਸ ਮਹੀਨੇ ਵਿਚ ਬਿਰਹਣ ਆਪਣੀ ਵੇਦਨਾ ਇਸ ਤਰ੍ਹਾਂ ਪ੍ਰਗਟਾਉਂਦੀ ਹੈ:—

ਸਾਵਣਿ ਸਰਸ ਮਨਾ, ਘਣ ਵਰਸਹਿ ਰੁਤਿ ਆਏ।।
ਮੈ ਮਨਿ ਤਨਿ ਸਹੁ ਭਾਵੈ; ਪਿਰ ਪਰਦੇਸਿ ਸਿਧਾਏ।।
ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ,
ਦਾਮਨਿ ਚਮਕਿ ਡਰਾਏ।।
ਸੇਜ ਇਕੇਲੀ ਖਰੀ ਦੁਹੇਲੀ, ਮਰਣੁ ਭਇਆ ਦੁਖੁ ਮਾਏ।।
ਹਰਿ ਬਿਨੁ ਨੀਦ ਭੂਖ ਕਹੁ ਕੈਸੀ,
ਕਾਪੜੁ ਤਨਿ ਨ ਸੁਖਾਵਏ।।
ਨਾਨਕ ਸਾ ਸੁਹਾਗਣਿ ਕੰਤੀ, ਪਿਰ ਕੈ ਅੰਕਿ ਸਮਾਵਏ।।[22]

ਪ੍ਰਕ੍ਰਿਤੀ ਦੀਆਂ ਉਤੇਜਿਤ ਰੁੱਤਾਂ ਬ੍ਰਿਹਾ ਭਾਵ ਨੂੰ ਸਿਖਰ ਉਪਰ ਲੈ ਆਉਂਦੇ ਹਨ। ਸੁੱਕਾ ਘਾਹ ਵੀ ਹਰਾ ਹੋ ਜਾਂਦਾ ਹੈ, ਬੱਦਲ ਵਰ੍ਹਦੇ ਹਨ ਤਾਂ ਹਰ ਪਾਸੇ ਹਰਿਆਵਲੀ ਪਸਰ ਜਾਂਦੀ ਹੈ। ਬਿਰਹਣ ਤਾਂ ਉਦੋਂ ਉਮਾਹ ਵਿਚ ਆਉਂਦੀ ਹੈ ਜਦੋਂ ਪਰਦੇਸ ਗਿਆ ਕੰਤ ਘਰ ਆਉਂਦਾ ਹੈ। ਸੇਜ ਖਾਲੀ ਹੋਵੇ ਤਾਂ ਮਰਣੁ ਵਰਗਾ ਅਨੁਭਵ ਹੋਣ ਲਗਦਾ ਹੈ। ਪ੍ਰਕ੍ਰਿਤੀ ਨੇ ਰੋਮ ਰੋਮ ਨਸ਼ਿਆ ਦਿੱਤਾ ਹੈ ਪਰ ਅਜੇ ਆਤਮਕ ਭਰਪੂਰਤਾ ਨਹੀਂ ਆਈ। ਇਹ ਭਰਪੂਰਤਾ ਆਨੰਦਿਦਤਾ ਉਦੋਂ ਆਵੇਗੀ ਜਦੋਂ ਕੰਤ ਸੇਜ ਉਪਰ ਆ ਬਿਰਾਜੇਗਾ। ਕੰਤ ਬਿਨਾਂ ਤਾਂ ਪ੍ਰਕ੍ਰਿਤੀ ਵੀ ਦੁਹੇਲੀ ਜਾਪਦੀ ਹੈ। ਪ੍ਰਕ੍ਰਿਤੀ ਉਦੋਂ ਸੁਹਜਮਈ ਰੰਗੀਲੀ ਜਾਪੇਗੀ ਜਦੋਂ ਵਿਛੋੜਾ ਮਿਲਾਪ ਵਿਚ ਬਦਲੇਗਾ। ਮਿਲਾਪ ਨਾ ਹੋਣ ਕਾਰਣ ਬਿਰਹਣ ਨੂੰ ਨਾ ਤਾਂ ਭੁੱਖ ਹੈ ਅਤੇ ਨਾ ਹੀ

ਸਰੀਰਕ ਸੁਖ। ਗੁਰੂ ਨਾਨਕ ਇਸ ਸਥਿਤੀ ਦਾ ਸਮਾਧਾਨ ਇਹ ਦੱਸਦੇ ਹਨ ਕਿ ਵਿਜੋਗ ਸਿਮਰਨ ਰਾਹੀਂ ਹੀ ਸੰਜੋਗ ਵਿਚ ਬਦਲ ਜਾਂਦਾ ਹੈ। ਅਸਲ ਹਰਿ ਤੋਂ ਬਿਨਾਂ ਜੀਵ ਆਤਮਾ ਧੀਰਜ ਗੁਆ ਬੈਠਦੀ ਹੈ। ਗੁਰੂ ਨਾਨਕ ਮਨੁੱਖ ਦੀ ਬ੍ਰਹਮ ਤੋਂ ਵਿਛੜਣ ਦੀ ਸਥਿਤੀ ਨੂੰ ਹੀ ਦੁੱਖ ਦਾ ਕਾਰਣ ਮੰਨਦੇ ਹਨ। ਇਹ ਸਥਿਤੀ ਹੀ ਕਰੁਣਾਮਈ ਹੈ ਜੋ ਬ੍ਰਿਹਾ ਭਾਵ ਪੈਦਾ ਕਰਦੀ ਹੈ। ਇਹ ਕਰੁਣਾ ਰਸ ਹੀ ਮਨੁੱਖੀ ਮਨ ਨੂੰ ਵੈਰਾਗ ਅਤੇ ਉਦਾਸੀ ਦੀ ਪਰਸਥਿਤੀ ਵਿਚ ਲੈ ਜਾਂਦਾ ਹੈ। ਵੈਰਾਗੇ ਮਨ ਦੀ ਅਵੱਸਥਾ ਬੜੀ ਤਰਲ ਹੋ ਜਾਂਦੀ ਹੈ। ਗੁਰੂ ਨਾਨਕ ਹਰਿ ਦੇ ਵਿਛੋੜੇ ਦੇ ਭਾਵਾਂ ਨੂੰ ਬੜੀ ਸ਼ਿੱਦਦਤਾ ਨਾਲ ਪ੍ਰਗਟਾਉਂਦੇ ਹਨ। ਰਾਗ ਗਉੜੀ ਛੰਤ ਵਿਚ ਗੁਰੂ ਨਾਨਕ ਪ੍ਰਭੂ ਤੋਂ ਵਿਛੜੀ ਔਰਤ ਦਾ ਮਾਰਮਿਕ ਬਿੰਬ ਉਸਾਰਦੇ ਹਨ:—

ਮੁੰਧ ਰੈਣਿ ਦੁਹੇ ਲੜੀਆ ਜੀਉ ਨੀਂਦ ਨ ਆਵੈ।
ਸਾਧਨ ਦੁਬਲੀਯਾ ਜੀਉ ਪਿਰ ਕੈ ਹਾਵੈ।
ਧਨ ਥੀਈ ਦੁਬਲਿ ਕੰਤ ਹਾਵੈ ਕੇਵ ਨੈਣੀ ਦੇਖਦੇ।
ਸੀਗਾਰ ਮਿਠ ਰਸ ਭੋਗ ਭੋਜਨ,
ਸਭ ਝੂਠੁ ਕਿਤੈ ਨ ਲੇਖਏ।
ਮੈ ਮਤ ਜੋਬਨਿ ਗਰਬਿ ਗਾਲੀ ਦੁਧਾ ਥਣੀ ਨ ਆਵਏ।
ਨਾਨਕ ਸਾਧਨ ਮਿਲੈ ਮਿਲਾਈ,
ਬਿਨੁ ਪਿਰ ਨੀਂਦ ਨ ਆਵਏ।1।
ਮੁੰਧ ਨਿਮਾਨੜੀਆ ਜੀਉ ਬਿਨੁ ਧਨੀ ਪਿਆਰੇ।
ਕਿਉ ਸੁਖੁ ਪਾਵੈਗੀ ਬਿਨੁ ਉਰਧਾਰੇ।
ਨਾਹ ਬਿਨੁ ਘਰ ਵਾਸੁ ਨਾਹੀ ਪੁਛਹ ਸਖੀ ਸਹੇਲੀਆ।
ਬਿਨੁ ਨਾਮ ਪ੍ਰੀਤਿ ਪਿਆਰੁ ਨਾਹੀ,
ਵਸਹਿ ਸਾਚਿ ਸੁਹੇਲੀਆ।
ਸਚੁ ਮਨਿ ਸਜਨ ਸੰਤੋਖਿ ਮੇਲਾ ਗੁਰਮਤੀ ਸਹੁ ਜਾਣਿਆ।

ਨਾਨਕ ਨਾਮੁ ਨ ਛੋਡੈ ਸਾਧਨ,

ਨਾਮਿ ਸਹਜਿ ਸਮਾਣੀਆ।2।[23]

ਬ੍ਰਿਹਾ ਸੰਵੇਦਨਾ ਦਾ ਜੀਵੰਤ ਬਿੰਬ ਬਾਣੀ ਦੀਆਂ ਸਤਰਾਂ ਵਿਚੋਂ ਸਾਕਾਰ ਹੁੰਦਾ ਹੈ। ਬਿਰਹਣ ਜੀਵ ਇਸਤ੍ਰੀ ਲਈ ਰਾਤ ਕਹਿਰਾਂ ਦੀ ਹੈ ਕਿਉਂਕਿ ਪ੍ਰੀਤਮ ਤੋਂ ਵਿਛੜੀ ਹੋਈ ਹੈ। ਨੀਂਦ ਅੱਖਾਂ ਵਿਚੋਂ ਗੁੰਮ ਹੈ, ਹੌਕਿਆਂ ਨਾਲ ਸਰੀਰ ਅਤਿ ਕਮਜ਼ੋਰ ਹੋ ਜਾਂਦਾ ਹੈ। ਇਕੋ ਇਕ ਇੱਛਾ ਹੈ ਕਿ ਨੈਣਾਂ ਵਿਚ ਪ੍ਰੀਤਮ ਆ ਜਾਵੇ, ਨੈਣਾਂ ਰਾਹੀਂ ਪ੍ਰੀਤਮ ਨੂੰ ਦੇਖ ਲਵੇ। ਦਰਸ਼ਨਾਂ ਦੀ ਤੀਬਰ ਲਾਲਸਾ ਹੈ। ਵਿਛੋੜੇ ਵਿਚ ਰਾਗ ਰੰਗ, ਸ਼ਿੰਗਾਰ ਅਤੇ ਮਿੱਠੇ ਭੋਜਨ ਕੂੜੇ ਜਾਪਦੇ ਹਨ। ਕੰਤ ਬਿਨਾਂ ਉਹ ਨਿੰਮੋਝੂਣੀ ਹੈ। ਕੰਤ ਬਿਨਾਂ ਹਰ ਪਾਸਾਰਾ ਝੂਠ ਜਾਪਦਾ ਹੈ। ਜਿਨ੍ਹਾਂ ਦੋਹਾਗਣੀਆਂ ਨੇ ਜਵਾਨੀ ਵਿਚ ਮਾਇਆ ਮੋਹ ਕਾਰਣ ਕੰਤ ਨੂੰ ਵਿਸਾਰਿਆ ਹੁੰਦਾ ਹੈ, ਉਹ ਅਕਸਰ ਤੜਪਦੀਆਂ ਹਨ। ਕੰਤ ਬਿਨਾਂ ਜੀਵਨ ਅੰਜਾਈਂ ਚਲਾ ਜਾਂਦਾ ਹੈ। ਅਜਿਹੀ ਸਥਿਤੀ ਵਿਚ ਗੁਰੂ ਦਾ ਗਿਆਨ/ਪ੍ਰਭੂ ਦਾ ਸਿਮਰਨ ਅਤੇ ਬ੍ਰਿਹਾ ਹੀ ਭਵ-ਸਾਗਰ ਤੋਂ ਪਾਰ ਲਿਜਾ ਸਕਦਾ ਹੈ। ਗੁਰੂ ਨਾਨਕ ਅਜਿਹੀ ਅਵਸਥਾ ਵਿਚ ਇਕੋ ਇਕ ਨਾਮ ਸਿਮਰਨ ਦੀ ਦੱਸਦੇ ਹਨ ਤਾਂ ਗੁਰੂ ਸ਼ਬਦ ਰਾਹੀਂ ਅੰਦਰ ਦੀਆਂ ਵੇਦਨਾਵਾਂ ਪ੍ਰਭੂ ਤੱਕ ਪਹੁੰਚ ਸਕਣ। ਇਸੇ ਸ਼ਬਦ ਦੇ ਦੂਜੇ ਹਿੱਸੇ ਵਿਚ ਮਿਲਾਪ ਦੀ ਅਵਸਥਾ ਦਾ ਬਿੰਬ ਹੈ:—

ਮਿਲੁ ਸਖੀ ਸਹੇਲੜੀਹੋ ਹਮ ਪਿਰੁ ਰਾਵੇਹਾ।
ਗੁਰ ਪੁਛਿ ਲਿਖਉਗੀ ਜੀਉ ਸਬਦਿ ਸੁਨੇਹਾ।
ਸਬਦੁ ਸਾਚਾ ਗੁਰਿ ਦਿਖਾਇਆ ਮਨਮੁਖੀ ਪਛੁਤਾਣੀਆ।
ਨਿਕਸਿ ਜਾਤਉ ਰਹੈ ਅਸਥਿਰੁ ਜਾਮਿ ਸਚੁ ਪਛਾਣਿਆ।
ਸਾਚ ਕੀ ਮਤਿ ਸਦਾ ਨਉਤਨ ਸਬਦਿ ਨੇਹੁ ਨਵੇਲਓ।
ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀਹੋ।3।
ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ।

ਮਿਲਿ ਵਰੁ ਨਾਰੀ ਮੰਗਲੁ ਗਾਇਆ।
ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ।
ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।
ਕਰ ਜੋੜਿ ਸਾਧਨ ਕਰੈ ਬਿਨਤੀ,
ਰੈਣਿ ਦਿਨੁ ਰਸਿ ਭਿੰਨੀਆ।
ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ।[24]

ਗੁਰੂ ਸ਼ਬਦ ਦੇ ਪਹਿਲੇ ਹਿੱਸੇ ਬਿਰਹਣ ਦੀ ਪੀੜਾ ਹੈ, ਇਸ ਦੂਸਰੇ ਹਿੱਸੇ ਮਿਲਾਪ ਦੀ ਅਵਸਥਾ ਦੀ ਲੀਲ੍ਹਾ ਹੈ। ਸ਼ਬਦ ਰਾਹੀਂ ਬਿਰਹਣ ਇਸਤ੍ਰੀ ਦੀ ਸੂਝ ਟਿਕ ਜਾਂਦੀ ਹੈ, ਬਖਸ਼ਸ਼ ਰਾਹੀਂ ਪ੍ਰੀਤਮ ਮਿਲ ਜਾਂਦਾ ਹੈ। ਤਨ ਮਨ ਸਹਿਜ ਹੋ ਜਾਂਦਾ ਹੈ। ਹਿਰਦੇ ਵਿਚ ਪ੍ਰਭੂ ਦੇ ਵਾਸ ਹੋ ਜਾਣਾ ਵਿਕਾਰਾਂ ਤੋਂ ਮੁਕਤੀ ਮਿਲ ਜਾਂਦੀ ਹੈ। ਖੁਸ਼ੀਆਂ ਦੇ ਗੀਤ ਸੰਗੀਤ ਅਨਹਦ ਨਾਦ ਬਣ ਜਾਂਦੇ ਹਨ। ਪ੍ਰੇਮ ਪਟੋਲਾ ਖਿੜਾਓ ਦਾ ਆਧਾਰ ਬਣ ਜਾਂਦਾ ਹੈ। ਦੁਸ਼ਟ ਵਿਕਾਰਾਂ ਦੀ ਥਾਂ ਦੈਵੀ ਰੰਗ ਜਲੌ ਵਿਚ ਆ ਜਾਂਦਾ ਹੈ। ਸਿਮਰਨ ਰਾਹੀਂ ਕੰਤ ਨਾਲ ਮਿਲਾਪ ਹੋ ਜਾਂਦਾ ਹੈ। ਸੁਹਾਗਣ ਬਣੀ ਜੀਵ ਇਸਤ੍ਰੀ ਫਿਰ ਹਰ ਛਿੰਨ ਇਹੀ ਅਰਦਾਸ ਕਰਦੀ ਹੈ ਕਿ ਇਹ ਖੇੜਾ ਸੁਖ ਸਹਿਜ ਟਿਕਾਓ ਸਦੀਵੀ ਬਣਿਆ ਰਹੇ।

ਗੁਰੂ ਨਾਨਕ ਆਪਣੀ ਬਾਣੀ ਵਿਚ ਗੁਣਵੰਤੀ ਅਤੇ ਔਗੁਣਹਾਰੀ ਔਰਤ ਦਾ ਬਿੰਬ ਉਸਾਰ ਕੇ ਸੁਹਾਗਣ ਦੀ ਮਹਿਮਾ ਕਰਦੇ ਹਨ। ਗੁਣਵੰਤੀ ਜਦੋਂ ਬ੍ਰਿਹਾ ਦੀ ਪੀੜਾ ਵਿਚ ਵਿਆਕੁਲ ਹੁੰਦੀ ਹੈ ਤਾਂ ਉਸਦੀ ਇਹੀ ਵਿਆਕੁਲਤਾ ਮਿਲਾਪ ਦਾ ਆਧਾਰ ਬਣਦੀ ਹੈ। ਸੁਹਾਗਣ ਉਹ ਹੈ ਜੋ ਸਤਿਸੰਗੀਆਂ ਵਿਚ ਬੈਠ ਕੇ ਆਪਣੇ ਪ੍ਰੀਤਮ ਕੰਤ ਦੀ ਸਿਫਤ ਸਲਾਹ ਕਰਦੀ ਹੈ, ਉਸ ਦੀ ਯਾਦ ਵਿਚ ਤੜਪਦੀ ਹੈ, ਗੁਰੂ ਸ਼ਬਦ ਦਾ ਸਿਮਰਨ ਕਰਦੀ ਹੈ। ਦੂਜੇ ਪਾਸੇ ਔਗੁਣਹਾਰੀ ਹੈ ਜੋ ਮਾਇਆ ਵਿਚ ਲੀਨ ਹੈ, ਵਿਛੜਣ ਦੀ ਚੇਤਨਾ ਅਤੇ ਪੀੜਾ ਨਹੀਂ। ਉਹ ਨਾ ਲੋਕ ਵਿਚ ਅਤੇ ਨਾ ਹੀ ਪਰਲੋਕ ਵਿਚ ਸੁਖੀ ਹੈ। ਰੰਗ ਰਲੀਆਂ ਵਿਚ ਉਹ ਅਸਲ ਸੁਖ ਤੋਂ

ਵਿਰਵੀ ਰਹਿ ਜਾਂਦੀ ਹੈ। ਜਦੋਂ ਚੇਤਨਾ ਆਉਂਦੀ ਹੈ ਤਾਂ ਉਦੋਂ ਸਮਾਂ ਨਿਕਲ ਗਿਆ ਹੁੰਦਾ ਹੈ। ਗੁਰੂ ਨਾਨਕ ਉਸ ਇਸਤ੍ਰੀ ਨੂੰ ਹੀ ਸੁਹਾਗਣ ਮੰਨਦੇ ਹਨ ਜਿਸ ਅੰਦਰ ਬ੍ਰਿਹਾ ਲਟ ਲਟ ਬਲਦਾ ਹੈ ਅਤੇ ਉਹ ਲਿਵ ਲਾ ਕੇ ਸ਼ਾਂਤ ਹੁੰਦੀ ਹੈ। ਪ੍ਰਮਾਣ ਇਸ ਤਰ੍ਹਾਂ ਹੈ:—

ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ।
ਜਿਉ ਜਲਿ ਥੋੜੈ ਮਛੁਲੀ, ਕਰਣ ਪਲਾਵ ਕਰੇਇ।
ਪਿਰੁ ਭਾਵੈ ਸੁਖੁ ਪਾਈਐ, ਜਾ ਆਪੇ ਨਦਰਿ ਕਰੇਇ।2।
ਪਿਰੁ ਸਾਲਾਹੀ ਆਪਣਾ, ਸਖੀ ਸਹੇਲੀ ਨਾਲਿ।
ਤਨਿ ਸੋਹੈ, ਮਨੁ ਮੋਹਿਆ, ਰਤੀ ਰੰਗਿ ਨਿਹਾਲਿ।
ਸਬਦਿ ਸਵਾਰੀ ਸੋਹਣੀ, ਪਿਰੁ ਰਾਵੇ ਗੁਣ ਨਾਲਿ।3।
ਕਾਮਣਿ ਕਾਮਿ ਨ ਆਵਈ, ਖੋਟੀ ਅਵਗੁਣਿਆਰਿ।
ਨਾ ਸੁਖੁ ਪੇਈਐ ਸਾਹੁਰੈ, ਝੂਠਿ ਜਲੀ ਵੇਕਾਰਿ।
ਆਵਣੁ ਵੰਞਣੁ ਡਾਖੜੋ, ਛੋਡੀ ਕੰਤਿ ਵਸਾਰਿ।4।
ਪਿਰ ਕੀ ਨਾਰਿ ਸੁਹਾਵਣੀ, ਮੁਤੀ ਸੋ ਕਿਤੁ ਸਾਦਿ।
ਪਿਰ ਕੇ ਕਾਮਿ ਨ ਆਵਈ, ਬੋਲੇ ਫਾਦਿਲੁ ਬਾਦਿ।
ਦਰਿ ਘਰਿ ਢੋਈ ਨਾ ਲਹੇ, ਛੂਟੀ ਦੂਜੇ ਸਾਦਿ।5।[25]

ਜੀਵ ਇਸਤ੍ਰੀ ਨੂੰ ਇਹ ਸੰਬੋਧਨ ਹੈ "ਸਚਿ ਸੁਹਾਗਣ ਸਾ ਭਲੀ, ਪਿਰਿ ਮੋਹੀ ਗੁਣਿ ਸੰਗਿ।।" ਜਿਨ੍ਹਾਂ ਨੂੰ ਕੰਤ ਆਪਣੇ ਅੰਗ ਨਾਲ ਲਾ ਲੈਂਦਾ ਹੈ, ਉਹ ਆਵਾਗਵਣ ਤੋਂ ਪਾਰ ਹੋ ਜਾਂਦਾ ਹੈ। ਗੁਰੂ ਨਾਨਕ ਨੇ ਬੜੇ ਸਪੱਸ਼ਟ ਰੂਪ ਵਿਚ ਦੁਹਾਗਣੀ ਨੂੰ ਭਟਕਦੀ ਆਤਮਾ ਮੰਨਿਆ ਹੈ। ਦੁਹਾਗਣ ਜੇ ਹਾਰ ਸ਼ਿੰਗਾਰ ਕਰ ਵੀ ਲਵੇ ਤਾਂ ਵੀ ਉਹ ਕਿਸੇ ਨੂੰ ਪਿਆਰੀ ਨਹੀਂ ਲਗਦੀ। ਜੋਬਨ ਰੁਲ ਜਾਂਦਾ ਹੈ, ਸੇਜ ਦਾ ਸੁਖ ਨਸੀਬ ਨਹੀਂ ਹੁੰਦਾ। ਦੁਹਾਗਣ ਨੂੰ ਜਦੋਂ ਚੇਤਨਾ ਆਉਂਦੀ ਹੈ ਤਾਂ ਅੰਦਰ ਖੋਹ ਪੈਂਦੀ ਹੈ, ਮਨ ਵਿਲਕਦਾ ਅਤੇ ਅਧੀਰ ਹੁੰਦਾ ਹੈ। ਗੁਰੂ ਨਾਨਕ ਪ੍ਰਸ਼ਨ ਕਰਦੇ

ਹਨ ਕਿ ਜੇਕਰ ਅਸਲ ਦੁਖ ਬਾਰੇ ਚਾਨਣ ਹੋ ਜਾਵੇ ਤੇ ਫਿਰ ਵੀ ਜੀਵਨ ਮਾਇਆ ਵਿਚ ਮਸਤ ਰਹੇ ਤਾਂ ਕਿਹੜੇ ਸੁਖ ਦੀ ਆਸ ਹੋ ਸਕਦੀ ਹੈ। ਸੁਹਾਗਣ ਅਤੇ ਦੁਹਾਗਣ ਦੋਹਾਂ ਦਾ ਵਿਰੋਧੀ ਜੁੱਟ ਬਣਾ ਕੇ ਗੁਰੂ ਨਾਨਕ ਦੇਵ ਜੀ ਨੇ ਬ੍ਰਿਹਾ ਅਤੇ ਬੇਖਬਰੀ ਨੂੰ ਇਕ ਦੂਜੇ ਦੇ ਵਿਪਰੀਤ ਦੱਸਿਆ ਹੈ। ਸੁਹਾਗਣ ਕੰਤ ਦੇ ਗਲੇ ਲਗ ਕੇ ਹਾਰ ਬਣ ਜਾਂਦੀ ਹੈ ਜਦ ਕਿ ਦੁਹਾਗਣ ਪਛਤਾਵੇ ਵਿਚ ਤੜਫਦੀ ਹੈ। ਨਾਨਕ ਬਾਣੀ ਇਹ ਬਿੰਬ ਇਸ ਤਰ੍ਹਾਂ ਉਸਾਰਦੀ ਹੈ:—

ਬਿਨੁ ਪਿਰ ਧਨ ਸੀਗਾਰੀਐ, ਜੋਬਨੁ ਬਾਦਿ ਖੁਆਰੁ।
ਨਾ ਮਾਣੇ ਸੁਖਿ ਸੇਜੜੀ, ਬਿਨੁ ਪਿਰ ਬਾਦਿ ਸੀਗਾਰੁ।
ਦੂਖੁ ਘਣੋ ਦੋਹਾਗਣੀ, ਨਾ ਘਰਿ ਸੇਜ ਭਤਾਰੁ।1।
ਮਨ ਰੇ, ਰਾਮ ਜਪਹੁ, ਸੁਖੁ ਹੋਇ।
ਬਿਨੁ ਗੁਰ ਪ੍ਰੇਮੁ ਨ ਪਾਈਐ,
ਸਬਦਿ ਮਿਲੈ ਰੰਗੁ ਹੋਇ।1।ਰਹਾਉ।
ਗੁਰ ਸੇਵਾ ਸੁਖੁ ਪਾਈਐ, ਹਰਿ ਵਰੁ ਸਹਜਿ ਸੀਗਾਰੁ।
ਸਚਿ ਮਾਣੇ ਪਿਰ ਸੇਜੜੀ, ਗੂੜਾ ਹੇਤੁ ਪਿਆਰੁ।
ਗੁਰਮੁਖਿ ਜਾਣਿ ਸਿਞਾਣੀਐ, ਗੁਰਿ ਮੇਲੀ ਗੁਣ ਚਾਰੁ।2।
ਸਚਿ ਮਿਲਹੁ ਵਰ ਕਾਮਣੀ, ਪਿਰਿ ਮੋਹੀ ਰੰਗੁ ਲਾਇ।
ਮਨੁ ਤਨੁ ਸਾਚਿ ਵਿਗਸਿਆ, ਕੀਮਤਿ ਕਹਣੁ ਨ ਜਾਇ।
ਹਰਿ ਵਰੁ ਘਰਿ ਸੋਹਾਗਣੀ, ਨਿਰਮਲ ਸਾਚੈ ਨਾਇ।3।[26]

ਨਾਨਕ ਬਾਣੀ ਵਿਚ ਬੜਾ ਨਿਖੜਵਾਂ ਨਿਰਣਾ ਹੈ ਕਿ "ਮਿਲਦਿਆ ਢਿਲ ਨ ਹੋਵਈ ਜੇ ਨੀਅਤਿ ਰਾਸਿ ਕਰੇ।" ਗੁਰੂ ਨਾਨਕ ਨੇ ਜਿਥੇ ਬ੍ਰਿਹਾ ਦੀ ਤਿੱਖੀ ਤੜਫ, ਸੁਹਾਗਣ ਦੀ ਪਛਾਣ, ਦੁਹਾਗਣ ਦੇ ਮਨਫੀ ਚਰਿਤਰ ਦੀ ਉਸਾਰੀ ਕੀਤੀ ਹੈ, ਉਥੇ ਨਾਲ ਹੀ ਪ੍ਰੀਤ ਨੂੰ ਵਿਭਿੰਨ ਰੂਪਕਾਂ ਰਾਹੀਂ ਸਿਰਜਿਆ ਹੈ। ਇਨ੍ਹਾਂ ਰੂਪਕਾਂ ਵਿਚੋਂ ਪ੍ਰੀਤ

ਦੀ ਲੀਲ੍ਹਾ ਦੇ ਪ੍ਰਮਾਣਕ ਰੂਪ ਦੀ ਵਿਆਖਿਆ ਕੀਤੀ ਹੈ। ਇਹ ਰੂਪਕ ਇਸ ਪ੍ਰਕਾਰ ਹਨ:—

ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਜਲ ਕਮਲੇਹਿ।
ਲਹਰੀ ਨਾਲਿ ਪਛਾੜੀਐ, ਭੀ ਵਿਗਸੈ ਅਸਨੇਹਿ।
ਜਲ ਮਹਿ ਜੀਅ ਉਪਾਇ ਕੇ,
ਬਿਨੁ ਜਲ ਮਰਣੁ ਤਿਨੇਹਿ।1।
ਮਨ ਰੇ, ਕਿਉਂ ਛੂਟਹਿ ਬਿਨੁ ਪਿਆਰ।
ਗੁਰਮੁਖਿ ਅੰਤਰਿ ਰਵਿ ਰਹਿਆ,
ਬਖਸੇ ਭਗਤਿ ਭੰਡਾਰ।1।ਰਹਾਉ।
ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਮਛੁਲੀ ਨੀਰ।
ਜਿਉ ਅਧਿਕਉ ਤਿਉ ਸੁਖੁ ਘਣੈ,
ਮਨਿ ਤਨਿ ਸਾਂਭਿ ਸਰੀਰ।
ਬਿਨੁ ਜਲ ਘੜੀ ਨ ਜੀਵਈ, ਪ੍ਰਭੁ ਜਾਣੇ ਅਭ ਪੀਰ।2।
ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਚਾਤ੍ਰਿਕ ਮੇਹ।
ਸਰ ਭਰਿ ਥਲ ਹਰੀਆਵਲੇ, ਇਕ ਬੂੰਦ ਨ ਪਵਈ ਕੇਹ।
ਕਰਮਿ ਮਿਲੈ, ਸੋ ਪਾਈਐ,
ਕਿਰਤੁ ਪਇਆ ਸਿਰਿ ਦੇਹ।3।
ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਜਲ ਦੁਧ ਹੋਇ।
ਆਵਟਣੁ ਆਪੇ ਖਵੈ, ਦੁਧ ਕਉ ਖਪਣਿ ਨ ਦੇਇ।

ਆਪੇ ਮੇਲਿ ਵਿਛੁੰਨਿਆ, ਸਚਿ ਵਡਿਆਈ ਦੇਇ।4।
ਰੇ ਮਨ, ਐਸੀ ਹਰਿ ਸਿਉ ਪ੍ਰੀਤਿ ਕਰਿ,
ਜੈਸੀ ਚਕਵੀ ਸੂਰ।
ਖਿਨੁ ਪਲੁ ਨੀਂਦ ਨ ਸੋਵਈ, ਜਾਣੈ ਦੂਰਿ ਹਜੂਰਿ।
ਮਨਮੁਖਿ ਸੋਝੀ ਨ ਪਵੈ, ਗੁਰਮੁਖਿ ਸਦਾ ਹਜੂਰਿ।5।
ਮਨਮੁਖਿ ਗਣਤ ਗਣਾਵਣੀ ਕਰਤਾ ਕਰੇ ਸੁ ਹੋਇ।
ਤਾਂ ਕੀ ਕੀਮਤਿ ਨਾ ਪਵੈ, ਜੇ ਲੋਚੈ ਸਭੁ ਕੋਇ।
ਗੁਰਮਤਿ ਹੋਇ ਤ ਪਾਈਐ, ਸਚਿ ਮਿਲੈ ਸੁਖੁ ਹੋਇ।[27]

ਨਾਨਕ ਬਾਣੀ ਦੀਆਂ ਇਨ੍ਹਾਂ ਉਪਰੋਕਤ ਤੁਕਾਂ ਵਿਚੋਂ ਪ੍ਰੀਤ ਦੇ ਪ੍ਰਮਾਣਕ ਰੂਪ ਸਿਰਜੇ ਹਨ। ਇਹ ਜੀਵ ਅਤੇ ਪ੍ਰਕ੍ਰਿਤੀ ਜਗਤ ਵਿਚੋਂ ਲਏ ਹਨ। ਪਹਿਲਾ ਰੂਪਕ ਜਲ ਵਿਚਲੇ ਕੰਵਲ ਫੁੱਲ ਦੀ ਪ੍ਰੀਤ ਵਾਲਾ ਹੈ। ਕੰਵਲ ਫੁੱਲ ਭਾਵੇਂ ਪਾਣੀ ਦੀਆਂ ਲਹਿਰਾਂ ਨਾਲ ਪਛਾੜਿਆ ਜਾਂਦਾ ਹੈ ਪਰ ਉਸ ਅੰਦਰ ਪਾਣੀ ਨਾਲ ਪਿਆਰ ਬਣਿਆ ਰਹਿੰਦਾ ਹੈ ਅਤੇ ਉਹ ਵਿਗਸਦਾ ਰਹਿੰਦਾ ਹੈ। ਕੰਵਲ ਫੁੱਲ ਪਾਣੀ ਵਿਚੋਂ ਹੀ ਪੈਦਾ ਹੁੰਦਾ ਹੈ ਅਤੇ ਉਸ ਦਾ ਜੀਵਨ ਪਾਣੀ ਅੰਦਰ ਹੀ ਹੁੰਦਾ ਹੈ। ਗੁਰੂ ਨਾਨਕ ਮਨੁੱਖ ਨੂੰ ਕੰਵਲ ਫੁੱਲ ਵਾਂਗ ਪ੍ਰਭੂ ਪ੍ਰੀਤ ਕਰਨ ਦਾ ਮਾਡਲ ਦਸਦੇ ਹਨ। ਪ੍ਰਭੂ ਪਿਆਰ ਮਨੁੱਖੀ ਹੋਂਦ ਨਿਰਰਥਕ ਹੈ। ਇਸੇ ਤਰ੍ਹਾਂ ਦੂਜਾ ਰੂਪਕ ਜਲ ਤੇ ਮਛਲੀ ਦੇ ਪਿਆਰ ਵਾਲਾ ਹੈ। ਮਛਲੀ ਜਿਵੇਂ ਪਾਣੀ ਤੋਂ ਜੀਉਂਦੀ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਮਨੁੱਖ ਨੂੰ ਜਲ ਤੇ ਮਛਲੀ ਦੀ ਪ੍ਰੀਤ ਵਿਚੋਂ ਪ੍ਰਭੂ ਪ੍ਰੀਤ ਦਾ ਰਹੱਸ ਲੱਭਣਾ ਚਾਹੀਦਾ ਹੈ। ਮਛਲੀ ਦਾ ਸੁਖ ਪਾਣੀ ਵਿਚ ਹੈ। ਇਸੇ ਤਰ੍ਹਾਂ ਮਨੁੱਖ ਨੂੰ ਪ੍ਰਭੂ ਦੇ ਅਥਾਹ ਅਨੰਦੀ ਰੂਪ ਵਿਚ ਲੀਨ ਹੋ ਕੇ ਸੁਖ/ਪਿਆਰ ਦੀ ਪ੍ਰਤੀਤੀ ਕਰਨੀ ਚਾਹੀਦੀ ਹੈ। ਜਿਵੇਂ ਪਾਣੀ ਮਛਲੀ ਲਈ ਜੀਵਨ ਹੈ, ਉਸੇ ਤਰ੍ਹਾਂ ਪ੍ਰਭੂ ਪ੍ਰੀਤ ਜੀਵ ਲਈ ਪ੍ਰਾਣ-ਤੱਤ ਹੈ। ਤੀਜਾ ਰੂਪਕ ਚਾਤ੍ਰਿਕ ਦਾ ਸਵਾਂਤੀ ਬੂੰਦ ਨਾਲ ਮੋਹ ਵਾਲਾ ਹੈ। ਅਥਾਹ ਪਾਣੀ ਦੇ ਸਰੋਵਰ ਚਾਤ੍ਰਿਕ ਦੇ ਕਿਸੇ ਕੰਮ ਨਹੀਂ, ਉਹ ਤਾਂ ਸਵਾਂਤੀ ਬੂੰਦ ਲਈ ਤਰਸਦਾ ਹੈ।

ਇਸੇ ਮਨੁੱਖ ਨੂੰ ਆਪਣਾ ਜੀਵਨ ਪ੍ਰਭੂ ਪ੍ਰੀਤ ਵਿਚੋਂ ਲੱਭਣਾ ਚਾਹੀਦਾ ਹੈ। ਜੇਕਰ ਚਾਤ੍ਰਿਕ ਨੂੰ ਸਵਾਂਤੀ ਬੂੰਦ ਨਾ ਮਿਲੇ, ਉਹ ਤੜਫਦਾ ਹੈ। ਗੁਰੂ ਨਾਨਕ ਚਾਤ੍ਰਿਕ ਤੇ ਸਵਾਂਤੀ ਬੂੰਦ ਰਾਹੀਂ ਪ੍ਰਭੂ ਪ੍ਰੀਤ ਦੀ ਵਡਿਆਈ ਸਿਰਜਦੇ ਹਨ। ਚੌਥਾ ਰੂਪਕ ਜਲ ਤੇ ਦੁੱਧ ਦੀ ਪ੍ਰੀਤ ਵਾਲਾ ਹੈ। ਦੋਵੇਂ ਮਿਲਦਿਆਂ ਹੀ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ। ਪਾਣੀ ਅੱਗ ਉਪਰ ਆਪ ਸੁੱਕ ਜਾਂਦਾ ਹੈ ਪਰ ਦੁੱਧ ਨੂੰ ਸੁੱਕਣ ਨਹੀਂ ਦੇਂਦਾ। ਇਸੇ ਤਰ੍ਹਾਂ ਚਕਵੀ ਅਤੇ ਸੂਰਜ ਦਾ ਪ੍ਰੀਤ ਦਾ ਹਵਾਲਾ ਦਿੱਤਾ ਹੈ, ਚਕਵੀ ਪ੍ਰੇਮ ਵੱਸ ਹੋ ਕੇ ਇਕ ਪਲ ਵੀ ਨਹੀਂ ਸੌਂਦੀ ਅਤੇ ਸੂਰਜ ਨੂੰ ਆਪਣੇ ਆਪ ਪਾਸ ਹੀ ਜਾਣਦੀ ਹੈ। ਗੁਰੂ ਨਾਨਕ ਇਨ੍ਹਾਂ ਪ੍ਰੀਤ ਮਾਡਲਾਂ ਰਾਹੀਂ ਮ ਨੁੱਖ ਨੂੰ ਪ੍ਰਭੂ ਪ੍ਰੀਤ ਵੱਲ ਪ੍ਰੇਰਦੇ ਹਨ। ਜੀਵ-ਇਸਤ੍ਰੀ ਨੂੰ ਮਛਲੀ, ਚਕਵੀ, ਚਾਤ੍ਰਿਕ ਵਾਂਗ ਪ੍ਰੀਤ ਵਿਚ ਪੂਰਨ ਹੋਣਾ ਚਾਹੀਦਾ ਹੈ। ਪ੍ਰੀਤ ਦੇ ਇਹ ਪ੍ਰਤਿਮਾਨ ਮਨੁੱਖ ਨੂੰ ਪ੍ਰਭੂ ਮਿਲਾਪ ਤੱਕ ਲੈ ਜਾਣ ਵਾਲੇ ਹਨ।

ਗੁਰੂ ਨਾਨਕ ਬਾਰਹਮਾਹ ਤੁਖਾਰੀ ਵਿਚ ਬੜਾ ਸਪੱਸ਼ਟ ਸੰਕੇਤ ਦੇਂਦੇ ਹਨ ਕਿ ਜਿਸ ਜੀਵ ਇਸਤ੍ਰੀ ਵਿਚ ਪ੍ਰਭੂ ਪ੍ਰੀਤ ਥਿਰ ਹੋ ਜਾਂਦੀ ਹੈ, ਉਸ ਨੂੰ ਬਾਰ੍ਹਾਂ ਮਹੀਨੇ ਸੁਲੱਖਣੇ ਜਾਪਦੇ ਹਨ। ਉਸ ਅੰਦਰ ਆਤਮਕ ਸੁਹਜ ਲਿਸ਼ਕੋਰਾਂ ਮਾਰਦਾ ਹੈ ਅਤੇ ਉਸ ਦੀ ਸੇਜ ਸੁੰਦਰ ਹੋ ਕੇ ਸਦੀਵੀ ਸੁਹਾਗਮਈ ਹੋ ਜਾਂਦੀ ਹੈ। ਇਸ ਅਵਸਥਾ ਦਾ ਪ੍ਰਗਟਾਵਾ ਇੰਜ ਕੀਤਾ ਗਿਆ ਹੈ:—

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ।।
ਘੜੀ ਮੂਰਤ ਪਲ, ਸਾਚੇ ਆਏ ਸਹਜਿ ਮਿਲੇ।।
ਪ੍ਰਭ ਮਿਲੇ ਪਿਆਰੇ ਕਾਰਜ ਸਾਰੇ,
ਕਰਤਾ ਸਭ ਬਿਧਿ ਜਾਣੈ।।
ਜਿਨਿ ਸੀਗਾਰੀ ਤਿਸਹਿ ਪਿਆਰੀ,
ਮੇਲੁ ਭਇਆ ਰੰਗੁ ਮਾਣੈ।।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ,

ਗੁਰਮੁਖਿ ਮਸਤਕਿ ਭਾਗੋ।।
ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ,
ਹਰਿ ਵਰੁ ਥਿਰੁ ਸੋਹਾਗੋ।।[28]

ਇਸੇ ਤਰ੍ਹਾਂ ਗੁਰੂ ਨਾਨਕ ਨੇ ਮੱਘਰ ਮਹੀਨੇ ਰਾਹੀਂ ਸੁਹਾਗਣ ਔਰਤ ਦੀ ਮਨੋ ਅਵਸਥਾ ਨੂੰ ਚਿਤਰਿਆ ਹੈ। ਇਸ ਮਹੀਨੇ ਦੇ ਰੂਪਕ ਰਾਹੀਂ ਗੁਰੂ ਨਾਨਕ ਨੇ ਗੁਣਵੰਤੀ ਦੀ ਪ੍ਰੀਤ ਪ੍ਰਾਪਤੀ ਦਾ ਉਲੇਖ ਕੀਤਾ ਹੈ। ''ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ।।'' ਪ੍ਰਭੂ ਸਿਮਰਨ ਨਾਲ ਜੀਵ ਇਸਤ੍ਰੀ ਨੂੰ ਪ੍ਰੀਤ ਦਾ ਫਲ ਮਿਲ ਜਾਂਦਾ ਹੈ। ਬ੍ਰਿਹਾ ਦੀ ਚੀਸ ਮਿਲਾਪ ਵਿਚ ਬਦਲ ਜਾਂਦੀ ਹੈ। ਇਸੇ ਤਰ੍ਹਾਂ ਕੱਤਕ ਮਹੀਨੇ ਨੂੰ ਫਲ ਪ੍ਰਾਪਤੀ ਦਾ ਸਮਾਂ ਮੰਨਿਆ ਹੈ। ਮਿਲਾਪ ਹੋਣ ਦੀ ਸਥਿਤੀ ਵਿਚ ਅੰਦਰ ਬਾਹਰ ਚਾਨਣ ਹੋ ਜਾਂਦਾ ਹੈ। ਵਿਕਾਸ ਤੋਂ ਮੁੱਕਤੀ ਹੋ ਜਾਂਦੀ ਹੈ। ਵਿਛੋੜਾ ਪਾਉਣ ਵਾਲੇ ਕਾਰਣ ਮਿੱਟ ਜਾਂਦੇ ਹਨ। ਕਤਕਿ ਨੂੰ ਕਿਰਤੁ (ਪ੍ਰੇਮਾ ਭਗਤੀ) ਦੇ ਫਲ ਵਾਲਾ ਮਹੀਨਾ ਮੰਨਿਆ ਹੈ:—

ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ।।
ਦੀਪਕੁ ਸਹਜਿ ਬਲੈ, ਤਤਿ ਜਲਾਇਆ।।
ਦੀਪਕ ਰਸ ਤੇਲੋ ਧਨ ਪਿਰ ਮੇਲੋ, ਧਨ ਓਮਾਹੈ ਸਰਸੀ।।
ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਤਾ ਮਰਸੀ।।
ਨਾਮੁ ਭਗਤਿ ਦੇ ਨਿਜ ਘਰਿ ਬੈਠੇ,
ਅਜਹੁ ਤਿਨਾੜੀ ਆਸਾ।।
ਨਾਨਕ ਮਿਲਹੁ ਕਪਟ ਦਰ ਖੋਲਹੁ,
ਏਕ ਘੜੀ ਖਟ ਮਾਸਾ।।[29]

ਕਤਕਿ ਮਹੀਨੇ ਤੋਂ ਪਹਿਲਾਂ ਗੁਰੂ ਨਾਨਕ ਦੁਹਾਗਣ ਔਰਤ ਦੀ ਮਨੋਦਸ਼ਾ ਉਸਾਰਦੇ ਹਨ। ਜਿਹੜੀ ਜੀਵ-ਇਸਤ੍ਰੀ ਪ੍ਰਭੂ ਪ੍ਰੀਤ ਨੂੰ ਭੁਲਾ ਬੈਠਦੀ ਹੈ, ਉਸ ਲਈ ਪ੍ਰਿਉ ਪ੍ਰਿਉ ਕਰਦਾ ਚਾਤ੍ਰਿਕ ਵੀ ਬੇਮਾਅਨਾ ਹੋ ਜਾਂਦਾ ਹੈ, ਕੁਹਕਦੇ ਮੋਰ ਵੀ ਆਨੰਦ

ਨਹੀਂ ਦੇਂਦੇ। ਉਸ ਨੂੰ ਤਾਂ ਸੱਪ ਡੱਸਦੇ ਅਤੇ ਮੱਛਰ ਡੰਗ ਮਾਰਦੇ ਹਨ। ਜ਼ਿੰਦਗੀ ਦਾ ਸੁਹਜ ਸੁਆਦ ਮਿੱਟ ਜਾਂਦਾ ਹੈ। ਜਿਸ ਅੰਦਰ ਪ੍ਰਭੂ ਪ੍ਰੇਮ ਤੋਂ ਇਲਾਵਾ ਰੰਗ ਤਮਾਸ਼ੇ ਪ੍ਰਤਿ ਖਿੱਚ ਹੈ, ਉਹ ਅੰਦਰੋਂ ਸਰਾਪੀ ਅਤੇ ਬਾਹਰੋਂ ਗੁਆਚੀ ਹੈ। ਇਸ ਪ੍ਰੇਮ ਸੱਖਣੀ ਦੁਹਾਗਣ ਨੂੰ ਗੁਰੂ ਨਾਨਕ ਇਸ ਤਰ੍ਹਾਂ ਉਸਾਰਦੇ ਹਨ:—

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ।।
ਜਲ ਥਲ ਨੀਰਿ ਭਰੇ, ਬਰਸ ਰੁਤੇ ਰੰਗੁ ਮਾਣੀ।।
ਬਰਸੈ ਨਿਸਿ ਕਾਲੀ, ਕਿਉ ਸੁਖੁ ਬਾਲੀ,
ਦਾਦਰ ਮੋਰ ਲਵੰਤੇ।।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੈ,
ਭੁਇਅੰਗਮ ਫਿਰਹਿ ਡਸੰਤੇ।।
ਮਛਰ ਡੰਗ, ਸਾਇਰ ਭਰ ਸੁਭਰ,
ਬਿਨੁ ਹਰਿ ਕਿਉ ਸੁਖੁ ਪਾਈਐ।।
ਨਾਨਕ ਪੂਛਿ ਚਲਉ ਗੁਰ ਅਪੁਨੇ,
ਜਹ ਪ੍ਰਭੁ ਤਹ ਹੀ ਜਾਈਐ।।[30]

ਭਾਦਉ ਮਹੀਨੇ ਦੇ ਸਮਵਿੱਥ ਅਸੁਨਿ ਮਹੀਨੇ ਦੇ ਝਰੋਖੇ ਵਿਚੋਂ ਬਿਰਹਣ ਦੇ ਮਨ ਦੀ ਤਾਂਘ ਅਤੇ ਲੋਚਾ ਦਾ ਚਿਤਰ ਉਲੀਕਿਆ ਹੈ। ਅੱਸੂ ਦੀ ਮਿੱਠੀ ਬਹਾਰ ਬਿਰਹਣ ਦੇ ਮਨ ਅੰਦਰ ਹੁਲਾਸ ਪੈਦਾ ਕਰਦੀ ਹੈ, ਮਿਲਣ ਅਤੇ ਮਿਲਾਪ ਦੀ ਇੱਛਾ ਦੀਰਘ ਹੋ ਜਾਂਦੀ ਹੈ। ਹਰ ਛਿੰਨ ਇਕੋ ਖਿੱਚ ਬਣੀ ਰਹਿੰਦੀ ਹੈ ਕਿ ਪ੍ਰਭੂ ਆਪਣੇ ਅੰਗ ਸੰਗ ਲਾ ਲਵੇ। ਵਿਛੜੇ ਹੋਣ ਦਾ ਭਾਵ ਵਧੇਰੇ ਤਿੱਖਾ ਹੋ ਜਾਂਦਾ ਹੈ। ਹਰ ਤਰਫ਼ ਹਰਿਆਵਲ ਦੇ ਕੇ ਮਨ ਅੰਦਰੋਂ ਮੌਲ ਪੈਂਦਾ ਹੈ। ਗੁਰੂ ਨਾਨਕ ਸੰਕੇਤਕ ਰੂਪ ਵਿਚ ਇਹ ਪ੍ਰੇਰਦੇ ਹਨ ਕਿ ਇਸ ਮਹੀਨੇ ਵਿਚ ਜਿਹੜੀ ਬਿਰਹਣ ਮਿਲਾਪ ਲਈ ਵਿਲਕਦੀ ਹੈ, ਉਸ ਦੀ ਲੋਚਾ ਪੂਰੀ ਹੁੰਦੀ ਹੈ:—

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ।।

ਤਾ ਮਿਲੀਐ ਪ੍ਰਭ ਮੇਲੇ, ਦੂਜੈ ਭਾਇ ਖੁਈ।।
ਝੂਠਿ ਵਿਗੁਤੀ ਤਾ ਪਿਰ ਮੁਤੀ, ਕੁਕਹ ਕਾਹ ਸਿ ਫੁਲੇ।।
ਆਗੈ ਘਾਮ ਪਿਛੈ ਰੁਤਿ ਜਾੜਾ, ਦੇਖਿ ਚਲਤ ਮਨ ਡੋਲੇ।।
ਦਹਦਿਸਿ ਸਾਖ ਹਰੀ ਹਰੀਆਵਲ,
ਸਹਜਿ ਪਕੈ ਸੋ ਮੀਠਾ।।
ਨਾਨਕ ਅੰਸੁਨਿ ਮਿਲਹੁ ਪਿਆਰੇ,
ਸਤਿਗੁਰ ਭਏ ਬਸੀਠਾ।।11।।[31]

ਨਾਨਕ ਬਾਣੀ ਉਸ ਜੀਵ ਇਸਤ੍ਰੀ ਨੂੰ ਰੱਦ ਕਰਦੀ ਹੈ ਜੋ ਆਪਣੇ ਸਹੁ ਦੀ ਸਾਰ ਨਹੀਂ ਜਾਣਦੀ ਜਦਕਿ ਉਸ ਨੂੰ ਅੰਤਮ ਮੰਜ਼ਿਲ ਸਹੁ ਨਾਲ ਹੀ ਮਿਲਣੀ ਹੁੰਦੀ ਹੈ। ਪ੍ਰਭੂ ਪ੍ਰੀਤਮ ਉਨ੍ਹਾਂ ਨੂੰ ਹੀ ਆਪਣੇ ਅੰਦਰ ਵਸਾਉਂਦਾ ਹੈ ਜੋ ਪ੍ਰੇਮ ਦਾ ਸ਼ਿੰਗਾਰ ਕਰਦੀਆਂ ਹਨ। ਜੋ ਜੀਵ ਇਸਤ੍ਰੀ ਆਪਣਾ ਸੀਸ ਅਰਪਣ ਕਰਦੀ ਹੈ, ਉਹੀ ਅਸਲ ਅਰਥਾਂ ਵਿਚ ਸੇਵਾ ਦੀ ਅਕਾਂਖਿਆ ਰੱਖਦੀ ਹੈ। ਅਸਲ ਬਿਰਹਣ ਉਹ ਹੈ ਜੋ ਇੰਜ ਅਰਪਣ ਹੋਣ ਲਈ ਤਿਆਰ ਹੈ:—

ਤੈ ਸਾਹਿਬ ਕੀ ਬਾਤ ਜਿ ਆਖੇ ਕਹੁ ਨਾਨਕ ਕਿਆ ਦੀਜੈ।।
ਸੀਸ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ।।

ਇਥੇ ਨਾਇਕਾ ਆਪਣਾ ਸੀਸ ਵਢ ਕੇ, ਬਿਨਾਂ ਸਿਰ ਤੋਂ ਹੀ ਸੇਵਾ ਕਰਨ ਦੀ ਅਕਾਂਖਿਆ ਰੱਖ ਰਹੀ ਹੈ, ਪਰ ਵਾਸਤਵ ਅਰਥਾਂ ਵਿਚ ਅਜਿਹਾ ਕਰਨਾ ਅਸੰਭਵ ਹੈ। ਸੋ ਇਥੇ ਸ਼ਬਦ ਦੀ ਲਖਸ਼ਣਾਂ ਸ਼ਕਤੀ ਨਾਲ ਹੀ ਭਾਵ-ਤੀਖਣਤਾ ਦਰਸਾਈ ਜਾ ਰਹੀ ਹੈ। ਇਸ ਸ਼ਬਦ ਦੇ ਆਦਿ 'ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ' ਤੋਂ ਲੈ ਕੇ 'ਕਿਉਂ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ' ਤੱਕ ਆਕੇ ਭਾਵ ਇਕ ਵਿਸ਼ੇਸ਼ ਧੁਨੀ-ਪ੍ਰਬੰਧ ਵਿਚ ਪ੍ਰਗਟਾਇਆ ਗਿਆ ਹੈ ਅਤੇ ਨਾਇਕਾ ਦੀ ਮਾਨਸਿਕ ਪਰਸਥਿਤੀ 'ਕਿਉਂ ਨਾ ਮਰੀਜੈ' ਤੇ ਆ ਕੇ ਸ਼ਬਦ ਦੀ ਅਗਲੀ ਸ਼ਕਤੀ ਜੋ ਵਿਅੰਜਨਾ ਦੀ ਹੈ, ਜਾਗ ਪੈਂਦੀ ਹੈ। ਗੁਰੂ ਨਾਨਕ ਦੇਵ ਇਸ

ਪ੍ਰਕਾਰ ਸ਼ਬਦ ਦੀਆਂ ਅਭਿਧਾ, ਲਖਸ਼ਣਾਂ ਅਤੇ ਵਿਅੰਜਨਾ ਸ਼ਕਤੀਆਂ ਦਾ ਪ੍ਰਯੋਗ ਕਰਕੇ ਆਪਣੇ ਕਾਵਿ ਨੂੰ ਭਾਵ-ਤੀਬਰਤਾ, ਕਾਵਿ-ਗੁਣ ਅਤੇ ਕਾਵਿ-ਸੌਦਰਯ ਪੱਖ ਤੋਂ ਕਲਾਤਮਕ ਅਨੁਪਮਤਾ ਦਿੰਦੇ ਹਨ।''[32]

ਨਾਨਕ ਬਾਣੀ ਵਿਚ ਸੁਹਾਗਣ ਤਾਂ ਆਪਣਾ ਸੀਸ ਅਰਪਨ ਕਰਨ ਸਮੇਂ ਦੁਚਿੱਤੀ ਵਿਚ ਨਹੀਂ ਪੈਂਦੀ ਜਦ ਕਿ ਨਾਮ-ਹੀਣ ਇਸਤ੍ਰੀ ਝੂਠ ਦੇ ਪਾਸਾਰੇ ਵਿਚ ਖਚਿਤ ਹੋਣ ਕਾਰਣ ਗੁਆਚੀ ਰਹਿੰਦੀ ਹੈ। ਭਗਤੀ ਬਿਨਾਂ ਮਿਲਾਪ ਨਹੀਂ। ਜਿਹੜੀ ਪ੍ਰੇਮ ਵਿਚ ਵਿਲਕਦੀ ਹੈ, ਉਹ ਸੱਚੀ ਬਿਰਹਣ ਅਤੇ ਮੰਜ਼ਿਲ ਦੀ ਪਾਂਧੀ ਬਣਦੀ ਹੈ। ਗੁਰੂ ਨਾਨਕ ਹੇਠ ਲਿਖੇ ਸ਼ਬਦ ਵਿਚ ਦੁਹਾਗਣ ਨੂੰ ਪਿਛਲੇ ਪਾਪਾਂ ਦੀ ਸਜ਼ਾ ਮਿਲੀ ਮੰਨਦੇ ਹਨ। ਉਸ ਦਾ ਦੂਜਾ ਦੋਸ਼ ਇਹ ਹੈ ਕਿ ਉਹ ਇਸ ਜੂਨ ਵਿਚ ਵੀ ਮੰਦੇ ਵਿਕਾਰਾਂ ਵਿਚ ਫਸੀ ਹੋਈ ਹੈ। ਇਸ ਲਈ ਉਸ ਦਾ ਭਟਕਣਾ ਸੁਭਾਵਕ ਹੀ ਹੈ। ਨਾਮ ਬਿਨਾਂ ਉਹ ਝੂਠੀ ਹੈ ਅਤੇ ਝੂਠ ਕਮਾਉਂਦੀ ਹੈ। ਸੰਕੇਤ ਇਹ ਹੈ ਕਿ ''ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ।।'' ਅਤੇ ''ਅਵਗੁਣਿਆਰੀ ਕੰਤਿ ਵਿਸਾਰੀ ਛੂਟੀ ਵਿਧਣ ਰੈਣੀ।।'' ਅੰਤਿਮ ਨਿਰਣਾ ਇਹ ਹੈ: ''ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ।।'' ਗੁਰੂ ਨਾਨਕ ਸੁਹਾਗਣ ਦੀ ਉਚੇਰੀ ਅਵਸਥਾ ਅਤੇ ਦੁਹਾਗਣ ਦੀ ਭਟਕਣ ਨੂੰ ਪ੍ਰੇਮਾ ਭਗਤੀ ਦੇ ਪ੍ਰਸੰਗ ਵਿਚ ਉਸਾਰਦੇ ਹਨ:—

— ਪਿਰ ਸੰਗਿ ਮੂਠੜੀਏ ਖਬਰਿ ਨ ਪਾਈਆ ਜੀਉ।।
ਮਸਤਕਿ ਲਿਖਿਅੜਾ ਲੇਖੁ ਪੁਰਬਿ ਕਮਾਇਆ ਜੀਉ।
ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ।
ਗੁਣੀ ਅਚਾਰਿ ਨਹੀ ਰੰਗਿ ਰਾਤੀ ਅਵਗੁਣ ਬਹਿ ਬਹਿ ਰੋਸੀ।
ਧਨੁ ਜੋਬਨੁ ਆਕ ਕੀ ਛਾਇਆ ਬਿਰਧਿ ਭਏ ਦਿਨ ਪੁੰਨਿਆ।
ਨਾਨਕ ਨਾਮ ਬਿਨਾ ਦੋਹਾਗਣਿ ਛੂਟੀ ਝੂਠਿ ਵਿਛੁੰਨਿਆ।1।[33]

— ਧਨ ਸੋਹਾਗਣਿ ਨਾਰਿ ਜਿਨਿ ਪਿਰੁ ਜਾਣਿਆ ਜੀਉ।

ਨਾਮ ਬਿਨਾ ਕੁੜਿਆਰਿ ਕੂੜੁ ਕਮਾਣਿਆ ਜੀਉ।
ਹਰਿ ਭਗਤਿ ਸੁਹਾਵੀ ਸਾਚੇ ਭਾਵੀ ਭਾਇ ਭਗਤਿ ਪ੍ਰਭ ਰਾਤੀ।
ਪਿਰੁ ਰਲੀਆਲਾ ਜੋਬਨਿ ਬਾਲਾ ਤਿਸੁ ਰਾਵੇ ਰੰਗਿ ਰਾਤੀ।
ਗੁਰ ਸਬਦਿ ਵਿਗਾਸੀ ਸਹੁ ਰਾਵਾਸੀ ਫਲੁ ਪਾਇਆ ਗੁਣਕਾਰੀ।
ਨਾਨਕ ਸਾਚੁ ਮਿਲੈ ਵਡਿਆਈ ਪਿਰ ਘਰਿ ਸੋਹੈ ਨਾਰੀ।[34]

ਗੁਰੂ ਨਾਨਕ ਦੇਵ ਜੀ ਨੇ ਸਾਰੇ ਪਾਸਾਰੇ ਨੂੰ ਇਕੋ ਸਤਰ ਵਿਚ ਉਸਾਰ ਦਿੱਤਾ ਹੈ ਕਿ "ਨਾਨਕ ਗਾਲੀ ਕੂੜੀਆ ਬਾਝੁ ਪਰੀਤਿ ਕਰੇਇ।।" ਭਾਵ ਸਭ ਪਾਸਾਰਾ ਪ੍ਰੇਮਾ ਭਗਤੀ ਬਿਨਾਂ ਅਪ੍ਰਮਾਣਕ ਹੈ। ਗੁਰੂ ਨਾਨਕ ਤਾਂ ਪ੍ਰੇਮਾਭਗਤੀ ਨੂੰ ਸਿਰ ਦੇਣ ਵਾਲੀ ਮੰਨਦੇ ਹਨ। ਉ ਨ੍ਹਾਂ ਨੇ ਬੜੀ ਬੁਲੰਦ ਆਵਾਜ਼ ਵਿਚ ਇਹ ਰਹੱਸ ਉਘਾੜਿਆ ਹੈ ਕਿ ਜੋ ਪ੍ਰੇਮ ਖੇਲਣ ਦਾ ਚਾਉ ਰੱਖਦੇ ਹਨ, ਉਹ ਸੀਸ ਤਲੀ ਉਪਰ ਧਰਿ ਕੇ ਹੀ ਪ੍ਰੇਮ ਗਲੀ ਵਿਚ ਪ੍ਰਵੇਸ਼ ਕਰ ਸਕਦੇ ਹਨ। ਇਹ ਉਹ ਪ੍ਰੇਮ ਮਾਰਗ ਹੈ ਜੋ "ਸਿਰ ਦੀਜੈ ਕਾਣਿ ਨਾ ਕੀਜੈ" ਵਾਲਾ ਮੁੱਲ ਮੰਗਦਾ ਹੈ। ਪ੍ਰੇਮਾ ਭਗਤੀ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਕੇ ਗੁਰੂ ਨਾਨਕ ਪ੍ਰੇਮ ਵਿਚ ਰੰਗੀ ਧਿਰ ਦੀ ਮਹਿਮਾ ਵੀ ਕਰ ਗਏ ਹਨ। ਬਾਣੀ ਦੇ ਬੋਲ ਹਨ:—

ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ।।
ਇਕਿ ਖੋਟੇ ਇਕਿ ਖਰੇ ਆਪੇ ਪਰਖਣਹਾਰੁ।।
ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ।।
ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ।।
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ।।
ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ।।
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ।।
ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ।।[35]

ਨਿਰਸੰਦੇਹ ਨਾਨਕ ਬਾਣੀ ਦਾ ਕੇਂਦਰੀ ਪੈਰਾਡਾਇਮ ਬ੍ਰਿਹਾ ਦੀ ਵੇਦਨਾ, ਪ੍ਰੇਮਾ ਭਗਤੀ ਅਤੇ ਸਹੁ ਪ੍ਰਤਿ ਆਸਥਾ ਹੈ। ਸਹੁ ਲਈ ਕੁਰਬਾਨ ਹੋਣ ਦਾ ਜਜ਼ਬਾ ਹੀ ਸੁਹਾਗਣ ਦੀ ਮੰਜ਼ਿਲ ਬਣਦਾ ਹੈ। ਨਾਨਕ ਬਾਣੀ ਅਨੁਸਾਰ ਉਹ ਵਿਰਲੇ ਜੀਵ ਹਨ ਜੋ ਹਰ ਪਲ ਵਿਛੋੜੇ ਵਿਚ ਤੜਪਦੇ ਹੋਏ ਨਾਮ ਸਿਮਰਨ ਵਿਚ ਲੀਨ ਹਨ। ਜਿਨ੍ਹਾਂ ਨੂੰ ਨਾਮ ਦਾ ਮਜੀਠੀ ਰੰਗ ਚੜ੍ਹ ਜਾਂਦਾ ਹੈ, ਉਹ ਸਾਰੇ ਪਾਸਾਰੇ ਤੋਂ ਬੇਨਿਆਜ਼ ਹੋ ਜਾਂਦੇ ਹਨ। ਇਹ ਹਕੀਕੀ ਰੰਗ ਹੀ ਕੰਤ ਨੂੰ ਭਾਉਂਦਾ ਹੈ। ਜਿਹੜੀ ਜੀਵ ਇਸਤ੍ਰੀ ਪ੍ਰਭੂ ਨੂੰ ਭਾਅ ਜਾਂਦੀ ਹੈ, ਉਸ ਦੇ ਹਿਰਦੇ ਵਿਚ ਸੁਖ ਸਹਿਜ ਦੀ ਅਵਸਥਾ ਆ ਜਾਂਦੀ ਹੈ। ਜਿਸ ਸਰੀਰ ਨੂੰ ਮਾਇਆ ਦੀ ਪਾਹ ਲਗੀ ਹੁੰਦੀ ਹੈ, ਉਹ ਪ੍ਰੇਮਾ ਭਗਤੀ ਨਾਲ ਖੁਰ ਜਾਂਦੀ ਹੈ ਅਤੇ ਅੰਦਰ ਬਾਹਰ ਨਾਮ ਦਾ ਭਰਵਾਸਾ ਹੋ ਜਾਂਦਾ ਹੈ। ਸਪੱਸ਼ਟ ਸੰਕੇਤ ਹੈ ਕਿ ''ਸਹੁ ਨੇੜੈ ਧਨ ਕੰਮਲੀਏ ਬਾਹਰੁ ਕਿਆ ਢੂਢੇਹਿ।।'' ਅਤੇ ''ਆਪੁ ਗਵਾਈਐ ਤਾ ਸਹੁ ਪਾਈਐ'' ਹੀ ਅਸਲ ਪ੍ਰਾਪਤੀ ਹੈ। ਗੁਰੂ ਨਾਨਕ ਲਿਖਦੇ ਹਨ:—

ਇਹੁ ਤਨੁ ਮਾਇਆ ਪਾਹਿਆ
ਪਿਆਰੇ ਲੀਤੜਾ ਲਬਿ ਰੰਗਾਏ।
ਮੇਰੇ ਕੰਤ ਨ ਭਾਵੈ ਚੋਲੜਾ
ਪਿਆਰੇ ਕਿਉਂ ਧਨ ਸੇਜੈ ਜਾਏ।
ਹੰਉ ਕੁਰਬਾਨੇ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ।
ਹੰਉ ਕੁਰਬਾਨੇ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ।
ਲੈਨਿ ਜੋ ਤੇਰਾ ਨਾਉ ਤਿਨਾ ਕੈ
ਹੰਉ ਸਦ ਕੁਰਬਾਨੈ ਜਾਉ।1।ਰਹਾਉ।
ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ।
ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗ ਨ ਡੀਠ।2।
ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੇ ਪਾਸਿ।

ਧੂੜਿ ਤਿਨਾ ਕੀ ਜੇ ਮਿਲੈ ਜੀ
ਕਹੁ ਨਾਨਕ ਕੀ ਅਰਦਾਸਿ।3।
ਆਪੇ ਸਾਜੇ ਆਪੇ ਰੰਗੇ ਆਪੇ ਨਦਰਿ ਕਰੇਇ।
ਨਾਨਕ ਕਾਮਣਿ ਕੇਤੈ ਭਾਵੈ ਆਪੇ ਹੀ ਰਾਵੇਇ।4।[36]

ਨਾਨਕ ਬਾਣੀ ਸੰਬੋਧਨ ਕਰਦੀ ਹੈ ਕਿ ''ਪਾਖੰਡਿ ਪ੍ਰੇਮ ਨ ਪਾਈਐ, ਖੋਟਾ ਪਾਜੁ ਖੁਆਰ।।'' ਬ੍ਰਿਹਾ ਦੀ ਤਪਦੀ ਅਗਨਿ ਉਦੋਂ ਸ਼ਾਂਤ ਹੋ ਜਾਂਦੀ ਹੈ ਜਦੋਂ ਮਿੱਠੀ ਨਦਰਿ ਦੀ ਕਿਰਪਾ ਹੋ ਜਾਂਦੀ ਹੈ। ਬਿਰਹਣ ਵਿਲਕਦੀ ਵੀ ਹੈ, ਸਿਮਰਦੀ ਵੀ ਹੈ ਅਤੇ ''ਦੁਇ ਕਰ ਜੋੜਿ ਕਰੈ ਅਰਦਾਸਿ'' ਵੀ ਕਰਦੀ ਹੈ। ਜਿਸ ਉਪਰ ਨਦਰਿ ਹੋ ਜਾਂਦੀ ਹੈ ਉਹ ''ਨਿਤ ਰਵੈ ਸੋਹਾਗਣੀ' ਬਣ ਜਾਂਦੀ ਹੈ। ਸ਼ਿੰਗਾਰ ਤਾਂ ਸਭੇ ਇਸਤ੍ਰੀਆਂ ਕਰਦੀਆਂ ਹਨ ਪਰ ਸੂਹਾ ਵੇਸ ਬੇਅਰਥ ਜਾਂਦਾ ਹੈ। ਪ੍ਰੇਮ ਪਾਖੰਡ ਰਾਹੀਂ ਪ੍ਰਾਪਤ ਨਹੀਂ ਹੁੰਦਾ। ਉਹ ਇਸਤ੍ਰੀ ਕਦੀ ਵੀ ਨਹੀਂ ਵਿਛੜਦੀ ਜੋ ਇਕ ਵਾਰ ਮਜੀਠ ਰੰਗ ਵਿਚ ਰੰਗੀ ਜਾਂਦੀ ਹੈ। ਸੁਹਾਗਣ ਤਾਂ ਗੁਰੂ ਦੇ ਸ਼ਬਦ ਨਾਲ ਸ਼ਿੰਗਾਰੀ ਹੁੰਦੀ ਹੈ। ਉਸ ਦਾ ਮਨ ਤਨ ਪ੍ਰਭੂ ਨੂੰ ਅਰਪਨ ਹੁੰਦਾ ਹੈ। ਜਿਨ੍ਹਾਂ ਉਪਰ ਕੰਤਿ ਦੀ ਨਦਰਿ ਨਹੀਂ, ਉਨ੍ਹਾਂ ਦਾ ਜੋਬਨ ਵਿਅਰਥ ਹੈ ਅਤੇ ਇਹ ਜੋਬਨ ਮਾਇਆ ਵਿਚ ਖੁਰ ਮਿੱਟ ਜਾਂਦਾ ਹੈ। ਨਾਨਕ ਬਾਣੀ ਇਨ੍ਹਾਂ ਵਿਚਾਰਾਂ ਨੂੰ ਇਸ ਤਰ੍ਹਾਂ ਪ੍ਰਗਟਾਉਂਦੀ ਹੈ:—

— ਸਭੇ ਕੰਤ ਮਹੇਲੀਆ, ਸਗਲੀਆ ਕਰਹਿ ਸੀਗਾਰੁ।
ਗਣਤ ਗਣਾਵਣਿ ਆਈਆ, ਸੂਹਾ ਵੇਸੁ ਵਿਕਾਰੁ।
ਪਾਖੰਡਿ ਪ੍ਰੇਮੁ ਨ ਪਾਈਐ, ਖੋਟਾ ਪਾਜੁ ਖੁਆਰੁ।1।
ਹਰਿ ਜੀਉ ਇਉ ਪਿਰੁ ਰਾਵੈ ਨਾਰਿ।
ਤੁਧੁ ਭਾਵਨਿ ਸੋਹਾਗਣੀ
ਆਪਣੀ ਕਿਰਪਾ ਲੈਹਿ ਸਵਾਰਿ।1।ਰਹਾਉ।
ਗੁਰਸਬਦੀ ਸੀਗਾਰੀਆ, ਤਨੁ ਮਨੁ ਪਿਰ ਕੇ ਪਾਸਿ।
ਦੁਇ ਕਰ ਜੋੜਿ ਖੜੀ ਤਕੈ, ਸਚੁ ਕਹੈ ਅਰਦਾਸਿ।

ਲਾਲਿ ਰਤੀ ਸਚ ਭੈ ਵਸੀ, ਭਾਇ ਰਤੀ ਰੰਗਿ ਰਾਸਿ।2।[37]

— ਨਿਸਿ ਅੰਧਿਆਰੀ ਸੁਤੀਏ, ਕਿਉ ਪਿਰ ਬਿਨੁ ਰੈਣਿ ਵਿਹਾਇ।
ਅੰਕੁ ਜਲਉ ਤਨੁ ਜਾਲੀਅਉ, ਮਨੁ ਧਨੁ ਜਲਿਬਲਿ ਜਾਇ।
ਜਾ ਧਨ ਕੰਤਿ ਨ ਰਾਵੀਆ, ਤਾਂ ਬਿਰਥਾ ਜੋਬਨੁ ਜਾਇ।7।
ਸੇਜੈ ਕੰਤ ਮਹੇਲੜੀ, ਸੂਤੀ ਬੂਝ ਨ ਪਾਇ।
ਹਉ ਸੁਤੀ, ਪਿਰੁ ਜਾਗਣਾ, ਕਿਸ ਕਉ ਪੂਛਹੁ ਜਾਇ।
ਸਤਿਗੁਰਿ ਮੇਲੀ, ਭੈ ਵਸੀ, ਨਾਨਕ ਪ੍ਰੇਮੁ ਸਖਾਇ।8।[38]

ਨਾਨਕ ਬਾਣੀ ਵਿਚ ਬਿਰਹਣ ਆਪਣੀਆਂ ਸਖੀਆਂ ਨੂੰ ਪ੍ਰੇਰਦੀ ਹੈ ਕਿ ਉਸਦਾ ਪਿਰੁ ਵਣਜਾਰਾ ਰਾਮ ਹੈ। ਉਹ ਕਰਣ ਕਾਰਣ ਸਮਰੱਥ ਹੈ। ਅਜਿਹੇ ਪ੍ਰਭੂ ਪ੍ਰੀਤਮ ਨੂੰ ਮਨਿ ਤਨਿ ਅਰਪਣ ਕਰਕੇ ਪ੍ਰਾਪਤ ਕੀਤਾ ਹੈ। ਉਸ ਦੀ ਕਿਰਪਾ ਨਾਲ ਉਹ ਸੁਹਾਗਣ ਬਣੀ ਹੈ। ਪ੍ਰਭੂ ਆਨੰਦ ਦਾ ਸੋਮਾ ਵੀ ਅਤੇ ਕਿਰਪਾ ਨਿਧਾਨ ਵੀ ਹੈ। ਜੋ ਜੀਵ ਇਸਤ੍ਰੀ ਪ੍ਰਭੂ ਪ੍ਰੇਮ ਵਿਚ ਮਸਤ ਹੈ, ਉਹ ਕੇਵਲ ਨਾਮ ਮੰਗਦੀ ਹੈ ਤੇ ਨਾਮ ਵਿਚ ਸੁਖੀ ਵਸਦੀ ਹੈ। ਪ੍ਰਭੂ ਦੀ ਇਕ ਨਜ਼ਰ ਨਾਲ ਜੀਵ ਇਸਤ੍ਰੀ ਭਾਗਾਂ ਵਾਲੀ ਹੋ ਜਾਂਦੀ ਹੈ। ਮਨ ਤਨ ਦਾ ਬ੍ਰਿਹਾ ਮਿਲਾਪ ਵਿਚ ਬਦਲ ਜਾਂਦਾ ਹੈ। ਸੁਹਾਗਣ ਦੀ ਰਸਨਾ ਪਿਆਰੇ ਪਿਆਰੇ ਸ਼ਬਦਾਂ ਨਾਲ ਯਾਦ ਕਰਦੀ ਹੈ। ਜੀਵ ਇਸਤ੍ਰੀਆਂ ਜਦੋਂ ਚੇਤਨਾ ਦੀ ਅਵਸਥਾ ਵਿਚ ਆਉਂਦੀਆਂ ਹਨ ਤਾਂ ਉਨ੍ਹਾਂ ਦੇ ਔਗੁਣ ਵੀ ਗੁਣ ਬਣ ਜਾਂਦੇ ਹਨ। ਹਿਰਦਿਆਂ ਵਿਚ ਗੀਤ ਅਨਹਦ ਨਾਦ ਬਣ ਜਾਂਦਾ ਹੈ। ਇਸ ਅਵਸਥਾ ਨੂੰ ਗੁਰੂ ਨਾਨਕ ਇੰਜ ਦਰਸਾਉਂਦੇ ਹਨ:—

— ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ।
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ।
ਧਨ ਪਿਰਹਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ।
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ।
ਕਰਿ ਦਇਆ ਮਇਆ ਦਇਆਲ

ਸਾਚੇ ਸਬਦਿ ਮਿਲਿ ਗੁਣ ਗਾਵਓ।
ਨਾਨਕਾ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ।1।[39]

— ਸਖੀਹੋ ਸਹੇਲੀੜੀਹੋ ਮੇਰਾ ਪਿਰੁ ਵਣਜਾਰਾ ਰਾਮ।
ਹਰਿਨਾਮੋ ਵਣੰਜੜਿਆ ਰਸਿ ਮੋਲਿ ਅਪਾਰਾ ਰਾਮ।
ਮੋਲਿ ਅਮੋਲੋ ਸਚ ਘਰਿ ਢੋਲੋ ਪ੍ਰਭ ਭਾਵੈ ਤਾ ਮੁੰਧ ਭਲੀ।
ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ
ਕਰਣ ਕਾਰਣ ਸਮਰਥ ਸ੍ਰੀਧਰ ਆਪਿ ਕਾਰਜੁ ਸਾਰਏ।
ਨਾਨਕ ਨਦਰੀ ਧਨ ਸੋਹਾਗਣਿ ਸਬਦੁ ਅਭ ਸਾਧਾਰਏ।3।[40]

ਗੁਰੂ ਨਾਨਕ ਦੇਵ ਆਪਣੀ ਬਾਣੀ ਵਿਚ ਇਹ ਮੂਲ ਤੱਤ ਉਸਾਰਦੇ ਹਨ ਕਿ ਬ੍ਰਿਹਾ ਸੰਵੇਦਨਾ ਉਦੋਂ ਤਿੱਖੀ ਹੁੰਦੀ ਹੈ ਜਦੋਂ ਜੀਵ ਅੰਦਰ ਵਿਛੜੇ ਹੋਣ ਦੀ ਚੇਤਨਾ ਆਉਂਦੀ ਹੈ। ਗੁਰੂ ਨਾਨਕ ਤਾਂ ਮਨੁੱਖ ਸੰਬੋਧਨ ਹੁੰਦੇ ਹਨ ਕਿ ਮਨ ਜੋਤਿ ਸਰੂਪ ਹੈ, ਉਸ ਨੂੰ ਆਪਣਾ ਮੂਲ ਪਛਾਣਨਾ ਚਾਹੀਦਾ ਹੈ। ਮਾਇਆ ਵਿਚ ਲੀਨ ਬੰਦਾ ਆਪਣੀ ਅਸਲ ਪਛਾਣ ਭੁਲਾ ਕੇ ਮੋਹ ਮਾਇਆ ਵਿਚ ਗਰਕ ਹੋ ਜਾਂਦਾ ਹੈ। ਇਹ ਗਰਕ ਹੋ ਜਾਣਾ ਪ੍ਰਭੂ ਤੋਂ ਦੂਰ ਹੋ ਜਾਣਾ ਹੈ। ਮਨੁੱਖ ਅੰਦਰੋਂ ਜਦੋਂ ਵਿਛੜੇ ਹੋਣ ਦੀ ਚੇਤਨਾ ਜਾਗਦੀ ਹੈ ਤਾਂ ਉਸ ਲਈ ਮਿਲਾਪ ਬਿਨਾਂ ਇਕ ਘੜੀ ਵੀ ਕਲਯੁਗ ਹੋ ਜਾਂਦੀ ਹੈ। ਇਸ ਚੇਤਨਾ ਵਿਚੋਂ ਹੀ ਬ੍ਰਿਹਾ ਦੀ ਵੇਦਨਾ ਉਦੈ ਹੁੰਦੀ ਹੈ। ਇਹ ਚੇਤਨਾ ਜਿਵੇਂ ਜਿਵੇਂ ਪ੍ਰਬਲ ਹੁੰਦੀ ਜਾਂਦੀ ਹੈ, ਬ੍ਰਿਹਾ ਦੀ ਹੂਕ ਤਿੱਖੀ ਹੁੰਦੀ ਜਾਂਦੀ ਹੈ। ਬ੍ਰਿਹਾ ਦੁੱਖ ਦਾ ਕਾਰਣ ਵੀ ਹੈ ਅਤੇ ਮਿਲਾਪ ਦਾ ਪ੍ਰਤੀਕ ਵੀ ਹੈ। ਨਾਨਕ ਬਾਣੀ ਇਸੇ ਆਤਮ ਪਛਾਣ ਨੂੰ ਘਰਿ ਮਹਿ ਮਹਲੁ ਸੁਥਾਇ ਮੰਨਦੀ ਹੈ:—

ਜਿਨੀ ਆਪੁ ਪਛਾਣਿਆ, ਘਰ ਮਹਿ ਮਹਲ ਸੁਥਾਇ।
ਸਚੇ ਸੇਤੀ ਰਤਿਆ, ਸਚੋ ਪਲੈ ਪਾਇ।
ਤ੍ਰਿਭਵਣਿ ਸੋ ਪ੍ਰਭੁ ਜਾਣੀਐ, ਸਾਚੋ ਸਾਚੈ ਨਾਇ।5।
ਸਾਧਨ ਖਰੀ ਸੁਹਾਵਣੀ, ਜਿਨਿ ਪਿਰੁ ਜਾਤਾ ਸੰਗਿ।

ਮਹਲੀ ਮਹਲਿ ਬੁਲਾਈਐ, ਸੋ ਪਿਰੁ ਰਾਵੇ ਰੰਗਿ।

ਸਚਿ ਸੁਹਾਗਣਿ ਸਾ ਭਲੀ, ਪਿਰਿ ਮੋਹੀ ਗੁਣ ਸੰਗਿ।6।[41]

ਸਪੱਸ਼ਟ ਸੰਕੇਤ ਹੈ ਕਿ 'ਮਿਲਿਆ ਹੋਇ ਨ ਵਿਛੁੜੇ, ਜਿਸ ਅੰਤਰਿ ਜੋਤਿ ਅਪਾਰ।।'' ਮਨੁੱਖ ਨੂੰ ਜਦੋਂ ਆਪਣੇ ਪਿੰਡੇ ਵਿਚੋਂ ਰੱਬੀ ਜੋਤਿ ਦਿਖਾਈ ਦਿੰਦੀ ਹੈ ਤਾਂ ਉਹ ਇਸ ਜੋਤਿ ਨੂੰ ਗਿਆਨ ਰਾਹੀਂ ਸਮਝਣ ਦਾ ਜਤਨ ਕਰਦਾ ਹੈ। ਗਿਆਨ ਵਿਛੜੇ ਹੋਏ ਜਗਿਆਸੂ ਨੂੰ ਪੂਰੇ ਬ੍ਰਹਿਮੰਡ ਵਿਚੋਂ ਪ੍ਰਭੂ ਦਾ ਜਲੌ ਦਿਖਾਉਂਦਾ ਹੈ। ਇਹੀ ਰਹੱਸ ਹੈ ਕਿ ਜੀਵ ਅੰਦਰ ਮਿਲਾਪ ਦੀ ਚਿਣਗ ਪੈਦਾ ਹੋ ਜਾਂਦੀ ਹੈ। ਇਹ ਚੇਤਨਾ ਪ੍ਰਬਲ ਹੋ ਜਾਂਦੀ ਹੈ ਕਿ ''ਸਹਿਜੇ ਹੋਇ ਮਿਲਾਵੜਾ, ਸਾਚੇ ਸਾਚੁ ਮਿਲਾਉ।'' ਬ੍ਰਿਹਾ ਅੰਦਰੋਂ ਮਿਲਾਪ ਵਿਚ ਬਦਲ ਜਾਂਦਾ ਹੈ ਜਦੋਂ ਪ੍ਰਭੂ ਨੂੰ ਜਗਿਆਸੂ ਦੀ ਭਾਵਨਾ ਦਾ ਪਤਾ ਲਗਦਾ ਹੈ। ਇਹੀ ਬ੍ਰਿਹਾ ਮਿਲਾਪ ਦਾ ਬਿੰਦੂ ਸਿਰਜਦਾ ਹੈ। ਇਹੀ ਉਚੇਰੀ ਅਵਸਥਾ ਹੈ। ਇਹੀ ਜੀਵ-ਮੁਕਤੀ ਹੈ।

—0—

# ਹਵਾਲੇ ਅਤੇ ਟਿੱਪਣੀਆਂ


1. ਡਾ. ਜਸਪਾਲ ਕੌਰ ਕਾਂਗ, ਬਾਣੀ ਸੰਵੇਦਨਾ, ਪੰਨੇ-13-14.
2. -ਉਹੀ-, ਪੰਨਾ-17.
3. -ਉਹੀ-, ਪੰਨੇ-42-43.
4. -ਉਹੀ-, ਪੰਨਾ-47.
5. -ਉਹੀ-, ਪੰਨਾ-58-59.
6. -ਉਹੀ-, ਪੰਨਾ-55-56.
7. -ਉਹੀ-, ਪੰਨਾ-56.
8. -ਉਹੀ-, ਪੰਨਾ-57.
9. -ਉਹੀ-, ਪੰਨਾ-45-46.
10. -ਉਹੀ-, ਪੰਨਾ-31.
11. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ, ਬਹੁ ਪੱਖੀ ਵਿਚਾਰ, ਪੰਨਾ-60.
12. -ਉਹੀ-, ਪੰਨਾ-61.
13. -ਉਹੀ-, ਪੰਨਾ-62-63.
14. -ਉਹੀ-, ਪੰਨਾ-64.
15. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ-154.
16. -ਉਹੀ-, ਪੰਨਾ-155-156.
17. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ, ਬਹੁ ਪੱਖੀ ਵਿਚਾਰ, ਪੰਨਾ-65.
18. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ-174-175.
19. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ, ਬਹੁ ਪੱਖੀ ਵਿਚਾਰ, ਪੰਨਾ-66-67.
20. ਡਾ. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ-1), ਪੰਨੇ-661-662.

21. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ, ਬਹੁ ਪੱਖੀ ਵਿਚਾਰ, ਪੰਨਾ-68.
22. -ਉਹੀ-, ਪੰਨਾ-71.
23. ਡਾ. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ-1), ਪੰਨੇ-382.
24. -ਉਹੀ-, ਪੰਨਾ-282.
25. -ਉਹੀ-, ਪੰਨਾ-155.
26. -ਉਹੀ-, ਪੰਨੇ-167-168.
27. -ਉਹੀ-, ਪੰਨਾ-174.
28. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ, ਬਹੁ ਪੱਖੀ ਵਿਚਾਰ, ਪੰਨਾ-82.
29. -ਉਹੀ-, ਪੰਨਾ-75.
30. -ਉਹੀ-, ਪੰਨਾ-72.
31. -ਉਹੀ-, ਪੰਨਾ-73.
32. ਹਰਬੰਸ ਸਿੰਘ, ਗੁਰੂ ਨਾਨਕ ਦੇਵ ਦੀ ਕਾਵਿ-ਕਲਾ, ਪੰਨਾ-145.
33. ਡਾ. ਤਾਰਨ ਸਿੰਘ, ਗੁਰੂ ਨਾਨਕ ਬਾਣੀ ਪ੍ਰਕਾਸ਼ (ਭਾਗ-1), ਪੰਨਾ-748.
34. -ਉਹੀ-, ਪੰਨਾ-749.
35. ਕਰਤਾਰ ਸਿੰਘ ਦੁੱਗਲ, ਅੰਮ੍ਰਿਤ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਵਿਚੋਂ ਚੋਣ), ਪੰਨਾ-56.
36. -ਉਹੀ-, ਪੰਨਾ-758.
37. -ਉਹੀ-, ਪੰਨਾ-145.
38. -ਉਹੀ-, ਪੰਨਾ-146.
39. -ਉਹੀ-, ਪੰਨਾ-528.
40. -ਉਹੀ-, ਪੰਨਾ-528-529.
41. -ਉਹੀ-, ਪੰਨਾ-159.

# ਅਧਿਆਇ ਚੌਥਾ

# ਗੁਰੂ ਅਰਜਨ ਬਾਣੀ ਦੀ ਬ੍ਰਿਹਾ ਸੰਵੇਦਨਾ

# ਗੁਰੂ ਅਰਜਨ ਬਾਣੀ ਦੀ ਬ੍ਰਿਹਾ ਸੰਵੇਦਨਾ

ਆਪਣੇ ਸ਼ੋਧ ਕਾਰਜ ਦੇ ਚੌਥੇ ਅਧਿਆਇ 'ਗੁਰੂ ਅਰਜਨ ਬਾਣੀ ਦੀ ਬ੍ਰਿਹਾ ਸੰਵੇਦਨਾ' ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੀ ਬ੍ਰਿਹਾ ਸੰਵੇਦਨਾ ਉਪਰ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਅਸੀਂ ਪਿੱਠਭੂਮੀ ਵਿਚ ਗੁਰੂ ਸਾਹਿਬ ਦੀ ਅਲੌਕਿਕ ਸ਼ਖਸੀਅਤ ਅਤੇ ਇਤਿਹਾਸਕ ਕਰਮਭੂਮੀ ਨੂੰ ਵਿਚਾਰਨ ਦਾ ਜਤਨ ਕਰਾਂਗੇ ਤਾਂ ਜੋ ਬ੍ਰਿਹਾ ਸੰਵੇਦਨਾ ਦੀ ਤੜਪ ਅਤੇ ਤਿੱਖੀ ਹੂਕ ਨੂੰ ਪਛਾਣਿਆ ਜਾ ਸਕੇ। ਇਹ ਤੱਥ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਵਿਅਕਤਿਤ੍ਵ ਅਤੇ ਬਾਣੀ ਵਿਭਿੰਨ ਪ੍ਰਸੰਗਾਂ ਵਿਚ ਨਿਵੇਕਲਾ ਅਤੇ ਪਾਰਗਾਮੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਅਸੀਂ ਇਸ ਵਿਚਾਰ ਚਰਚਾ ਨੂੰ ਅਧਿਆਇ ਦੇ ਆਰੰਭ ਵਿਚ ਹੀ ਪ੍ਰਸਤੁਤ ਕੀਤਾ ਹੈ।

ਸਿੱਖ ਧਰਮ ਅਤੇ ਬਾਣੀ ਚਿੰਤਨ ਵਿਚ ਗੁਰੂ ਅਰਜਨ ਦੇਵ ਜੀ ਦੀ ਇਤਿਹਾਸਕ ਭੂਮਿਕਾ ਬੜੀ ਮੁੱਲਵਾਨ ਹੈ। ਉਹ ਨਾਨਕ-ਗੁਰਗੱਦੀ ਦੇ ਪੰਜਵੇਂ ਗੁਰੂ ਸਨ ਜਿਨ੍ਹਾਂ ਨੇ ਬਾਣੀ ਦਾ ਸੰਕਲਨ ਕਰਕੇ ਪੋਥੀ ਨੂੰ ਪਰਮੇਸਰ ਦਾ ਥਾਨ ਬਣਾਇਆ। ਉਨ੍ਹਾਂ ਦੀ ਪ੍ਰਤਿਭਾ ਦੇ ਅਨੇਕ ਪਾਸਾਰ ਹਨ। ਸ਼ਬਦ ਚੇਤਨਾ ਤੋਂ ਲੈ ਕੇ ਨਗਰ ਚੇਤਨਾ ਤਕ ਉਨ੍ਹਾਂ ਦੀ ਦੈਵੀ ਯਾਤਰਾ ਪਸਰੀ ਹੋਈ ਹੈ। ਉਨ੍ਹਾਂ ਦੀ ਸ਼ਹਾਦਤ ਵੀ ਇਤਿਹਾਸ ਵਿਚ ਅਜਿਹੀ ਕੁਰਬਾਨੀ ਸੀ ਜਿਸ ਨੇ ਗੁਰਮਤਿ ਵਿਚਾਰਧਾਰਾ ਦੀ ਸ਼ਕਤੀ ਦਾ ਮਾਨਵੀ ਬਿੰਬ ਉਸਾਰਿਆ ਹੈ। ਉਹ ਨਿਮਰਤਾ ਦੇ ਪੁੰਜ, ਰੱਬੀ ਜੋਤਿ ਵਿਚ ਲੀਨ, ਨਿਰਭਉ ਅਤੇ ਨਿਰਵੈਰ ਸਨ। ਉਹ ਨਾ ਤਾਂ ਜਹਾਂਗੀਰੀ ਸ਼ਕਤੀ ਤੋਂ ਡਰੇ ਅਤੇ ਨਾ ਹੀ ਅਮਾਨਵੀ ਸ਼ਕਤੀਆਂ ਨਾਲ ਸਮਝੌਤਾ ਕੀਤਾ। ਉਨ੍ਹਾਂ ਦੀ ਮਹਾਨ ਸ਼ਹਾਦਤ ਇਸੇ ਨਿਰਭਉ ਅਤੇ ਨਿਰਵੈਰ ਹੋਣ ਦਾ ਬਿੰਬ ਹੈ। ਡਾ. ਗੁਰਸ਼ਰਨ ਕੌਰ ਜੱਗੀ ਇਸ ਗੁਰੂ ਦੀ ਮਹਾਨ ਸ਼ਖਸੀਅਤ ਅਤੇ ਵਿਅਕਤਿਤਵ ਬਾਰੇ ਲਿਖਦੇ ਹਨ ਕਿ, "ਗੁਰੂ ਅਰਜਨ ਦੇਵ ਦਾ ਵਿਅਕਤਿਤਵ ਮਹਾਨ ਲੋਕ-ਨਾਇਕ ਵਾਲਾ ਸੀ। ਲੋਕ

ਨਾਇਕ ਦੇ ਮਨ ਵਿਚ ਕਿਸੇ ਪ੍ਰਤਿ ਵੈਰ ਦੀ ਭਾਵਨਾ, ਕਿਸੇ ਤੋਂ ਭੈਭੀਤ ਹੋਣ ਦੀ ਚਿੰਤਾ ਨਹੀਂ ਹੁੰਦੀ, ਉਹ ਨਿਮਰਤਾ ਨੂੰ ਆਧਾਰ ਬਣਾ ਕੇ ਚਲਦਾ ਹੈ, ਲੋਕ ਕਲਿਆਣ ਵਿਚ ਸਦਾ ਲੀਨ ਰਹਿੰਦਾ ਹੈ ਅਤੇ ਸਰਬ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਗੁਰੂ ਅਰਜਨ ਦੇਵ ਦੇ ਜੀਵਨ-ਚਰਿਤ੍ਰ ਤੋਂ ਇਹ ਸਾਰੇ ਗੁਣ ਉਘੜਦੇ ਹਨ। ਉਹ ਮਹਾਨ ਤਪੱਸਵੀ, ਨਿਰਭੀਕ, ਨਿਰਵੈਰ, ਰਹੱਸਵਾਦੀ ਸਾਧਕ ਅਤੇ ਲੋਕ-ਕਲਿਆਣ ਵਿਚ ਲੀਨ ਮਹਾਪੁਰਸ਼ ਸਨ। ਉਨ੍ਹਾਂ ਨੇ ਲੋਕ-ਕਲਿਆਣ ਲਈ ਨਗਰ ਵਸਾਏ, ਸਰੋਵਰ ਬਣਵਾਏ ਤੇ ਬਾਗ ਲਗਵਾਏ, ਅਧਿਆਤਮਿਕ ਚਿੰਤਨ ਲਈ ਹਰਿਮੰਦਰ ਕਾਇਮ ਕੀਤੇ। ਵਿਚਾਰਧਾਰਾਵਾਂ ਵਿਚ ਸਮਤਾ ਲਿਆਉਣ ਲਈ ਅਤੇ ਉਸ ਵਕਤ ਦੇ ਸਾਰੇ ਨਿਰਗੁਣਵਾਦੀ ਕਾਵਿ ਨੂੰ ਇਕ ਥਾਂ ਸੰਕਲਿਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਮਹਾਂ-ਬਲੀਦਾਨ ਦੇ ਕੇ ਉਨ੍ਹਾਂ ਦੇ ਆਪਣੇ ਮੰਤਵ ਦੀ ਪੂਰਤੀ ਲਈ ਆਪਾ ਨਿਛਾਵਰ ਕਰਨ ਦੀ ਲੀਹ ਪਾਈ। ਸਚਮੁਚ ਉਹ ਸਾਂਝੀਵਾਲਤਾ ਦੇ ਝੰਡਾਬਰਦਾਰ ਸਨ।''[1] ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਸੰਗੀਤ-ਬੋਧ ਅਤੇ ਧਰਮ ਭਾਵਨਾ ਦੀ ਪ੍ਰਤੀਕ ਹੈ। ਇਹ ਮਹਾਨ ਗੁਰੂ ਰੂਪ ਬਾਣੀ ਦਾ ਅਮਰ ਗ੍ਰੰਥ ਭਾਰਤ ਦੀ ਰਾਸ਼ਟਰੀਅਤਾ ਦਾ ਪਛਾਣ ਚਿੰਨ੍ਹ ਹੈ। ਉਹ ਗੰਭੀਰ ਵਿਦਵਾਨ, ਕਲਮਕਾਰੀ, ਬਾਣੀ ਦੇ ਬੋਹਿਥਾ ਅਤੇ ਸੰਗੀਤਕਾਰ ਸਨ। ਉਨ੍ਹਾਂ ਦੀ ਪ੍ਰਤਿਭਾ ਦਾ ਨਿਰਾਲਾ ਅਤੇ ਨਿਆਰਾ ਰੂਪ ਗੁਰਮਤਿ ਵਿਚਾਰਧਾਰਾ ਵਿਚ ਨਿਖਾਰ ਲਿਆਉਣ ਵਾਲਾ ਹੈ। ਭਾਈ ਗੁਰਦਾਸ ਜੀ ਜਿਨ੍ਹਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਅਲੌਕਿਕ ਸੰਗਤ ਦਾ ਰਸ ਪ੍ਰਾਪਤ ਸੀ, ਉਹ ਗੁਰੂ ਅਰਜਨ ਜੀ ਬਾਰੇ ਆਪਣੀਆਂ ਵਾਰਾਂ ਵਿਚ ਲਿਖਦੇ ਹਨ:—

— ਪਿਉ ਦਾਦਾ ਪੜਦਾਦਿਅਹੁ ਕੁਲ ਦੀਪਕੁ ਅਜਰਾਵਰ ਨਤਾ।
ਤਖਤੁ ਬਖਤੁ ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ।
ਗੁਰਬਾਣੀ ਭੰਡਾਰਿ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ।

ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜੁ ਸਹਤਾ।
ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣ ਮਹਤਾ।
ਅਬਚਲੁ ਰਾਜੁ ਹੋਆ ਸਣਖਤਾ।।19।।[2]

— ਅਲਖ ਨਿਰੰਜਨੁ ਆਖੀਐ ਅਕਲ ਅਜੋਨਿ ਅਕਾਲ ਅਪਾਰਾ।
ਰਵਿ ਸਸਿ ਜੋਤਿ ਉਦੋਤ ਲੰਘਿ ਪਰਮ ਜੋਤਿ ਪਰਮੇਸਰੁ ਪਿਆਰਾ।
ਜਗ ਮਗ ਜੋਤਿ ਨਿਰੰਤਰੀ ਜਗ ਜੀਵਨ ਜਗ ਜੈ ਜੈ ਕਾਰਾ।
ਨਮਸਕਾਰ ਸੰਸਾਰ ਵਿਚਿ ਆਦਿ ਪੁਰਖ ਆਦੇਸੁ ਉਧਾਰਾ।
ਚਾਰਿ ਵਰਨ ਛਿਅ ਦਰਸਨਾ ਗੁਰਮੁਖਿ ਮਾਰਗਿ ਸਚੁ ਅਦਾਰਾ।
ਨਾਮੁ ਦਾਨੁ ਇਸਨਾਨੁ ਦਿੜਿ ਗੁਰਮੁਖਿ ਭਾਇ ਭਗਤਿ ਨਿਸਤਾਰਾ
ਗੁਰੂ ਅਰਜਣੁ ਸਚੁ ਸਿਰਜਣਹਾਰਾ।।18।।[3]

ਇਨ੍ਹਾਂ ਹਵਾਲਿਆਂ ਵਿਚੋਂ ਗੁਰੂ ਅਰਜਨ ਦੇਵ ਜੀ ਦੀ ਇਲਾਹੀ ਜੋਤਿ ਦਾ ਬਿੰਬ ਉਭਰਦਾ ਹੈ। ਉਹ ਨਿਰਸੰਦੇਹ ਸੱਚੇ ਸਿਰਜਣਹਾਰ ਸਨ। ਪਰਮ-ਜੋਤਿ ਉਨ੍ਹਾਂ ਦੀ ਸ਼ਬਦ-ਚੇਤਨਾ ਨੂੰ ਗਹਿਰਾਈ ਦੇਣ ਵਾਲੀ ਸ਼ਕਤੀ ਸੀ। ਉਨ੍ਹਾਂ ਦੇ ਦਰਸ਼ਨ ਵਿਚਾਰਾਂ ਦੀ ਚਿਣਗ ਸਨ। ਗੁਰਮੁਖ ਪੰਥ ਦੇ ਉਹ ਪ੍ਰਵਰਤਕ ਸਨ। ਆਪਣੀ ਕੁਲ ਦੇ ਚਿਰਾਗ, ਸ਼ਬਦ-ਸੁਰਤਿ ਦੇ ਪਤਵੰਤੇ, ਗੁਰਬਾਣੀ ਭੰਡਾਰ ਦੇ ਮਾਲਕ ਅਤੇ ਕੀਰਤਨ ਦੇ ਮਹਾਨ ਗਿਆਨੀ ਸਨ। ਉਨ੍ਹਾਂ ਦੀ ਇਕ ਪ੍ਰਾਪਤੀ ਵੱਲ ਭਾਈ ਸਾਹਿਬ ਸੰਕੇਤ ਕਰਦੇ ਹਨ ਕਿ, ''ਚਾਰੇ ਚੱਕ ਨਿਵਾਇਓਨੁ ਸਿੱਖ ਸੰਗਤਿ ਆਵੇ।'' ਮਾਇਆ ਵਿਚ ਉਪਰਾਮ ਰਹਿਣ ਦਾ ਜੀਵੰਤ ਮਾਡਲ ਸਨ। ਹਰਖ, ਸੋਗ, ਦੁੱਖ ਦਰਦ ਤੋਂ ਪਾਰ ਉਹ ਬ੍ਰਹਮ ਗਿਆਨੀ ਸਨ। ਰਸਾਂ ਕਸਾਂ ਰੂਪ ਰੰਗਾਂ ਦੀ ਆਕਰਸ਼ਣ ਤੋਂ ਨਿਰਲੇਪ ਨਿਰਮਲ ਬੁਧਿ-ਵਿਵੇਕ ਵਾਲੇ ਸਨ। ਡਾ. ਜੋਧ ਸਿੰਘ ਗੁਰੂ ਅਰਜਨ ਦੇਵ ਦੀਆਂ ਵਡਿਆਈਆਂ ਦੀ ਰੇਖਾਕਾਰੀ ਕਰਦੇ ਹੋਏ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਸਰਬਤ ਦੇ ਭਲੇ ਅਤੇ ਨਾ ਕੋਈ ਵੈਰੀ ਨਾਹਿ ਬੇਗਾਨਾ ਦੇ ਸਿਧਾਂਤ ਅਨੁਸਾਰ ਮਾਰਗ ਦਰਸ਼ਨ ਕਰਦੇ ਰਹੇ। ਹਰਿਮੰਦਰ ਸਾਹਿਬ ਦੀ ਉਸਾਰੀ ਵਿਚੋਂ ਉਨ੍ਹਾਂ ਦੀ ਦਰਗਾਹੀ

ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਡਾਕਟਰ ਸਾਹਿਬ ਦੇ ਸ਼ਬਦਾਂ ਵਿਚ, ''ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੇ 'ਸਰਬਤ ਦੇ ਭਲੇ' ਅਤੇ 'ਨਾ ਕੋ ਬੈਰੀ ਨਾਹਿ ਬੇਗਾਨਾ ਸਗਲ ਸੰਗ ਹਮ ਕੋ ਬਨਿ ਆਈ' ਦੇ ਸਿਧਾਂਤ ਨੂੰ ਧਿਆਨ ਵਿਚ ਰੱਖ ਕੇ ਅਤੇ ਸਾਰੀ ਲੋਕਾਈ ਨੂੰ ਪਰਮਾਤਮਾ ਦੀ ਸੰਤਾਨ ਮੰਨਦੇ ਹੋਏ ਹਰਿਮੰਦਰ ਸਾਹਿਬ ਦੇ ਚਾਰ ਦਰਵਾਜੇ ਰਖੇ ਅਤੇ ਇਹ ਦਰਵਾਜ਼ੇ ਚਾਰੇ ਦਿਸ਼ਾਵਾਂ ਵੱਲ ਖੁਲ੍ਹਦੇ ਹਨ। ਭਾਰਤ ਦੇ ਸੰਦਰਭ ਵਿਚ ਇਹ ਦਰਵਾਜੇ ਜਿਥੇ ਹਿੰਦੂ ਧਰਮ, ਬੋਧੀ ਧਰਮ, ਇਸਲਾਮ ਅਤੇ ਸਿੱਖ ਧਰਮ ਦੇ ਪੈਰੋਕਾਰਾਂ ਦਾ ਸੁਆਗਤ ਕਰਦੇ ਸਨ ਉਥੇ ਨਾਲ ਹੀ ਨਾਲ ਹਿੰਦੂ ਧਰਮ ਦੇ ਚਾਰੇ ਵਰਣਾਂ- ਬ੍ਰਾਹਮਣ, ਕਸ਼ਤਰੀ, ਵੈਸ ਅਤੇ ਅਖੌਤੀ ਸ਼ੂਦਰਾਂ ਨੂੰ ਵੀ ਹਰਿਮੰਦਰ ਵਿਚ ਪ੍ਰਵੇਸ਼ ਕਰਨ ਦਾ ਅਧਿਕਾਰ ਦਿੰਦੇ ਸਨ। ਇਹ ਹਰਿਮੰਦਰ ਸਰੋਵਰ ਕਮਲ ਫੁੱਲ ਵਾਂਗ ਸਥਿਤ ਹੈ। ਇਸ ਵਿਚ ਪੂਜਾ ਲਈ ਕੋਈ ਬੁੱਤ, ਕੋਈ ਮੂਰਤੀ ਅਥਵਾ ਕੋਈ ਤਸਵੀਰ ਨਹੀਂ ਹੈ; ਇਹ ਤਾਂ ਕੇਵਲ ਪਰਮਾਤਮਾ ਦੀ ਕੀਰਤੀ ਗਾਨ (ਕੀਰਤਨ) ਦਾ ਪਵਿੱਤਰ ਸਥਾਨ ਹੈ ਜੋ ਸ਼ਬਦ ਰੂਪੀ ਬ੍ਰਹਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤਾ ਜਾਂਦਾ ਹੈ।''[4] ਇਸ ਵਿਚਾਰ ਵਿਚੋਂ ਗੁਰੂ ਅਰਜਨ ਦੇਵ ਦੀ ਅਗੰਮੀ ਸੋਚ ਅਤੇ ਸੱਚ ਦਾ ਪ੍ਰਗਟਾਵਾ ਹੁੰਦਾ ਹੈ। ਆਪਣੇ ਲੇਖ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਵਿਚ ਡਾ. ਜੋਧ ਸਿੰਘ ਗੁਰੂ ਅਰਜਨ ਦੇਵ ਜੀ ਦੀ ਸੰਪਾਦਕੀ ਵਿਚੋਂ ਦੈਵੀ ਝਲਕ ਦੇਖਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ, ''ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਦੁਨੀਆਂ ਸਾਹਮਣੇ ਮਿਸਾਲ ਰੱਖੀ ਜਿਸ ਦਾ ਹੋਰ ਪ੍ਰਮਾਣ ਸਾਰੇ ਸੰਸਾਰ ਵਿਚ ਦੂਸਰਾ ਨਹੀਂ ਮਿਲਦਾ। ਭਾਰਤਵਰਸ਼ ਵਿਚ ਮੁਖੀ ਧਰਮਾਂ ਦੇ ਗ੍ਰੰਥਾਂ ਨੂੰ ਦੇਖਣ ਤੋਂ ਬਾਅਦ ਇਹ ਸਪਸ਼ਟ ਹੀ ਨਜ਼ਰ ਆਉਂਦਾ ਹੈ ਕਿ ਸੰਸਕ੍ਰਿਤ ਭਾਸ਼ਾ ਦੇ ਗ੍ਰੰਥਾਂ ਵਿਚ ਅਰਬੀ ਫ਼ਾਰਸੀ ਦੇ ਸੰਕਲਪ ਅਤੇ ਸ਼ਬਦਾਵਲੀ ਨਹੀਂ ਮਿਲਦੀ ਅਤੇ ਇਸੇ ਤਰ੍ਹਾਂ ਅਰਬੀ ਫ਼ਾਰਸੀ ਦੇ ਗ੍ਰੰਥਾਂ ਵਿਚ ਸੰਸਕ੍ਰਿਤ ਦੀ ਸ਼ਬਦਾਵਲੀ ਨੂੰ ਕੋਈ ਥਾਂ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਨੂੰ ਵਰਤਮਾਨ ਵਿਚ ਕੇਵਲ ਸਿੱਖਾਂ ਲਈ ਰਚਿਆ ਗ੍ਰੰਥ ਕਹਿ ਕੇ ਇਸ ਮਹਾਨ ਰਚਨਾ ਦੇ ਉਦੇਸ਼ ਨੂੰ ਸੀਮਿਤ ਕਰਨ

ਦੀਆਂ ਕੋਸ਼ਿਸ਼ਾਂ ਅੰਦਰੋਂ ਅਤੇ ਬਾਹਰੋਂ ਦੋਵੇਂ ਪਾਸਿਆਂ ਤੋਂ ਹੀ ਹੋ ਰਹੀਆਂ ਹਨ। ਇਸ ਮਹਾਨ ਤੱਥ ਨੂੰ ਲੋਕਾਂ ਸਾਹਮਣੇ ਨਹੀਂ ਲਿਆਇਆ ਜਾਂਦਾ ਕਿ ਇਸ ਮਹਾਨ ਗ੍ਰੰਥ ਦੇ ਰਚਨਾਕਾਰਾਂ ਵਿਚੋਂ ਜਿਥੇ 6 ਗੁਰੂ ਸਾਹਿਬਾਨ ਹਨ, ਉਥੇ ਅਖਿਲ ਭਾਰਤੀ ਪੱਧਰ ਤੇ ਲਗਪਗ 30 ਗੈਰ ਸਿੱਖ ਸੰਤ, ਫ਼ਕੀਰ, ਸ਼ੇਖ ਵੀ ਸ਼ਾਮਲ ਹਨ, ਜਿਨ੍ਹਾਂ ਦੀ ਬਾਣੀ ਨੂੰ ਪਰਮ ਸੱਚ ਦਾ ਸੰਵਾਹਕ ਮੰਨਦੇ ਹੋਏ ਗੁਰੂ ਅਰਜਨ ਦੇਵ ਜੀ ਨੇ ਇਸ ਵਿਚ ਸੰਕਲਿਤ ਕੀਤਾ ਹੈ। ਧਰਮ ਨਿਰਪੇਖਤਾ ਦੇ ਨਾਅਰੇ ਨੂੰ ਅਸਮਾਨ ਤਕ ਉਛਾਲਣ ਵਾਲੇ ਵਰਤਮਾਨ ਭਾਰਤੀ ਸਮਾਜਾਂ ਵਿਚੋਂ ਜੇਕਰ ਇਹ ਖੋਜਿਆ ਜਾਵੇ ਕਿ ਕਿਹੜੇ ਭਾਰਤੀ ਧਰਮ ਦੇ ਪੈਰੋਕਾਰ ਅਜਿਹੇ ਹਨ ਜਿਹੜੇ ਆਪਣੇ ਧਰਮ ਗ੍ਰੰਥ ਦੇ ਆਧਾਰ ਤੇ ਅਖੌਤੀ ਨੀਵੀਆਂ ਸ਼੍ਰੇਣੀਆਂ ਦੇ ਸੰਤਾਂ ਭਗਤਾਂ ਅਤੇ ਇਥੋਂ ਤਕ ਕਿ ਮੁਸਲਮਾਨ ਸੰਤਾਂ ਦੀ ਬਾਣੀ ਨੂੰ ਵੀ ਗੁਰੂ ਸਮਾਨ ਆਦਰ ਦਿੰਦੇ ਹਨ, ਉਸ ਦੇ ਅੱਗੇ ਸਿਰ ਝੁਕਾਉਂਦੇ ਹਨ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਾ ਸਿੱਖ ਧਰਮ ਹੀ ਅਜਿਹੀ ਪ੍ਰੀਖਿਆ ਵਿਚ ਨਿਤਰ ਕੇ ਪਾਸ ਹੋ ਸਕੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਵਾਲੇ ਇਹ ਭਲੀ ਭਾਂਤ ਜਾਣਦੇ ਹਨ ਕਿ ਇਸ ਵਿਚ ਇਕ ਪਾਸੇ ਨਾਮਦੇਵ, ਸਧਨਾ, ਬੇਣੀ, ਰਾਮਾਨੰਦ ਅਤੇ ਕਬੀਰ ਆਦਿ ਬਿਰਾਜਮਾਨ ਹਨ ਅਤੇ ਨਾਲ ਹੀ ਨਾਲ ਮਰਦਾਨਾ, ਸ਼ੇਖ ਫਰੀਦ, ਸੇਖ ਭੀਖਨ ਜੀ ਆਦਿ ਮੁਸਲਮਾਨ ਵੀ ਸੁਭਾਇਮਾਨ ਹਨ। ਹਰ ਸਿੱਖ ਜਾਣਦਾ ਹੈ ਕਿ ਸੇਖ ਫਰੀਦ ਅਤੇ ਕਬੀਰ ਜੀ ਦੇ ਸਲੋਕਾਂ ਦਾ ਕੀ ਮਹੱਤਵ ਹੈ। ਭਾਰਤਵਾਸੀ ਪੰਜਾਬ ਦੀ ਇਸ ਅਦੁੱਤੀ ਦੇਣ ਤੇ ਮਾਣ ਕਰ ਸਕਦੇ ਹਨ ਅਤੇ ਸਿੱਖਿਆ ਗ੍ਰਹਿਣ ਕਰ ਸਕਦੇ ਹਨ ਕਿ ਕਿਵੇਂ ਆਪਣਿਆਂ ਤੋਂ ਇਲਾਵਾ ਸਾਈਂ ਮੀਆਂ ਮੀਰ, ਸੱਯਦ ਬਦਰੁਦੀਨ ਸ਼ਾਹ (ਪੀਰ ਬੁੱਧੂ ਸ਼ਾਹ), ਨਬੀ ਖਾਂ, ਗਨੀ ਖਾਂ ਅਤੇ ਫ਼ਕੀਰ ਅਜੀਜ਼ੁਦੀਨ ਨੂੰ ਵੀ ਆਪਣਾ ਬਣਾਇਆ ਜਾ ਸਕਦਾ ਹੈ।''[5]

ਨਿਰਸੰਦੇਹ ਗੁਰੂ ਅਰਜਨ ਦੇਵ ਜੀ ਗੁਰਮੁਤਿ ਵਿਚਾਰਧਾਰਾ ਦੇ ਆਕਰਸ਼ਕ ਬ੍ਰਹਮ ਗਿਆਨੀ ਸਨ। ਗੁਰੂ ਨਾਨਕ ਦੇ 'ਸਗਲ ਜਮਾਤੀ' ਦੇ ਮਾਡਲ ਨੂੰ ਉਨ੍ਹਾਂ ਨੇ ਸਾਕਾਰ ਕਰ ਵਿਖਾਇਆ ਸੀ। ਡਾ. ਮਹਿੰਦਰ ਕੌਰ ਗਿੱਲ ਗੁਰੂ ਅਰਜਨ ਦੇਵ ਜੀ

ਨੂੰ ਗੁਰੂ-ਪੁੱਤਰ ਕਹਿੰਦੇ ਹੋਏ ਉਨ੍ਹਾਂ ਦੀ ਦੈਵੀ ਰੂਹਾਨੀ ਸ਼ਖਸੀਅਤ ਦਾ ਬਿੰਬ ਇਸ ਤਰ੍ਹਾਂ ਉਸਾਰਦੇ ਹਨ, ''ਗੁਰੂ ਅਰਜਨ ਦੇਵ ਗੁਰੂ ਪੁੱਤਰ ਹਨ। ਗੁਰੂ ਪਰੰਪਰਾ ਇਹਨਾਂ ਦੀ ਪਰਿਵਾਰ ਪਰੰਪਰਾ ਹੈ। ਇਹਨਾਂ ਨੇ ਗੁਰਸਿੱਖਾਂ ਦੀ ਆਵਾਜਾਈ ਸਦਾ ਆਪਣੇ ਪਰਿਵਾਰ ਵਿਚ ਵੇਖੀ ਹੈ ਇਸੇ ਕਰਕੇ ਆਪ ''ਜੋ ਦਿਸੈ ਗੁਰ ਸਿਖੜਾ ਤਿਸਿ ਨਿਵਿ ਨਿਵਿ ਲਾਗਾ ਪਾਇ ਜੀਉ'' ਆਦਿ ਨਿੰਮ੍ਰਤਾ ਭਰੇ ਸ਼ਬਦਾਂ ਦਾ ਸਹਿਜ ਉਚਾਰਨ ਕਰ ਸਕੇ। ਇਹਨਾਂ ਦੇ ਨਾਦੀ ਅਤੇ ਬਿੰਦੀ ਜੀਵਨ ਵਿਚਕਾਰ ਕਿਸੇ ਪ੍ਰਕਾਰ ਦਾ ਪਾੜਾ ਨਹੀਂ ਪਾਇਆ ਜਾ ਸਕਦਾ। ਪੰਚਮ ਗੁਰੂ ਦੀ ਪਰਿਵਾਰ-ਪਰੰਪਰਾ ਅਤੇ ਗੁਰੂ ਪਰੰਪਰਾ ਨਾਲ ਸੰਬੰਧਿਤ ਜੀਵਨ ਇਕੋ ਅਨਿਖੜ ਇਕਾਈ ਵਿਚ ਪਰੁਚਾ ਹੋਇਆ ਹੈ। ਪੰਚਮ ਗੁਰੂ ਦੇ ਜੀਵਨ ਅਤੇ ਚਰਿੱਤਰ ਅਰਥਾਤ ਇਹਨਾਂ ਨਾਲ ਜੁੜਿਆ ਹੋਇਆ ਸਥਿਤੀ ਸੱਚ ਅਤੇ ਕ੍ਰਿਤੀ-ਸੱਚ ਇਕੋ ਹੀ ਹੋਂਦ ਦੇ ਦੋ ਪੱਖ ਹਨ। ਪੰਚਮ ਗੁਰੂ ਦੇ ਚਰਿੱਤਰ ਦੇ ਉੱਘੇ ਗੁਣ-ਲੱਛਣ, ਪਰੰਪਰਾ-ਪਾਲਣ, ਸਥਾਪਤੀ ਪ੍ਰਤੀ ਰੁਚੀ, ਲੋਕ-ਸੰਪਰਕੀ ਬਿਰਤੀ ਤੇ ਵੰਨ-ਸੁਵੰਨੇ ਉਸਾਰੀ ਆਦਿ ਗੁਣ ਇਹਨਾਂ ਦੀ ਬਾਣੀ ਵਿਚ ਭਲੀ ਭਾਂਤਿ ਉਜਾਗਰ ਹੁੰਦੇ ਹਨ। ਬਾਣੀ-ਰਚਨਾ ਵਿਚ ਸਥਾਪਤ ਰਚਨਾ-ਸ਼ੈਲੀਆਂ ਦਾ ਨਿਭਾਉ, ਸ੍ਰੋਤਾ ਮੁਖਤਾ ਆਦਿ ਗੁਣ ਇਹਨਾਂ ਦੇ ਇਤਿਹਾਸਕ ਜੀਵਨ ਅਤੇ ਚਰਿੱਤਰ ਦਾ ਹੀ ਸੰਕੇਤ ਹਨ। ਪੰਚਮ ਗੁਰੂ ਦੇ ਰੁਝੇਵਿਆਂ ਦੀ ਵੰਨ-ਸੁਵੰਨਤਾ ਰਚਨਾ ਦੀ ਵੰਨ-ਸੁਵੰਨਤਾ ਵਿਚ ਪ੍ਰਗਟ ਹੋਈ ਹੈ। ਇਸੇ ਤਰ੍ਹਾਂ ਕਾਵਿ ਸ਼ਾਸਤਰ ਦੀਆਂ ਅਨੇਕ ਦ੍ਰਿਸ਼ਟੀਆਂ, ਸੰਗੀਤ ਸ਼ਾਸਤਰ ਦਾ ਅਨੇਕ ਮੁਖ ਗਿਆਨ, ਛੰਦ-ਸ਼ਾਸਤਰ ਦੀ ਸਰਬਾਂਗੀ ਨਿਪੁੰਨਤਾ ਵੀ ਇਸੇ ਕਥਨ ਦੀ ਪੁਸ਼ਟੀ ਕਰਦੀ ਹੈ।''[6]

ਸਪੱਸ਼ਟ ਹੀ ਹੈ ਕਿ ਗੁਰੂ ਅਰਜਨ ਦੇਵ ਜੀ ਪੈਗੰਬਰੀ ਜੀਵਨ ਅਤੇ ਚਰਿੱਤਰ ਗੁਰੂ ਘਰ ਅਤੇ ਗੁਰਮਤਿ ਵਿਚਾਰਧਾਰਾ ਨੂੰ ਬੁਲੰਦੀ ਉਪਰ ਛੂੰਹਣ ਵਾਲਾ ਸੀ। ਡਾ. ਜਸਬੀਰ ਸਿੰਘ ਸਾਬਰ ਗੁਰੂ ਅਰਜਨ ਦੇਵ ਜੀ ਦੀ ਉਸਾਰੀ ਸ਼ਿਲਪ ਕਲਾ ਉਪਰ ਚਰਚਾ ਕਰਦੇ ਹੋਏ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਿਚੋਂ ਗੁਰੂ ਅਰਜਨ ਦੇਵ ਜੀ ਦੇ ਇਸ ਕਾਰਜ ਨੂੰ ਇਤਿਹਾਸਕ ਕਾਰਨਾਮਾ ਮੰਨਦੇ ਹਨ। ਉਨ੍ਹਾਂ ਦੇ ਸ਼ਬਦਾਂ ਵਿਚ,

''ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਤਾਂ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਨ ਸਮੇਂ ਇਸਦੇ ਚਹੁੰ ਪਾਸੀ ਦਰਵਾਜੇ ਰੱਖ ਦਿੱਤੇ। ਇਹ ਚਾਰ ਦਰਵਾਜ਼ੇ ਚਹੁੰ ਵਰਣਾਂ ਦੇ ਮਨੁੱਖਾਂ ਨੂੰ ਚਹੁੰ ਦਿਸ਼ਾਵਾਂ ਤੋਂ ਬਿਨਾਂ ਭਿੰਨ-ਭੇਦ ਹਰ ਪ੍ਰਕਾਰ ਦੇ ਇਕ ਸਮਾਨ ਸਤਿਕਾਰ, ਅਧਿਕਾਰ ਤੇ ਪਿਆਰ ਦੇਣ ਦੇ ਸੂਚਕ ਹਨ। ਇਥੇ ਹੀ ਬਸ ਨਹੀਂ ਗੁਰੂ ਅਰਜਨ ਦੇਵ ਜੀ ਦਾ ਸੰਸਾਰ ਦੇ ਧਾਰਮਿਕ-ਸਾਹਿਤ ਖੇਤਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ-ਕਾਰਜ, ਇਕ ਇਤਿਹਾਸਕ-ਕਾਰਨਾਮਾ ਹੈ। ਸਿੱਖ ਧਰਮ ਦੇ ਇਸ ਪਾਵਨ ਗ੍ਰੰਥ ਵਿਚ ਜਿੱਥੇ ਛੇ ਸਿੱਖ ਗੁਰੂਆਂ ਦੀ ਧੁਰ ਕੀ ਬਾਣੀ ਦਰਜ ਹੈ ਓਥੇ ਨਾਲ ਹੀ ਤੀਹ ਹੋਰ ਗ਼ੈਰ ਸਿੱਖ ਸੰਤ-ਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਸੰਸਾਰ ਦੇ ਕਿਸੇ ਧਾਰਮਿਕ ਗ੍ਰੰਥ ਵਿੱਚੋਂ ਅਜਿਹੀ ਮਿਸਾਲ ਨਹੀਂ ਮਿਲਦੀ। ਇਨ੍ਹਾਂ ਤੀਹ ਗ਼ੈਰ ਸਿੱਖਾਂ ਵਿਚ ਹਿੰਦੂ ਅਤੇ ਇਸਲਾਮ ਧਰਮ ਦੇ ਅਜਿਹੇ ਸੰਤ ਪੁਰਸ਼ ਸ਼ਾਮਿਲ ਹਨ ਜਿਨ੍ਹਾਂ ਵਿਚ ਉਚ ਜਾਤਾਂ ਦੇ ਬ੍ਰਾਹਮਣ ਪੀਪਾ ਜੀ, ਜੈਦੇਵ ਜੀ ਅਤੇ ਨਿਮਨ ਜਾਤਾਂ ਦੇ ਨਾਮਦੇਵ ਜੀ, ਕਬੀਰ ਜੀ, ਰਵਿਦਾਸ ਜੀ, ਮਰਦਾਨਾ ਜੀ, ਸੱਤਾ ਜੀ, ਬਲਵੰਡ ਜੀ ਆਦਿ ਸ਼ਾਮਿਲ ਹਨ।''[7]

ਦਰਅਸਲ ਗੁਰੂ ਅਰਜਨ ਦੇਵ ਜੀ ਨੇ ''ਬਾਣੀ ਵਿਚ ਭਾਵਾਤਮਕ ਏਕਤਾ ਵਲ ਉਚੇਚਾ ਧਿਆਨ ਦਿੱਤਾ। ਕੇਵਲ ਉਨ੍ਹਾਂ ਭਗਤਾਂ, ਸੰਤਾਂ, ਫਕੀਰਾਂ, ਸਾਧਕਾਂ ਦੀਆਂ ਬਾਣੀਆਂ ਨੂੰ ਹੀ ਸ਼ਾਮਲ ਕੀਤਾ ਗਿਆ ਜੋ ਨਿਰਗੁਣ ਭਗਤੀ ਧਾਰਾ ਦੇ ਵਿਕਾਸ ਵਿਚ ਸਹਾਇਕ ਹੋਣ ਅਤੇ ਗੁਰਬਾਣੀ ਨਾਲ ਕਿਸੇ ਪ੍ਰਕਾਰ ਦਾ ਕੋਈ ਸਿੱਧਾਂਤਕ ਮਤ-ਵਿਰੋਧ ਨਾ ਖੜਾ ਕਰਨ। ਜਿਥੇ ਕਿਤੇ ਗੁਰੂ ਜੀ ਨੂੰ ਕੁਝ ਨਾਂ-ਮਾਤਰ ਵਿਰੋਧ ਨਜ਼ਰ ਆਇਆ, ਉਥੇ ਬਾਣੀ ਤਾਂ ਭਾਵੇਂ ਉਨ੍ਹਾਂ ਨੇ ਸ਼ਾਮਲ ਕਰ ਲਈ ਪਰ ਸ਼ੰਕੇ ਦੀ ਸੰਭਾਵਨਾ ਖਤਮ ਕਰਨ ਲਈ ਆਪਣੇ ਵਲੋਂ ਟਿੱਪਣੀ ਦੇ ਦਿੱਤੀ। ਇਸ ਟਿੱਪਣੀ ਦਾ ਰੂਪ ਸੀ ਗੁਰੂ ਅਰਜਨ ਦੇਵ ਦਾ ਕੋਈ ਆਪਣਾ ਸਲੋਕ ਜਾਂ ਪੂਰਵ-ਵਰਤੀ ਗੁਰੂਆਂ ਵਿਚੋਂ ਕਿਸੇ ਦਾ ਸਲੋਕ ਜਾਂ ਸ਼ਬਦ। ਇਸ ਤਰ੍ਹਾਂ ਵੱਖ-ਵੱਖ ਪ੍ਰਦੇਸ਼ਾਂ ਅਤੇ ਪ੍ਰਾਤਾਂ ਦੇ ਸੰਤਾਂ, ਭਗਤਾਂ, ਭੱਟਾਂ ਦੀ ਬਾਣੀ ਨੂੰ ਗੁਰਬਾਣੀ ਨਾਲ ਇਕ ਥਾਂ ਸੰਕਲਿਤ ਕਰ ਕੇ

ਗੁਰੂ ਜੀ ਨੇ ਆਪਣਾ ਉਦਾਰ ਅਤੇ ਸਮਨਵੈਵਾਦੀ ਦ੍ਰਿਸ਼ਟੀਕੋਣ ਸਪੱਸ਼ਟ ਕੀਤਾ ਅਤੇ ਇਸ ਸੰਕਲਨ ਰਾਹੀਂ ਸਿੱਖ ਧਰਮ ਦੀ ਵਿਸ਼ਵ-ਬੇਧੁਤਾ ਦੀ ਭਾਵਨਾ ਦੀ ਗੌਰਵਮਈ ਭੂਮਿਕਾ ਨਿਭਾਈ।''[8]

ਇਸ ਤਰ੍ਹਾਂ ਇਹ ਸਾਕਾਰ ਹੁੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਵੱਡੀ ਭੂਮਿਕਾ ਬਾਣੀ ਨੂੰ ਸੁਰੱਖਿਅਤ ਕਰਨਾ ਅਤੇ ਪੋਥੀ ਨੂੰ ਪਰਮੇਸ਼ਰ ਦੀ ਪਦਵੀ ਪ੍ਰਦਾਨ ਕਰਨਾ ਹੈ। ਇਸ ਮਹਾਨ ਕਾਰਜ ਦੀ ਪ੍ਰਾਸੰਗਿਕਤਾ ਅਤੇ ਪ੍ਰਮਾਣਕਤਾ ਪ੍ਰਤਿ ਕਿਰਤੱਗਤਾ ਪ੍ਰਗਟਾਉਂਦਾ ਹੋਇਆ ਆਧੁਨਿਕ ਸ਼ਾਇਰ ਆਪਣੇ ਕਾਵਿ ਬੋਲਾਂ ਰਾਹੀਂ ਨੱਤ-ਮਸਤਕ ਹੁੰਦਾ ਹੈ:—

ਸਤਿਗੁਰੂ ਅਰਜਨ ਜੀ ਥੇ ਗੁਰੂ ਗ੍ਰੰਥ ਕੇ ਤਰਤੀਬਕਾਰ।
ਜਿਸ ਕਾ ਹੋਤਾ ਹੈ ਮੁਕਦੱਸਤਰ ਗ੍ਰੰਥੋਂ ਮੇਂ ਸ਼ੁਮਾਰ।
ਜਿਸ ਮੇਂ 'ਸ਼ੇਖ ਫ਼ਰੀਦ' ਭੀਖਮ ਸ਼ਾਹ' ਕੇ ਸੂਫ਼ੀ ਵਿਚਾਰ।
ਸ਼ਾਇਰੀ ਕੀ ਸ਼ਕਲ ਮੇਂ ਸਰਮਾਇਆ-ਏ-ਸਬ-ਓ-ਕਰਾਰ।
'ਭਗਤ ਤ੍ਰਿਲੋਚਨ' 'ਭਗਤ ਜੈ ਦੇਵ' ਕਾ ਆਲਾ ਕਲਾਮ।
'ਭਗਤ ਸਦਨਾ' ਥੇ ਕਸਾਈ ਔਰ ਜੁਲਾਹਾ ਥੇ 'ਕਬੀਰ'।
'ਭਗਤ ਧੰਨਾ' ਜਾਟ ਥੇ ਰੂਹਾਨੀਅਤ ਕੇ ਦਸਤਗੀਰ।
'ਸੈਨ' ਥੇ ਤੋ ਨਾਈ ਲੇਕਿਨ ਫ਼ਿਤਰਤਨ ਜੋਗੀ ਫ਼ਕੀਰ।
ਔਰ ਥੇ ਰਵੀਦਾਸ ਜੀ ਭੀ ਸ਼ਾਇਰੀ ਮੇਂ ਬੇ-ਨਜ਼ੀਰ।
ਜਿਨ ਪੇ ਰਖਤੇ ਥੇ ਮਨੂਵਾਦੀ ਹਿਕਾਰਤ ਕੀ ਨਿਗਾਹ।
ਦੀ ਗੁਰੂ ਅਰਜੁਨ ਨੇ ਉਨ ਕੋ ਗ੍ਰੰਥ ਅਪਨੇ ਮੇਂ ਪਨਾਹ।[9]

ਸਿੱਖ ਇਤਿਹਾਸ ਨੂੰ ਨਵੇਂ ਪਰਿਪੇਖ ਵਿਚ ਪਛਾਣਨ ਵਾਲੇ ਸ. ਖੁਸ਼ਵੰਤ ਸਿੰਘ ਜੀ ਗੁਰੂ ਅਰਜਨ ਦੇਵ ਨੂੰ ਸਿੱਖ ਧਰਮ ਅਤੇ ਸੰਸਥਾ ਦੀ ਧਰੋਹਰ ਮੰਨਦੇ ਹੋਏ ਲਿਖਦੇ ਹਨ ਕਿ, ''ਗੁਰੂ ਅਰਜਨ ਦੇਵ ਪੰਜਾਬ ਦੇ ਬਹੁਤ ਸਨਮਾਨੇ ਹੋਏ ਕਵੀ ਹੋਏ। ਉਨ੍ਹਾਂ ਦੀ ਬਾਣੀ ਦਾ ਲੋਕ ਗਾਇਨ ਕਰਦੇ। ਕੀਰਤਨ ਕਰਦੇ। ਜਿਸ ਸਮੇਂ

ਸੰਗਤ ਉਨ੍ਹਾਂ ਦੇ ਮਿੱਠੇ ਬਚਨਾਂ ਨੂੰ ਸੁਣਨ ਲਈ ਉਤਸੁਕ ਸੀ ਤਾਂ ਜਹਾਂਗੀਰ ਨੇ ਉਨ੍ਹਾਂ ਦੀ ਆਵਾਜ਼ ਸਦਾ ਲਈ ਚੁੱਪ ਕਰਵਾ ਦਿੱਤੀ। ਗੁਰੂ ਅਰਜਨ ਦੇਵ ਦੀ ਗੁਰਗੱਦੀ ਦੇ ਪੰਝੀ ਵਰ੍ਹਿਆਂ ਅੰਦਰ ਗੁਰੂ ਨਾਨਕ ਦੀ ਸਿੱਖੀ ਦਾ ਬੀਜਿਆ ਬੀਜ ਵਧ ਫੁੱਲ ਕੇ ਵੱਡਾ ਹੋ ਗਿਆ। - - ਗੁਰੂ ਅਰਜਨ ਦੇਵ ਜੀ ਦੀ ਰੱਤ ਸਿੱਖ ਗੁਰਦੁਆਰੇ ਦਾ ਬੀਜ ਬਣ ਗਈ ਅਤੇ ਪੰਜਾਬੀ ਕੌਮ ਦੀ ਵੀ।''[10] ਗੁਰੂ ਅਰਜਨ ਦੇਵ ਜੀ ਦੀ ਇਲਾਹੀ ਪ੍ਰਤਿਭਾ ਅਤੇ ਲੌਕਿਕ ਦੂਰ ਦ੍ਰਿਸ਼ਟੀ ਉਪਰ ਵਿਚਾਰ ਕਰਦਿਆਂ ਇਤਿਹਾਸਕਾਰ ਖੁਸ਼ਵੰਤ ਸਿੰਘ ਲਿਖਦੇ ਹਨ ਕਿ, ''ਉਨ੍ਹਾਂ ਲਾਹੌਰ ਤੋਂ ਸਾਈਂ ਮੀਆਂ ਮੀਰ ਨੂੰ ਸੱਦਾ ਭੇਜਿਆ ਕਿ ਆ ਕੇ ਮੰਦਰ ਦਾ ਨੀਂਹ-ਪੱਥਰ ਰੱਖਣ। ਇਸ ਧਰਮ ਅਸਥਾਨ ਦੀ ਕੁਰਸੀ ਉੱਚੀ ਰੱਖਣ ਦੀ ਥਾਂ, ਜਿਸ ਤਰ੍ਹਾਂ ਕਿ ਹਿੰਦੂ ਧਰਮ ਵਿਚ ਰਿਵਾਜ ਸੀ ਗੁਰੂ ਅਰਜਨ ਦੇਵ ਨੇ ਇਸ ਨੂੰ ਆਲੇ-ਦੁਆਲੇ ਦੀਆਂ ਇਮਾਰਤਾਂ ਤੋਂ ਨੀਵਾਂ ਬਣਵਾਇਆ। ਸ਼ਰਧਾਲੂਆਂ ਨੂੰ ਇਸ ਵਿਚ ਪ੍ਰਵੇਸ਼ ਕਰਨ ਲਈ ਪੌੜੀਆਂ ਉਤਰਨੀਆਂ ਪੈਂਦੀਆਂ ਹਨ। ਹਿੰਦੂ ਮੰਦਰਾਂ ਦੇ ਉਲਟ, ਜਿੱਥੇ ਇਕ ਹੀ ਦੁਆਰ ਹੁੰਦਾ ਹੈ, ਗੁਰੂ ਅਰਜਨ ਦੇਵ ਨੇ ਹਰਿਮੰਦਰ ਨੂੰ ਚੋਹਾਂ ਪਾਸਿਆਂ ਤੋਂ ਖੁੱਲ੍ਹਾ ਰੱਖਿਆ। ਇਸ ਦੀ ਉਸਾਰੀ ਦਾ ਰੂਪ-ਰੰਗ ਨਵੇਂ ਧਰਮ ਦੇ ਪ੍ਰਤੀਕ ਵਾਂਗ ਰੱਖਿਆ ਗਿਆ। ਇਸ ਅਨੁਸਾਰ ਅੰਤ ਨੀਵਿਆਂ ਨੇ ਹੋਰ ਨੀਵਾਂ ਹੋਣਾ ਸੀ ਅਤੇ ਇਸ ਦੇ ਦੁਆਰੇ ਸਭ ਦੇ ਵਾਸਤੇ ਖੁੱਲ੍ਹੇ ਹੋਏ ਸਨ। ਹਰ ਉਸ ਇਨਸਾਨ ਵਾਸਤੇ ਜਿਹੜਾ ਅੰਦਰ ਆਉਣ ਦੀ ਇੱਛਾ ਕਰੇ।''[11]

ਨਿਰਸੰਦੇਹ ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਅਨੇਕ ਧਰਾਤਲੀ ਅਤੇ ਬ੍ਰਹਿਮੰਡੀ ਚਿੰਤਨ ਵਾਲੀ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਇਤਿਹਾਸ ਵਿਚ ਇਕ ਅਜਿਹੀ ਸਿਖਰਲੀ ਕੁਰਬਾਨੀ ਸੀ, ਜਿਸਨੇ ਉਨ੍ਹਾਂ ਦੀ ਪਾਰਗਾਮੀ ਸ਼ਖਸੀਅਤ ਨੂੰ ਦਰਗਾਹੀ ਰੰਗ ਦੇ ਦਿੱਤਾ ਹੈ। ਡਾ. ਅਮਰਜੀਤ ਸਿੰਘ ਕਾਂਗ ਦੇ ਸ਼ਬਦਾਂ ਵਿਚ, ''ਸਿੱਖ ਇਤਿਹਾਸ ਵੱਲ ਝਾਤੀ ਪਾਈਏ ਤਾਂ ਰਹੱਸ ਦੀ ਪ੍ਰਤੀਤੀ ਹੁੰਦੀ ਹੈ ਕਿ ਜੋ ਕੌਮ ਸ਼ਸਤਰ ਅਤੇ ਸ਼ਾਸਤਰ ਦੇ ਸੁਮੇਲ ਵਿਚੋਂ ਉਭਰੀ ਹੈ, ਉਸ ਕੌਮ ਦੀ

ਸ਼ਨਾਖਤ ਹੀ ਸ਼ਹਾਦਤ ਵਿਚੋਂ ਹੋਣੀ ਸੀ। ਗੁਰੂ ਅਰਜਨ ਤਸ਼ੱਦਦ ਸਹਿ ਰਹੇ ਸਨ ਤਾਂ ਸਾਈਂ ਮੀਆਂ ਮੀਰ ਬੋਲ ਉੱਠਿਆ ਸੀ ਕਿ ਜੇ ਕਹੋ ਤਾਂ ਸਭ ਫ਼ਨਾ ਕਰ ਸਕਦਾ ਹੈ ਤਾਂ ਅੱਗੋਂ ਗੁਰੂ ਦਾ ਬੋਲ ਸੀ ਕਿ ਫਿਰ ਪ੍ਰੀਖਿਆ ਵਿਚ ਹਾਰ ਜਾਵਾਂਗਾ। ਪੰਚਮ ਗੁਰੂ ਨੇ ਸ਼ਹਾਦਤ ਦੇ ਕੇ ਸ਼ਹੀਦਾਂ ਦੇ ਸਿਰਤਾਜ ਹੋਣ ਦਾ ਮਾਣ ਪ੍ਰਾਪਤ ਕੀਤਾ ਸੀ। ਸੁਖਮਨੀ ਗੁਰੂ ਦੇ ਸਬਰ ਦੀ ਸ਼ਕਤੀ ਸੀ। ਜੇ ਬਾਣੀ ਅੰਦਰ ਨਾ ਹੁੰਦੀ ਤਾਂ ਸ਼ਹਾਦਤ ਦਾ ਰੂਪ ਕੋਈ ਹੋਰ ਹੋ ਜਾਣਾ ਸੀ। ਗੁਰੂ ਅਰਜਨ ਨੇ ਸ਼ਹਾਦਤ ਦਾ ਬੀਜ ਅਜਿਹਾ ਬੀਜਿਆ ਕਿ ਇਸ ਕੌਮ ਦਾ ਇਤਿਹਾਸ ਹੀ ਸ਼ਸਹਦਤਾਂ ਦਾ ਬਿੰਬ ਬਣ ਗਿਆ। ਸਿੱਖੀ ਸ਼ਹਾਦਤ ਦੀ ਪ੍ਰਤੀਕ ਹੋ ਨਿੱਬੜੀ। ਇਹ ਤੱਥ ਬੜਾ ਪ੍ਰਮਾਣਿਕ ਹੈ ਕਿ ਸਿੱਖ ਧਰਮ ਸੰਤ ਅਤੇ ਸੂਰਮੇ ਦਾ ਸੁਮੇਲ ਹੈ। ਸੰਤ ਪਹਿਲਾਂ ਚਿੰਤਨ ਰਾਹੀਂ ਇੰਦਰਿਆਵੀ ਵਿਕਾਰਾਂ ਨੂੰ ਮਾਰਦਾ ਹੈ ਅਤੇ ਸੂਰਮੇ ਦੇ ਰੂਪ ਵਿਚ ਉਹ ਸਰੀਰ ਦੀ ਸ਼ਹਾਦਤ ਦਿੰਦੇ ਹਨ। ਇਸ ਨੂੰ ਹੀ ਸ਼ਬਦ ਤੋਂ ਸ਼ਹਾਦਤ ਤੱਕ ਦੀ ਯਾਤਰਾ ਕਿਹਾ ਗਿਆ ਹੈ। ਸ਼ਬਦ ਦੇ ਝਰੋਖੇ ਵਿਚੋਂ ਆਤਮਕ ਸ਼ਕਤੀ ਜਾਗਦੀ ਹੈ ਅਤੇ ਜਾਗੀ ਹੋਈ ਆਤਮਾ ਹੀ ਸ਼ਹਾਦਤ ਦਾ ਜਾਮ ਪੀਂਦੀ ਹੈ। ਗੁਰੂ ਅਰਜਨ ਦੇਵ ਜੀ ਦਾ ਸਬਰ ਸੰਤੋਖ ਸ਼ਬਦਾਂ ਦੀ ਸੁਰ ਵਿਚੋਂ ਪੈਦਾ ਹੋਇਆ ਸੀ। ਇਸੇ ਸਬਰ ਵਿਚੋਂ ਹੀ ਏਡੀ ਵੱਡੀ ਸ਼ਹਾਦਤ ਸਾਕਾਰ ਹੋਈ ਹੈ। ਸ਼ਬਦ ਚਿੰਤਨ ਰਾਹੀਂ ਚੇਤਨਾ ਜਾਗਦੀ ਹੈ ਅਤੇ ਇਹੀ ਚੇਤਨਾ ਸ਼ਹਾਦਤ ਦੀ ਧਰਾਤਲ ਬਣਦੀ ਹੈ। ਗੁਰੂ ਅਰਜਨ ਦੇਵ ਸ਼ਬਦ ਚਿੰਤਨ ਅਤੇ ਸ਼ਸਹਾਦਤ ਦੋਹਾਂ ਦੇ ਪ੍ਰਤੀਕ ਬਣੇ ਹਨ। ਇਸੇ ਵਿਚੋਂ ਹੀ ਉਹ ਸਰਬਕਾਲੀ ਬਣੇ ਹਨ।''[12]

ਪ੍ਰਸਿੱਧ ਇਤਿਹਾਸਕਾਰ ਡਾ. ਸਤੀਸ਼ ਕਪੂਰ ਗੁਰੂ ਅਰਜਨ ਦੇਵ ਦੀ ਉੱਦਾਰਵਾਦੀ ਸੋਚ ਨੂੰ ਯੁਗੋਯੁੱਗ ਅਟੱਲ ਮੰਨਦੇ ਹੋਏ ਲਿਖਦੇ ਹਨ ਕਿ ਕਾਦਰਿਆਈ ਪਰੰਪਰਾ ਦੇ ਮਹਾਨ ਸੂਫੀ ਸੰਤ ਮੀਆਂ ਮੀਰ ਵਲੋਂ ਹਰਿਮੰਦਰ ਦਾ ਨੀਂਹ ਪੱਥਰ ਰੱਖੇ ਜਾਣ ਕਰਕੇ ਇਸ ਧਰਮੱਗ ਸਥਾਨ ਦੀ ਮਹਿਮਾ ਹੋਰ ਵੀ ਚੌਗੁਣੀ ਹੋ ਗਈ ਹੈ। ਕਿਸੇ ਵੀ ਵਿਅਕਤੀ ਦੇ ਮਨ ਵਿਚ ਇਹ ਸਵਾਲ ਪੈਦਾ ਹੋ ਸਕਦਾ ਹੈ ਕਿ ਬਾਹਰਲੇ

ਵਿਖਾਵੇ ਦੇ ਵਿਰੋਧੀ ਪੰਜਵੇਂ ਗੁਰੂ ਨੇ ਇਕ ਮੁਸਲਮਾਨ ਤੋਂ ਇਸ ਦੀ ਨੀਂਹ ਕਿਉਂ ਰਖਵਾਈ ? ਇਸਦਾ ਸਪੱਸ਼ਟੀਕਰਨ ਕਰਦਿਆਂ ਉਹ ਦੱਸਦੇ ਹਨ ਕਿ ਕਿਸੇ ਵੀ ਕਾਮਿਲ ਪੁਰਸ਼ ਦੀ ਪਾਵਨ ਛੁਹ ਜਾਂ ਕ੍ਰਿਪਾਲੂ ਤੱਕਣੀ ਉਸ ਵਸਤੂ ਜਾਂ ਵਿਅਕਤੀ ਦੀ ਕਾਇਆ ਕਲਪ ਕਰ ਸਕਦੀ ਹੈ ਜਿਸ ਦੇ ਨਾਲ ਉਹ ਟਕਰਾਉਂਦੀ ਹੈ ਕਿਉਂਕਿ ਅਗੂਠੇ ਤੇ ਉਂਗਲੀਆਂ ਦੇ ਪੋਟੇ ਤੋਂ ਨਿਕਲਣ ਵਾਲੀਆਂ ਅਦ੍ਰਿਸ਼ ਕਿਰਨਾਂ ਵਿਅਕਤੀ ਦੀ ਚੇਤਨਾ ਦੇ ਪੱਧਰ ਦੇ ਹਿਸਾਬ ਨਾਲ ਕਮਜ਼ੋਰ ਜਾਂ ਸ਼ਕਤੀਸ਼ਾਲੀ ਹੋ ਸਕਦੀਆਂ ਹਨ। ਜਦੋਂ ਇਹ ਕਿਸੇ ਦੂਜੀ ਚੀਜ਼ ਨਾਲ ਟਕਰਾਉਂਦੀਆਂ ਹਨ ਤਾਂ ਊਰਜਾ ਖੁਦ-ਬ-ਖੁਦ ਖਾਰਜ ਹੁੰਦੀ ਹੈ। ਆਪਣੇ ਆਪ ਵਿੱਚ ਹੀ ਇਹ ਇਕ ਭਾਸ਼ਕ ਸੰਚਾਰ ਹੈ। ਅਧਿਆਤਮਵਾਦੀਆਂ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਬੇਜਾਨ ਵਸਤੂ ਵਿੱਚ ਵੀ ਸੱਚਮੁੱਚ ਜਿੰਦ ਧੜਕ ਸਕਦੀ ਹੈ ਜੇਕਰ ਉਹ ਵਾਕਈ ਹੀ ਕਿਸੇ ਬਖਸ਼ੀ ਹੋਈ ਰੂਹ ਦੇ ਸੰਪਰਕ ਵਿੱਚ ਆ ਜਾਵੇ।''[13] ਗੁਰੂ ਅਰਜਨ ਦੇਵ ਜੀ ਦੀ ਇਸ ਦਿੱਬ ਅਤੇ ਦੈਵੀ ਦ੍ਰਿਸ਼ਟੀ ਨੂੰ ਕਲ ਭੱਟ ਆਪਣੀ ਬਾਣੀ ਵਿਚ ਇਸ ਤਰ੍ਹਾਂ ਉਸਾਰਦੇ ਹਨ:—

ਗੁਰੂ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਹੀ।।
ਨੇਜਾ ਨਾਮ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ।।1।।
ਭਵਜਲੁ ਸਾਇਰੁ ਸੇਤੁ ਨਾਮੁ ਹਰੀ ਕਾ ਬੋਹਿਥਾ।।
ਤੁਅ ਸਤਿਗੁਰ ਸੰ ਹੇਤੁ ਨਾਮਿ ਲਾਗਿ ਜਗੁ ਉਧਰੵਉ।।2।।
ਜਗਤ ਉਧਾਰਣੁ ਨਾਮੁ ਸਤਿਗੁਰ ਤੁਠੈ ਪਾਇਅਉ।।
ਅਬ ਨਾਹਿ ਅਵਰ ਸਰਿ ਕਾਮੁ ਬਾਰੰਤਰਿ ਪੂਰੀ ਪੜੀ।।3।।[14]

ਕਲ ਭੱਟ ਗੁਰੂ ਅਰਜਨ ਦੇ ਮਹਾਨ ਵਿਅਕਤਿਤ੍ਵ ਦੀ ਮਹਿਮਾ ਦਰਸਾਉਂਦਿਆਂ ਉਨ੍ਹਾਂ ਨੂੰ ਭਵ-ਸਾਗਰ ਤੋਂ ਪਾਰ ਕਰਵਾਉਣ ਵਾਲਾ ਸਤਿਗੁਰੂ ਮੰਨਿਆ ਹੈ। ''ਗੁਰੂ ਅਰਜੁਨ ਕਲਚਰੈ ਤੈ ਜਨਕਹ ਕਲਸੁ ਦੀਪਾਇਆਉ।।'' ਭਾਵ ਗੁਰੂ ਅਰਜਨ ਗਿਆਨ ਦਾ ਪ੍ਰਤੀਕ ਹਨ, ਆਪਣੀ ਜੀਭ ਨਾਲ ਅੰਮ੍ਰਿਤ ਦੀ ਵਰਖਾ ਕਰਦੇ ਹਨ, ਸ਼ਬਦ ਰਾਹੀਂ ਹੰਕਾਰ ਤੋਂ ਨਿਜਾਤ ਦਿਵਾਉਂਦੇ ਹਨ, ਪੰਜਾਂ ਇੰਦਰੀਆਂ ਨੂੰ ਨਾਸ ਕਰਨ

ਵਾਲੇ ਪਾਰ ਉਤਾਰਾ ਕਰਨ ਵਾਲੇ ਹਨ। ਰਾਜ ਅਤੇ ਜੋਗ ਦੇ ਰਹੱਸ ਨੂੰ ਜਾਣਨ ਵਾਲੇ ਗੁਰੂ ਅਰਜਨ ਨੂੰ ਭੱਟ ਕਵੀ ਇਸ ਤਰ੍ਹਾਂ ਨੱਤ-ਮਸਤਕ ਹੁੰਦਾ ਹੈ:—

ਧੰਨਿ ਧੰਨਿ ਗੁਰੁ ਧੰਨਿ ਅਛਰ ਸਰ ਸੁਭਰ ਭਰਾਯਉ॥
ਗੁਰ ਗਮ ਪ੍ਰਮਾਣਿ ਅਜਰੁ ਜਰਿਓ ਸਰਿ ਸੰਤੋਖ ਸਮਾਇਯਉ॥
ਗੁਰ ਅਰਜੁਨ ਕਲ੍ਯੁਚਰੈ ਤੈ ਸਹਜਿ ਜੋਗੁ ਨਿਜੁ ਪਾਇਯਉ॥8॥
ਅਮਿਉ ਰਸਨਾ ਬਦਨਿ ਬਰ ਦਾਤਿ ਅਲਖ ਅਪਾਰ
ਗੁਰ ਸੂਰ ਸਬਦਿ ਹਉਮੈ ਨਿਵਾੵਉ॥
ਪੰਚਾਹਰੁ ਨਿਦਲਿਅਉ ਸੁੰਨ ਸਹਜਿ ਨਿਜ ਘਰਿ ਸਹਾਰਉ॥
ਹਰਿ ਨਾਮਿ ਲਾਗਿ ਜਗ ਉਧਰ੍ਯਉ ਸਤਿਗੁਰੂ ਰਿਦੈ ਬਸਾਇਅਉ॥
ਗੁਰ ਅਰਜੁਨ ਕਲ੍ਯੁਚਰੈ ਤੈ ਜਨਕਹ ਕਲਸੁ ਦੀਪਾਇਅਉ॥9॥[15]

ਇਸ ਤਰ੍ਹਾਂ ਇਹ ਪਤਾ ਲਗਦਾ ਹੈ ਕਿ ਗੁਰੂ ਅਰਜਨ ਜਿਥੇ ਬਾਣੀ ਦੇ ਬੋਹਿਥਾ ਸਨ, ਉਥੇ ਉਹ ਰਹੱਸ ਅਨੁਭਵ ਦੀਆਂ ਉਚੇਰੀਆਂ ਪਰਤਾਂ ਉਪਰ ਵਿਚਰਨ ਵਾਲੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਦੀ ਬਾਣੀ ਗਿਣਤੀ ਪੱਖੋਂ ਸਭ ਤੋਂ ਵਧੇਰੇ ਹੈ। ਉਨ੍ਹਾਂ ਦੀ ਬਾਣੀ ਸੁਖਮਨੀ ਤਾਂ ਧਰਮ-ਪ੍ਰਤਿਮਾਨ ਦੀ ਜੀਵੰਤ ਜੋਤ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਬਿਓਰਾ ਇਸ ਪ੍ਰਕਾਰ ਹੈ:—

| | |
|---|---|
| ਸਿਰੀ ਰਾਗ : | 30 ਸ਼ਬਦ, 3 ਅਸ਼ਟਪਦੀਆਂ, ਇਕ ਪਹਿਰਾ, ਇਕ ਛੰਤ, ਇਕ ਛੰਤ ਡਖਣਾ, ਵਾਰ (ਇਕ ਸਲੋਕ) |
| ਮਾਝ ਰਾਗ : | 43 ਸ਼ਬਦ, 5 ਅਸ਼ਟਪਦੀਆਂ, ਬਾਰਹਮਾਹ (14 ਪਉੜੀਆਂ), ਦਿਨ ਰੈਣਿ (ਇਕ ਸ਼ਬਦ) |
| ਗਉੜੀ ਰਾਗ : | 169 ਸ਼ਬਦ, 14 ਅਸ਼ਟਪਦੀਆਂ, 5 ਛੰਤ, ਇਕ ਸਲੋਕ (248 ਪੰਨੇ ਉਪਰ), ਬਾਵਨ ਅੱਖਰੀ (57 ਪਉੜੀਆਂ), ਸੁਖਮਨੀ ਸਾਹਿਬ (24 ਅਸ਼ਟਪਦੀਆਂ-24-8-192 ਪਉੜੀਆਂ ਅਤੇ 24 ਸਲੋਕ), ਥਿਤੀ |

(17 ਸਲੋਕ-17 ਪਉੜੀਆਂ), ਵਾਰ (8 ਸਲੋਕ-5, ਪਉੜੀਆਂ), ਵਾਰ (21 ਪਉੜੀਆਂ-42 ਸਲੋਕ), ਇਕ ਹੋਰ ਸ਼ਬਦ ਪੰਨਾ 326 ਉਪਰ।

ਆਸਾ ਰਾਗ : 157 ਸ਼ਬਦ (ਇਕ ਸ਼ਬਦ ਪੰਨਾ 487 ਉਪਰ ਵੀ ਹੈ), ਆਸਾਵਰੀ ਦੇ 7 ਸ਼ਬਦ, ਦੋ ਅਸ਼ਟਪਦੀਆਂ, 3 ਬਿਰਹੜੇ, 14 ਛੰਤ

ਗੂਜਰੀ ਰਾਗ : 32 ਸ਼ਬਦ, ਦੋ ਅਸ਼ਟਪਦੀਆਂ, ਵਾਰ (21 ਪਉੜੀਆਂ-42 ਸਲੋਕ)

ਦੇਵਗੰਧਾਰੀ ਰਾਗ : 38 ਸ਼ਬਦ

ਬਿਹਾਗੜਾ ਰਾਗ : ਇਕ ਸ਼ਬਦ, 9 ਛੰਤ, 2 ਸਲੋਕ ਵਾਰ ਵਿਚ

ਵਡਹੰਸ ਰਾਗ : 9 ਸ਼ਬਦ, 3 ਛੰਤ, 4 ਸਲੋਕ ਛੰਤਾਂ ਨਾਲ

ਸੋਰਠ ਰਾਗ : 94 ਸ਼ਬਦ, 3 ਅਸ਼ਟਪਦੀ

ਧਨਾਸਰੀ ਰਾਗ : 58 ਸ਼ਬਦ, ਇਕ ਅਸ਼ਟਪਦੀ, ਇਕ ਛੰਤ

ਜੈਤਸਰੀ ਰਾਗ : 13 ਸ਼ਬਦ, 3 ਛੰਤ, 5 ਸਲੋਕ, ਵਾਰ (20 ਪਉੜੀਆਂ+40 ਸਲੋਕ)

ਟੋਡੀ ਰਾਗ : 30 ਸ਼ਬਦ

ਬੈਰਾੜੀ ਰਾਗ : ਇਕ ਸ਼ਬਦ

ਤਿਲੰਗ ਰਾਗ : 5 ਸ਼ਬਦ

ਸੂਹੀ ਰਾਗ : 58 ਸ਼ਬਦ, 5 ਅਸ਼ਟਪਦੀਆਂ। ਗੁਣਵੰਤੀ (ਇਕ ਸ਼ਬਦ), 11 ਛੰਤ

ਬਿਲਾਵਲ ਰਾਗ : 129 ਸ਼ਬਦ (ਦੋ ਪੜਤਾਲਾਂ ਸਮੇਤ), 2 ਅਸ਼ਟਪਦੀਆਂ, 5 ਛੰਤ, ਇਕ ਸਲੋਕ

ਗੌਂਡ ਰਾਗ : 22 ਸ਼ਬਦ, ਇਕ ਅਸ਼ਟਪਦੀ

| | | |
|---|---|---|
| ਰਾਮਕਲੀ ਰਾਗ | : | 60 ਸ਼ਬਦ (ਦੋ ਪੜਤਾਲਾਂ ਸਮੇਤ), 8 ਅਸ਼ਟਪਦੀਆਂ, 4 ਛੰਤ (ਪੰਜਵਾਂ ਅਧੂਰਾ ਬਿਨਾਂ ਅੰਕ ਪੰਨਾ 927 ਉਪਰ ਹੈ), 4 ਸਲੋਕ ਛੰਤਾਂ ਨਾਲ, ਰੁਤੀ (8 ਛੰਤ+16 ਸਲੋਕ), ਵਾਰ (22 ਪਉੜੀਆਂ+44 ਸਲੋਕ) |
| ਨਟ-ਨਾਰਾਇਨ | : | 10 ਸ਼ਬਦ (ਇਕ ਪੜਤਾਲ ਸਮੇਤ) |
| ਮਾਲੀ ਗਉੜਾ | : | 8 ਸ਼ਬਦ |
| ਮਾਰੂ ਰਾਗ | : | ਇਕ ਸਲੋਕ (ਪੰਨਾ 929 ਉਪਰ ਹੈ ਜੋ ਪਹਿਲਾਂ ਪੰਨਾ 518 ਉਪਰ ਵੀ ਆ ਚੁੱਕਾ ਹੈ), 32 ਸ਼ਬਦ, 8 ਅਸ਼ਟਪਦੀਆਂ, 14 ਸੋਲਹੇ, ਮ: 3 ਵਾਰ (2 ਸਲੋਕ), ਮ: 5 ਵਾਰ (23 ਪਉੜੀਆਂ+69 ਸਲੋਕ) |
| ਤੁਖਾਰੀ ਰਾਗ | : | ਇਕ ਛੰਤ |
| ਕੇਦਾਰਾ ਰਾਗ | : | 15 ਸ਼ਬਦ, ਇਕ ਛੰਤ |
| ਭੈਰਉ ਰਾਗ | : | 58 ਸ਼ਬਦ (ਇਕ ਸ਼ਬਦ, ਪੰਨਾ 1160 ਉਪਰ, ਸਮੇਤ ਇਕ ਪੜਤਾਲ), 3 ਅਸ਼ਟਪਦੀਆਂ |
| ਬਸੰਤ ਰਾਗ | : | 21 ਸ਼ਬਦ, 2 ਅਸ਼ਟਪਦੀਆਂ, ਵਾਰ (3 ਪਉੜੀਆਂ) |
| ਸਾਰੰਗ ਰਾਗ | : | 129 ਸ਼ਬਦ, 10 ਪੜਤਾਲਾਂ, 2 ਅਸ਼ਟਪਦੀਆਂ, ਇਕ ਛੰਤ, ਵਾਰ (ਇਕ ਪਉੜੀ+4 ਸਲੋਕ), ਇਕ ਸ਼ਬਦ 'ਸੂਰਦਾਸ' ਸਿਰਲੇਖ ਹੇਠਾਂ ਪੰਨਾ 1253 ਉਪਰ |
| ਮਲਾਰ ਰਾਗ | : | 30 ਸ਼ਬਦ (8 ਪੜਤਾਲਾਂ ਸਮੇਤ), ਇਕ ਛੰਤ, ਵਾਰ (ਇਕ ਪਉੜੀ+ ਦੋ ਸਲੋਕ) |
| ਕਾਨੜਾ ਰਾਗ | : | 50 ਸ਼ਬਦ, ਇਕ ਅਸ਼ਟਪਦੀ |

ਕਲਿਆਨ ਰਾਗ : 10 ਸ਼ਬਦ

ਪ੍ਰਭਾਤੀ ਬਿਭਾਸ : 15 ਸ਼ਬਦ (2 ਪੜਤਾਲਾਂ ਸਮੇਤ), 3 ਅਸ਼ਟਪਦੀਆਂ

ਸਲੋਕ ਸਹਸਕ੍ਰਿਤੀ : 67 ਸਲੋਕ, ਗਾਥਾ :24, ਫੁਨਹੇ :23, ਚਉਬੋਲੇ: 11, ਸਵਯੇ: 20, ਸਲੋਕ ਵਾਰਾਂ ਤੇ ਵਧੀਕ : 22, ਕਬੀਰ ਜੀ ਦੇ ਸਲੋਕਾਂ ਵਿਚ 209-214, 221ਵਾਂ ਭਾਵ 7 ਸਲੋਕ ਮ: 5 ਦੇ ਹਨ। ਮੁੰਦਾਵਣੀ, ਸਲੋਕ (ਤੇਰਾ ਕੀਤਾ ਜਾਤੋ ਨਾਹੀਂ- -)[16]

ਬਾਣੀ ਦੇ ਬਿਓਰੇ ਵਿਚ ਇਸ ਤੱਥ ਦੀ ਪੁਸ਼ਟੀ ਹੁੰਦੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਜਿਥੇ ਗਿਣਤੀ ਪੱਖੋਂ ਸਭ ਨਾਲੋਂ ਵਧੇਰੇ ਹੈ, ਉਥੇ ਇਸ ਬਾਣੀ ਦਾ ਸੰਗੀਤਕ ਰੰਗ ਇਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਦੇਂਦਾ ਹੈ। ਚਿੰਤਨ ਅਨੁਭਵ ਅਤੇ ਗਿਆਨ ਨਾਲ ਵਰੋਸਾਈ ਇਹ ਗੁਰੂ ਅਰਜਨ ਬਾਣੀ ਗੁਰਮਤਿ ਵਿਚਾਰਧਾਰਾ ਦਾ ਪ੍ਰਮਾਣਕ ਬਿੰਬ ਉਸਾਰਦੀ ਹੈ। ਪ੍ਰੋ. ਦੀਵਾਨ ਸਿੰਘ ਗੁਰੂ ਅਰਜਨ ਦੇਵ ਜੀ ਦੇ ਕਲਾਕਾਰੀ ਸੰਜਮ ਵੱਲ ਸੰਕੇਤ ਕਰਦੇ ਲਿਖਦੇ ਹਨ ਕਿ, ''ਗੁਰੂ ਅਰਜਨ ਦੇਵ ਜੀ ਨੇ ਵਿਸ਼ੇ ਅਤੇ ਰੂਪ ਦੇ ਪੱਖ ਤੋਂ ਗੁਰੂ ਨਾਨਕ ਦੇਵ ਜੀ ਦੇ ਸਮਾਂਤਰ ਰਚਨਾ ਕੀਤੀ ਹੈ। ਇਸ ਬਾਰਹਮਾਹ ਵਿਚ ਉਨ੍ਹਾਂ ਨੇ ਸਮਾਜਕ ਆਸ਼ੇ ਵਾਲੇ ਕਾਵਿ-ਰੂਪ ਬਾਰਹਮਾਹ ਨੂੰ ਕਰਹੱਸਵਾਦੀ ਅਤੇ ਅਧਿਆਤਮਕ ਰੰਗ ਵਿਚ ਰੰਗ ਦਿੱਤਾ ਹੈ। ਆਪ ਦੀ ਸ਼ੈਲੀ ਵਿਚ ਸਹਿਜ ਤੇ ਸੰਜਮ ਹੈ; ਠਰ੍ਹੰਮਾ ਤੇ ਡੂੰਘਾਈ ਹੈ। ਇਥੇ ਇਸ ਬਾਰਹਮਾਹ ਵਿਚ ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ ਮਿਲਦਾ ਹੈ। ਸਾਰੀ ਬਾਣੀ ਵਿਚ ਸੰਗੀਤਮਈ ਪ੍ਰਭਾਵ ਦ੍ਰਿਸ਼ਟਮਾਨ ਹੈ। ਅਧਿਆਤਮਕ ਵਿਚਾਰ ਨੂੰ ਸੁਚੱਜੀ ਸ਼ੈਲੀ ਰਾਹੀਂ ਨਿਰੂਪਣ ਕੀਤਾ ਹੈ। ਭਾਵਕਤਾ ਦੀ ਥਾਂ ਬੜੇ ਸੋਚੇ-ਸਮਝੇ ਢੰਗ ਨਾਲ ਰਹੱਸਮਈ ਵਿਚਾਰ ਨੂੰ ਪ੍ਰਗਟਾਇਆ ਹੈ। ਸ਼ੈਲੀ ਵਿਚ ਪ੍ਰਸਾਦ-ਸ਼ੈਲੀ ਦੇ ਤੱਤ ਮੌਜੂਦ ਹਨ।''[17] ਗੁਰੂ ਅਰਜਨ ਦੇਵ ਜੀ ਦੇ ਬਾਰਹਮਾਹ ਬਾਰੇ ਪ੍ਰੋ. ਕੁਲਵੰਤ ਸਿੰਘ ਲਿਖਦੇ ਹਨ, ''ਬਾਰਹਮਾਹ ਤੁਖਾਰੀ ਵਿਚ ਵਿਜੋਗਣ ਇਸਤ੍ਰੀ ਦੀ ਵਿਆਕੁਲਤਾ ਦਾ ਪ੍ਰਭਾਵਸ਼ਾਲੀ ਵਰਣਨ ਹੈ।

ਉਥੇ ਬਿਰਹਨ ਦੀ ਬਿਹਬਲਤਾ ਤੇ ਕਸਕ ਦਾ ਅੰਤ ਨਹੀਂ, ਪਰ ਇਥੇ ਬਾਰਹਮਾਹ ਮਾਝ ਵਿਚ ਉਸ ਦਾ ਰੂਪ ਬਦਲਿਆ ਹੋਇਆ ਹੈ; ਇਥੇ ਵਿਜੋਗਣ ਇਸਤ੍ਰੀ ਸੰਭਲ ਸੰਭਲ ਕੇ ਤੁਰਦੀ ਹੈ। ਉਸ ਵਿਚ ਠਰ੍ਹੰਮਾ ਤੇ ਧੀਰਜ ਹੈ ਅਤੇ ਨਾਮ ਦਾ ਆਸਰਾ ਹੈ। ਉਸ ਦੀਆਂ ਕਰੁਣਾਮਈ ਅਤੇ ਵਿਜੋਗ-ਵੇਦਨਾਵਾਂ ਦਾ ਵਰਣਨ ਤਾਂ ਜ਼ਰੂਰ ਹੈ, ਪਰ ਉਸ ਵਿਚ ਬਾਰਹਮਾਹ ਤੁਖਾਰੀ ਵਾਲਾ ਇਕ-ਰਸ ਪ੍ਰਵਾਹ ਨਹੀਂ। ਉਸ ਦੇ ਮਨ ਵਿਚ ਹਰਿ-ਪ੍ਰੀਤਮ ਨੂੰ ਮਿਲਣ ਦੀ ਲੋਚਾ ਤਾਂ ਹੈ, ਪਰ ਪਹਿਲਾਂ ਉਸ ਦੀ ਕਿਰਪਾ ਜਾਂ ਮਿਹਰ ਪ੍ਰਾਪਤ ਕਰਨ ਲਈ ਸਾਰੇ ਸਾਧਨ ਤੇ ਉਪਾਅ ਵਰਤੋਂ ਵਿਚ ਲਿਆਉਣਾ ਚਾਹੁੰਦੀ ਹੈ। ਉਹ ਸਦਗੁਣਾਂ ਦੀ ਧਾਰਨੀ ਹੋ ਕੇ, ਫਿਰ ਪ੍ਰੀਤਮ ਦੇ ਗਲ ਲੱਗਣਾ ਚਾਹੁੰਦੀ ਹੈ, ਕਿਉਂ ਜੁ ਉਹ ਸੁਚੇਤ ਹੈ ਕਿ ਕੇਵਲ 'ਕਰਮਿ ਮਿਲਾਵਣਹਾਰੁ' ਹਨ।''[18] ਇਨ੍ਹਾਂ ਵਿਚਾਰਾਂ ਦੀ ਵਿਚਾਰ ਚਰਚਾ ਵਿਚੋਂ ਗੁਰੂ ਅਰਜਨ ਦੇਵ ਦੀ ਸ਼ਖਸੀਅਤ, ਸ਼ਖਸੀਅਤ ਦੇ ਗੁਣ, ਕਰਮਭਾਵਨਾ ਅਤੇ ਰਚਨਾਤਮਕ ਸ਼ਕਤੀ ਦਾ ਨਿਖਾਰ ਸਾਹਮਣੇ ਆਉਂਦਾ ਹੈ। ਇਸ ਚਰਚਾ ਨੂੰ ਪਿੱਠਭੂਮੀ ਵਿਚ ਰੱਖਦਿਆਂ ਅਸੀਂ ਉਨ੍ਹਾਂ ਦੀ ਬ੍ਰਿਹਾ ਸੰਵੇਦਨਾ ਉਪਰ ਨਿੱਠ ਕੇ ਵਿਚਾਰ ਵਿਮਰਸ਼ ਕਰਾਂਗੇ।

ਗੁਰਮਤਿ ਵਿਚਾਰਧਾਰਾ ਭਾਰਤੀ ਸਾਹਿਤ ਚਿੰਤਨ ਅਤੇ ਧਰਮ-ਗਿਆਨ ਦੇ ਅੰਤਰਗਤ ਬੜੀ ਨਿਵੇਕਲੀ ਸੁਰ ਵਾਲੀ ਗੌਰਵਮਈ ਬਾਣੀ ਪਰੰਪਰਾ ਹੈ। ਇਹ ਉਹ ਧਰਮ ਚਿੰਤਨ ਹੈ ਜੋ ਆਤਮਾ ਅਤੇ ਪਰਮਾਤਮਾ ਦੀ ਨਵੀਂ ਪਰਿਭਾਸ਼ਾ ਕਰਨ ਵਾਲਾ ਸੀ। ਇਸ ਵਿਚਾਰਧਾਰਾ ਵਿਚ ਧਰਤੀ ਅਤੇ ਧਰਮ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਚਿਤਵਿਆ ਅਤੇ ਚਿਤਰਿਆ ਗਿਆ ਹੈ। ਲੌਕਿਕਤਾ ਰਾਹੀਂ ਪਾਰਲੌਕਿਕਤਾ ਦੇ ਰਹੱਸ ਪਛਾਣੇ ਗਏ ਹਨ ਅਤੇ ਪਾਰਲੌਕਿਕਤਾ ਰਾਹੀਂ ਧਰਤੀ ਨੂੰ ਧਰਮਸਾਲ ਬਣਾਇਆ ਹੈ। ਬਾਣੀ ਸੰਸਾਰ ਦਾ ਸੱਚ ਇਹ ਹੈ ਕਿ ਇਸ ਦੇ ਝਰੋਖੇ ਵਿਚੋਂ ਮਨੁੱਖ ਨੂੰ ਜ਼ਿੰਦਗੀ ਦੇ ਨਵੇਂ ਪਾਸਾਰ ਲੱਭੇ ਹਨ। ਇਕ ਅਜਿਹੇ ਪ੍ਰਭੂ ਦੇ ਸੰਕਲਪ ਦੀ ਪ੍ਰਤੀਤੀ ਕਰਵਾਈ ਹੈ ਜੋ ਆਪਣੇ ਭਗਤ ਦੇ ਅੰਗ ਸੰਗ ਰਹਿੰਦਾ ਹੈ। ਭਗਤ ਅਤੇ ਭਗਵਾਨ ਦੋਵੇਂ ਇਕ ਦੂਜੇ ਲਈ ਕਾਰਜਸ਼ੀਲ ਹਨ। ਭਗਤ ਜੇਕਰ ਇਕ ਕਦਮ ਤੁਰਦਾ ਹੈ ਤਾਂ ਭਗਵਾਨ

ਦਸ ਕੋਹ ਤੈਅ ਕਰਕੇ ਆਪਣੇ ਭਗਤ ਨੂੰ ਮਿਲਦਾ ਹੈ। ਇਹ ਉਹ ਵਿਚਾਰਧਾਰਾ ਹੈ ਜੋ ਮਨੁੱਖ ਨੂੰ ਹਰ ਛਿੰਨ ਆਪਣੇ ਪ੍ਰਭੂ ਨਾਲ ਜੁੜਨ ਦਾ ਮਾਰਗ ਦਰਸਾਉਂਦੀ ਹੈ। ਇਹੀ ਰਹੱਸ ਹੈ ਕਿ ਮਨੁੱਖ ਅਤੇ ਪ੍ਰਭੂ ਦੋਵੇਂ ਇਕ ਦੂਜੇ ਨਾਲ ਇਕ ਨਵੇਂ ਰਿਸ਼ਤੇ ਵਿਚ ਪਰਿਭਾਸ਼ਿਤ ਹੋਏ ਹਨ। ਬਾਣੀ ਸੰਸਾਰ ਦਾ ਪ੍ਰਭੂ ਇੰਜ ਆਪਣੇ ਭਗਤ ਲਈ ਗਤੀਸ਼ੀਲ ਹੁੰਦਾ ਹੈ ਕਿ ਭਗਤ ਉਸਦੇ ਵਿਹਾਰ ਵਿਚੋਂ ਸਾਰੇ ਰਿਸ਼ਤੇ ਇਕੋ ਰੂਪ ਵਿਚ ਦੇਖ ਲੈਂਦਾ ਹੈ। ਗੁਰੂ ਅਰਜਨ ਦੇਵ ਆਪਣੇ ਪ੍ਰਭੂ ਦੇ ਨਿੱਘੇ ਰੂਪ ਦੀ ਇੰਜ ਵਿਆਖਿਆ ਕਰਦੇ ਹਨ:—

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ।।
ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ।।
ਤੂੰ ਮੇਰੀ ਪਤਿ ਤੂਹੈ ਮੇਰਾ ਗਹਣਾ।।
ਤੁਝ ਬਿਨੁ ਨਿਮਖੁ ਨ ਜਾਈ ਰਹਣਾ।।1।।
ਤੂੰ ਮੇਰੇ ਲਾਲਨ ਤੂੰ ਮੇਰੇ ਪ੍ਰਾਨ।।
ਤੂੰ ਮੇਰੇ ਸਾਹਿਬ ਤੂੰ ਮੇਰੇ ਖਾਹਨ।।1।।ਰਹਾਉ।।
ਜਿਉ ਤੁਮ ਰਾਖਹੁ ਤਿਵ ਹੀ ਰਹਨਾ।।
ਜੋ ਤੁਮ ਕਹਹੁ ਸੋਈ ਮੋਹਿ ਕਰਨਾ।।
ਜਹ ਪੇਖਉ ਤਹਾ ਤੁਮ ਬਸਨਾ।।
ਨਿਰਭਉ ਨਾਮੁ ਜਪਉ ਤੇਰਾ ਰਸਨਾ।।2।।
ਤੂੰ ਮੇਰੀ ਨਵ ਨਿਧਿ ਤੂੰ ਭੰਡਾਰੁ।।
ਰੰਗ ਰਸਾ ਤੂੰ ਮਨਹਿ ਅਧਾਰੁ।।
ਤੂੰ ਮੇਰੀ ਸੋਭਾ ਤੁਮ ਸੰਗਿ ਰਚੀਆ।।
ਤੂੰ ਮੇਰੀ ਓਟ ਤੂੰ ਹੈ ਮੇਰਾ ਤਕੀਆ।।3।।
ਮਨ ਤਨ ਅੰਤਰਿ ਤੁਹੀ ਧਿਆਇਆ।।
ਮਰਮੁ ਤੁਮਾਰਾ ਗੁਰ ਤੇ ਪਾਇਆ।।

ਸਤਿਗੁਰ ਤੇ ਦ੍ਰਿੜਿਆ ਇਕੁ ਏਕੈ।।
ਨਾਨਕ ਦਾਸ ਹਰਿ ਹਰਿ ਹਰਿ ਟੇਕੈ।।4।।[19]

ਇਨ੍ਹਾਂ ਉਪਰੋਕਤ ਸ਼ਬਦਾਂ ਵਿਚੋਂ ਇਹ ਤੱਥ ਸਪੱਸ਼ਟ ਹੈ ਕਿ ਬਾਣੀ ਸੰਸਾਰ ਦਾ ਰੱਬ ਕਿਸੇ ਦੂਰ ਦੀ ਧਰਤੀ ਦੀ ਅਪਹੁੰਚ ਸ਼ਕਤੀ ਨਹੀਂ ਸਗੋਂ ਹਰ ਪਲ ਉਸ ਦਾ ਅੰਗੀ ਸਾਥੀ ਹੈ। ਮਿਹਰਵਾਨ ਹੈ ਅਤੇ ਆਪਣੇ ਭਗਤ ਦਾ ਰੱਖਿਅਕ ਹੈ। ਬਾਣੀ ਸੰਸਾਰ ਵਿਚ ਤਾਂ ਪਰਮਾਤਮਾ ਪਿਤਾ ਵੀ ਹੈ ਅਤੇ ਸਖਾ ਵੀ, ਕੰਤ ਵੀ ਹੈ ਅਤੇ ਮਿੱਠਬੋਲੜਾ ਯਾਰ ਵੀ। ਇਹੀ ਕਾਰਣ ਹੈ ਕਿ ਆਤਮਾ ਰੂਪੀ ਇਸਤ੍ਰੀ ਆਪਣੇ ਅਜਿਹੇ ਪ੍ਰਭੂ ਦੀ ਯਾਦ ਹਰ ਘੜੀ ਲੀਨ ਰਹਿੰਦੀ ਹੈ। ਵਿਛੋੜੇ ਵਿਚ ਤੜਪਦੀ ਅਤੇ ਮਿਲਣ ਲਈ ਤਰਸਦੀ ਹੈ। ਇਕ ਘੜੀ ਦਾ ਵਿਸਾਹ ਨਹੀਂ ਖਾਉਂਦੀ ਅਤੇ ਇਹੀ ਬੇਨਤੀ ਕਰਦੀ ਹੈ ਕਿ 'ਮੋਹਿ ਨਾ ਵਿਸਾਰੋ ਮੈਂ ਜਨ ਤੇਰਾ'। ਆਪਣੀ ਕਾਰਜਸ਼ੀਲਤਾ ਰਾਹੀਂ ਮਨੁੱਖ ਆਪਣੇ ਪ੍ਰਭੂ ਦੀ ਮਿਹਰ ਪ੍ਰਾਪਤ ਕਰਕੇ ਉਸ ਵਿਚ ਅਭੇਦ ਹੋ ਜਾਂਦਾ ਹੈ। ਬਾਣੀ ਸੰਸਾਰ ਦੀ ਯਾਤਰਾ ਲੌਕਿਕਤਾ ਦੇ ਝਰੋਖੇ ਵਿਚੋਂ ਪਾਰਲੌਕਿਕਤਾ ਦੇ ਰਹੱਸ ਵਿਚ ਅਭੇਦ ਹੋਣਾ ਹੈ। ਪ੍ਰਭੂ ਦੀ ਯਾਦ ਵਿਚ ਹਰ ਘੜੀ ਸਿਮਰਨ ਕਰਨਾ ਹੀ ਜੀਵ ਰੂਪੀ ਆਤਮਾ ਦਾ ਧਰਮ ਹੈ। ਯਾਦ ਵਿਚ ਵਿਛੋੜੇ ਦਾ ਅਨੁਭਵ ਕਰਨਾ ਹੀ ਮਨੁੱਖ ਦੀ ਭਗਤੀ ਹੈ। ਇਥੇ ਭਗਤੀ ਵਿਚ ਹੀ ਧਰਮ ਹੈ, ਮੁੱਕਤੀ ਹੈ ਅਤੇ ਮਿਲਾਪ ਹੈ। ਬਾਣੀ ਸੰਸਾਰ ਵਿਚ ਵਿਛੋੜੇ ਦੀ ਤਿੱਖੀ ਸੰਵੇਦਨਾ ਬੜੀ ਅਰਥ ਭਰਪੂਰ ਹੈ ਅਤੇ ਇਸੇ ਵਿਜੋਗ ਭਾਵਨਾ ਵਿਚੋਂ ਜੋ ਬੋਲ ਪ੍ਰਗਟ ਹੋਏ ਹਨ, ਉਹ ਬੋਲ ਮਨੁੱਖ ਦੇ ਅੰਦਰਲੇ ਮੋਹ ਦਾ ਪ੍ਰਗਟਾਵਾ ਬਣੇ ਹਨ। ਡਾ. ਗੁਰਸ਼ਰਨ ਕੌਰ ਜੱਗੀ ਬਾਣੀ ਦਾ ਮੂਲ ਪ੍ਰੇਮ ਮੰਨਦੇ ਹੋਏ ਗੁਰੂ ਅਰਜਨ ਦੇਵ ਜੀ ਦੀ ਭਗਤੀ ਦਾ ਬੁਨਿਆਦੀ ਤੱਤ ਪ੍ਰੇਮ ਮੰਨਦੇ ਹੋਏ ਲਿਖਦੇ ਹਨ, ''ਗੁਰੂ ਅਰਜਨ ਦੇਵ ਦੀ ਭਗਤੀ ਦਾ ਤੀਜਾ ਬੁਨਿਆਦੀ ਤੱਤ ਹੈ ਪ੍ਰੇਮ। ਮਾਨਵ ਸਰੀਰ ਤੇ ਅਧਿਆਤਮਿਕ ਆਸਥਾ ਤਦੇ ਹੀ ਕੁਝ ਮਹੱਤਵ ਰਖਦੇ ਹਨ ਜੇ ਸਾਧਕ ਆਪਣੇ ਇਸ਼ਟ ਦੇਵ ਨਾਲ ਪ੍ਰੇਮ ਦਾ ਸੰਬੰਧ ਕਾਇਮ ਕਰੇ ਕਿਉਂਕਿ ਇਸ ਤੋਂ ਬਿਨਾਂ ਭਗਤੀ ਸਾਧਨਾ ਸੰਪਨ ਹੀ ਨਹੀਂ ਹੋ ਸਕਦੀ। ਇਸ

ਵਿਚ ਸੰਦੇਹ ਨਹੀਂ ਕਿ ਭਾਰਤੀ ਭਗਤੀ ਅਤੇ ਸੂਫੀ ਸਾਧਨਾ ਵਿਚ ਪ੍ਰੇਮ ਦੇ ਤੱਤ ਨੂੰ ਮਹੱਤਵ ਦਿੱਤਾ ਗਿਆ ਹੈ ਪਰ ਗੁਰੂ ਅਰਜਨ ਦੇਵ ਦਾ ਪ੍ਰੇਮ ਨਾ ਗਿਆਨ ਆਧਾਰਿਤ ਹੈ, ਨਾ ਹੀ ਬਿਰਹੋਂ ਦੀ ਪ੍ਰੀਤ ਨਾਲ ਸਲ੍ਹਿਆ ਹੋਇਆ, ਸਗੋਂ ਇਹ ਸਹਿਜ ਪ੍ਰੇਮ ਹੈ। ਇਸ ਪ੍ਰੇਮ ਦੇ ਸਰੂਪ ਨੂੰ ਸਪੱਸ਼ਟ ਕਰਨ ਲਈ ਗੁਰੂ ਜੀ ਨੇ ਜਲ ਤੇ ਮੱਛਲੀ, ਚਾਤ੍ਰਿਕ ਤੇ ਸੁਆਤੀ ਬੂੰਦ, ਨਾਦ ਤੇ ਮਿਰਗ, ਭੌਰੇ ਤੇ ਪੁਸ਼ਪ ਦੀ ਸੁਗੰਧ ਦਾ ਬਹੁਤ ਸੁੰਦਰ ਉਪਮਾਨ ਵਿਧਾਨ ਕੀਤਾ ਹੈ:—

ਜਿਉ ਮਛਲੀ ਬਿਨੁ ਪਾਣੀ ਹੈ ਕਿਉ ਜੀਵਣ ਪਾਵੈ।<br>
ਬੂੰਦ ਵਿਹੂਣਾ ਚਾਤ੍ਰਿਕੈ ਕਿਉ ਕਰਿ ਤ੍ਰਿਪਤਾਵੈ।<br>
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।<br>
ਭਵਰੁ ਲੋਭੀ ਕੁਸਮੁ ਬਾਸੁ ਕਾ ਮਿਲਿ ਆਪ ਬੰਧਾਵੈ।<br>
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ।[20]

ਅਧਿਆਤਮਕ ਚਿੰਤਨ ਵਿਚ ਇਹ ਤੱਥ ਬੜਾ ਉਘੜਵਾਂ ਹੈ ਕਿ ਮਨੁੱਖ ਇਸਤ੍ਰੀ ਦੇ ਪ੍ਰਤੀਕ ਵਿਚ ਆਪਣੇ ਪ੍ਰਭੂ ਪ੍ਰੀਤਮ ਲਈ ਵਿਛੋੜੇ ਦੀ ਅਵਸਥਾ ਵਿਚ ਹੈ। ਬਾਣੀ ਸੰਸਾਰ ਵਿਚ ਇਹ ਵਿਛੋੜਾ ਅੰਦਰਲੇ ਮੋਹ ਅਤੇ ਮਿਲਣ ਦੀ ਤਾਂਘ ਦਾ ਸੰਵੇਦਨਸ਼ੀਲ ਪ੍ਰਗਟਾਵਾ ਹੈ। ਬਾਣੀ ਸੰਸਾਰ ਤੋਂ ਪਹਿਲਾਂ ਬਾਬਾ ਫ਼ਰੀਦ ਇਸ ਵਿਛੋੜੇ ਦੀ ਉਚਿਆਈ ਨੂੰ ਪ੍ਰਗਟਾ ਚੁੱਕੇ ਸਨ। ਫ਼ਰੀਦ ਬਾਣੀ ਵਿਚੋਂ ਬ੍ਰਿਹਾ ਦਾ ਜੋ ਰੂਪ ਉਘੜਿਆ ਹੈ, ਉਹ ਬੜਾ ਪ੍ਰਮਾਣਕ ਅਤੇ ਧਰਮ ਚਿੰਤਨ ਵਿਚ ਇਕ ਨਵਾਂ ਪ੍ਰਤਿਮਾਨ ਸਥਾਪਤ ਕਰਨ ਵਾਲਾ ਹੈ। ਇਸ ਬ੍ਰਿਹਾ ਦੀ ਹੂਕ ਨੂੰ ਸੂਫੀ ਕਵਿਤਾ ਵਿਚ ਪ੍ਰੇਮੀ ਪ੍ਰੇਮਿਕਾ ਦੇ ਪ੍ਰਤੀਕ ਵਿਚ ਪ੍ਰਗਟਾਇਆ ਗਿਆ ਹੈ। ਕਮਾਲ ਦਾ ਪੱਖ ਇਹ ਹੈ ਕਿ ਸਮੁੱਚੀ ਅਧਿਆਤਮਕ ਪਰੰਪਰਾ ਵਿਚ ਵਿਛੋੜੇ ਦੇ ਭਾਵ ਨੂੰ ਪ੍ਰਗਟਾਉਣ ਲਈ ਪਰਮਾਤਮਾ ਨੂੰ ਪ੍ਰੇਮੀ, ਯਾਰ, ਕੰਤ ਅਤੇ ਸਖਾ ਦੇ ਰੂਪ ਚਿਤਵਿਆ ਗਿਆ ਹੈ। ਬਾਣੀ ਸੰਸਾਰ ਵਿਚ ਵਿਛੋੜੇ ਦੀ ਇਸ ਤਿੱਖੀ ਹੂਕ ਦਾ ਪ੍ਰਗਟਾਵਾ ਗੁਰੂ ਅਰਜਨ ਬਾਣੀ ਵਿਚ ਬੜਾ ਵਿਰਲਾ ਅਤੇ ਸੰਵੇਦਨਸ਼ੀਲ ਹੈ। ਇਸ ਵਿਛੋੜੇ ਦੇ ਭਾਵ ਵਿਚ ਲੀਨ

ਗੁਰੂ ਅਰਜਨ ਦੇਵ ਆਪਣੇ ਕੰਤ ਪ੍ਰੀਤਮ ਅਤੇ ਸਖਾ ਰੂਪੀ ਪਿਆਰੇ ਨੂੰ ਇੰਜ ਸਿਮਰਦੇ ਅਤੇ ਯਾਦ ਕਰਦੇ ਹਨ:—

ਮੇਰੈ ਮਨਿ ਬੈਰਾਗੁ ਭਇਆ ਜੀਉ ਕਿਉ ਦੇਖਾ ਪ੍ਰਭ ਦਾਤੇ।।
ਮੇਰੇ ਮੀਤ ਸਖਾ ਹਰਿ ਜੀਉ ਗੁਰ ਪੁਰਖ ਬਿਧਾਤੇ।।
ਪੁਰਖੋ ਬਿਧਾਤਾ ਏਕੁ ਸ੍ਰੀਧਰੁ ਕਿਉ ਮਿਲਹ ਤੁਝੈ ਉਡੀਣੀਆ।।
ਕਰ ਕਰਹਿ ਸੇਵਾ ਸੀਸੁ ਚਰਣੀ ਮਨਿ ਆਸ ਦਰਸ ਨਿਮਾਣੀਆ।।
ਸਾਸਿ ਸਾਸਿ ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ।।
ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲੀਐ ਪ੍ਰਭ ਦਾਤੇ।।1।।
ਇਕ ਬਿਨਉ ਕਰਉ ਜੀਉ ਸੁਣਿ ਕੰਤ ਪਿਆਰੇ।।
ਮੇਰਾ ਮਨੁ ਤਨੁ ਮੋਹਿ ਲੀਆ ਜੀਉ ਦੇਖਿ ਚਲਤ ਤੁਮਾਰੇ।।
ਚਲਤਾ ਤੁਮਾਰੇ ਦੇਖਿ ਮੋਹੀ ਉਦਾਸ ਧਨ ਕਿਉ ਧੀਰਏ।।
ਗੁਣਵੰਤ ਨਾਹ ਦਇਆਲੁ ਬਾਲਾ ਸਰਬ ਗੁਣ ਭਰਪੂਰਏ।।
ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ।।
ਬਿਨਵੰਤਿ ਨਾਨਕ ਦਇਆ ਧਾਰਹੁ ਘਰਿ ਆਵਹੁ ਨਾਹ ਪਿਆਰੇ।2।[21]

ਗੁਰੂ ਅਰਜਨ ਬਾਣੀ ਵਿਛੋੜੇ ਦੇ ਭਾਵ ਵਿਚ ਵਿਚਰਦਿਆਂ ਸੇਵਾ, ਧਰਮ ਕਰਮ ਅਤੇ ਬੇਨਤੀ ਵਰਗੇ ਸਦਗੁਣਾਂ ਨੂੰ ਨਹੀਂ ਵਿਸਾਰਦੀ। ਬਾਣੀ ਚਿੰਤਨ ਵਿਚ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਮਾਰਗ ਹੀ ਇਹ ਹੈ ਕਿ ਵਿਛੋੜੇ ਵਿਚ ਵਿਚਰਦਿਆਂ ਕਰਮ ਕਮਾਉਣਾ ਹੈ। ਇਹ ਕਰਮ ਧਰਤੀ ਨੂੰ ਧਰਮਸਾਲ ਬਣਾਉਣ ਵਾਲਾ ਹੈ। ਪਰਮਾਤਮਾ ਵਿਚ ਉਹੀ ਅਭੇਦ ਹੋ ਸਕਦਾ ਹੈ ਜੋ ਅਮਲ ਦੀ ਧਰਤੀ ਵਿਚੋਂ ਉਭਰਦਾ ਹੈ। ਵਿਛੋੜੇ ਦੀ ਹੂਕ ਵਿਚ ਨਿਰਮਾਣਤਾ ਹੈ, ਆਤਮ ਸਮਰਪਣ ਹੈ ਅਤੇ ਮਿਲਾਪ ਲਈ ਬੇਨਤੀ ਹੈ। ਭਾਵ "ਸੁਣਿ ਸਖੀਏ ਮਿਲਿ ਉਦਮੁ ਕਰੇਹਾ ਮਨਾਇ ਲੈਹਿ ਹਰਿ ਕੰਤੈ।। "ਮਾਨੁ ਤਿਆਗਿ ਕਰਿ ਭਗਤੀ" ਦਾ ਮਾਡਲ ਦਰਸਾਇਆ ਹੈ। ਗੁਰੂ ਅਰਜਨ ਬਾਣੀ ਵਿਚ ਜਿਥੇ ਵੀ ਵਿਛੋੜੇ ਦੇ ਸੱਲ ਨੂੰ ਦਰਸਾਇਆ ਹੈ, ਉਥੇ

ਨਾਲ ਹੀ ਸੇਵਾ, ਤਿਆਗ, ਸਿਮਰਨ ਅਤੇ ਕਰਮ ਦੀ ਗੱਲ ਕੀਤੀ ਹੈ। ਬਾਣੀ ਸੰਸਾਰ ਵਿਚ ਵਿਛੋੜਾ ਸਿਰਫ ਤਪਾਉਂਦਾ ਨਹੀਂ ਬਲਕਿ ਟਕਸਾਲ ਵਾਂਗ ਮਨੁੱਖ ਨੂੰ ਕੁੰਦਨ ਬਣਾਉਂਦਾ ਹੈ। ਗੁਰੂ ਅਰਜਨ ਦੇਵ ਇਸ ਵਿਛੋੜੇ ਵਾਲੀ ਪ੍ਰੀਤ ਨੂੰ ਅਜਿਹੇ ਪਾਰਗਾਮੀ ਅਰਥਾਂ ਵਿਚ ਪ੍ਰਗਟਾਉਂਦੇ ਹਨ ਕਿ ਇਹੀ ਵਿਛੋੜਾ ਮਨੁੱਖੀ ਚਿੰਤਾ, ਦੁਖ ਅਤੇ ਭਵਜਲ ਤੋਂ ਮੁਕਤ ਕਰਵਾਉਣ ਵਾਲਾ ਹੋ ਨਿਬੜਦਾ ਹੈ। ਹੇਠ ਲਿਖੇ ਸ਼ਬਦ ਵਿਚ ਪ੍ਰਭੂ ਪ੍ਰੀਤ ਅਤੇ ਵਿਛੋੜੇ ਨੂੰ ਇੰਜ ਪਾਰਗਾਮੀ ਅਰਥ ਦਿੱਤੇ ਹਨਃ—

ਪ੍ਰਭ ਕੀ ਪ੍ਰੀਤਿ ਸਦਾ ਸੁਖੁ ਹੋਇ।।
ਪ੍ਰਭ ਕੀ ਪ੍ਰੀਤਿ ਦੁਖੁ ਲਗੈ ਨ ਕੋਇ।।
ਪ੍ਰਭ ਕੀ ਪ੍ਰੀਤਿ ਹਉਮੈ ਮਲੁ ਖੋਇ।।
ਪ੍ਰਭ ਕੀ ਪ੍ਰੀਤਿ ਸਦ ਨਿਰਮਲ ਹੋਇ।।1।।
ਸੁਨਹੁ ਮੀਤ ਐਸਾ ਪ੍ਰੇਮ ਪਿਆਰੁ।।
ਜੀਅ ਪ੍ਰਾਨ ਘਟ ਘਟ ਆਧਾਰੁ।।1।।ਰਹਾਉ।।
ਪ੍ਰਭ ਕੀ ਪ੍ਰੀਤਿ ਭਏ ਸਗਲ ਨਿਧਾਨ।।
ਪ੍ਰਭ ਕੀ ਪ੍ਰੀਤਿ ਰਿਦੈ ਨਿਰਮਲ ਨਾਮ।।
ਪ੍ਰਭ ਕੀ ਪ੍ਰੀਤਿ ਸਦ ਸੋਭਾਵੰਤ।।
ਪ੍ਰਭ ਕੀ ਪ੍ਰੀਤਿ ਸਭ ਮਿਟੀ ਹੈ ਚਿੰਤ।।2।।
ਪ੍ਰਭ ਕੀ ਪ੍ਰੀਤਿ ਇਹੁ ਭਵਜਲੁ ਤਰੈ।।
ਪ੍ਰਭ ਕੀ ਪ੍ਰੀਤਿ ਜਮ ਤੇ ਨਹੀ ਡਰੈ।।
ਪ੍ਰਭ ਕੀ ਪ੍ਰੀਤਿ ਸਗਲ ਉਧਾਰੈ।।
ਪ੍ਰਭ ਕੀ ਪ੍ਰੀਤਿ ਚਲੈ ਸੰਗਾਰੈ।।3।।
ਆਪਹੁ ਕੋਈ ਮਿਲੈ ਨ ਭੂਲੈ।।
ਜਿਸੁ ਕ੍ਰਿਪਾਲੁ ਤਿਸੁ ਸਾਧਸੰਗਿ ਘੁਲੈ।।
ਕਹੁ ਨਾਨਕ ਤੇਰੈ ਕੁਰਬਾਣੁ।।

ਸੰਤ ਓਟ ਪ੍ਰਭ ਤੇਰਾ ਤਾਣ॥4॥[22]

ਪ੍ਰਭੂ ਦੀ ਪ੍ਰੀਤ ਵਿਚ ਵਿਛੋੜੇ ਦੀ ਤਿੱਖੀ ਪੀੜਾ ਤਾਂ ਹੈ ਪਰ ਇਸ ਪੀੜਾ ਨੂੰ ਗੁਰੂ ਅਰਜਨ ਦੇਵ ਨੇ ਵੱਖ ਵੱਖ ਰੂਪਾਂ ਵਿਚ ਸ਼ਾਂਤ ਕਰਨ ਦਾ ਮਾਰਗ ਵੀ ਸਮਝਾਇਆ ਹੈ। ਉਨ੍ਹਾਂ ਨੇ ਬ੍ਰਿਹਾ ਨੂੰ ਆਲਸ ਤੋਂ ਦੂਰ ਰੱਖਣ ਵਾਲੀ ਸ਼ਕਤੀ ਮੰਨਿਆ ਹੈ ਜੋ ਅਮਰ ਦ੍ਰਿਸ਼ਟੀ ਵਿਚ ਅਭੇਦ ਕਰਵਾਉਂਦਾ ਹੈ। ਦੁਸ਼ਟ ਦੂਤ ਦਾ ਨਾਸ ਹੁੰਦਾ ਹੈ ਅਤੇ ਦੁਨੀਆਂ ਵਿਚ ਜੈ ਜੈ ਹੁੰਦੀ ਹੈ। ਪਰਮਾਤਮਾ ਦੇ ਵਿਛੋੜੇ ਵਿਚ ਲੀਨ ਆਤਮਾ ਨੂੰ ਨਰਕ ਨਹੀਂ ਦੇਖਣਾ ਪੈਂਦਾ ਅਤੇ ਦੁਰਮਤਿ ਦਾ ਨਾਸ ਹੁੰਦਾ ਹੈ। ਇਹ ਨਿਰਣਾ ਗੁਰੂ ਅਰਜਨ ਬਾਣੀ ਵਿਚ ਸਪੱਸ਼ਟ ਹੈ ਕਿ, ''ਦੂਖੁ ਰੋਗੁ ਨ ਭਉ ਬਿਆਪੈ, ਜਿਨੀ ਹਰਿ ਹਰਿ ਧਿਆਇਆ।'' ਇਸੇ ਲਈ ਉਹ ਬਾਰ ਬਾਰ ''ਦਰਸ਼ਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥'' ਦੁਹਰਾਉਂਦੇ ਹਨ। ਬਾਣੀ ਦੇ ਝਰੋਖੇ ਵਿਚੋਂ ਆਪਣੇ ਪਿਆਰੇ ਲਈ ਜੋ ਤੜਪ ਗੁਰੂ ਅਰਜਨ ਦੇਵ ਜੀ ਨੇ ਪ੍ਰਗਟਾਈ ਹੈ, ਉਹ ਬੜੇ ਸੁਹਜਮਈ ਬਿੰਬ ਵਿਚ ਉਸਰੀ ਹੈ। ਇਨ੍ਹਾਂ ਨਿਮਨ ਲਿਖਤ ਤੁਕਾਂ ਵਿੱਚ ਬੇਨਤੀ ਭਾਵ ਤਾਂ ਹੈ ਹੀ ਪਰ ਨਾਲ ਹੀ ਮੋਹ ਪਿਆਰ ਵਿਛੋੜੇ ਦਾ ਡੂੰਘਾ ਪ੍ਰਗਟਾਵਾ ਹੈ। ਅਸਲ ਸੁਹਾਗਣਿ ਦਾ ਰੂਪ ਹੈ, ਬਾਂਹ ਪਕੜਿ ਕੇ ਪਾਰ ਕਰਵਾਉਣ ਦੀ ਇੱਛਾ ਹੈ। ਮੰਗਲ ਅਤੇ ਸ਼ਾਂਤ ਹੋਣ ਦਾ ਰਾਹ ਉਲੀਕਿਆ ਹੈ। ਸੁਖ ਸਹਿਜ ਅਵਸਥਾ ਦੀ ਪ੍ਰਤੀਤੀ ਕਰਵਾਈ ਹੈ। ਇਹ ਤੁਕਾਂ ਵਿਭਿੰਨ ਪੱਖਾਂ ਤੋਂ ਗੁਰੂ ਅਰਜਨ ਬਾਣੀ ਅੰਦਰਲੀ ਵਿਜੋਗ ਭਾਵਨਾ ਨੂੰ ਪ੍ਰਗਟਾਉਣ ਵਾਲੀਆਂ ਹਨ:—

ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ॥
ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ॥
ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ।
ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਪੀ ਨਾ ਧੀਰੀਜੈ॥
ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ।
ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ॥1॥

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ।
ਯਾਰ ਵੇ ਹਿਕ ਡੂੰ ਹਿਕਿ ਚਾੜੈ ਹਉ ਕਿਸੁ ਚਿਤੇਹੀਆ।।
ਹਿਕ ਦੂੰ ਹਿਕਿ ਚਾੜੇ ਅਨਿਕ ਪਿਆਰੇ ਨਿਤ ਕਰਦੇ ਭੋਗ ਬਿਲਾਸਾ।
ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ।।
ਜਿਨੀ ਮੈਡਾ ਲਾਲੁ ਰੀਝਾਇਆ ਹਉ ਤਿਸੁ ਆਗੈ ਮਨੁ ਡੇਂਹੀਆ।।
ਨਾਨਕੁ ਕਹੈ ਸੁਣਿ ਬਿਨਉ ਸੁਹਾਗਣਿ
ਮੂ ਦਸਿ ਡਿਖਾ ਪਿਰੁ ਕੇਹੀਆ।।
ਯਾਰ ਵੇ ਪਿਰੁ ਆਪਣ ਭਾਣਾ ਕਿਛੁ ਨੀਸੀ ਛੰਦਾ।।
ਯਾਰ ਵੇ ਤੈ ਰਾਵਿਆ ਲਾਲਨੁ ਮੂ ਦਸਿ ਦਸੰਦਾ।।
ਲਾਲਨੁ ਤੈ ਪਾਇਆ ਆਪੁ ਗਵਾਇਆ ਜੈ ਧਨ ਭਾਗ ਮਥਾਣੇ।।
ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ।।
ਗੁਣ ਹਾਰੁ ਤੈ ਪਾਇਆ ਰੰਗੁ ਲਾਲੁ ਬਣਾਇਆ ਤਿਸੁ ਹਭੋ
ਕਿਛੁ ਸੁਹੰਦਾ ਜਨ ਨਾਨਕ ਧੰਨਿ ਸੁਹਾਗਣਿ
ਸਾਈ ਜਿਸੁ ਸੰਗਿ ਭਤਾਰੁ ਵਸੰਦਾ।।3।।
ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ।।
ਵਰੁ ਲੋੜੀਦਾ ਆਇਆ ਵਜੀ ਵਾਧਾਈ।।
ਮਹਾ ਮੰਗਲੁ ਰਹਸੁ ਕੀਆ ਪਿਰੁ ਦਇਆਲੁ ਸਦ ਨਵ ਰੰਗੀਆ।।
ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ।।
ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ।।
ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ।।4।।[23]

ਨਿਰਸੰਦੇਹ ਗੁਰਮਤਿ ਅਨੁਸਾਰ ਮਨੁੱਖੀ ਦੁਖਾਂ ਦਾ ਮੂਲ ਕਾਰਨ ਪ੍ਰਭੂ ਤੋਂ ਦੂਰੀ ਹੈ। ਜੀਵਾਤਮਾ ਪਰਮਾਤਮਾ ਤੋਂ ਵਿਛੜੀ ਹੈ। ਇਹੀ ਵਿਛੋੜਾ ਮਨੁੱਖ ਨੂੰ ਵਿਜੋਗੀ ਬਣਾਉਂਦਾ ਹੈ। ਜਦੋਂ ਤੱਕ ਜੀਵਾਤਮਾ ਦਾ ਆਪਣੇ ਮੂਲ ਅਸਲੇ ਨਾਲ ਮੇਲ ਨਹੀਂ ਹੋ

ਜਾਂਦਾ ਉਦੋਂ ਤਕ ਉਸਨੂੰ ਆਤਮਿਕ ਤੇ ਮਾਨਸਿਕ ਸ਼ਾਂਤੀ ਨਹੀਂ ਮਿਲਦੀ। ਗੁਰਵਾਕ ਹੈ:—

ਦੁਖ ਵਿਛੋੜਾ ਇਕ ਦੁਖੁ ਭੂਖ।।
ਇਕ ਦੁਖ ਸਕਤਿਵਰ ਜਮਦੂਤ।।[24]

ਮਨੁੱਖ ਪਰਮਾਤਮਾ ਦੀ ਜੋਤ ਹੈ, ਪਰਮਾਤਮਾ ਤੋਂ ਹੀ ਮਨੁੱਖ ਪੈਦਾ ਹੋਇਆ ਹੈ ਪਰ ਮਨੁੱਖਾ ਜਨਮ ਧਾਰ ਕੇ ਮਨੁੱਖ ਦੁਨਿਆਵੀ ਮੋਹ ਮਾਇਆ 'ਚ ਫਸ ਗਿਆ ਹੈ ਅਤੇ ਪਰਮਾਤਮਾ ਤੋਂ ਦੂਰ ਹੋ ਗਿਆ ਹੈ। ਪਰ ਜਿਸਦੀ ਉਹ ਜੋਤ ਹੈ, ਉਸਨੂੰ ਹਮੇਸ਼ਾ ਚੇਤੇ ਰਖਣਾ ਚਾਹੀਦਾ ਹੈ। ਗੁਰਵਾਕ ਹੈ:—

ਏਕ ਨਿਮਖ ਜੇ ਬਿਸਰੈ ਸੁਆਮੀ
ਜਾਨਉ ਕੋਟਿ ਦਿਨਸ ਲਖ ਬਰੀਆਂ।[25]

''ਗੁਰੂ ਅਰਜਨ ਦੇਵ ਦੀ ਪ੍ਰੇਮ ਭਗਤੀ ਦੀ ਪ੍ਰਮੁੱਖ ਪ੍ਰਵਿਰਤੀ ਬਿਰਹਾ ਹੈ। ਜਦੋਂ ਭਗਤ ਨੂੰ ਭਗਵਾਨ ਦੇ ਦਰਸ਼ਨ ਨਹੀਂ ਹੁੰਦੇ ਤਾਂ ਉਹ ਇਕ ਬਿਰਹਨ ਵਾਂਗ ਮਿਲਾਪ ਲਈ ਤੜਫਦਾ ਹੈ। ਇਹੀ ਬਿਰਹਾ ਭਾਵਨਾ ਸੰਤਾਂ ਦੇ ਰਹੱਸਵਾਦ ਦੀ ਮੂਲ ਪ੍ਰਵਿਰਤੀ ਹੈ।''[26] ''ਗੁਰਮਤਿ ਕਾਵਿ ਵਿਚ ਬਿਰਹਾ ਵਰਣਨ ਦੀ ਖੂਬਸੂਰਤ ਮਿਸਾਲ ਬਾਰਹਮਾਹਾ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਆਪੋ ਆਪਣੀਆਂ ਰਚਨਾਵਾਂ ਰਾਗ ਤੁਖਾਰੀ ਤੇ ਰਾਗ ਮਾਝ ਰਾਹੀਂ ਇਕ ਬਿਰਹੋਂ ਕੁਠੀ ਜਿੰਦ ਦੀ ਵੇਦਨਾ ਵਿਅਕਤ ਕੀਤੀ ਹੈ।''[27]

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਰਮਾਤਮਾ ਲਈ ਵਿਛੋੜੇ ਦੀ ਤੜਫ ਵੀ ਸੁਖਦਾਈ ਹੈ, ਉਸ ਵਿਚ ਹਲੀਮੀ, ਸਬਰ-ਸੰਤੋਖ ਤੇ ਇਕਾਗਰਤਾ ਤੇ ਸਹਿਨਸ਼ੀਲਤਾ ਦਾ ਗੁਣ ਹੈ। ਨਿਕੀ ਜਿਹੀ ਵਿਛੋੜੇ ਦੀ ਪੀੜਾ ਦਾ ਆਭਾਸ ਹੁੰਦਾ ਹੈ। ਜਿਵੇਂ:—

ਤੂੰ ਜਲ ਨਿਧਿ ਹਮ ਮੀਨ ਤੁਮਾਰੇ,
ਤੇਰਾ ਨਾਮ ਬੂੰਦ ਹਮ ਚਾਤ੍ਰਿਕ ਤਿਖਹਾਰੇ।

ਤੁਮਰੀ ਆਸ ਪਿਆਸਾ ਤੁਮਰੀ,
ਤੁਮ ਹੀ ਸੰਗਿ ਮਨੁ ਲੀਨਾ ਜੀਉ।
ਜਿਉ ਬਾਰਿਕੁ ਪੀ ਖੀਰੁ ਅਘਾਵੈ,
ਜਿਉ ਨਿਰਧਨੁ ਧਨੁ ਦੇਖਿ ਸੁਖ ਪਾਵੈ।
ਤ੍ਰਿਖਾਵੰਤ ਜਲੁ ਪੀਵਤ ਠੰਢਾ,
ਤਿਉ ਹਰਿ ਸੰਗਿ ਇਹੁ ਮਨੁ ਭੀਨਾ ਜੀਉ।।
ਜਿਉ ਅੰਧਿਆਰੈ ਦੀਪਕ ਪਰਗਾਸਾ,
ਭਰਤਾ ਚਿਤਵਨ ਪੂਰਨ ਆਸਾ।।
ਮਿਲਿ ਪ੍ਰੀਤਮ ਜਿਉ ਹੋਤ ਅਨੰਦਾ,
ਤਿਉ ਹਰਿ ਰੰਗਿ ਮਨੁ ਰੰਗੀ ਨਾ ਜੀਉ।[28]

ਗੁਰੂ ਸਾਹਿਬ ਨੇ ਇਸ ਸ਼ਬਦ ਵਿਚ ਉਪਮਾਵਾਂ ਰਾਹੀਂ ਬੜਾ ਸ਼ਾਂਤ ਜਿਹਾ ਵਾਤਾਵਰਣ ਚਿਤਰਿਆ ਹੈ। ''ਆਤਮਾ ਦੀ ਬ੍ਰਹਮ ਨਾਲ ਸੁਭਾਵਕ ਤੌਰ ਤੇ ਹੀ ਏਕਤਾ ਹੈ ਕਿਉਂਕਿ ਆਤਮਾ ਤੇ ਬ੍ਰਹਮ ਦੋਵੇਂ ਹੀ ਚੇਤਨ ਸਰੂਪ ਹਨ। ਜੀਵ ਅੰਤਰਮੁਖੀ ਤੇ ਬਾਹਰਮੁਖੀ ਬਿਰਤੀਆਂ ਵਾਲਾ ਹੁੰਦਾ ਹੈ। ਬਾਹਰਮੁਖੀ ਬਿਰਤੀਆਂ ਉਸ ਨੂੰ ਸੰਸਾਰ ਦੇ ਲੋਭਾਂ ਵੱਲ ਖਿੱਚਦੀਆਂ ਹਨ ਅਤੇ ਅੰਤਰਮੁੱਖੀ ਪਰਮਾਤਮਾ ਵੱਲ ਪ੍ਰੇਰਿਤ ਕਰਦੀਆਂ ਹਨ।''[29] '''ਬਿਰਹੜੇ' ਸ਼ਬਦ ਬਿਰਹਾ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਵਿਛੋੜਾ। ਗੁਰੂ ਅਰਜਨ ਦੇਵ ਜੀ ਨੇ 'ਬਿਰਹੜੇ' ਸਿਰਲੇਖ ਹੇਠ ਵਾਹਿਗੁਰੂ ਤੋਂ ਵੱਖ ਹੋਈ ਜੀਵਾਤਮਾ ਦੇ ਬਿਰਹਾ ਦਾ ਵਰਣਨ ਕੀਤਾ ਹੈ।''[30]

ਗੁਰੂ ਅਰਜਨ ਦੇਵ ਜੀ ਨੇ ਬਾਰਾਂ ਮਾਹ ਵਿਚ ਪ੍ਰਭੂ ਦੇ ਵਿਛੋੜੇ ਤੇ ਮਿਲਾਪ ਦਾ ਵਰਣਨ ਕੀਤਾ ਹੈ। ਇਸ ਵਿਚ ਵਿਛੋੜੇ ਦੀ ਕਸਕ ਨੂੰ ਬੜੇ ਹੀ ਸੁਹਜਮਈ ਰੂਪ ਵਿਚ ਚਿਤਰਿਆ ਹੈ:—

ਸਾਵਣ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।।
ਮਨ ਤਨੁ ਰਤਾ ਸਚ ਰੰਗਿ ਇਕੋ ਨਾਮੁ ਆਧਾਰੁ।।

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ।
ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈਸਦ ਬਲਿਹਾਰੁ।।
ਨਾਨਕ ਹਰਿ ਜੀ ਗਇਆ ਕਰਿ ਸਬਦਿ ਸਵਾਰਣਹਾਰੁ।
ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ।।[31]

''ਗੁਰੂ ਅਰਜਨ ਦੇਵ ਜੀ ਦੀ ਰਚਨਾ ਬਾਰਹਮਾਹ ਮਾਝ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਬਿਰਹਾ ਰਚਨਾ ਦੇ ਆਰੰਭ ਵਿਚ ਹੀ ਸਮਾਜਿਕ ਭੋਇੰ ਵਿਚ ਉਗਮਦਾ ਹੈ ਤੇ ਸਮਾਜਿਕ ਹਾਲਤਾਂ ਦੀ ਪੈਦਾਵਾਰ ਦੇ ਤੌਰ ਤੇ ਪੇਸ਼ ਹੁੰਦਾ ਹੈ।''[32] ''ਵਿਛੋੜੇ ਵਿਚ ਜੋ ਜੀਵ ਨੂੰ ਪਰਮਾਤਮਾ ਦੀ ਤਾਂਘ ਪ੍ਰਤੀਤ ਹੁੰਦੀ ਹੈ ਉਸੇ ਤੜਪ ਦਾ ਨਾਂ ਇਸ਼ਕ ਹੈ। ਅਸਲ ਵਿਚ ਇਹ ਬਿਰਹਾ ਦੇ ਸੋਮੇ ਵਿਚੋਂ ਵਿਕਸਦਾ ਹੈ। ਬਿਰਹਾ ਵਿਚ ਇਸ਼ਕ ਤੇ ਇਸ਼ਕ ਵਿਚ ਨਿਰਾਸ਼ਾ ਦਾ ਹੋਣਾ ਸੁਭਾਵਕ ਹੈ। ਇਸ਼ਕ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਹੀ ਬਿਰਹਾ ਮੌਜੂਦ ਸੀ। ਪ੍ਰੇਮੀ ਤੇ ਪ੍ਰੇਮਿਕਾ ਦੇ ਆਪਸ ਵਿਚ ਮਿਲਣ ਤੋਂ ਪਹਿਲਾਂ ਤੇ ਮਗਰੋਂ ਦੂਰੀ ਦਾ ਨਾਂ ਬਿਰਹਾ ਹੈ। ਇਕ ਬਿਰਹਾ ਪ੍ਰੇਮ ਦੀ ਤੀਬਰਤਾ ਤੇ ਇਸਦੀ ਗੰਭੀਰਤਾ ਦਾ ਪ੍ਰਤੀਬਿੰਬ ਹੈ ਕਿਉਂਕਿ ਵਿਸਾਦ, ਨਿਰਾਸ਼ਾ, ਗ਼ਮ, ਦਰਦ ਆਦਿ ਬਿਰਹਾ ਦੇ ਸੋਮੇ ਵਿਚੋਂ ਹੀ ਜਨਮ ਲੈਂਦੇ ਹਨ।''[33]

ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਜੀਵ ਦੇ ਸਮਾਜਿਕ ਕਰਮ ਹੀ ਉਸਨੂੰ ਅਕਾਲ ਪੁਰਖ ਤੋਂ ਵਿਛੋੜਨ ਦਾ ਮੂਲ ਕਾਰਨ ਹਨ। ਇਸ ਲਈ ਸੱਚਾ ਤੇ ਸੁੱਚਾ ਕਰਮ ਕਮਾਉਣ ਤੇ ਗੁਰਮੁਖ ਬਿਰਤੀ ਧਾਰਨ ਕਰਨ ਨਾਲ ਹੀ ਵਿਛੋੜੇ ਤੋਂ ਮੁਕਤ ਹੋਇਆ ਜਾ ਸਕਦਾ ਹੈ। ਪ੍ਰਭੂ ਪ੍ਰਾਪਤੀ ਸ਼ੁਧ ਜੀਵਨ ਜਾਚ, ਉੱਚਾ ਸੁੱਚਾ ਆਚਾਰ ਤੇ ਵਿਹਾਰ ਕਰਨ ਨਾਲ ਹੀ ਹੁੰਦੀ ਹੈ। ਗੁਰੂ ਸਾਹਿਬ ਲਿਖਦੇ ਹਨ:—

ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮੁ।।
ਚਾਰਿ ਕੁੰਟ ਦਹਦਿਸ ਭ੍ਰਮੈ, ਥਕਿ ਆਏ ਪ੍ਰਭ ਕੀ ਸਾਮ।।

''ਮੱਧਕਾਲ ਦੀ ਬਾਣੀ ਵਿਚ ਧਰਤੀ ਧਰਮਸਾਲ ਹੈ, ਕਰਮ ਭੂਮੀ ਹੈ। ਬਾਣੀਕਾਰਾਂ ਨੇ ਸੁਚੇਤ ਪੱਧਰ ਉਪਰ ਮਨੁੱਖ ਨੂੰ ਪਹਿਲਾਂ ਸਮਾਜਿਕ ਕਰਮ ਦੀ ਸੋਝੀ ਦਿੱਤੀ ਹੈ ਅਤੇ ਉਸਨੂੰ ਇਕ ਅਜਿਹੇ ਸਮਾਜ ਸਿਰਜਨ ਦੀ ਪ੍ਰੇਰਨਾ ਦਿੱਤੀ ਹੈ ਜਿਥੇ ਵੱਸਦਿਆਂ ਉਸਨੇ ਪਰਮ ਮੁਕਤੀ ਨੂੰ ਪ੍ਰਾਪਤ ਕਰਨਾ ਹੈ।''[34] ''ਸੰਤਾਂ ਦੀ ਬਾਣੀ ਵਿਚ ਆਚਰਨ ਦੀ ਸ਼ੁਧਤਾ ਤੇ ਬਹੁਤ ਬਲ ਦਿੱਤਾ ਗਿਆ ਹੈ। ਉਨ੍ਹਾਂ ਦੀ ਬਾਣੀ ਦਾ ਮੂਲ ਮੰਤਵ ਧਾਰਮਿਕ ਤੇ ਅਧਿਆਤਮਕ ਸੀ ਪਰ ਉਸ ਭੂਮੀ ਤਕ ਪੁਜਣ ਲਈ ਆਚਰਣ ਦੀ ਸ਼ੁਧਤਾ ਬਹੁਤ ਜ਼ਰੂਰੀ ਹੈ।''[35] ਗੁਰਵਾਕ ਹੈ:—

— ਸਚਹੁ ਓਰੈ ਸਭ ਕੋ ਊਪਰਿ ਸਚੁ ਆਚਾਰ।।
ਪੇਈਅੜੈ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ।।[36]

— ਗੁਰ ਮਿਲਿ ਚਜੁ ਆਚਾਰ ਸਿਧੁ ਤੁਧੁ ਕਦੇ ਨ ਲਗੈ ਦੁਖੁ।[37]

— ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋਖਾਹਿ।।[38]

ਸੰਸਾਰ ਮਨੁੱਖ ਲਈ ਕਰਮ ਖੇਤਰ ਹੈ। ਮਨੁੱਖਾ ਜਨਮ ਧਾਰ ਕੇ ਮਨੁੱਖ ਜੋ ਕੰਮ ਕਰਦਾ ਹੈ ਉਹੀ ਉਸਦਾ ਕਰਮ ਹੈ। ਜਿਸ ਤਰ੍ਹਾਂ ਦਾ ਕਰਮ ਮਨੁੱਖ ਕਮਾਉਂਦਾ ਹੈ, ਉਸ ਤਰ੍ਹਾਂ ਦਾ ਹੀ ਫਲ ਪ੍ਰਾਪਤ ਕਰਦਾ ਹੈ। 'ਫਲ ਤੇ ਵੇਹੋ ਪਾਈਐ ਜੇਵੇਹੀ ਕਾਰ ਕਮਾਈਐ।' ਗੁਰੂ ਸਾਹਿਬ ਲਿਖਦੇ ਹਨ ਕਿ ਆਪਣੇ ਕਰਮਾਂ ਦਾ ਦੋਸ਼ ਕਿਸੇ ਤੇ ਨਹੀਂ ਲਾਉਣਾ ਚਾਹੀਦਾ। ਆਪਣੀ ਕਮਾਈ ਦਾ ਫਲ ਭੋਗਣਾ ਹੀ ਪੈਣਾ ਹੈ। ਮਨੁੱਖ ਦੇ ਮਾੜੇ ਕਰਮ ਉਸ ਲਈ ਆਪ ਹੀ ਬੰਧਨ ਬਣ ਜਾਂਦੇ ਹਨ ਤੇ ਆਵਾਗਵਨ ਦੀ ਅਵੱਸਥਾ ਵਿਚ ਪਿਆ ਜੀਵ ਪਰਮਾਤਮਾ ਤੋਂ ਵਿਛੁੰਨਿਆ ਰਹਿੰਦਾ ਹੈ। ਗੁਰਵਾਕ ਹੈ:—

ਦੋਸ ਨ ਦੀਜੈ ਕਾਹੂ ਲੋਗ। ਜੋ ਕਮਾਵਨੁ ਸੋਈ ਭੋਗ।
ਆਪਨ ਕਰਮ ਆਪ ਹੀ ਬੰਧ। ਆਵਨੁ ਜਾਵਨ ਮਾਇਆ ਧੰਦਾ।[39]

ਭਾਵ ਦੋਸ਼ ਆਪਣੇ ਕਰਮਾਂ ਦਾ ਹੈ। 'ਜੋ ਮੈਂ ਕੀਆ ਸੋ ਮੈਂ ਪਾਇਆ ਦੋਸ ਨ ਦੀਜੈ ਅਵਰ ਜਨਾ।।' ਗੁਰੂ ਅਰਜਨ ਦੇਵ ਜੀ ਬਾਰਹਮਾਹ ਮਾਝ ਵਿਚ ਲਿਖਦੇ ਹਨ:—

ਜੇਹਾ ਬੀਜੈ ਸੋ ਲੁਣੈ ਮਥੇ ਜੋ ਲਿਖਿਆਸੁ।
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।[40]

''ਜੀਵ ਹਉਮੈ ਆਸਰਿਤ ਕਰਮ ਕਰਦਾ ਹੈ। ਕਬਜ਼ੇ ਦਾ ਖਿਆਲ ਜਾਂ ਮਮਤਾ ਜੀਵ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਿਚ ਪਰਵਿਰਤ ਕਰ ਦੇਂਦਾ ਹੈ। ਜੀਵ ਇਨ੍ਹਾਂ ਦੇ ਪੂਰਨ ਅਧੀਨ ਹੋ ਕਠਪੁਤਲੀ ਬਣ ਕਰਮ ਕਰਦਾ ਹੈ। ਇਹੀ ਕਰਮ ਇਸ ਦੇ ਦੁਖ ਦਾ ਕਾਰਨ ਹਨ।''[41] ''ਗੁਰਮਤਿ ਅਨੁਸਾਰ ਵਿਜੋਗ ਨੂੰ ਸੰਜੋਗ ਵਿਚ ਬਦਲਣ ਲਈ ਚੰਗਾ ਕਰਮ ਕਮਾਉਣ ਉਪਰ ਬਲ ਦਿੱਤਾ ਗਿਆ ਹੈ। ਕਰਮ ਤੋਂ ਬਿਨਾ ਕੁਝ ਵੀ ਸੰਭਵ ਨਹੀਂ। ਕਰਮਾਂ ਦਾ ਫਲ ਪ੍ਰਦਾਤਾ ਆਪ ਪਰਮਾਤਮਾ ਹੈ। ਨਾਮ ਦਾ ਸਿਮਰਨ ਕਰਕੇ, ਚੰਗੇ ਕਰਮ ਕਰਕੇ ਹੀ ਪ੍ਰਭੂ ਨਾਲ ਮੇਲ ਹੋ ਸਕਦਾ ਹੈ। ਉਦਮ ਕਰੇਂਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁੰਚ।। ਧਿਆਇ ਦਿਆ ਤੂੰ ਪ੍ਰਭ ਮਿਲਿ ਨਾਨਕ ਉਤਰੀ ਚਿੰਤ।। ਸੱਚਾ ਤੇ ਸੁੱਚਾ ਇਸ਼ਕ ਬਿਰਹੋਂ ਤੇ ਵਿਛੋੜੇ ਦੀ ਕੁਠਾਲੀ ਵਿਚ ਤਪਦਾ ਹੈ ਤੇ ਸ਼ੁੱਧ ਸੋਨਾ ਬਣ ਜਾਂਦਾ ਹੈ। ਫਰੀਦ ਨੇ ਬਿਰਹਾ ਨੂੰ ਸੁਲਤਾਨ ਆਖਿਆ ਹੈ। ਇਸ਼ਕ ਵਿਚ ਦੋ ਅਵੱਸਥਾਵਾਂ ਮਹੱਤਵਪੂਰਨ ਹਨ—ਇਕ ਮਿਲਾਪ ਦੀ ਤੇ ਦੂਸਰੀ ਵਿਛੋੜੇ ਦੀ। ਮਿਲਾਪ ਦੀ ਅਵੱਸਥਾ ਸੁਖਦਾਈ ਹੈ ਤੇ ਵਿਛੋੜੇ ਦੀ ਦੁਖਦਾਈ। ਪਰ ਜਿੰਨੀ ਸ਼ਿੱਦਤ ਵਿਛੋੜੇ ਵਿਚ ਹੋਵੇਗੀ ਉਨਾ ਹੀ ਜ਼ਿਆਦਾ ਮਿਲਾਪ ਦਾ ਆਨੰਦ ਹੋਵੇਗਾ।''[42]

ਗੁਰਮੁਖਿ ਸਚੀ ਆਸਕੀ ਜਿਤੁ ਪ੍ਰੀਤਮੁ ਸਚਾ ਪਾਈਐ।
ਅਨਦਿਸੁ ਰਹਹਿ ਅਨੰਦਿ ਨਾਨਕ ਸਹਿਜ ਸਮਾਈਐ।।[43]

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਬਿਰਹਾ ਭਾਵ ਨੂੰ ਵਿਭਿੰਨ ਉਪਮਾਵਾਂ ਰਾਹੀਂ ਦਰਸਾਇਆ ਗਿਆ ਹੈ:—

ਪ੍ਰਭ ਤੁਝ ਬਿਨਾ ਨਹੀਂ ਹੋਰ। ਮਨਿ ਪ੍ਰੀਤਿ ਚੰਦ ਚਕੋਰ।।
ਜਿਉ ਮੀਨ ਜਲ ਸਿਉ ਹੇਤ। ਅਲਿ ਕਮਲ ਭਿੰਨ ਨ ਭੇਤੁ।
ਜਿਉ ਚਕਵੀ ਸੂਰਜ ਆਸ। ਨਾਨਕ ਚਰਨ ਪਿਆਸ।
ਜਿਉ ਤਰੁਨਿ ਪਰਤ ਪਰਾਨ। ਜਿਉ ਲੋਭੀਐ ਧੰਨੁ ਦਾਤੁ।
ਜਿਉ ਦੂਧ ਜਲਹਿ ਸੰਜੋਗ। ਜਿਉ ਮਹਾ ਖੁਧਿਆਰਥ ਭੋਗੁ।
ਜਿਉ ਮਾਤ ਪੂਤਹਿ ਹੇਤੁ। ਹਰਿ ਸਿਮਰਿ ਨਾਨਕ ਨੇਤ।[44]

ਗੁਰੂ ਅਰਜਨ ਦੇਵ ਦੀ ਬਾਣੀ ਵਿਚ ਅਕਾਲ ਪੁਰਖ ਨੂੰ ਨਾਇਕ ਅਤੇ ਜੀਵਾਤਮਾ ਨੂੰ ਨਾਇਕਾ ਦੇ ਤੌਰ ਤੇ ਚਿਤਰਿਆ ਹੈ। ਜੀਵਾਤਮਾ ਪ੍ਰਭੂ ਮਿਲਾਪ ਲਈ ਹਰ ਪਲ ਤੜਫਦੀ ਅਤੇ ਬੇਚੈਨ ਰਹਿੰਦੀ ਹੈ। ਬਿਰਹਾ ਵੇਦਨਾ ਨੇ ਸਰੀਰ ਨੂੰ ਰੋਗੀ ਬਣਾ ਦਿੱਤਾ ਹੈ। ਜਿਸ ਲਈ ਕੋਟ ਦਾਰੂ ਵੀ ਕੰਮ ਨਹੀਂ ਕਰਦਾ। ਗੁਰਵਾਕ ਹੈ:—

ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ ਮਾਹੀ।
ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ।।[45]

ਗੁਰੂ ਸਾਹਿਬ ਲਿਖਦੇ ਹਨ ਕਿ ਹੇ ਹਰਿ ਹਰ ਪਲ ਤੇਰੀ ਅਰਾਧਨਾ ਕਰਦਾ ਰਹਾਂ। ਤੇਰੀ ਭਗਤੀ 'ਚ ਹੀ ਲੀਨ ਰਹਾਂ, ਜਿੰਨਾ ਚਿਰ ਮੇਰੇ ਅੰਦਰ ਸਵਾਸ ਹਨ ਉਦੋਂ ਤੱਕ ਤੇਰੇ ਨਾਮ ਦੀ ਮਾਲਾ ਜਪਦਾ ਰਹਾਂ। ਹੇ ਪ੍ਰਭੂ ਤੇਰਾ ਇਕ ਪਲ ਵਿਛੜਨਾ ਮੇਰੇ ਲਈ ਕਈ ਵਰ੍ਹੇ ਵੱਖਰੇ ਰਹਿਣ ਦੇ ਬਰਾਬਰ ਹੈ। 'ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ।' ਉਹ ਪਰਮਾਤਮਾ ਸਰਬ ਕਲਾ ਗਿਆਤਾ ਹੈ। ਗੁਰੂ ਅਰਜਨ ਦੇਵ ਜੀ ਲਿਖਦੇ ਹਨ:—

ਤਿਸੁ ਬਿਨੁ ਘੜੀ ਨ ਜੀਵੀਐ ਭਾਈ ਸਰਬ ਕਲਾ ਭਰਪੂਰਿ।।
ਸਾਸਿ ਗਿਰਾਸਿ ਨ ਵਿਸਰੈ ਭਾਈ ਪੇਖਉ ਸਦਾ ਹਜੂਰਿ।।[46]

ਪਰਮਾਤਮਾ ਰੂਪੀ ਮਹਾਂਨਾਇਕ ਦੀ ਪ੍ਰਾਪਤੀ ਜੀਵਾਤਮਾ ਦਾ ਪਰਮ ਲਕਸ਼ ਬਦ ਜਾਂਦੀ ਹੈ। ਗੁਰਬਾਣੀ ਵਿਚ ਪਰਮਾਤਮਾ ਨੂੰ ਕੰਤ, ਪਤੀ, ਸਾਜਨ ਆਦਿ ਰੂਪਾਂ ਵਿਚ ਚਿਤਰਿਆ ਹੈ। ਗੁਰੂ ਸਾਹਿਬ ਲਿਖਦੇ ਹਨ:—

ਹਰਿ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ।
ਜਿਤ ਘਰਿ ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ।
ਸ੍ਰਬ ਸੀਗਾਰ ਡਫੰਬੋਲ ਰਸ, ਸਣ ਦੇਹੀ ਸਭ ਖਾਮ।
ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ।[47]

''ਬਾਰਹਮਾਹ ਤੁਖਾਰੀ ਰਾਗ ਵਿਚ ਵਿਯੋਗਣ ਇਸਤਰੀ ਦੀ ਬਿਰਹਾ ਅਵੱਸਥਾ ਦਾ ਪ੍ਰਭਾਵਸ਼ਾਲੀ ਵਰਣਨ ਮਿਲਦਾ ਹੈ। ਇਸ ਵਿਚ ਬਿਰਹਨ ਦੀ ਬਿਹਬਲਤਾ ਤੇ ਕਸਕ ਵਿਯੋਗਮਈ ਵੇਦਨਾਵਾਂ ਦਾ ਵਰਣਨ ਮਿਲਦਾ ਹੈ, ਪਰ ਬਾਰਹਮਾਹ ਵਿਚ ਇਸ ਦਾ ਰੂਪ ਵੱਖਰਾ ਹੈ। ਇਸ ਵਿਚ ਨਾਮ ਦਾ ਆਸਰਾ ਹੈ। ਉਸ ਦੀਆਂ ਕਰੁਣਾਮਈ ਅਤੇ ਬਾਰਹਮਾਹਾ ਤੁਖਾਰੀ ਵਾਲਾ ਰਸ-ਪ੍ਰਵਾਹ ਨਹੀਂ, ਉਸ ਦੇ ਮਨ ਵਿਚ ਪ੍ਰਭੂ ਪਤੀ ਨੂੰ ਮਿਲਣ ਦੀ ਲਾਲਸਾ ਤਾਂ ਹੈ ਪਰ ਪਹਿਲਾਂ ਉਹ ਉਸ ਦੀ ਮਿਹਰ ਪ੍ਰਾਪਤ ਕਰਨ ਲਈ ਸਾਰੇ ਸਾਧਨ ਤੇ ਉਪਾਅ ਵਰਤੋਂ ਵਿਚ ਲਿਆਉਣਾ ਚਾਹੁੰਦੀ ਹੈ। ਉਹ ਸਾਧੂ ਜਨਾਂ ਦੀ ਸੰਗਤ ਕਰਕੇ, ਸਦਗੁਣਾਂ ਨੂੰ ਧਾਰਨ ਕਰਕੇ ਫਿਰ ਪ੍ਰਭੂ ਦੇ ਗਲ ਲਗਣਾ ਚਾਹੁੰਦੀ ਹੈ।''[48] ''ਅਧਿਆਤਮਿਕ ਜੀਵਨ ਦਾ ਆਧਾਰ ਨੈਤਿਕਤਾ ਹੈ ਅਤੇ ਸਿੱਖ ਨੈਤਿਕਤਾ ਗੁਰਬਾਣੀ ਦੀ ਅਧਿਆਤਮਕਤਾ ਉਤੇ ਆਧਾਰਿਤ ਹੈ। ਸਿਮਰਨ ਦਾ ਮਾਰਗ ਪਰਉਪਕਾਰ ਤੇ ਸੇਵਾ ਲਈ ਉਤਸਾਹਿਤ ਕਰਦਾ ਹੈ, ਸੇਵਾ ਸਰਬਤ ਦੇ ਭਲੇ ਲਈ ਮਾਨਵਵਾਦੀ ਕੀਮਤਾਂ ਦੇ ਸੰਚਾਰ ਲਈ ਪ੍ਰੇਰਿਤ ਕਰਦਿਆਂ ਖਲਕਤ ਵਿਚੋਂ ਖਾਲਕ ਦੇ ਦਰਸ਼ਨ ਕਰਾਉਂਦੀ ਹੈ।''[49]

ਪੰਜਾਬੀ ਸੂਫੀ ਕਵਿਤਾ ਵਿਚ ਬਿਰਹਾ ਦੀ ਕਸਕ ਮੱਧਕਾਲ ਦੀਆਂ ਸਮਕਾਲੀਨ ਕਾਵਿ ਧਾਰਾਵਾਂ ਨਾਲੋਂ ਇਸ ਵਿਚ ਵਧੇਰੇ ਹੈ। ''ਰੱਬ ਦੇ ਡਰ ਨਾਲੋਂ ਪ੍ਰੇਮਾ ਭਗਤੀ ਤੇ ਇਸ਼ਕ ਉੱਤੇ ਜ਼ੋਰ ਹੈ। ਸ਼ਾਹ ਹੁਸੈਨ ਦੀ ਰਚਨਾ ਵਿਚ ਬਿਰਹੋਂ ਦਾ ਰੰਗ ਸਭ ਤੋਂ ਵਧੇਰੇ ਹੈ। ਇਸ ਕਰਕੇ ਆਪ ਨੂੰ ਬਿਰਹੋਂ ਦਾ ਕਵੀ ਕਹਿਣਾ ਵਧੇਰੇ ਉਚਿਤ ਹੈ। ਹਰ ਕਾਫ਼ੀ ਦੇ ਪਿਛੋਂ ਆਉਂਦੇ ਸ਼ਬਦ 'ਕਹੇ ਹੁਸੈਨ ਫਕੀਰ ਰਬਾਣਾ ਜਾਂ ਨਮਾਣਾ'

ਉਸ ਦੀ ਨਿਮਰਤਾ ਤੇ ਸੁਹਿਰਦਤਾ ਨੂੰ ਉਜਾਗਰ ਕਰਦਾ ਹੈ। ਹੁਸੈਨ ਦੀ ਕਵਿਤਾ ਵਿਚ ਬਿਰਹੋਂ ਦੀ ਸਿੱਕ, ਬਿਹਬਲਤਾ ਤੇ ਵਲਵਲੇ ਦੀ ਤੀਖਣਤਾ ਹੈ।''[50]

ਦਰਦ ਵਿਛੋੜੇ ਦਾ ਹਾਲ, ਨੀ ਮੈਂ ਕੈਨੂੰ ਆਖਾਂ ?
ਸੂਲਾਂ ਮਾਰ ਦੀਵਾਨੀ ਕੀਤੀ,
ਬਿਰਹੋਂ ਪਇਆ ਸਾਡੇ ਖਿਆਲ, ਨੀ ਮੈਂ ਕੈਨੂੰ ਆਖਾਂ ?
ਕਹੇ ਹੁਸੈਨ ਫਕੀਰ ਸਾਂਈ ਦਾ,
ਵੇਖ ਨਿਮਾਣਿਆਂ ਦਾ ਹਾਲ, ਨੀ ਮੈਂ ਕੈਨੂੰ ਆਖਾਂ ?
ਸਾਜਨ ਬਿਨ ਰਾਤੀਂ ਹੋਈਆਂ ਵੱਡੀਆਂ।
ਮਾਸ ਝਰੇ ਝਰ ਪਿੰਜਰ ਹੋਇਆ, ਕਣ ਕਣ ਹੋਈਆਂ ਹੱਡੀਆਂ
ਇਸ਼ਕ ਛੁਪਾਇਆ ਛੁਪਦਾ ਨਹੀਂ, ਬਿਰਹੋਂ ਤਣਾਵਾਂ ਗੱਡੀਆਂ।
ਰਾਂਝਾ ਜੋਗੀ ਮੈਂ ਜੋਗਿਆਣੀ, ਕਮਲੀ ਕਰ ਕਰ ਛੱਡੀਆਂ।
ਕਹੈ ਹੁਸੈਨ ਫਕੀਰ ਸਾਈਂ ਦਾ, ਦਾਮਨ ਤੇਰੇ ਲੱਗੀਆਂ।[51]

ਸ਼ਾਹ ਹੁਸੈਨ ਦੀ ਕਵਿਤਾ ਵਿਚ ਸਦੀਵੀ ਬਿਰਹਾ, ਡੂੰਘੀ ਉਦਾਸੀ, ਵਿਛੋੜੇ ਦੀਆਂ ਚੀਸਾਂ ਦਾ ਆਭਾਸ ਹੁੰਦਾ ਹੈ। ਇਨ੍ਹਾਂ ਪੰਕਤੀਆਂ ਵਿਚ ਦਰਦ ਤੇ ਸੋਜ਼ ਹੈ। ''ਅਲਤਫਾਕ ਹੁਸੈਨ ਗਨੀ ਲਿਖਦੇ ਹਨ ਕਿ ਬਿਰਹਾ ਦੀ ਬੂੰਦ ਵਿਚ ਉਹੋ ਸ਼ਕਤੀ ਹੈ ਜੋ ਭਗਤੀ ਦੇ ਸਾਰੇ ਸਮੁੰਦਰ ਵਿਚ, ਸੱਚੇ ਦਿਲੋਂ ਅੱਧੀ ਰਾਤ ਦੇ ਸਮੇਂ ਜੋ ਆਹ ਨਿਕਲਦੀ ਹੈ, ਉਹ ਸੌ ਸਾਲ ਦੀ ਬੰਦਗੀ ਦੇ ਬਰਾਬਰ ਹੁੰਦੀ ਹੈ।

ਏਕ ਹਰਫ ਏਕ ਤਵੀਲ ਹਕਾਇਤ ਸੇ ਕਮ ਨਹੀਂ।
ਏਕ ਬੂੰਦ ਬਾਹਰ ਕੀ ਵਸ਼ਅਤ ਸੇ ਕਮ ਨਹੀਂ।
ਨਿਕਲੇ ਖਲੂਸੇ ਦਿਲ ਸੇ ਗਰ ਵਕਤੇ ਨੀਮ ਸ਼ਲ,
ਏਕ ਆਹ ਭੀ ਸਦੀ ਕੀ ਇਬਾਦਤ ਸੇ ਕਮ ਨਹੀਂ।[52]

ਸੂਫੀ ਕਵਿਤਾ ਵਿਚ ਉਦਾਸੀ, ਇਸ਼ਕ ਦੀ ਪੀੜ, ਤੜਫ, ਸਾਈਂ ਨੂੰ ਮਿਲਣ ਦੀ ਤਾਂਘ ਹੈ। ਸ਼ਾਹ ਹੁਸੈਨ ਲਿਖਦਾ ਹੈ– ਬਿਰਹਾ ਬਲਾਈ ਘੱਤੀ ਤਨੁ ਅੰਦਰ, ਮੈਂ

ਆਪੇ ਹੋਈ ਆਪੇ। ਇਸ਼ਕ ਵਿਛੋੜੇ ਬਾਲੀ ਡਾਢੀ, ਹਰਦਮ ਮੈਨੂੰ ਤ੍ਰਾਪੇ। ਭਾਵ ਬਿਰਹਾ ਰੂਪੀ ਰੋਗ ਜਿਹੜਾ ਸਰੀਰ ਨੂੰ ਲਗ ਗਿਆ ਹੈ, ਇਹ ਵਿਛੋੜਾ ਬਹੁਤ ਡਾਢਾ ਹੈ। ਜਿਹੜਾ ਹਰਦਮ ਮੈਨੂੰ ਤਾਪ ਚਾੜੀ ਰਖਦਾ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਸ਼ਾਂਤ ਰਸ ਨਾਲ ਭਰਪੂਰ ਹੈ। ਇਸ ਵਿਚ ਬਿਰਹਾ ਨੂੰ ਬੜੇ ਸਹਿਜ ਭਾਵ ਵਿਚ ਚਿਤਰਿਆ ਗਿਆ ਹੈ। ਗੁਰੂ ਸਾਹਿਬ ਦਾ ਪ੍ਰਭੂ ਭਗਤੀ ਵਿਚ ਲੀਨ ਹਿਰਦਾ ਉਸ ਸਥਾਨ ਨੂੰ ਸੁਹਾਵਣਾ ਮੰਨਦਾ ਹੈ ਜਿਥੇ ਆ ਕੇ ਸਤਿਗੁਰੂ ਬਿਰਾਜਦਾ ਹੈ। 'ਸਾ ਧਰਤਿ ਭਈ ਹਰਿਆਵਲੀ ਜਿਥੇ ਮੇਰਾ ਸਤਿਗੁਰ ਬੈਠਾ ਆਇ। ਗੁਰੂ ਸਾਹਿਬ ਅਨੁਸਾਰ ਜਿਸ ਪਿਆਰੇ ਨੂੰ ਸਿਮਰਿਆਂ ਦੁਖ ਵਿਸਰਦਾ ਹੈ ਉਸਨੂੰ ਕਿਉਂ ਭੁਲਾਇਆ ਜਾਵੇ। ਅਕਾਲ ਪੁਰਖ ਨਾਲ ਸਨੇਹ ਕੀਤਿਆਂ ਹੀ ਜਨਮ ਮਰਨ ਦਾ ਗੇੜਾ ਕੱਟਿਆ ਜਾਂਦਾ ਹੈ। ਗੁਰੂ ਸਾਹਿਬ ਲਿਖਦੇ ਹਨ:—

ਜੋ ਜੀਅ ਤੁਝ ਤੇ ਬੀਛੁਰੇ ਪਿਆਰੇ ਜਨਮਿ ਮਰਹਿ ਬਿਖੁ ਖਾਇ।
ਜਿਸੁ ਤੂੰ ਮੇਲਹਿ ਸੋ ਮਿਲੈ ਪਿਆਰੇ ਤਿਸਕੇ ਲਾਗਉ ਪਾਇ।
ਜੋ ਸੁਖ ਦਰਸ਼ਨ ਪੇਖ ਤੇ ਪਿਆਰੇ ਮੁਖ ਤੇ ਕਹਣ ਨ ਜਾਇ।
ਸਾਚੀ ਪ੍ਰੀਤਿ ਨ ਤੁਟਈ ਪਿਆਰੇ ਜੁਗੁ ਜੁਗੁ ਰਹੀ ਸਮਾਇ।।[53]

ਗੁਰੂ ਅਰਜਨ ਦੇਵ ਜੀ ਪਰਮ ਪਿਤਾ ਅਕਾਲ ਪੁਰਖ ਨੂੰ ਆਪਣੇ ਪ੍ਰਾਣਾਂ ਦਾ ਸਖਾ ਮੰਨਦੇ ਹਨ। ਉਨ੍ਹਾਂ ਅਨੁਸਾਰ ਜੇਕਰ ਪਰਮਾਤਮਾ ਦੇ ਦਰਸ਼ਨ ਹੁੰਦੇ ਹਨ ਤਾਂ ਪ੍ਰਾਣ ਸਜੀਵ ਹਨ। ਗੁਰਵਾਕ ਹੈ:—

ਹਰਿ ਹਰਿ ਸਜਣੁ ਮੇਰਾ ਪ੍ਰੀਤਮ ਗਇਆ।
ਕੋਈ ਆਣਿ ਮਿਲਾਵੈ ਮੇਰੇ ਪ੍ਰਾਣ ਜੀਵਾਇਆ।
ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ।
ਮੈ ਨੀਰੁ ਵਹੇ ਵਹਿ ਚਲੈ ਜੀਉ।
ਸਤਿਗੁਰ ਮਿਤ੍ਰ ਮੇਰਾ ਬਾਲ ਸਖਾਈ।
ਹਉ ਰਹਿ ਨ ਸਕਾ ਬਿਨੁ ਦੇਖੇ ਮੇਰੀ ਮਾਈ।[54]

ਇਨ੍ਹਾਂ ਸਤਰਾਂ ਵਿਚ ਗੁਰੂ ਸਾਹਿਬ ਦੀ ਆਪਣੇ ਪ੍ਰੀਤਮ ਪ੍ਰਤੀ ਬਿਰਹੌਂ ਦੀ ਸਿੱਕ ਹੈ। ਪ੍ਰਭੂ ਮਿਲਾਪ ਲਈ ਤੜਫ, ਤਰਲਾ ਅਤੇ ਬੇਚੈਨੀ ਹੈ। ਗੁਰੂ ਸਾਹਿਬ ਲਿਖਦੇ ਹਨ ਕਿ ਪ੍ਰੀਤਮ ਨੂੰ ਮਿਲੇ ਬਿਨਾ ਜੀਣਾ ਅਸੰਭਵ ਹੈ। ਅੱਖੀਆਂ 'ਚੋਂ ਨੀਰ ਵਹਿੰਦਾ ਹੀ ਚਲਾ ਜਾਂਦਾ ਹੈ। ਸਤਿਗੁਰ ਮੇਰੇ ਬਚਪਨ ਦਾ ਮਿੱਤਰ ਹੈ ਜਿਸਨੂੰ ਦੇਖੇ ਬਿਨਾ ਨਹੀਂ ਰਿਹਾ ਜਾ ਸਕਦਾ। ਜਿਸ ਤੋਂ ਬਿਨਾ ਮੈਂ ਨੀਂਦ ਵਿਹੂਣਾ ਹਾਂ, 'ਮੈਂ ਬਿਨੁ ਗੁਰ ਦੇਖੇ ਨੀਂਦ ਨ ਆਵੈ।। ਮੇਰੇ ਮਨ ਤਨ ਵੇਦਨ ਗੁਰ ਬਿਰਹੁ ਲਗਾਵੈ।

ਗੁਰੂ ਸਾਹਿਬ ਆਪਣੇ ਪ੍ਰੀਤਮ ਨੂੰ ਘਟ-ਘਟ ਦਾ ਵਾਸੀ ਤੇ ਅੰਤਰਯਾਮੀ ਮੰਨਦੇ ਹਨ। ਜਿਹੜਾ ਆਪਣੇ ਪ੍ਰਭੂ ਦੀ ਵੇਦਨਾ ਨੂੰ ਸਮਝਦਾ ਹੈ, ਮੇਰੀ ਬੇਦਨ ਹਰਿ ਗੁਰੂ ਪੂਰਾ ਜਾਣੈ। ਗੁਰੂ ਸਾਹਿਬ ਉਸ ਪਰਮ ਪਿਤਾ ਨੂੰ ਸਾਗਰ ਦੀ ਉਪਮਾ ਦਿੰਦੇ ਹਨ ਤੇ ਆਪਣੇ ਆਪ ਨੂੰ ਮਛਲੀ ਦੀ। ਜਿਸ ਤਰ੍ਹਾਂ ਮਛਲੀ ਜਲ ਬਿਨਾ ਨਹੀਂ ਜੀਅ ਸਕਦੀ, ਉਹੀ ਹਾਲਤ ਭਗਤ ਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਪ੍ਰਾਪਤੀ ਲਈ ਸਾਧ ਸੰਗਤਿ ਦੇ ਮਹੱਤਵ ਨੂੰ ਵਡਿਆਇਆ ਹੈ। ਸਾਧ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਗੁਣਾਂ ਦਾ ਵਰਣਨ ਕੀਤਿਆਂ ਹੀ ਭਵਜਲ ਤਰਿਆ ਜਾ ਸਕਦਾ ਹੈ। ਗੁਰੂ ਦੀ ਕਿਰਪਾ ਨਾਲ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ। ਮਨੁੱਖ ਦੀ ਹਉਮੈ ਮਿਟ ਜਾਂਦੀ ਹੈ। 'ਮਲੁ ਹਉਮੈ ਬਿਖਿਆ ਸਭ ਨਿਵਾਰੀ।' ਹਰੀ ਦਾ ਗੁਣਗਾਨ ਕੀਤਿਆਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਨਾਸ਼ ਹੁੰਦਾ ਹੈ। ਗੁਰਵਾਕ ਹੈ:—

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ।
ਜੋ ਮੇਰਾ ਪ੍ਰੀਤਮ ਦਸੇ ਤਿਸਕੈ ਹਉ ਵਾਰੀਆ।
ਮਿਲਿ ਸਤਸੰਗਤਿ ਲਧਾ ਹਰਿ ਸਜਣੁ,
ਹਉ ਸਤਿਗੁਰ ਵਿਟਹੁ ਸਦ ਵਾਰਿਆ ਜੀਉ।[55]

ਸਾਧ ਸੰਗਤ ਰਾਹੀਂ ਮਨੁੱਖ ਦੇ ਪਰਮਾਂ ਦਾ ਨਾਸ ਹੁੰਦਾ ਹੈ। ਜੀਵ ਕਾਲ ਦੇ ਗੇੜੇ ਤੋਂ ਮੁਕਤੀ ਪਾ ਲੈਂਦਾ ਹੈ। ਉਸਦਾ ਨਾਮ ਸਿਮਰਨ ਕੀਤਿਆਂ ਆਤਮਾ ਸ਼ੁਧ

ਹੁੰਦੀ ਹੈ। ਸਾਧ-ਸੰਗਤ ਦਾ ਰਸ ਭਾਗਾਂ ਨਾਲ ਹੀ ਨਸੀਬ ਹੁੰਦਾ ਹੈ। ਵਡਭਾਗੀ ਹਰਿ ਸੰਗਤਿ ਪਾਵਹਿ। ਅਭਿਮਾਨ ਦੂਰ ਹੁੰਦਾ ਹੈ ਅਤੇ ਰੋਗਾਂ ਤੋਂ ਮੁਕਤੀ ਮਿਲਦੀ ਹੈ 'ਸਾਧ ਕੈ ਸੰਗਤਿ ਮਿਟੈ ਸਤਿ ਰੋਗ। ਨਾਨਕ ਸਾਧ ਭੇਟੇ ਸੰਜੋਗ।'

ਬਾਰਹਮਾਹ ਮਾਝ ਵਿਚ ਗੁਰੂ ਸਾਹਿਬ ਨੇ ਮਹੀਨਿਆਂ ਦੀਆਂ ਵੱਖੋ-ਵੱਖ ਰੁਤਾਂ ਰਾਹੀਂ ਪ੍ਰਭੂ ਤੋਂ ਵਿਛੜੀ ਜੀਵਾਤਮਾ ਦੀ ਉਸ ਦੇ ਮਿਲਾਪ ਲਈ ਬਿਹਬਲਤਾ ਦਰਸਾਈ ਹੈ। ਇਸ ਵਿਚ ਪਰਮਾਤਮਾ ਨੂੰ ਕੰਤ, ਸੱਜਣ ਆਦਿ ਉਪਮਾਵਾਂ ਰਾਹੀਂ ਸੰਬੋਧਨ ਕੀਤਾ ਗਿਆ ਹੈ।

''ਭਾਰਤੀ ਸਮਾਜ ਵਿਚ ਪਤਨੀ ਦਾ ਪਤੀ ਨਾਲ ਪ੍ਰੇਮ ਸੰਬੰਧ ਜਿੰਨਾ ਪੱਕਾ, ਸੁੱਚਾ ਤੇ ਆਤਮ-ਸਮਰਪਣਕਾਰੀ ਹੈ ਉਤਨਾ ਹੋਰ ਕੋਈ ਸੰਬੰਧ ਨਹੀਂ। ਭਾਰਤੀ ਇਸਤਰੀ ਆਪਣੇ ਪਤੀ ਲਈ ਜਿਹੜਾ ਸ਼ਰਧਾ, ਸਤਿਕਾਰ ਤੇ ਮਾਣ ਰਖਦੀ ਹੈ, ਜਿਤਨਾ ਸੱਚਾ ਤੇ ਸੁੱਚਾ ਪ੍ਰੇਮ ਕਰਦੀ ਹੈ, ਜਿਹੜੀ ਆਪਾ ਵਾਰ ਸੇਵਾ ਕਰਦੀ ਹੈ ਉਸ ਨੂੰ ਸਾਹਮਣੇ ਰਖਕੇ ਭਾਰਤੀ ਸਾਧਕਾਂ ਤੇ ਚਿੰਤਕਾਂ ਨੇ ਪ੍ਰਭੂ ਭਗਤੀ ਲਈ ਪਤੀ-ਪਤਨੀ ਪ੍ਰਤੀਕਾਂ ਨੂੰ ਵੱਡੀ ਮਾਤਰਾ ਵਿਚ ਵਰਤਿਆ ਹੈ। ਗੁਰੂ ਅਰਜਨ ਨੇ ਪਰਮਾਤਮਾ ਨੂੰ ਪਤੀ ਤੇ ਭਗਤ ਨੂੰ ਪਤਨੀ ਦੇ ਰੂਪਕਾਂ ਦੁਆਰਾ ਪ੍ਰਗਟ ਕੀਤਾ ਹੈ।''[56]

ਗੁਰੂ ਸਾਹਿਬ ਲਿਖਦੇ ਹਨ ਕਿ ਉਹ ਪਰਮਾਤਮਾ ਰੂਪੀ ਕੰਤ ਜਿਸ ਘਰ ਨਹੀਂ ਵਸਦਾ, ਉਹ ਘਰ, ਨਗਰ ਤੇ ਗ੍ਰਾਮ ਭਠ ਦੇ ਸਮਾਨ ਹਨ। ਸੁਆਮੀ ਬਿਨਾ ਸਾਰੇ ਦੋਸਤ ਮਿੱਤਰ ਜਮ ਸਮਾਨ ਹਨ। ਗੁਰੂ ਸਾਹਿਬ ਵਿਛੋੜੇ ਦਾ ਦਰਦ ਇਸ ਤਰ੍ਹਾਂ ਕਰਦੇ ਹਨ ਕਿ ਜਿਸ ਤਰ੍ਹਾਂ ਜਲ ਬਿਨਾ ਸਾਖ ਕੁਮਲਾ ਜਾਂਦੀ ਹੈ, ਉਹੀ ਹਾਲ ਉਸ ਦੇ ਭਗਤ ਦਾ ਹੈ। ਬਾਬਾ ਫ਼ਰੀਦ ਜੀ ਇਸ ਅਵਸਥਾ ਨੂੰ ਇਸ ਤਰ੍ਹਾਂ ਦੱਸਦੇ ਹਨਃ-

ਅੱਜ ਨਾ ਸੁਤੀ ਕੰਤ ਸਿਉ ਅੰਗ ਮੁੜਿ ਮੁੜਿ ਜਾਏ।।
ਜਾ ਪੁਛੋ ਡੁਹਾਗਣੀ ਤੁਮ ਕਿਉ ਰੈਣ ਵਿਹਾਏ।।

ਜੀਵ ਹਰ ਪਲ ਆਪਣੇ ਪ੍ਰੀਤਮ ਦਾ ਸਾਥ ਚਾਹੁੰਦਾ ਹੈ। ਇਕ ਦਿਨ ਦਾ ਵਿਛੋੜਾ ਉਪਰੋਕਤ ਅਵਸਥਾ ਵਿਚ ਲੈ ਆਉਂਦਾ ਹੈ। ਇਕ ਪਲ ਉਸ ਬਿਨਾ ਜੀਣਾ

ਵਿਅਰਥ ਹੈ। ਉਸ ਨੂੰ ਮਿਲਣ ਲਈ ਹਰ ਛਿਨ ਮਨ ਤੜਫਦਾ ਹੈ। ਹਰਿ ਦਰਸਨ ਦੇਉ ਮਨੁ ਲੋਚਦਾ ਨਾਨਕ ਪਿਆਸ ਮਨਾ।' ਗੁਰੂ ਨਾਨਕ ਦੇਵ ਜੀ ਬਾਰਹਮਾਹ ਤੁਖਾਰੀ ਵਿਚ ਲਿਖਦੇ ਹਨ, 'ਪਿਰੁ ਘਰਿ ਨਹੀਂ ਆਵੈ ਧਨ ਕਿਉ ਸੁਖ ਪਾਵੈ। ਬਿਰਹਾ ਬੀਰੋਧ ਤਨੁ ਛੀਜੈ।'

ਗੁਰੂ ਅਰਜਨ ਸਾਹਿਬ ਨੇ ਬਾਰਹਮਾਹ ਮਾਝ ਵਿਚ ਵੱਖ-ਵੱਖ ਰੁਤਾਂ ਰਾਹੀਂ ਜੀਵਾਤਮਾ ਤੇ ਪਰਮਾਤਮਾ ਦੇ ਵਿਛੋੜੇ ਤੇ ਮਿਲਾਪ ਦਾ ਵਰਣਨ ਬੜੇ ਸੁੰਦਰ ਤੇ ਸਜੀਵ ਸ਼ਬਦ ਰਾਹੀਂ ਚਿਤਰਿਆ ਹੈ। ਇਸ ਵਿਚ ਅਨੁਪਮ ਸੁਹਜ ਹੈ ਅਤੇ ਅਨੋਖੀ ਰੰਗੀਨੀ ਹੈ:-

ਸਾਵਣ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ।।
ਮਨ ਤਨੁ ਰਤਾ ਸਚ ਰੰਗਿ ਇਕੋ ਨਾਮੁ ਆਧਾਰੁ।।
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ।
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ।
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ।
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣ ਹਾਰੁ।
ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰੁ।।
ਨਾਨਕ ਹਰਿ ਜੀ ਗਇਆ ਕਰਿ ਸਬਦਿ ਸਵਾਰਣਹਾਰੁ।
ਸਾਵਣ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ।।[57]

ਗੁਰੂ ਅਰਜਨ ਬਾਣੀ ਵਿਚ ਬਿਰਹਾ ਭਾਵ ਨੂੰ ਇਸ ਤਰ੍ਹਾਂ ਲਿਖਿਆ ਹੈ ਕਿ ਜੀਵਾਤਮਾ ਪ੍ਰੀਤਮ ਦੇ ਦਰਸ਼ਨਾਂ ਲਈ ਪਿਆਸੀ ਹੈ। ਉਸ ਦੇ ਦਰਸ਼ਨ ਬਿਨ ਇਕ ਪਲ ਵੀ ਰਹਿਣਾ ਔਖਾ ਹੈ। ਇਹ ਪਿਆਸ ਪਰਮ ਪਿਤਾ ਪਰਮਾਤਮਾ ਦੇ ਦਰਸ਼ਨ ਬਗੈਰ ਤ੍ਰਿਪਤ ਨਹੀਂ ਹੋ ਸਕਦੀ। ਗੁਰੂ ਸਾਹਿਬ ਇਸ ਭਾਵ ਨੂੰ ਵਿਭਿੰਨ ਉਪਮਾਵਾਂ ਰਾਹੀਂ ਇਸ ਤਰ੍ਹਾਂ ਚਿਤਰਿਆ ਹੈ:—

ਪ੍ਰਭ ਤੁਝ ਬਿਨਾ ਨਹੀ ਹੋਰ। ਮਨਿ ਪ੍ਰੀਤ ਚੰਦ ਚਕੋਰ।

ਜਿਉ ਮੀਨ ਜਲ ਸਿਉ ਹੇਤੁ। ਅਲਿ ਕਮਲ ਭਿੰਨ ਨ ਭੇਤ।
ਜਿਉ ਚਕਵੀ ਸੂਰਜ ਆਸ । ਨਾਨਕ ਚਰਨ ਪਿਆਸ।
ਜਿਉ ਤਰੁਨਿ ਭਰਤ ਪਰਾਨ। ਜਿਉ ਲੋਭੀਐ ਧੰਨ ਦਾਨ।
ਜਿਉ ਦੂਧ ਜਲਹਿ ਸੰਜੋਗ। ਜਿਉ ਮਹਾ ਖੁਧਿਆਰਥ ਭੋਗ।
ਜਿਉ ਮਾਤ ਪੂਤਹਿ ਹੇਤੁ। ਹਰਿ ਸਿਮਰਿ ਨਾਨਕ ਨੇਤ।[58]

ਗੁਰੂ ਅਰਜਨ ਦੇਵ ਜੀ ਚੰਦ-ਚਕੋਰ, ਮਛਲੀ-ਜਲ, ਅਲੀ-ਕਮਲ, ਚਕਵੀ-ਸੂਰਜ, ਲੋਭੀ-ਧਨ, ਦੁਧ-ਪਾਣੀ, ਮਾਤਾ-ਪੁਤਰ ਆਦਿ ਦੀਆਂ ਅਤੀ ਅਨਿੱਖੜ ਅਤੇ ਸੱਚੇ-ਸੁੱਚੇ ਪ੍ਰੇਮ ਦੀਆਂ ਉਪਮਾਵਾਂ ਰਾਹੀਂ ਪ੍ਰਭੂ-ਮਿਲਾਪ ਦੀ ਅਭਿਲਾਸ਼ਾ ਕਰਦੇ ਹਨ। ਜਿਸ ਤਰ੍ਹਾਂ ਪਤੰਗਾ ਲੋਅ ਬਿਨ, ਚਾਤ੍ਰਿਕ ਬਾਰਿਸ ਬਿਨ ਨਹੀਂ ਰਹਿ ਸਕਦਾ, ਉਸੇ ਤਰ੍ਹਾਂ ਜੀਵਾਤਮਾ ਪ੍ਰਭੂ ਸੰਗ ਬਿਨਾ ਨਹੀਂ ਜੀਅ ਸਕਦੀ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈਂ' ਸ਼ਬਦ ਰਾਹੀਂ ਬ੍ਰਿਹਾ ਭਾਵਨਾ ਸਿਖਰ 'ਤੇ ਹੈ। ਮਨ ਦੀ ਬੇਚੈਨੀ, ਤੜਫਨਾ ਤੇ ਬਿਹਬਲਤਾ ਨੂੰ ਬੜੇ ਹੀ ਦਰਦਮਈ ਰੂਪ ਵਿਚ ਚਿਤਰਿਆ ਹੈ। ਗੁਰੂ ਸਾਹਿਬ ਲਿਖਦੇ ਹਨ ਕਿ ਮਨ ਪ੍ਰਭੂ ਦੇ ਵਿਛੋੜੇ ਕਾਰਨ ਚਾਤ੍ਰਿਕ ਦੀ ਤਰ੍ਹਾਂ ਵਿਰਲਾਪ ਕਰ ਰਿਹਾ ਹੈ। ਪ੍ਰਭੂ ਮਿਲਾਪ ਬਿਨਾ ਨਾ ਤ੍ਰਿਸ਼ਨਾ ਉਤਰਦੀ ਹੈ ਤੇ ਨਾ ਹੀ ਮਨ ਨੂੰ ਸ਼ਾਂਤੀ ਮਿਲਦੀ ਹੈ। ਉਹ ਸਥਾਨ, ਦੇਸ਼ ਭਾਗਾਂਵਾਲਾ ਹੈ ਜਿਥੇ ਤੂੰ ਵਸਦਾ ਹੈ। ਮੇਰੇ ਮਨ ਨੂੰ ਰਾਤ ਦਾ ਬ੍ਰਿਹਾ ਚੁਭਦਾ ਹੈ ਤੇ ਅੱਖੀਆਂ ਵਿਚ ਨੀਂਦ ਨਹੀਂ। ਇਕ ਘੜੀ ਮੇਲ ਨਾ ਹੋਵੇ ਤਾਂ ਇਹ ਸਮਾਂ ਕਲਜੁਗ ਵਾਂਗ ਦਿਸਦਾ ਹੈ। ਜਿਸਨੂੰ ਤੂੰ ਦਰਸ ਦੇਵੇਂ ਉਹੀ ਆਤਮਾ ਤ੍ਰਿਪਤ ਹੋ ਸਕਦੀ ਹੈ। ਗੁਰਵਾਕ ਹੈ:—

ਤੂੰ ਸਾਝਾ ਸਾਹਿਬ ਬਾਪੁ ਹਮਾਰਾ।
ਨਉ ਨਿਧਿ ਤੇਰੈ ਅਖੁਟ ਭੰਡਾਰਾ।।
ਜਿਸ ਤੂੰ ਦੇਹਿ ਸੁ ਤ੍ਰਿਪਤਿ ਅਘਾਵੈ
ਸੋਈ ਭਗਤ ਤੁਮਾਰਾ ਜੀਓ।[59]

ਗੁਰੂ ਅਰਜਨ ਆਪਣੇ ਪ੍ਰੀਤਮ ਨੂੰ ਹਰ ਪਲ ਆਪਣੇ ਹਿਰਦੇ ਵਿਚ ਵਸਾਉਣਾ ਲੋਚਦੇ ਹਨ। ਹਰ ਸਵਾਸ, ਘੜੀ ਪਲ ਪ੍ਰੀਤਮ ਦੀ ਆਸ ਹੈ। 'ਸਾਸਿ ਸਾਸਿ ਨ ਘੜੀ ਵਿਸਰੈ ਪਲ ਮੂਰਤੁ ਦਿਨ ਰਾਤੇ। ਨਾਨਕ ਸਾਰਿੰਗ ਜਿਉ ਪਿਆਸੇ ਕਿਉ ਮਿਲਿਐ ਪ੍ਰਭ ਦਾਤੇ।' ਗੁਰੂ ਸਾਹਿਬ ਬਿਜਲੀ ਦੀ ਚਮਕ ਅਤੇ ਸੁੰਨੀ ਸੇਜ ਦੇ ਉਦਾਹਰਣ ਰਾਹੀਂ ਪ੍ਰਭੂ ਵਿਯੋਗ ਦਾ ਵਰਨਣ ਕਰਦੇ ਹਨ:—

ਦਹਦਿਸ ਛਤ੍ਰ ਮਘ ਘਟਾ ਘਟ ਦਾਮਨਿ ਚਮਕ ਡਰਾਇਓ।
ਸੇਜ ਇਕੇਲੀ ਨੀਂਦ ਨਹੁ ਨੈਨਹ ਪਿਰੁ ਪਰਿਦੇਸਿ ਸਿਧਾਇਓ।
ਹੁਣ ਨਹੀਂ, ਸੰਦੇਸਰੋ ਗਾਇਓ।
ਏਕ ਕੋਸਰੋ ਸਿਧਿ ਕਰਤ ਲਾਲੁ ਤਬ ਚਤੁਰ ਪਾਤਰੋ ਆਇਓ।
ਕਿਉ ਬਿਸਰੈ ਇਹੁ ਨਾਲ ਪਿਆਰੋ ਸਰਬ ਗੁਣ ਸੁਖ ਦਾਇਓ।
ਮੰਦਰਿ ਚਰਿਕੈ ਪੰਥੁ ਨਿਹਾਰਉ ਨੈਨ ਨੀਰਿ ਭਰਿ ਆਇਓ।[60]

''ਬਾਣੀ ਵਿਚ ਪ੍ਰੇਮਾ ਭਗਤੀ ਦੇ ਵਿਵਿਧ ਰੂਪ ਮਿਲਦੇ ਹਨ। ਇਸ ਵਿਚ ਭਗਤ ਕਦੀ ਪਤਨੀ ਵਾਂਗ, ਕਦੀ ਪੁੱਤਰ ਵਾਂਗ, ਕਦੀ ਮਿੱਤਰ ਵਾਂਗ, ਭਗਵਾਨ ਨਾਲ ਪ੍ਰੇਮ-ਸੰਬੰਧ ਸਥਾਪਿਤ ਕਰਦਾ ਹੈ। ਇਨ੍ਹਾਂ ਹੀ ਰੂਪਾਂ ਵਿਚ ਅਤੇ ਇਸਦੇ ਨਾਲ ਦਾਸ ਦੇ ਰੂਪ ਵਿਚ ਵੀ ਉਹ ਆਪਣੇ ਇਸ਼ਟ ਦੀ ਸੇਵਾ ਕਰਦਾ ਹੈ। ਪਰਮਾਤਮਾ ਗੁਰੂ ਅਰਜਨ ਲਈ ਪਾਲਕ ਵੀ ਹੈ, ਪਿਤਾ-ਮਾਤਾ ਵੀ, ਪਤੀ, ਰਖਿਅਕ ਵੀ, ਮਿੱਤਰ ਵੀ ਤੇ ਮਾਲਕ ਵੀ।''[61]

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ।
ਨਿਮਖ ਨਿਮਖ ਤੁਮਹੀ ਪ੍ਰਤੀ ਪਾਲਹੁ ਹਮ ਬਾਰਿਕ ਤੁਮਰੇ ਧਾਰੇ।
– – – – – – – – – – – – – – – – – – –
ਤੁਮਰੀ ਸਰਣਿ ਤੁਮਰੀ ਆਸਾ ਤੁਮਹੀ ਸਜਨ ਸੁਹੇਲੇ।
ਰਾਖਹੁ ਰਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ।[62]

ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ ਪ੍ਰਭੂ ਬਿਨਾ ਜੀਣਾ ਅਸੰਭਵ ਤੇ ਵਿਅਰਥ ਹੈ। ਇਕ ਪਲ, ਇਕ ਘੜੀ, ਇਕ ਦਿਨ ਕਈਆਂ ਦਿਨਾਂ ਦੇ ਸਮਾਨ ਹੈ। ਵਿਛੋੜੇ ਦਾ ਸਮਾਂ ਬਿਤਾਉਣਾ ਦੁਰਲਭ ਹੋ ਗਿਆ ਹੈ। ਪਰਮਾਤਮਾ ਤੋਂ ਬਿਨਾ ਮਨ ਨੂੰ ਕਿਤੇ ਠਉਰ ਨਹੀਂ, ਮਨ ਵਿਚ ਪ੍ਰਭੂ ਮਿਲਣ ਦੀ ਬਹੁਤ ਆਸ ਹੈ ਤੇ ਇਸੇ ਆਸ ਦੇ ਸਹਾਰੇ ਜੀਵਨ ਹੈ। ਚਾਰ ਪਹਿਰ ਚਾਰ ਜੁਗਾਂ ਸਮਾਨ ਹਨ। ਗੁਰਵਾਕ ਹੈ:—

ਚਾਰਿ ਪਹਰ ਚਹੁ ਜੁਗਹ ਸਮਾਨੇ।
ਰੈਣ ਭਈ ਤਬ ਅੰਤੁ ਨ ਜਾਨੇ।।
ਪੰਚ ਦੂਤ ਮਿਲਿ ਪਿਹਰੁ ਵਿਛੋੜੀ।
ਭ੍ਰਮਿ ਭ੍ਰਮਿ ਰੋਵੈ ਹਾਥਪ ਛੋੜੀ।[63]

ਗੁਰੂ ਅਰਜਨ ਲਿਖਦੇ ਹਨ ਕਿ ਹੇ ਪ੍ਰੀਤਮ ਮੈਂ ਤੇਰੇ ਦਰਸ਼ਨਾਂ ਦੇ ਸਹਾਰੇ ਹੀ ਜੀਂਦਾ ਹਾਂ 'ਦਰਸ਼ਨ ਦੇਖ ਜੀਵਾਂ ਗੁਰ ਤੇਰਾ'। ਪੂਰਨ ਕਰਮ ਹੋਇ ਪ੍ਰਭ ਮੇਰਾ। ਸੰਜੋਗ-ਵਿਯੋਗ ਦਾ ਚਲਨ ਮਨੁੱਖ ਦੇ ਨਾਲ ਹੀ ਜਨਮਦਾ ਹੈ। ਚੰਗੇ ਕਰਮਾਂ ਵਾਲਾ ਮਨੁੱਖ ਸੰਯੋਗੀ ਅਵਸਥਾ ਹਾਸਿਲ ਕਰਦਾ ਹੈ ਤੇ ਕੁਕਰਮ ਮਨੁੱਖ ਨੂੰ ਪਰਮਾਤਮਾ ਤੋਂ ਨਿਖੇੜ ਕੇ ਰਖਦੇ ਹਨ। ਗੁਰਵਾਕ ਹੈ:—

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ।।
ਪੰਚ ਧਾਤੁ ਕਰਿ ਪੁਤਲਾ ਕੀਆ।।
ਸਾਹੈ ਕੈ ਫੁਰਮਾਇਅੜੈ ਜੀ,
ਦੇਹੀ ਵਿਚਿ ਜੀਉਆਇ ਪਇਆ।[64]

ਜੀਵ ਨੂੰ ਸੰਸਾਰਕ ਲਾਲਸਾਵਾਂ ਤਿਆਗ ਕੇ ਪ੍ਰਭੂ ਸਿਮਰਨ ਵੱਲ ਮਨ ਨੂੰ ਲਾਉਣਾ ਚਾਹੀਦਾ ਹੈ। ਪ੍ਰਭੂ ਮਿਲਾਪ ਲਈ ਨਾਮ ਸਿਮਰਨ ਸਭ ਤੋਂ ਉੱਤਮ ਸਾਧਨ ਹੈ। ਇਸ ਨਾਲ ਮਨੁੱਖ ਦਾ ਪਾਪਾਂ, ਵਹਿਮਾਂ-ਭਰਮਾਂ ਅਤੇ ਆਵਾਗਮਨ ਤੋਂ ਛੁਟਕਾਰਾ ਮਿਲਦਾ ਹੈ। 'ਕਾਮ-ਕ੍ਰੋਧ, ਮੋਹ, ਹੰਕਾਰ ਅਤੇ ਤ੍ਰਿਸ਼ਨਾ ਤੋਂ ਮੁਕਤੀ ਮਿਲਦੀ ਹੈ।

''ਪ੍ਰਭੂ ਦੇ ਨਾਮ ਨੂੰ ਹਿਰਦੇ ਵਿਚ ਵਸਾਉਣ ਲਈ ਉਸਦਾ ਸਿਮਰਨ ਕਰਨਾ ਜ਼ਰੂਰੀ ਹੈ। ਸਿਮਰਨ ਦੁਆਰਾ ਹੀ ਜੀਵ ਆਪਣਾ ਧਿਆਨ ਸੰਸਾਰਕ ਪਦਾਰਥਾਂ ਵਲੋਂ ਹਟਾਕੇ ਪਰਮਾਤਮਾ ਵਿਚ ਜੋੜ ਸਕਦਾ ਹੈ। ਸਿਮਰਨ ਨਾਲ ਹੀ ਸੁਰਤ ਅੰਤਰਮੁਖੀ ਹੋ ਕੇ ਆਤਮਾ ਉੱਤੇ ਕੇਂਦਰਿਤ ਹੁੰਦੀ ਹੈ। ਸਾਧਕ ਅਜਿਹੀ ਆਤਮਕ ਅਵਸਥਾ ਉੱਤੇ ਪੁਜ ਜਾਂਦਾ ਹੈ, ਜਿਥੇ ਉਸਦੀ ਚੇਤਨਤਾ ਸਦਾ ਲਈ ਜਾਗ ਉੱਠਦੀ ਹੈ।''[65] ''ਜੀਵਾਤਮਾ ਬਿਰਹਣ ਔਰਤ ਵਾਂਗ ਆਪਣੇ ਪਤੀ ਪਰਮੇਸ਼ਰ ਨੂੰ ਮਿਲਣ ਲਈ ਅਰਜੋਈਆਂ ਕਰਦੀ ਹੈ। ਅੰਤ ਵਿਚ ਸੰਤ ਜਨਾਂ ਦੀ ਸੰਗਤ ਵਿਚ ਨਾਮ ਸਿਮਰਨ ਕਰਕੇ ਉਸ ਦਾ ਮਿਲਾਪ ਪਰਮਾਤਮਾ ਨਾਲ ਹੋ ਜਾਂਦਾ ਹੈ। ਉਸ ਨੂੰ ਸਥਿਰ ਤੇ ਸਦੀਵੀ ਸੁਹਾਗ ਪ੍ਰਾਪਤ ਹੋ ਜਾਂਦਾ ਹੈ।''[66]

ਦਰਅਸਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਕਠੋਰ ਵੈਰਾਗ ਦੀ ਨਿਖੇਧੀ ਕਰਕੇ ਸਹਿਜ ਵੈਰਾਗ ਦੀ ਸਥਾਪਨਾ ਕੀਤੀ ਗਈ ਹੈ ਇਹ ਸਹਿਜ ਵੈਰਾਗ ਹੀ ਉਨ੍ਹਾਂ ਦੇ ਸਹਿਜ ਅਨੁਭਵ ਦਾ ਪਰਿਚਾਯਕ ਹੋ ਨਿਬੜਦਾ ਹੈ। ਗੁਰੂ ਅਰਜਨ ਸਾਹਿਬ ਨੇ ਥਾਂ ਥਾਂ ਸਹਿਜ, ਸ਼ਾਂਤ ਤੇ ਸੰਤੁਲਤ ਜੀਵਨ ਬਣਾਉਣ ਤੇ ਜ਼ੋਰ ਦਿੱਤਾ ਹੈ। ਜ਼ਿੰਦਗੀ ਦੀ ਅੰਤਿਮ ਜਿੱਤ ਵਿਚ ਵਿਸ਼ਵਾਸ ਦ੍ਰਿੜ੍ਹਾਇਆ ਹੈ, ਕੋਈ ਮਾਯੂਸੀ ਨਹੀਂ, ਨਿਰਾਸ਼ਾਵਾਦ ਨੂੰ ਕੋਈ ਥਾਂ ਨਹੀਂ। ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਮਨ ਵਿਚ ਵੈਰਾਗ ਉਤਪੰਨ ਕਰਨ ਲਈ ਕਿਤੇ ਤਾਂ ਉਸਨੂੰ ਮੌਤ ਦਾ ਡਰ ਦਿੰਦੇ ਹਨ ਤੇ ਕਿਤੇ ਉਸਨੂੰ ਵਿਵੇਕਸ਼ੀਲ ਬਣਾਉਂਦੇ ਹਨ ਅਤੇ ਕਿਤੇ ਉਸਦੇ ਮਨ ਵਿਚ ਆਤਮ ਗਿਆਨ ਨੂੰ ਪ੍ਰਕਾਸ਼ਿਤ ਕਰਦੇ ਹਨ। ਮਨੁੱਖ ਨੂੰ ਵੈਰਾਗੀ ਬਣਾਉਣ ਵਾਸਤੇ ਜਦੋਂ ਗੁਰੂ ਜੀ ਜਗਤ ਦੀ ਨਾਸ਼ਮਾਨਤਾ ਤੇ ਮੌਤ ਦੀ ਵਾਸਤਵਿਕਤਾ ਦਾ ਉਲੇਖ ਕਰਦੇ ਹਨ ਤਾਂ ਉਸ ਉਲੇਖ ਵਿਚੋਂ ਨਿਰਾਸ਼ਾਵਾਦ ਨਹੀਂ ਝਲਕਦਾ। ਇਸੇ ਤਰ੍ਹਾਂ ਮਾਇਆ ਅਤੇ ਸੰਬੰਧੀਆਂ ਤੋਂ ਉਪਰਾਮ ਕਰਨ ਵੇਲੇ ਵੀ ਉਹ ਗ੍ਰਹਿ ਤਿਆਗ ਦੀ ਹਿਮਾਇਤ ਨਹੀਂ ਕਰਦੇ ਸਗੋਂ ਉਨ੍ਹਾਂ ਦਾ ਮੂਲ ਪ੍ਰਯੋਜਨ ਮਨੁੱਖ ਨੂੰ ਵਿਕਾਰਾਂ ਤੋਂ ਨਿਵਰਤ ਕਰਨਾ ਅਤੇ ਪ੍ਰਭੂ ਪ੍ਰਤੀ ਪ੍ਰਵਿਰਤ ਕਰਨਾ ਹੀ ਰਹਿੰਦਾ ਹੈ। ਪ੍ਰਭੂ ਹੀ ਹੈ ਜੋ ਮਨੁੱਖ ਨੂੰ ਇਸ ਮੋਹ

ਜਾਲ ਤੋਂ ਦੂਰ ਲੈ ਜਾ ਸਕਦਾ ਹੈ। ਮਨੁੱਖ ਨੂੰ ਇਸ ਲਈ ਸਦਾ ਉਸਦੀ ਰਜ਼ਾ ਤੇ ਭਾਣੇ ਵਿਚ ਰਹਿਣਾ ਚਾਹੀਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਰਾਹੀਂ ਮਨੁੱਖੀ ਹਿਰਦਿਆਂ ਵਿਚ ਵੈਰਾਗ ਉਪਜਾਉਣ ਲਈ ਜਗਤ ਦੀ ਨਾਸ਼ਮਾਨਤਾ ਤੋਂ ਜਾਣੂ ਕਰਵਾਇਆ ਹੈ। ਜੇਕਰ ਇਉਂ ਕਹੀਏ ਕਿ ਸੱਚ ਦੀ ਪੇਸ਼ਕਾਰੀ ਰਾਹੀਂ ਮਨੁੱਖੀ ਮਨਾਂ ਵਿਚ ਵੈਰਾਗ ਉਪਜਾਇਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਜੇ ਫੁੱਲ ਦਾ ਖਿੜਨਾ ਸੱਚ ਹੈ ਤਾਂ ਫੁੱਲ ਦਾ ਮੁਰਝਾਣਾ ਵੀ ਸੱਚ ਹੈ। ਜੇਕਰ ਸੂਰਜ ਦਾ ਉਦੈ ਹੋਣਾ ਸੱਚ ਹੈ ਤਾਂ ਸੂਰਜ ਦਾ ਅਸਤ ਹੋਣਾ ਵੀ ਸੱਚ ਹੈ। ਜੇਕਰ ਬੰਦੇ ਦਾ ਜੰਮਣਾ ਸੱਚ ਹੈ ਤਾਂ ਫਿਰ ਬੰਦੇ ਦਾ ਮਰਨਾ ਵੀ ਸੱਚ ਹੈ। ਇਸ ਪ੍ਰਕਾਰ ਜਗਤ ਦੀ ਨਾਸ਼ਮਾਨਤਾ ਵੀ ਇਕ ਹਕੀਕਤ ਹੈ। ਗੁਰੂ ਜੀ ਅਨੁਸਾਰ ਇਹ ਸੰਸਾਰ ਰਾਤ ਦੇ ਸੁਪਨੇ ਵਰਗਾ ਨਿਰਾਧਾਰ ਹੈ। ਸਾਰਾ ਦ੍ਰਿਸ਼ਟਮਾਨ ਜਗਤ ਨਾਸ਼ਮਾਨ ਹੈ:—

ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ
ਦ੍ਰਿਸ਼ਟਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।[67]

ਇਸ ਪ੍ਰਕਾਰ ਗੁਰੂ ਅਰਜਨ ਦੇਵ ਜੀ ਸੰਸਾਰ ਨੂੰ ਨਾਸ਼ਮਾਨ ਮਿਥਿਆ ਮੰਨਦੇ ਹਨ। ਉਨ੍ਹਾਂ ਅਨੁਸਾਰ ਇਹ ਸੰਸਾਰ ਸਥਿਰ ਨਹੀਂ। ਜਿਸ ਤਰ੍ਹਾਂ ਮਨੁੱਖ ਰਾਤ ਨੂੰ ਸੌਂਦਾ ਹੈ ਅਤੇ ਨੀਂਦ ਵਿਚ ਸੁਪਨੇ ਨੂੰ ਸੱਚ ਮੰਨਦਾ ਹੈ ਪਰ ਅੱਖ ਖੁਲ੍ਹਦਿਆਂ ਹੀ ਸੁਪਨਾ ਵੀ ਬਿਨਸ ਜਾਂਦਾ ਹੈ, ਉਸ ਪ੍ਰਕਾਰ ਮਨੁੱਖ ਵੀ ਅਗਿਆਨ ਦੀ ਨੀਂਦ ਵਿਚ ਸੁੱਤਾ ਸੁਪਨੇ ਵਾਂਗ ਜਗਤ ਨੂੰ ਸੱਚ ਮੰਨ ਲੈਂਦਾ ਹੈ ਪਰ ਗਿਆਨ ਦਾ ਪ੍ਰਕਾਸ਼ ਹੁੰਦਿਆਂ ਹੀ ਉਸਨੂੰ ਇਹ ਜਗਤ ਅਸਤਿ ਦਿਸਣ ਲੱਗ ਪੈਂਦਾ ਹੈ। ਅਸਲ ਵਿਚ ਇਹ ਸ੍ਰਿਸ਼ਟੀ ਬ੍ਰਿਛ ਹੇਠ ਇਕੱਠੇ ਹੋਏ ਜੀਵਾਂ ਵਾਂਗ ਹੈ। ਉਨ੍ਹਾਂ ਵਿਚ ਕੁਝ ਚੰਗੇ ਹਨ, ਕੁਝ ਮੰਦੇ ਜੋ ਆਪਣਾ ਆਪਣਾ ਸਮਾਂ ਆਉਣ ਤੇ ਉੱਡ ਪੁਡ ਜਾਣਗੇ ਅਰਥਾਤ ਇਹ ਸ੍ਰਿਸ਼ਟੀ ਅਸਥਾਈ ਹੈ:—

ਬਿਰਖੈ ਹੇਠਿ ਸਭਿ ਜੰਤ ਇਕੱਠੇ।

ਇਕਿ ਤਤੇ ਇਕਿ ਬੋਲਨਿ ਮਿਠੇ।
ਅਸਤੁ ਉਦੋਤੁ ਭਇਆ ਉਠਿ ਚਲੇ।
ਜਿਉ ਜਿਉ ਅਵਧ ਵਿਹਾਣੀਆਂ।[68]

ਜਦ ਤੱਕ ਦ੍ਰਿਸ਼ਮਾਨ ਜਗਤ ਦੀ ਨਾਸ਼ਮਾਨਤਾ ਦੀ ਗੱਲ ਨਾ ਕੀਤੀ ਜਾਵੇ, ਪਰਿਵਰਤਿਤ ਸ਼ਬਦਾਂ ਵਿਚ ਮਨੁੱਖ ਨੂੰ ਦ੍ਰਿਸ਼ਮਾਨ ਜਗਤ ਤੋਂ ਉਪਰਾਮ ਨਾ ਕੀਤਾ ਜਾਏ ਤਦ ਤੱਕ ਉਸਨੂੰ ਅਦ੍ਰਿਸ਼ ਅਧਿਆਤਮਕ ਜਗਤ ਵੱਲ ਅਗ੍ਰਸਰ ਕਰਨਾ ਮੁਸ਼ਕਿਲ ਹੁੰਦਾ ਹੈ। ਨਾਸ਼ਮਾਨਤਾ ਵੈਰਾਗ ਦਾ ਉਪਰਾਮਤਾ ਵਾਲਾ ਅੰਸ਼ ਬਲਵਾਨ ਕਰਦੀ ਹੈ। ਗੁਰੂ ਸਾਹਿਬ ਉਪਰਾਮਤਾ ਭਾਵ ਜਗਾ ਕੇ ਆਪਣੇ ਜਗਿਆਸੂ ਦੇ ਮਨ ਵਿਚ ਐਸੀ ਧਰਤੀ ਤਿਆਰ ਕਰ ਲੈਂਦੇ ਹਨ, ਜਿਸ ਵਿਚ ਨਾਮ ਦਾ ਅਥਵਾ ਨਿਰੰਕਾਰ ਦੇ ਪ੍ਰੇਮ ਦਾ ਬੀਜ ਪਾਉਣਾ ਆਸਾਨ ਹੋ ਜਾਂਦਾ ਹੈ। ਜਦ ਤੱਕ ਮਨੁੱਖ ਦੀ ਬਿਰਤੀ ਸੰਸਾਰਿਕ ਝਮੇਲਿਆਂ ਵਿਚ ਡੂੰਘੀ ਤਰ੍ਹਾਂ ਲਿਪਟਾਇਮਾਨ ਹੈ, ਉਹ ਆਤਮਾ ਜਾਂ ਪਰਮਾਤਮਾ ਦੀ ਗੱਲ ਨਹੀਂ ਸੁਣੇਗਾ।

ਗੁਰੂ ਜੀ ਨੇ ਆਪਣੀ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਨੂੰ, ਮਨੁੱਖੀ ਮਨ ਨੂੰ ਪਰਮਾਤਮਾ ਨਾਲ ਜੋੜਨ ਲਈ ਇਕ ਸਫ਼ਲ ਸਾਧਨ ਵਜੋਂ ਅਪਣਾਇਆ ਹੈ। ਜਿਥੇ ਕਿਤੇ ਵੀ ਉਨ੍ਹਾਂ ਨੇ ਆਪਣੀ ਬਾਣੀ ਵਿਚ ਸੰਸਾਰ ਦੀ ਨਾਸ਼ਮਾਨਤਾ ਦਾ ਚਿੱਤਰ ਅੰਕਿਤ ਕੀਤਾ ਹੈ, ਉਥੇ ਉਨ੍ਹਾਂ ਦਾ ਜਤਨ ਮਨੁੱਖ ਦਾ ਉਧਾਰ ਕਰਨਾ ਹੀ ਰਿਹਾ ਹੈ। ਇਸ ਵੈਰਾਗ ਤੋਂ ਮਨੁੱਖੀ ਮਨ ਅੰਦਰ ਵਿਸ਼ਾਦ ਭਾਵਨਾ ਨਹੀਂ ਉਪਜਾਈ ਅਤੇ ਉਸਨੂੰ ਨਿਰਾਸ ਹੋ ਕੇ ਸਭ ਕੁਝ ਤਿਆਗ ਕਰ ਜੰਗਲਾਂ ਵਿਚ ਬੈਠਣ ਲਈ ਉਤੇਜਿਤ ਨਹੀਂ ਕੀਤਾ ਸਗੋਂ ਜੀਵਨ ਵਿਚ ਪਦਾਰਥਾਂ ਤੋਂ ਉਤਾਂਹ ਉੱਠ ਕੇ ਵਡੇਰੇ ਉਚੇਰੇ ਆਦਰਸ਼ਾਂ ਦੀ ਪ੍ਰਾਪਤੀ ਲਈ ਤਿਆਰ ਕੀਤਾ ਗਿਆ ਹੈ:—

ਉਦਮ ਕਰੇਦਿਆਂ ਜੀਉ ਤੂੰ, ਕਮਾਂਵਦਿਆ ਸੁਖ ਭੁੰਚ।
ਧਿਆਇਦਿਆਂ ਤੂੰ ਪ੍ਰਭੂ ਮਿਲ, ਨਾਨਕ ਉਤਰੀ ਚਿੰਤ।

ਵੈਰਾਗ ਦਾ ਕਰਮ ਜਿਥੇ ਮਨੁੱਖੀ ਮਨ ਨੂੰ ਸੰਸਾਰਿਕ ਵਿਸ਼ੇ ਵਿਕਾਰਾਂ ਤੋਂ ਤੋੜ ਕੇ ਪਰਮਾਤਮਾ ਨਾਲ ਜੋੜਨਾ ਹੈ, ਉਥੇ ਮਾਇਆ ਦਾ ਸੁਭਾਅ ਬਿਲਕੁਲ ਇਸਦੇ ਵਿਪਰੀਤ ਹੈ। ਮਾਇਆ ਮਨੁੱਖੀ ਮਨ ਨੂੰ ਰੱਬ ਨਾਲੋਂ ਤੋੜ ਕੇ ਵਿਸ਼ੇ ਵਿਕਾਰਾਂ ਨਾਲ ਜੋੜਦੀ ਹੈ ਅਤੇ ਇਹ ਵਿਸ਼ੇ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਾਇਆ ਦੀ ਕੁੱਖੋਂ ਹੀ ਜਨਮ ਲੈਂਦੇ ਹਨ। ਮਾਇਆ ਦਾ ਜੀਵ ਉਤੇ ਪ੍ਰਬਲ ਪ੍ਰਭਾਵ ਹੈ ਕਿਉਂਕਿ ਮਾਇਆ ਨੇ ਉਸਦੀ ਅਕਲ ਉਤੇ ਪਰਦਾ ਪਾਇਆ ਹੁੰਦਾ ਹੈ। ਮਾਇਆ ਜਾਂ ਸੰਸਾਰਿਕ ਵਸਤੂਆਂ ਦਾ ਲੋਭ ਅਜਿਹਾ ਨਸ਼ਾ ਹੈ ਜਿਹੜਾ ਕਦੇ ਖਤਮ ਨਹੀਂ ਹੁੰਦਾ ਤੇ ਲਗਾਤਾਰ ਤ੍ਰਿਪਤੀ ਲਈ ਕਿਰਿਆਸ਼ੀਲ ਰਹਿੰਦਾ ਹੈ। ਇਹ ਲਾਲਸਾ ਮਨੁੱਖ ਨੂੰ ਮਕਸਦ ਤੋਂ ਦੂਰ ਲੈ ਜਾਂਦੀ ਹੈ, ਜਿਸ ਪ੍ਰਕਾਰ ਇਕ ਸੁੰਦਰ ਔਰਤ ਪੁਰਸ਼ ਨੂੰ ਆਪਣੇ ਰੂਪ ਨਾਲ ਜਾਲ ਵਿਚ ਭਰਮਾਉਂਦੀ ਹੈ ਉਸੇ ਪ੍ਰਕਾਰ ਮਾਇਆ ਮਨੁੱਖ ਨੂੰ ਆਪਣੇ ਵੱਲ ਆਕ੍ਰਸ਼ਿਤ ਕਰਦੀ ਹੈ:—

ਐਸੀ ਇਸਤ੍ਰੀ ਇਕ ਰਾਮਿ ਉਪਾਈ।
ਉਨਿ ਸਭੁ ਜਗ ਖਾਇਆ ਹਮ ਗੁਰ ਰਾਖੇ ਮੇਰੇ ਭਾਈ।[69]

ਮਾਇਆ ਦੇ ਹੱਥਾਂ ਦੀ ਕਠਪੁਤਲੀ ਬਣਿਆ ਮਨੁੱਖੀ ਮਨ ਮਾਇਆ ਦੇ ਜਾਲ ਵਿਚ ਇਉਂ ਫਸ ਜਾਂਦਾ ਹੈ ਕਿ ਉਹ ਪ੍ਰਭੂ ਪ੍ਰਾਪਤੀ ਦੇ ਅਸਲੀ ਮਨੋਰਥ ਤੋਂ ਥਿੜਕ ਜਾਂਦਾ ਹੈ। ਇਹ ਇਕ ਹਕੀਕਤ ਹੈ ਕਿ ਜੇ ਮਨੁੱਖ ਨੂੰ ਮਾਇਆ ਦਾ ਨਸ਼ਾ ਚੜ੍ਹਿਆ ਹੋਵੇ ਤਾਂ ਫਿਰ ਉਸਨੂੰ ਪ੍ਰਭੂ ਨਾਮ ਦੀ ਖੁਮਾਰੀ ਨਹੀਂ ਚੜ੍ਹ ਸਕਦੀ ਕਿਉਂਕਿ ਇਕੋ ਵੇਲੇ ਮਨੁੱਖ ਨੂੰ ਇਕੋ ਹੀ ਨਸ਼ਾ ਹੋ ਸਕਦਾ ਹੈ। ਮਾਇਆ ਮਨੁੱਖ ਉਤੇ ਇਸ ਕਦਰ ਭਾਰੂ ਹੁੰਦੀ ਹੈ ਕਿ ਸਾਧਕ ਆਪਣੀ ਮੰਜ਼ਿਲ ਭੁੱਲ ਕੇ ਭਟਕ ਜਾਂਦਾ ਹੈ ਤੇ ਕੋਲ ਪਈ ਵਸਤੂ ਵੀ ਨਜ਼ਰ ਨਹੀਂ ਆਉਂਦੀ। ਮਿਥਿਹਾਸ ਵਿਚੋਂ ਮੋਹਿਨੀ ਦੇ ਬਿੰਬ ਰਾਹੀਂ ਗੁਰੂ ਸਾਹਿਬ ਨੇ ਮਾਇਆ ਦੇ ਇਸੇ ਰੂਪ ਤੇ ਪ੍ਰਭਾਵ ਨੂੰ ਬਿਆਨਿਆ ਹੈ ਕਿ ਉਹ ਬਿਨਾ ਦੰਦਾਂ ਦੇ ਵਾਰ ਦੇ ਜੱਗ ਨੂੰ ਆਪਣੇ ਵੱਸ ਕਰ ਲੈਂਦੀ ਹੈ:—

ਮੋਹਿਨੀ ਮੋਹਿ ਲੀਏ ਤ੍ਰੈ ਗੁਨੀਆ।

ਲੋਭ ਵਿਆਪੀ ਝੂਠੀ ਦੁਨੀਆ।[70]

ਗੁਰੂ ਸਾਹਿਬ ਅਨੁਸਾਰ ਮਾਇਆ ਸੁਪਨੇ ਦੀ ਤਰ੍ਹਾਂ ਉਲਝਾਉਂਦੀ ਹੈ ਜਿਹੜੀ ਕੁਝ ਸਮੇਂ ਬਾਅਦ ਸੁਪਨੇ ਦੀ ਤਰ੍ਹਾਂ ਹੀ ਖਤਮ ਹੋ ਜਾਂਦੀ ਹੈ ਤੇ ਜੀਵ ਭਟਕਦਾ ਰਹਿ ਜਾਂਦਾ ਹੈ। ਇਹ ਅਜਿਹੀ ਨਸ਼ੀਲੀ ਬੂਟੀ ਹੈ ਜਿਹੜੀ ਮਨੁੱਖਾਂ ਦਾ ਆਤਮਿਕ ਧਨ ਲੁੱਟ ਕੇ ਮਨੁੱਖ ਨੂੰ ਕੰਗਾਲ ਬਣਾ ਦਿੰਦੀ ਹੈ। ਇਹ ਅਜਿਹਾ ਜਾਲ ਹੈ ਜਿਸਦੀ ਕੈਦ ਵਿਚ ਫਸਿਆ ਮਨੁੱਖ ਔਖਾ ਹੀ ਨਿਕਲਦਾ ਹੈ। ਇਹ ਅਜਿਹੇ ਡੂੰਘੇ ਖੂਹ ਦੀ ਤਰ੍ਹਾਂ ਹੈ ਜਿਸਦਾ ਅੰਤ ਗੁਰੂ ਰਾਹੀਂ ਹੀ ਪਾਇਆ ਜਾ ਸਕਦਾ ਹੈ। ਜਦੋਂ ਮਨੁੱਖ ਉਤੇ ਮਾਇਆ ਹਾਵੀ ਹੁੰਦੀ ਹੈ ਤਾਂ ਇਹ ਅਵਸਥਾ ਅਗਿਆਨਮਈ ਕਹੀ ਜਾ ਸਕਦੀ ਹੈ ਕਿਉਂਕਿ ਇਸ ਅਵਸਥਾ ਵਿਚ ਮਨੁੱਖ ਨੂੰ ਪਰਮਾਤਮਾ ਦਾ ਗਿਆਨ ਹੁੰਦਾ ਤਾਂ ਮਾਇਆ ਉਸ ਉਪਰ ਭਾਰੂ ਪੈ ਹੀ ਨਹੀਂ ਸੀ ਸਕਦੀ। ਗੁਰੂ ਅਰਜਨ ਦੇਵ ਜੀ ਮਨੁੱਖ ਨੂੰ ਮਾਇਆ ਦੀ ਪਕੜ ਢਿੱਲੀ ਕਰਨ ਵਾਸਤੇ ਗਿਆਨ ਦਾ ਉਪਦੇਸ਼ ਦਿੰਦੇ ਹਨ ਅਤੇ ਮਾਇਆ ਦੀ ਉਪਮਾ ਅਗਨੀ, ਸ਼ਰਾਬ, ਨਸ਼ੀਲੀ ਬੂਟੀ, ਜਾਲ, ਛਲੀਆ, ਸੱਪਣੀ ਮ੍ਰਿਗ ਤ੍ਰਿਸ਼ਨਾ ਆਦਿ ਨਾਲ ਕਰਕੇ ਮਨੁੱਖ ਅੰਦਰ ਵੈਰਾਗ ਉਤਪੰਨ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਇਥੇ ਨਾਲ ਹੀ ਗੁਰੂ ਸਾਹਿਬ ਮਨੁੱਖ ਨੂੰ ਤਾਕੀਦ ਕਰਦੇ ਹਨ ਕਿ ਮਨੁੱਖ ਪ੍ਰਭੂ ਦੀ ਅਰਾਧਨਾ ਕਰਕੇ, ਨਾਮ ਸਿਮਰਨ ਕਰਕੇ ਮਾਇਆ ਦੇ ਬੰਧਨ ਤੋਂ ਛੁਟਕਾਰਾ ਪਾ ਸਕਦਾ ਹੈ:—

— ਅੰਧਕੂਪ ਬਿਖਿਆ ਤੇ ਕਾਢਿਓ ਸਾਚ ਸਬਦ ਬਣਿ ਆਈ।[71]

— ਜਨਮ ਮਰਣ ਦੂਖ ਤੇ ਰਾਖੈ।।
ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ।।[72]

ਗੁਰੂ ਅਰਜਨ ਦੇਵ ਜੀ ਮਨੁੱਖ ਅੰਦਰ ਵੈਰਾਗ ਉਤਪੰਨ ਕਰਕੇ ਇਹੀ ਦੱਸਣਾ ਚਾਹੁੰਦੇ ਹਨ ਕਿ ਪ੍ਰਭੂ ਦਾ ਸਿਮਰਨ ਅਮੁੱਲੀ ਵਸਤੂ ਹੈ ਤੇ ਵਿਸ਼ੇ ਵਿਕਾਰ, ਮਾਇਆ ਸਭ ਛਿੰਨ ਭੰਗਰ ਹਨ। ਇਸ ਕਰਕੇ ਨਾਮ ਦੌਲਤ ਇਕੱਤਰ ਕਰੋ ਤੇ ਉਸ

ਪਰਮਾਤਮਾ ਦੇ ਗੁਣ ਗਾਓ। ਜੇ ਇਕ ਤੇ ਭਰੋਸਾ ਟਿਕਾਓਗੇ ਤਾਂ ਸਾਰੇ ਰੋਗ ਆਪਣੇ ਆਪ ਨਵਿਰਤ ਹੋ ਜਾਣਗੇ:—

ਗੁਨ ਗਾਵਤ ਤੇਰੀ ਉਤਰਸਿ ਮੈਲੁ।
ਬਿਨਸਿ ਜਾਇ ਹਉਮੇ ਬਿਖੁ ਫੈਲੁ।
ਹੋਹਿ ਅਚਿੰਤੁ ਬਸੈ ਸੁਖ ਨਾਲਿ।
ਸਾਸਿ ਗ੍ਰਾਸਿ ਹਰਿਨਾਮੁ ਸਮਾਲਿ।

ਜਦੋਂ ਮਨੁੱਖ ਸਭ ਕੁਝ ਜਾਣਦੇ ਹੋਏ ਵੀ ਸੁਚੇਤ ਨਹੀਂ ਹੁੰਦਾ ਅਤੇ ਆਪਣੇ ਸਕੇ ਸੰਬੰਧੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਜਹਾਨ ਤੋਂ ਤੁਰਦਿਆਂ ਵੇਖਕੇ ਵੀ ਆਪਣੇ ਬਾਰੇ ਚੇਤੰਨ ਨਹੀਂ ਹੁੰਦਾ ਤਾਂ ਅਜਿਹੀ ਅਗਿਆਨਮਈ ਅਵਸਥਾ ਵਿਚ ਮੌਤ ਇਕ ਅਜਿਹੇ ਚਾਨਣ ਮੁਨਾਰੇ ਦਾ ਕੰਮ ਕਰਦੀ ਹੈ ਜਿਹੜੀ ਮਨੁੱਖੀ ਮਨ ਨੂੰ ਗਿਆਨ ਦਾ ਪ੍ਰਕਾਸ਼ ਬਖਸ਼ਦੀ ਹੈ। ਗੁਰੂ ਸਾਹਿਬਾਨ ਮਨੁੱਖ ਅੰਦਰ ਵੈਰਾਗ ਪੈਦਾ ਕਰਦੇ ਹਨ ਕਿ ਇਹ ਮਨੁੱਖ ਦਾ ਜੀਵਨ ਇਕ ਮਿੱਥੇ ਹੋਏ ਸਮੇਂ ਤੱਕ ਹੀ ਹੁੰਦਾ ਹੈ ਜਿਥੇ ਇਹ ਤਨ ਦੁਰਲਭ ਹੈ ਉਥੇ ਸਥਾਈ ਵੀ ਨਹੀਂ ਹੈ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਮਨੁੱਖੀ ਜਨਮ ਦੇ ਪ੍ਰਯੋਜਨ ਨੂੰ ਮੁਸਾਫਿਰ, ਪਰਦੇਸੀ, ਵਣਜਾਰਾ, ਪ੍ਰਾਹੁਣਾ ਆਦਿ ਰਾਹੀਂ ਸਪੱਸ਼ਟ ਕਰਦਿਆਂ ਕਿਹਾ ਹੈ ਕਿ ਇਹ ਮਨੁੱਖਾ ਜਨਮ ਬਾਰ ਬਾਰ ਨਹੀਂ ਮਿਲਣਾ। ਇਸ ਕਰਕੇ ਇਸਨੂੰ ਨਾਮ ਸਿਮਰਨ ਵਿਚ ਲਗਾਉਣਾ ਚਾਹੀਦਾ ਹੈ:—

ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ।।
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾਂ ਦੀ ਬਾਗਾਤਿ।[73]

ਮਨੁੱਖ ਇਕ ਸਮਾਜਿਕ ਜੀਵ ਹੈ ਅਤੇ ਸਮਾਜ ਵਿਚ ਉਸਦੇ ਕਈ ਸੰਬੰਧੀ ਵੀ ਹੁੰਦੇ ਹਨ ਜਿਵੇਂ ਭੈਣ, ਭਰਾ, ਪੁੱਤਰ, ਪਤਨੀ, ਮਾਤਾ, ਪਿਤਾ ਦੋਸਤ ਆਦਿ ਅਤੇ ਇਨ੍ਹਾਂ ਸੰਬੰਧੀਆਂ ਨਾਲ ਉਸਦਾ ਸੰਬੰਧ ਹੋਣਾ ਸੁਭਾਵਿਕ ਵੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਤੀ ਤੇ ਪਤਨੀ ਦੇ ਸੰਬੰਧ ਨੂੰ ਜੀਵ ਦੇ ਆਤਮਾ ਤੇ ਪਰਮਾਤਮਾ ਦੇ ਸੰਬੰਧ ਵਜੋਂ ਚਿਤਵਿਆ ਗਿਆ ਹੈ। ਜੀਵ ਰੂਪੀ ਆਤਮਾ ਆਪਣੇ

ਪਤੀ ਪਰਮੇਸ਼ਵਰ ਪਰਮਾਤਮਾ ਨਾਲੋਂ ਵਿਛੜ ਕੇ ਬ੍ਰਿਹਾ ਦੀ ਅੱਗ ਵਿਚ ਸੜ ਰਹੀ ਹੈ। ਗੁਰੂ ਅਰਜਨ ਦੇਵ ਜੀ ਨੇ ਵਾਰ ਮਾਰੂ ਵਿਚ ਜੀਵਾਤਮਾ ਦੀ ਸਮੱਸਿਆ ਨੂੰ ਚਿਤਰਿਆ ਹੈ। ਇਸ ਵਾਰ ਵਿਚ ਕੁਲ 23 ਪਉੜੀਆਂ ਹਨ ਅਤੇ ਹਰ ਪਉੜੀ ਵਿਚ ਅੱਠ-ਅੱਠ ਤੁਕਾਂ ਹਨ ਇਸ ਵਾਰ ਵਿਚ ਗੁਰੂ ਜੀ ਨੇ ਦੱਸਿਆ ਹੈ ਕਿ ਜੀਵਾਤਮਾ ਪਰਮਾਤਮਾ ਤੋਂ ਵਿਛੜ ਕੇ ਦੁਖੀ ਹੈ। ਸੰਸਾਰਿਕ ਪ੍ਰਪੰਚ ਅਤੇ ਵਾਸ਼ਨਾਵਾਂ ਵਿਚ ਉਲਝੀ ਹੋਈ ਹੈ। ਉਸਦੀ ਬਿਰਹੋਂ ਦੀ ਪੀੜ ਬਹੁਤ ਤੀਬਰ ਹੈ। ਉਸਦੀ ਬਿਹਬਲਤਾ ਦੀ ਚੀਸ ਬਹੁਤ ਤਿੱਖੀ ਹੈ। ਉਸਦੇ ਮਨ ਵਿਚ ਪਰਮਾਤਮਾ ਨੂੰ ਮਿਲਣ ਦੀ ਤੀਬਰ ਲੋਚਾ ਹੈ ਪਰ ਉਹ ਮਾਇਆ ਦੇ ਬੰਧਨਾ ਤੋਂ ਮੁਕਤ ਨਹੀਂ ਹੋ ਸਕਦੀ ਅਤੇ ਆਪਣੇ ਪਤੀ ਪ੍ਰਭੂ ਪਰਮੇਸ਼ਰ ਦੀ ਯਾਦ ਵਿਚ ਤੜਪਦੀ ਹੈ। ਇਸ ਵਾਰ ਵਿਚ ਵੈਰਾਗ ਸਿੱਖਰ ਤੇ ਪੁੱਜਾ ਹੈ। ਜੀਵ ਦਾ ਪਰਮਾਤਮਾ ਤੋਂ ਬਿਨਾ ਹੋਰ ਕੋਈ ਸੰਗੀ ਸਾਥੀ ਨਹੀਂ, ਉਹੋ ਹੀ ਇਕੋ ਸੱਚਾ ਮਿੱਤਰ ਤੇ ਦੋਸਤ ਹੈ। ਵਾਰ ਮਾਰੂ ਵਿਚੋਂ ਹੀ ਇਕ ਉਦਾਹਰਣ ਦੇਖੋ:—

ਜਿਸਨੋ ਬਿਸਰੈ ਪੁਰਖੁ ਬਿਧਾਤਾ।।
ਜਲਤਾ ਫਿਰੇ ਰਹੇ ਨਿਤਤਾਤਾ।।
ਅਕਿਰਤਘਣੇ ਕਉ ਰਖੈ ਨ ਕੋਈ।
ਨਰਕਿ ਘੋਰ ਮਹਿ ਪਾਵਣਾ।।[74]

ਗੁਰੂ ਅਰਜਨ ਦੇਵ ਜੀ ਜਿਥੇ ਜੀਵ ਰੂਪੀ ਆਤਮਾ ਨੂੰ ਆਪਣੇ ਪਿਆਰੇ ਪਤੀ ਰੂਪੀ ਪਰਮਾਤਮਾ ਦੇ ਵਿਛੋੜੇ ਵਿਚ ਸੜਦਾ ਵਿਖਾਉਂਦੇ ਹਨ ਉਥੇ ਉਨ੍ਹਾਂ ਨੇ ਸੰਸਾਰਿਕ ਸੰਬੰਧਾਂ ਦੀ ਨਿਰਾਰਥਕਤਾ ਦਾ ਵੀ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ। ਮਨੁੱਖ ਭੁਲੇਖਿਆਂ ਵਿਚ ਪਿਆ ਹੋਇਆ ਧਨ ਸੰਪਤੀ ਅਤੇ ਔਰਤ ਉਤੇ ਝੂਠਾ ਮਾਣ ਕਰਦਾ ਹੈ ਅਤੇ ਆਪਣੇ ਖਾਨਦਾਨ ਦੇ ਮੋਹ ਵਿਚ ਫਸਿਆ ਹੋਇਆ ਹੈ। ਗੁਰੂ ਸਾਹਿਬਾਨ ਸਮਝਾਉਂਦੇ ਹਨ ਕਿ ਮਨੁੱਖ ਜਿਸ ਸਰੀਰ, ਘਰ ਅਤੇ ਔਰਤ ਨੂੰ ਆਪਣਾ ਸਮਝਦਾ ਹੈ ਜਦਕਿ ਅਸਲ ਵਿਚ ਇਨ੍ਹਾਂ ਵਿਚੋਂ ਕੁਝ ਵੀ ਉਸਦਾ ਆਪਣਾ ਨਹੀਂ ਪਰ ਇਸ

ਵਾਸਤਵਿਕਤਾ ਬਾਰੇ ਉਸ ਨੂੰ ਉਦੋਂ ਹੀ ਪਤਾ ਚਲਦਾ ਹੈ ਜਦੋਂ ਉਹ ਸੋਚ ਵਿਚਾਰ ਤੋਂ ਕੰਮ ਲੈਂਦਾ ਹੈ:—

ਦੇਖਿ ਕੁਟੰਬੁ ਲੋਭਿ ਮੋਹਿਆ,
ਪ੍ਰਾਨੀ ਮਾਇਆ ਕਉ ਲਪਟਾਨਾ।[75]

ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਸੰਸਾਰ ਦੇ ਬਾਕੀ ਸਾਰੇ ਰਿਸ਼ਤਿਆਂ ਨੂੰ ਮੋਹ ਮਾਇਆ ਦੇ ਬੰਧਨਾਂ ਨਾਲ ਤੁਲਨਾਇਆ ਹੈ। ਕੇਵਲ ਇਕੋ ਪਰਮਾਤਮਾ ਹੀ ਜੀਵ ਦਾ ਸੱਚਾ ਸਾਥੀ ਹੈ। ਅਧਿਆਤਮਕ ਦ੍ਰਿਸ਼ਟੀਕੋਣ ਤੋਂ ਸਭ ਤੋਂ ਵਧੇਰੇ ਸਾਰਥਕ ਰਿਸ਼ਤਾ ਪਰਮਤੱਤ ਤੇ ਭਗਤ ਦਾ ਹੈ। ਗੁਰੂ ਸਾਹਿਬ ਨੇ ਸਾਰੇ ਹੀ ਰਿਸ਼ਤੇ ਇਸੇ ਰਿਸ਼ਤੇ ਦੀ ਸੀਮਾ ਵਿਚ ਨਿਰਧਾਰਿਤ ਕਰ ਦਿੱਤੇ ਹਨ:—

ਗੋਸਾਈ ਮਿਹੰਡਾ ਇਠੜਾ।। ਅੰਮ ਅਬੇ ਥਾਵਹੁ ਮਿਠੜਾ।।
ਭੈਣ ਭਾਈ ਸਭਿ ਸਜਣਾ ਤਧੁ ਜੇਹਾ ਨਾਹੀ ਕੋਈ ਜੀਉ।।[76]

ਵਿਸ਼ੇ ਵਿਕਾਰ ਪ੍ਰਭੂ ਪ੍ਰਾਪਤੀ ਦੇ ਮਾਰਗ ਵਿਚ ਰੁਕਾਵਟ ਬਣਦੇ ਹਨ ਕਿਉਂਕਿ ਮਨੁੱਖ ਕਾਮ, ਕ੍ਰੋਧ, ਮੋਹ ਵਿਚ ਰੁੱਝਕੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਮਨੁੱਖੀ ਸੁਭਾਅ ਹੀ ਇਸ ਤਰ੍ਹਾਂ ਦਾ ਹੈ ਕਿ ਮਨੁੱਖ ਦਿਨ ਰਾਤ ਵਿਸ਼ੇ ਵਿਕਾਰਾਂ ਵਿਚ ਫੱਸਕੇ ਆਪਣੀ ਮਨਮਰਜ਼ੀ ਕਰਦਾ ਹੈ। ਗੁਰੂ ਉਪਦੇਸ਼ ਨੂੰ ਮੰਨਣ ਦੀ ਥਾਂ ਪਰਾਈ ਇਸਤਰੀ ਵੱਲ ਰੁਚਿਤ ਰਹਿੰਦਾ ਹੈ। ਅਨੇਕਾਂ ਵਾਰ ਸਮਝਾਉਣ ਤੇ ਵੀ ਪਰਾਈ ਨਿੰਦਿਆ ਤੋਂ ਨਹੀਂ ਹਟਦਾ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਇਸ ਗੱਲ ਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ ਕਿ ਸਿੱਖ ਵਿਕਾਰਾਂ ਤੋਂ ਆਪਣੇ ਆਪ ਨੂੰ ਬਚਾਵੇ, ਕੰਨਾਂ ਨੂੰ ਨਿੰਦਾ ਤੋਂ, ਨੇਤ੍ਰਾਂ ਨੂੰ ਪਰ ਰੂਪ ਤੱਕਣ ਤੋਂ, ਰਸਨਾ ਨੂੰ ਰਸਾਂ ਕਸਾਂ ਦੇ ਸੁਆਦ ਤੋਂ, ਪੈਰਾਂ ਨੂੰ ਮੰਦੇ ਪਾਸੇ ਤੁਰਨ ਤੋਂ ਅਤੇ ਮਨ ਨੂੰ ਵਾਸ਼ਨਾ ਲੋਭ ਲਾਲਚ ਤੋਂ ਦੂਰ ਰੱਖੇ ਕਿਉਂਕਿ ਇਹ ਸਭ ਕੂੜ ਹੈ, ਫਜ਼ੂਲ ਹੈ, ਬਕੜਵਾਦ ਹੈ:—

ਮਿਥਿਆ ਸ੍ਰਵਨ ਪਰਨਿੰਦਾ ਸੁਨਹਿ।
ਮਿਥਿਆ ਹਸਤ ਪਰ ਦਰਬ ਕਉ ਹਿਰਹਿ।

ਮਿਥਿਆ ਨੇਤ੍ਰ ਪੇਖਤ ਪਰਤ੍ਰਿਅ ਰੂਪਾਦ।।
ਮਿਥਿਆ ਰਸਨਾ ਭੋਜਨ ਅਨਸ੍ਵਾਦ।।

ਜਦ ਤੱਕ ਮਨੁੱਖ ਆਪਣੀ ਮੱਤ ਨੂੰ ਵਿਸ਼ੇ ਵਿਕਾਰਾਂ ਵਲੋਂ ਨਹੀਂ ਹਟਾਵੇਗਾ ਤਦ ਤੱਕ ਉਸਦਾ ਪ੍ਰਭੂ ਪ੍ਰਤੀ ਰੁਚਿਤ ਹੋਣਾ ਅਸੰਭਵ ਹੈ। ਕਾਮ ਇੰਨਾ ਵੱਡਾ ਵਿਕਾਰ ਹੈ ਕਿ ਇਹ ਤਾਂ ਤਪੀਆਂ, ਰਿਸ਼ੀਆਂ ਅਤੇ ਮੁਨੀਆਂ ਉਪਰ ਵੀ ਹਾਵੀ ਹੋ ਜਾਂਦਾ ਹੈ। ਕਾਮ ਦੀ ਅਪੂਰਤੀ ਵਿਚ ਕ੍ਰੋਧ ਉਪਜ ਸਕਦਾ ਹੈ ਅਤੇ ਹੰਕਾਰ ਨੂੰ ਸੱਟ ਵੱਜਣ ਤੇ ਵੀ ਕ੍ਰੋਧ ਉਤਪੰਨ ਹੋ ਸਕਦਾ ਹੈ। ਸੋ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਸਭ ਤੋਂ ਪਹਿਲਾਂ ਬੁਰਿਆਈਆਂ ਦਾ ਤਿਆਗ ਕਰਨ ਨੂੰ ਕਹਿੰਦੇ ਹਨ। ਦਰਅਸਲ ਇਹ ਬੁਰਿਆਈਆਂ, ਔਗੁਣ ਤੇ ਵਿਕਾਰ ਹੀ ਹਨ ਜੋ ਮਨੁੱਖੀ ਆਤਮਾ ਨੂੰ ਮਲੀਨ ਕਰਦੇ ਹਨ ਤੇ ਮੈਲੀ ਰੂਹ ਪਰਮੇਸ਼ਰ ਦਾ ਵਸਲ ਹਾਸਿਲ ਨਹੀਂ ਕਰ ਸਕਦੀ। ਜਨਮ ਜਨਮਾਂਤ੍ਰਾਂ ਤੋਂ ਇਹ ਵਿਕਾਰ ਮਨੁੱਖ ਨੂੰ ਮਲੀਨ ਕਰਦੇ ਆ ਰਹੇ ਹਨ:—

ਬੈਰ ਵਿਰੋਧ ਕਾਮ ਕ੍ਰੋਧ ਮੋਹ ।
ਝੂਠ ਬਿਕਾਰ ਮਹਾਂ ਲੋਭ ਧ੍ਰੋਹ।।
ਇਆਹੂ ਜੁਗਤਿ ਬਿਹਾਨੇ ਕਈ ਜਨਮ।
ਨਾਨਕ ਰਾਖਿ ਲੇਹੁ ਆਪਨ ਕਰਿ ਕਰਮ।

ਇਸ ਲਈ ਸਭ ਤੋਂ ਪਹਿਲਾਂ ਜ਼ਰੂਰੀ ਹੈ ਕਿ ਆਤਮਿਕ ਸ਼ੁਧੀ ਕੀਤੀ ਜਾਵੇ। ਹਉਮੈ ਇਕ ਦੀਰਘ ਰੋਗ ਹੈ, ਕਿਸੇ ਨੂੰ ਹੁਸਨ ਦਾ ਹੰਕਾਰ ਹੈ, ਕਿਸੇ ਨੂੰ ਆਪਣੀ ਵਿਦਵਤਾ ਦਾ ਕਿਸੇ ਨੂੰ ਧੰਨ ਸੰਪਤੀ ਦਾ ਹੰਕਾਰ ਹੈ। ਇਹ ਹੰਕਾਰ ਕਈ ਵਾਰ ਮਨੁੱਖ ਦੀ ਮੌਤ ਦਾ ਵੀ ਕਾਰਨ ਬਣ ਜਾਂਦਾ ਹੈ। ਇਹ ਇਤਨਾ ਸੂਖਮ ਮਨੋਵਿਕਾਰ ਹੈ ਕਿ ਜੇ ਹਉਮੈ ਨੂੰ ਤਿਆਗ ਦੇਣ ਵਾਲੇ ਕਿਸੇ ਵਿਅਕਤੀ ਨੂੰ ਇਹ ਅਹਿਸਾਸ ਵੀ ਹੋ ਜਾਏ ਕਿ ਉਸ ਨੇ ਹਉਮੈ ਦਾ ਤਿਆਗ ਕਰ ਦਿੱਤਾ ਹੈ ਤਾਂ ਵੀ ਉਸਦੇ ਮਨ ਵਿਚ ਹਉਮੈ ਵਿਆਪਤ ਹੋ ਜਾਂਦੀ ਹੈ ਅਤੇ ਜਦ ਤਕ ਮਨੁੱਖ ਅਹੰਕਾਰ ਨਹੀਂ ਤਿਆਗਦਾ ਤਦ ਤਕ ਉਸਨੂੰ ਚੈਨ ਨਹੀਂ ਮਿਲ ਸਕਦਾ:—

ਜਬ ਲਗ ਜਾਨੈ ਮੁਝ ਤੇ ਕਛੁ ਹੋਇ।
ਤਬ ਇਸ ਕਉ ਸੁਖੁ ਨਾਹੀ ਕੋਇ।।

ਜਦੋਂ ਕੋਈ ਵਿਕਾਰਾਂ ਦਾ ਤਿਆਗ ਕਰ ਦਿੰਦਾ ਹੈ ਉਦੋਂ ਹੀ ਉਹ ਸਹੀ ਅਰਥਾਂ ਵਿਚ ਜੋਗੀ ਜਾਂ ਵੈਰਾਗੀ ਬਣਦਾ ਹੈ। ਅਜਿਹਾ ਵੈਰਾਗੀ ਜਿਥੇ ਸਵੈ-ਨਿਸਤਾਰ ਤਾਂ ਕਰਦਾ ਹੀ ਹੈ। ਉਥੇ ਉਹ ਦੂਜਿਆਂ ਲਈ ਪ੍ਰੇਰਣਾ ਸ੍ਰੋਤ ਬਣ ਕੇ ਉਨ੍ਹਾਂ ਦਾ ਵੀ ਉਧਾਰ ਕਰ ਦਿੰਦਾ ਹੈ। ਇਹੀ ਵੈਰਾਗੀ ਦਾ ਸਹੀ ਪਛਾਣ ਚਿੰਨ੍ਹ ਹੈ। ਇਹ ਵੈਰਾਗ ਉਦੋਂ ਆਤਮਕ ਆਨੰਦ ਪੈਦਾ ਕਰਦਾ ਹੈ ਜਦੋਂ ਸੱਜਣ ਹਰੀ ਪਰਤੱਖ ਰੂਪ ਵਿਚ ਹਿਰਦੇ ਰੂਪੀ ਸੇਜ ਉਪਰ ਆ ਜਾਂਦਾ ਹੈ। ਫੱਗਣ ਵਿਚ ਜਿਵੇਂ ਰੰਗਾਂ ਰਾਹੀਂ ਆਤਮਕ ਹੁਲਾਰਾ ਆਉਂਦਾ ਹੈ ਤਿਵੇਂ ਹੀ ਵੈਰਾਗ ਅਤੇ ਬ੍ਰਿਹਾ ਵਿਚ ਤਪਦੀ ਜੀਵ-ਇਸਤ੍ਰੀ ਦੀ ਕਾਮਨਾ ਪੂਰੀ ਹੋ ਜਾਂਦੀ ਹੈ, ਹਰੀ ਰੂਪ ਵਿਚ ਪ੍ਰਭੂ-ਖਸਮ ਮਿਲ ਜਾਂਦਾ ਹੈ। ਜਨਮਾਂ ਦਾ ਗੇੜ ਮੁੱਕ ਜਾਂਦਾ ਹੈ, ਲੋਕ ਪਰਲੋਕ ਸੰਵਰ ਜਾਂਦਾ ਹੈ। ਇਸ ਉਚੇਰੀ ਮਿਲਾਪ ਰੂਪੀ ਆਤਮਕ ਅਵਸਥਾ ਨੂੰ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਉਸਾਰਦੇ ਹਨ:—

ਫਲਗੁਣਿ ਅਨੰਦ ਉਪਾਰਜਨਾ, ਹਰਿ ਸਜਣ ਪ੍ਰਗਟੇ ਆਇ।।
ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ।।
ਸੇਜ ਸੁਹਾਵੀ, ਸਰਬ ਸੁਖ, ਹੁਣਿ ਦੁਖਾ ਨਾਹੀ ਜਾਇ।।
ਇਛ ਪੁੰਨੀ ਵਡਭਾਗਣੀ, ਵਰੁ ਪਾਇਆ ਹਰਿ ਰਾਇ।।
ਮਿਲਿ ਸਹੀਆ ਮੰਗਲੁ ਗਾਵਹੀ, ਗੀਤ ਗੋਵਿੰਦ ਅਲਾਇ।।
ਹਰਿ ਜੇਹਾ ਅਵਰੁ ਨ ਦਿਸਈ, ਕੋਈ ਦੂਜਾ ਲਵੈ ਨ ਲਾਇ।।
ਹਲਤੁ ਪਲਤੁ ਸਵਾਰਿਓਨੁ, ਨਿਹਚਲ ਦਿਤੀਅਨੁ ਜਾਇ।।
ਸੰਸਾਰ ਸਾਗਰ ਤੇ ਰਖਿਅਨੁ, ਬਹੁੜਿ ਨ ਜਨਮੈ ਧਾਇ।।
ਜਿਹਵਾ ਏਕ, ਅਨੇਕ ਗੁਣ, ਤਰੇ ਨਾਨਕ ਚਰਣੀ ਪਾਇ।।
ਫਲਗੁਣਿ ਨਿਤ ਸਲਾਹੀਐ, ਜਿਸ ਨੋ ਤਿਲੁ ਨ ਤਮਾਇ।।[77]

ਫਲਗੁਣਿ (ਫੱਗਣ) ਮਹੀਨੇ ਤੋਂ ਪਹਿਲਾਂ ਮਾਘਿ ਮਹੀਨੇ ਵਿਚ ਵਿਛੋੜੇ ਅਤੇ ਵਿਜੋਗ ਨੂੰ ਮਿਲਾਪ ਵਿਚ ਬਦਲਣ ਦਾ ਮਾਰਗ ਦੱਸਿਆ ਹੈ। ਪ੍ਰਭੂ ਤੋਂ ਵਿਛੜੀ ਜੀਵ ਆਤਮਾ ਨੂੰ ਸੰਬੋਧਨ ਹੈ ਕਿ ਇਹ ਪੂਰਨਮਾਸ਼ੀ ਵਾਲਾ ਦਿਹਾੜਾ ਹੈ। ਜਿਹੜੀ ਜੀਵ-ਇਸਤ੍ਰੀ ਪਰਮਾਤਮਾ ਪ੍ਰੀਤਮ ਦਾ ਨਾਮ ਸੁਣਦੀ ਮੰਨਦੀ ਹੈ, ਉਸ ਅੰਦਰੋਂ ਵਿਕਾਰਾਂ ਦੀ ਮੈਲ ਉਤਰ ਜਾਂਦੀ ਹੈ, ਹੰਕਾਰ ਮਿੱਟ ਜਾਂਦਾ ਹੈ। ਇਸ ਮਹੀਨੇ ਵਿਚ ਵਿਛੜੀ ਆਤਮਾ ਕਰਮਸ਼ੀਲ ਹੁੰਦੀ ਹੈ ਤਾਂ ਜੋ ਬ੍ਰਿਹਾ ਦੀ ਤਿੱਖੀ ਚੀਸ ਘੱਟ ਜਾਵੇ। ਮਾਘ ਦੇ ਮਹੀਨੇ ਵਿਚ ਵਿਛੜੀ ਜੀਵ ਆਤਮਾ ਪ੍ਰਭੂ ਦੀ ਸਿਫਤਿ ਸਲਾਹ ਕਰਕੇ ਨਿਰਮਲ ਹੋ ਜਾਂਦੀ ਹੈ ਅਤੇ ਅੰਦਰਲੀ ਅਗਨੀ ਸ਼ਾਂਤ ਹੋ ਜਾਂਦੀ ਹੈ। ਪ੍ਰੀਤਮ ਪ੍ਰੇਮ ਦੀ ਦਾਤ ਦੇਂਦਾ ਹੈ। ਇਸ ਸਾਰੀ ਅਵਸਥਾ ਨੂੰ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਉਸਾਰਦੇ ਹਨ:—

ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ।।
ਹਰਿ ਕਾ ਨਾਮੁ ਧਿਆਇ ਸੁਣਿ, ਸਭਨਾ ਨੋ ਕਰਿ ਦਾਨੁ।।
ਜਨਮ ਕਰਮ ਮਲੁ ਉਤਰੈ, ਮਨ ਤੇ ਜਾਇ ਗੁਮਾਨੁ।।
ਕਾਮਿ ਕਰੋਧਿ ਨ ਮੋਹੀਐ, ਬਿਨਸੈ ਲੋਭੁ ਸੁਆਨੁ।।
ਸਚੈ ਮਾਰਗਿ ਚਲਦਿਆ, ਉਸਤਤਿ ਕਰੇ ਜਹਾਨੁ।।
ਅਠਸਠਿ ਤੀਰਥ ਸਗਲ ਪੁੰਨ, ਜੀਅ ਦਇਆ ਪਰਵਾਨੁ।।
ਜਿਸ ਨੋ ਦੇਵੈ ਦਇਆ ਕਰਿ, ਸੋਈ ਪੁਰਖੁ ਸੁਜਾਨੁ।।
ਜਿਨਾ ਮਿਲਿਆ ਪ੍ਰਭੁ ਆਪਣਾ, ਨਾਨਕ ਤਿਨ ਕੁਰਬਾਨੁ।।
ਮਾਘਿ ਸੁਚੇ ਸੇ ਕਾਂਢੀਅਹਿ, ਜਿਨ ਪੂਰਾ ਗੁਰੁ ਮਿਹਰਵਾਨੁ।।[78]

ਗੁਰੂ ਅਰਜਨ ਦੇਵ ਜੀ ਦੀ ਬਾਣੀ ਹਰ ਗੱਲ ਵਿਚ ਮਨੁੱਖ ਨੂੰ ਆਪਣਾ ਮਾਨਸਿਕ ਸੰਤੁਲਨ ਬਣਾਏ ਰੱਖਣ ਦੀ ਸਿੱਖਿਆ ਦਿੰਦੀ ਹੈ। ਉਨ੍ਹਾਂ ਦੀ ਬਾਣੀ ਦਾ ਮੂਲ ਟੀਚਾ ਮਨੁੱਖ ਨੂੰ ਪ੍ਰਭੂ ਪ੍ਰਤੀ ਪ੍ਰਵਿਰਤ ਕਰਨ ਦਾ ਹੈ ਕਿਉਂਕਿ ਪ੍ਰਭੂ ਨਾਮ ਵਿਚੋਂ ਹੀ ਮਨੁੱਖ ਨੂੰ ਇਕ ਅਜਿਹੀ ਸ਼ਕਤੀ ਮਿਲਦੀ ਹੈ ਜਿਸ ਨਾਲ ਉਹ ਸਾਰੀਆਂ

ਬੁਰਾਈਆਂ ਨੂੰ ਕੁਚਲ ਦਿੰਦਾ ਹੈ। ਗੁਰੂ ਜੀ ਮਨੁੱਖ ਨੂੰ ਵੈਰਾਗਮਈ ਅਵਸਥਾ ਦੇ ਸਿੱਖਰ ਪ੍ਰਭੂ ਮਿਲਾਪ ਤੱਕ ਪਹੁੰਚਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦਾ ਵੈਰਾਗ ਕਠੋਰ ਨਾ ਹੋ ਕੇ ਸਹਿਜ ਹੈ ਅਤੇ ਉਹ ਵੈਰਾਗ ਵਿਚ ਆ ਕੇ ਮਨੁੱਖ ਨੂੰ ਘਰ ਬਾਰ ਛੱਡਣ ਤੋਂ ਵਰਜਦੇ ਹਨ। ਅਜੋਕੇ ਸੰਸਾਰ ਦੇ ਵਿਗੜੇ ਹੋਏ ਹਾਲਾਤ ਵੇਖਕੇ ਇੰਝ ਲਗਦਾ ਹੈ ਕਿ ਅੱਜ ਦੇ ਮਨੁੱਖ ਨੂੰ ਵੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਤੋਂ ਜਾਣੂ ਕਰਵਾਉਣ ਦੀ ਲੋੜ ਹੈ।

ਅਸਲ ਵਿਚ ਗੁਰੂ ਅਰਜਨ ਦੀ ਬਾਣੀ ਦਾ ਕੇਂਦਰੀ ਬਿੰਦੂ ਹੀ ਆਪਣੇ ਪ੍ਰੀਤਮ ਲਈ ਤੜਪ ਹੈ। ਇਹ ਤੜਪ ਏਨੀ ਵਿਆਕੁਲ ਕਰਨ ਵਾਲੀ ਹੈ ਕਿ ਇਕ ਘੜੀ ਵੀ ਨਾ ਮਿਲੋ ਤਾਂ ਕਲਜੁਗਿ ਪ੍ਰਤੀਤ ਹੋਣ ਲਗਦਾ ਹੈ। ਰਾਗੁ ਮਾਝ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਜੋ ਸਾਰੀ ਬਾਣੀ ਦਾ ਧੁਰਾ ਕਿਹਾ ਜਾ ਸਕਦਾ ਹੈ, ਉਹ ''ਮੇਰਾ ਮਨੁ ਲੋਚੈ ਗੁਰ ਦਰਸਨ ਤਾਈਂ'' ਹੈ। ਇਸ ਬਿੰਦੂ ਦੇ ਆਰ ਪਾਰ ਜੋ ਤੜਪ ਅਤੇ ਵਿਆਕੁਲਤਾ ਹੈ, ਉਹ ਬੜੀ ਅਰਥ ਭਰਪੂਰ ਹੈ। ਇਹ ਸ਼ਬਦ ਇੰਜ ਹੈ:—

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ
ਬਿਨੁ ਦਰਸਨ ਸੰਤ ਪਿਆਰੇ ਜੀਉ।।1।।
ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ।।1।।ਰਹਾਉ।।
ਤੇਰਾ ਮੁਖੁ ਸੁਹਾਵਾ ਜੀਉ ਸਹਜ ਧੁਨਿ ਬਾਣੀ।।
ਚਿਰੁ ਹੋਆ ਦੇਖੇ ਸਾਰਿੰਗ ਪਾਣੀ।।
ਧੰਨੁ ਸੁ ਦੇਸੁ ਜਹਾ ਤੂੰ ਵਸਿਆ
ਮੇਰੇ ਸਜਣ ਮੀਤ ਮੁਰਾਰੇ ਜੀਉ।।2।।

ਹਉ ਘੋਲੀ ਹਉ ਘੋਲਿ ਘੁਮਾਈ
ਗੁਰ ਸਜਣ ਮੀਤ ਮੁਰਾਰੇ ਜੀਉ॥1॥ਰਹਾਉ॥
ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥
ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ
ਬਿਨੁ ਦੇਖੇ ਗੁਰ ਦਰਬਾਰੇ ਜੀਉ॥3॥
ਹਉ ਘੋਲੀ ਜੀਉ ਘੋਲਿ ਘੁਮਾਈ
ਤਿਸੁ ਸਚੇ ਗੁਰ ਦਰਬਾਰੇ ਜੀਉ॥1॥ਰਹਾਉ॥
ਭਾਗੁ ਹੋਆ ਗੁਰਿ ਸੰਤੁ ਮਿਲਾਇਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥
ਸੇਵ ਕਰੀ ਪਲੁ ਚਸਾ ਨ ਵਿਛੁੜਾ
ਜਨ ਨਾਨਕ ਦਾਸ ਤੁਮਾਰੇ ਜੀਉ॥4॥
ਹਉ ਘੋਲੀ ਜੀਉ ਘੋਲਿ ਘੁਮਾਈ
ਜਨ ਨਾਨਕ ਦਾਸ ਤੁਮਾਰੇ ਜੀਉ॥ਰਹਾਉ॥1॥8॥[79]

ਇਸ ਸ਼ਬਦ ਵਿਚ ਇਸਤ੍ਰੀ ਦੀ ਵਿਜੋਗਮਈ ਸਥਿਤੀ ਦੇਖਣਯੋਗ ਹੈ। ਮਨ ਤੜਪ ਰਿਹਾ ਹੈ। ਪ੍ਰੀਤਮ ਦਾ ਦਰਸਨ ਅਤੇ ਉਸ ਦੀ ਬਾਣੀ ਦੋਵੇਂ ਹੀ ਲੋਚਾ ਬਣੀਆਂ ਹੋਈਆਂ ਹਨ। ਨੀਂਦ ਨਾ ਆਉਣਾ ਵਿਛੋੜੇ ਦਾ ਸਿਖਰ ਹੈ। ਇਸ ਵਿਜੋਗ ਵਿਚ ਇਕ ਘੜੀ ਦਾ ਵਿਛੋੜਾ ਕਲਜੁਗਿ ਵਰਗਾ ਭਿਆਨਕ ਹੈ। ਲੋਚਾ ਦਰਸ਼ਨ ਦੀ ਹੈ ਅਤੇ ਉਹ ਦੇਸ ਧੰਨ ਹੈ, ਜਿਥੇ ਪ੍ਰੀਤਮ ਦਾ ਵਾਸ ਹੈ। ਬਾਣੀ ਵਿਚ ਵਿਛੋੜੇ ਦਾ ਦਰਦ ਤਾਂ ਬੜਾ ਹੈ ਪਰ ਨਾਲ ਹੀ ਚੰਗੇ ਭਾਗਾਂ ਦੀ ਵੀ ਲੋੜ ਹੈ। ਇਥੇ ਸੇਵਾ ਦੀ ਭੂਮਿਕਾ ਬੜੀ ਅਹਿਮ ਹੈ। ਗੁਰੂ ਅਰਜਨ ਦੀ ਬਾਣੀ ਵਿਚ ਸਿਰਫ ਵਿਛੋੜੇ ਦੀ ਹੀ ਗੱਲ ਨਹੀਂ ਬਲਕਿ ਵਿਛੋੜੇ ਦੇ ਨਾਲ ਨਾਲ ਸੇਵਾ, ਸੰਤ ਦੀ ਕਿਰਪਾ ਅਤੇ ਨਾਮ ਵਿਚ ਲੀਨ ਰਹਿਣ ਦੀ ਪ੍ਰੇਰਣਾ ਹੈ। ਇਹ ਸਾਰੇ ਰਹੱਸ ਪਤੀ ਪਰਮੇਸ਼ਰ ਨੂੰ ਪ੍ਰਾਪਤ

ਕਰਨ ਵਾਲੇ ਹਨ। ਇਸੇ ਲਈ ਤੜਪ ਅਤੇ ਵਿਆਕੁਲਤਾ ਤਾਂ ਹੈ ਪਰ ਸ਼ੋਖੀ ਨਹੀਂ, ਰੁਦਨ ਨਹੀਂ ਸਗੋਂ 'ਸੇਵ ਕਰੀ ਪਲੁ ਚਸਾ ਨ ਵਿਛੁੜਾ' ਦਾ ਸੰਕੇਤ ਹੈ। ਉਹ ਰੁਤ ਵੀ ਸੁਭਾਗੀ ਹੈ ਜਦੋਂ ਉਸ ਦੀ ਮਿਹਰ ਅਤੇ ਦਰਸ਼ਨ ਹੁੰਦਾ ਹੈ। ਗੁਰੂ ਅਰਜਨ ਦੇਵ ਬੜੀ ਸਪੱਸ਼ਟਤਾ ਨਾਲ ਸਥਿਤੀ ਦਾ ਵਿਸ਼ਲੇਸ਼ਣ ਕਰਦੇ ਹਨ ਕਿ ਉਸ ਘਰ ਵਿਚ ਹੀ ਆਨੰਦ ਹੈ, ਜਿਸ ਘਰ ਵਿਚ ਪਿਰਿ ਹੈ। ਹੇਠ ਲਿਖੀਆਂ ਪੰਕਤੀਆਂ ਵਿਚਾਰਨਯੋਗ ਹਨ:—

ਜਿਤ ਘਰਿ ਪਿਰਿ ਸੋਹਾਗੁ ਬਣਾਇਆ।।
ਤਿਤੁ ਘਰਿ ਸਖੀਏ ਮੰਗਲੁ ਗਾਇਆ।।
ਅਨਦ ਬਿਨੋਦ ਤਿਤੈ ਘਰਿ ਸੋਹਹਿ
ਜੋ ਧਨ ਕੰਤਿ ਸਿਗਾਰੀ ਜੀਉ।।1।।
ਸਾ ਗੁਣਵੰਤੀ ਸਾ ਵਡਭਾਗਣਿ।।
ਪੁਤ੍ਰਵੰਤੀ ਸੀਲਵੰਤਿ ਸੋਹਾਗਣਿ।।
ਰੂਪਵੰਤਿ ਸਾ ਸੁਘੜਿ ਬਿਚਖਣਿ
ਜੋ ਧਨ ਕੰਤ ਪਿਆਰੀ ਜੀਉ।।2।।
ਅਚਾਰਵੰਤਿ ਸਾਈ ਪਰਧਾਨੇ।।
ਸਭ ਸਿੰਗਾਰ ਬਣੇ ਤਿਸੁ ਗਿਆਨੇ।।
ਸਾ ਕੁਲਵੰਤੀ ਸਾ ਸਭਰਾਈ
ਜੋ ਪਿਰਿ ਕੈ ਰੰਗਿ ਸਵਾਰੀ ਜੀਉ।।3।।
ਮਹਿਮਾ ਤਿਸ ਕੀ ਕਹਣੁ ਨ ਜਾਏ।।
ਜੋ ਪਿਰਿ ਮੇਲਿ ਲਈ ਅੰਗਿ ਲਾਏ।।
ਥਿਰੁ ਸੁਹਾਗੁ ਵਰੁ ਅਗਮੁ ਅਗੋਚਰੁ
ਜਨ ਨਾਨਕ ਪ੍ਰੇਮ ਸਾਧਾਰੀ ਜੀਉ।।4।।[80]

ਇਨ੍ਹਾਂ ਉਪਰੋਕਤ ਪੰਕਤੀਆਂ ਵਿਚ ਸਾਰੇ ਨਿਰਣੇ ਬੜੇ ਸਾਰਥਕ ਹਨ। ਭਾਵ ਉਸੀ ਘਰ ਵਿਚ ਮੰਗਲ ਹੈ, ਜਿਸ ਮਨ ਘਰਿ ਵਿਚ ਪਿਰਿ ਵਸਿਆ ਹੈ। ਉਸ ਮਨ ਵਿਚ ਹੀ ਆਨੰਦ ਹੈ, ਜਿਸ ਮਨ ਵਿਚ ਕੰਤ ਦਾ ਵਿਜੋਗ ਰੂਪੀ ਸ਼ਿੰਗਾਰ ਹੈ। ਉਹੀ ਇਸਤ੍ਰੀ ਸੁਹਾਗਣ ਹੈ, ਉਹੀ ਰੂਪਵੰਤ ਹੈ, ਕੁਲਵੰਤੀ ਹੈ, ਜਿਸ ਅੰਦਰ ਪ੍ਰੀਤਮ ਵਸਿਆ ਹੈ ਅਤੇ ਜੋ ਆਪਣੇ ਕੰਤ ਨੂੰ ਪਿਆਰੀ ਹੈ। ਮਹਾਂਵਾਕ ਇੰਜ ਹੈ ਕਿ "ਪ੍ਰੀਤਿ ਲਗੀ ਤਿਸੁ ਸਚੁ ਸਿਉ, ਮਰੈ ਨ ਆਵੈ ਜਾਇ" ਜਾਂ "ਮਿਲਿਆ ਕਦੇ ਨ ਵਿਛੁੜੈ, ਜੋ ਮੇਲਿਆ ਕਰਤਾਰਿ।" ਸਾਰੇ ਵਿਚਾਰ ਇਕ ਕੇਂਦਰੀ ਨੁਕਤੇ ਉਪਰ ਸਿਮਟ ਜਾਂਦੇ ਹਨ ਕਿ ਜੋ ਔਰਤ ਆਪਣੇ ਕੰਤ ਦੀ ਯਾਦ ਵਿਚ ਲੀਨ ਹੈ, ਜਿਸ ਲਈ ਇਕ ਘੜੀ ਦਾ ਵਿਛੋੜਾ ਕਲਜੁਗਿ ਸਮਾਨ ਹੈ, ਉਹੀ ਔਰਤ ਸੁਹਾਗਣ ਹੈ। ਕੰਤ ਨੂੰ ਪਿਆਰੀ ਹੈ। ਇਸ ਸੁਹਾਗਣ ਦੇ ਮਨ ਵਿਚ ਹਮੇਸ਼ਾਂ ਬੈਰਾਗੁ ਹੈ ਅਤੇ ਦਰਸ਼ਨ ਦੇਖਣ ਦਾ ਚਾਉ ਰਹਿੰਦਾ ਹੈ। ਅਸਲ ਵਿਚ ਇਥੇ ਵਿਜੋਗ ਦੀ ਤੜਪ ਹੀ ਮੇਲ ਦਾ ਰਹੱਸ ਬਣ ਜਾਂਦੀ ਹੈ। ਭਾਵ "ਨਾਨਕ ਧੰਨੁ ਸੋਹਾਗਣੀ ਜਿਸ ਸਹ ਨਾਲ ਪਿਆਰੁ।" ਆਪਣੇ ਪ੍ਰੀਤਮ ਸ਼ਹੁ ਨਾਲ ਪਿਆਰ ਕਰਨ ਵਾਲੀ ਔਰਤ ਲਈ ਵਿਛੋੜਾ ਦੁਖਦਾਈ ਨਹੀਂ ਬਲਕਿ ਮਿਲਾਪ ਦਾ ਬਿੰਦੂ ਬਣਦਾ ਹੈ। ਇਹ ਔਰਤ ਜਿਸ ਦੇ ਮਨ ਵਿਚ ਪ੍ਰੀਤਮ ਵਸਿਆ ਹੈ, ਉਹ 'ਪੇਈਅੜੇ' ਅਤੇ 'ਸਾਹੁਰੜੇ'' ਦੋਈਂ ਥਾਈਂ ਸੁਖ ਪ੍ਰਾਪਤ ਕਰਦੀ ਹੈ। ਬਾਣੀ ਸੰਸਾਰ ਵਿਚ ਵਿਛੋੜੇ ਬਾਰੇ ਇਕ ਰਹੱਸ ਜਾਣਨਾ ਜ਼ਰੂਰੀ ਹੈ ਕਿ ਇਹ ਵਿਛੋੜਾ ਤੜਪ ਤੋਂ ਸੁਖ ਵੱਲ ਦੀ ਯਾਤਰਾ ਕਰਦਾ ਹੈ। ਇਸ ਵਿਛੋੜੇ ਵਿਚ ਖੁਰਨ ਦੀ ਗੱਲ ਨਹੀਂ ਬਲਕਿ ਵਿਛੋੜੇ ਵਿਚੋਂ ਆਨੰਦ ਦੀ ਪ੍ਰਤੀਤੀ ਕਰਨਾ ਹੈ। ਗੁਰੂ ਅਰਜਨ ਬਾਣੀ ਵਿਚ ਬਾਰ ਬਾਰ ਇਹ ਜ਼ਿਕਰ ਆਇਆ ਹੈ ਕਿ ਪ੍ਰੀਤਮ ਨੂੰ ਪ੍ਰਾਪਤ ਕਰਨ ਲਈ ਜਿਥੇ ਵਿਜੋਗ ਭਾਵਨਾ ਮੂਲ ਪਛਾਣ ਹੈ, ਉਥੇ ਸੇਵਾ, ਗੁਰੂ ਦੀ ਕਿਰਪਾ, ਨਾਮ ਸਿਮਰਨ ਵੀ ਜ਼ਰੂਰੀ ਹੈ। ਇਹ ਸਭ ਮਿਲ ਕੇ ਹੀ ਮਿਲਾਪ ਦੀ ਅਵਸਥਾ ਤਕ ਲੈ ਕੇ ਜਾਂਦੇ ਹਨ। ਇਸ ਅਵਸਥਾ ਨੂੰ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਪ੍ਰਗਟਾਉਂਦੇ ਹਨ। ਜੀਵ ਇਸਤ੍ਰੀ ਜਿਸ ਪਾਸੇ ਵੀ ਵੇਖਦੀ ਹੈ, ਅੰਤਰਜਾਮੀ ਪ੍ਰਭੂ

ਪਰਿਪੂਰਨ ਰੂਪ ਵਿਚ ਰਮਿਆ ਦਿਖਾਈ ਦੇਂਦਾ ਹੈ। ਜਨਮ ਮਰਨ ਦੀ ਭਟਕਣਾ ਮੁੱਕ ਜਾਣ ਨਾਲ ਬ੍ਰਿਹਾ ਦੀ ਅਗਨੀ ਸ਼ਾਂਤ ਹੋ ਜਾਂਦੀ ਹੈ। ਜਗਿਆਸੂ ਪ੍ਰਭੂ ਦੇ ਮਜੀਠ ਰੰਗ ਵਿਚ ਰੰਗਿਆ ਜਾਂਦਾ ਹੈ। ਨਾਮੀ ਰੂਪੀ ਰਸ ਮਿਲ ਜਾਣ ਨਾਲ ਅੰਦਰ ਟਿਕਾਓ ਆ ਜਾਂਦਾ ਹੈ ਅਤੇ ਬ੍ਰਿਹਾ ਦਾ ਤਪਦਾ ਵੇਗ ਸ਼ਾਂਤ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਲਿਖਦੇ ਹਨ:—

ਜਤ ਕਤ ਪੇਖਉ ਪ੍ਰਭ ਸੁਖ ਸਾਗਰ।।
ਹਰਿ ਤੋਟਿ ਭੰਡਾਰ ਨਾਹੀ ਰਤਨਾਗਰ।।
ਅਗਹ ਅਗਾਹ ਕਿਛੁ ਮਿਤਿ ਨਹੀ ਪਾਈਐ
ਸੋ ਬੂਝੈ ਜਿਸੁ ਕਿਰਪੰਗਨਾ।।9।।
ਛਾਤੀ ਸੀਤਲ ਮਨੁ ਤਨੁ ਠੰਢਾ।।
ਜਨਮ ਮਰਣ ਕੀ ਮਿਟਵੀ ਡੰਝਾ।।
ਕਰੁ ਗਹਿ ਕਾਢਿ ਲੀਏ ਪ੍ਰਭਿ ਅਪੁਨੈ
ਅਮਿਓ ਧਾਰਿ ਦ੍ਰਿਸਟੰਗਨਾ।।10।।
ਏਕੋ ਏਕੁ ਰਵਿਆ ਸਭ ਠਾਈ।।
ਤਿਸੁ ਬਿਨੁ ਦੂਜਾ ਕੋਈ ਨਾਹੀ।।
ਆਦਿ ਮਧਿ ਅੰਤਿ ਪ੍ਰਭੁ ਰਵਿਆ
ਤ੍ਰਿਸਨ ਬੁਝੀ ਭਰਮੰਗਨਾ।।11।।
ਗੁਰੂ ਪਰਮੇਸਰੁ ਗੁਰੁ ਗੋਬਿੰਦੁ।।
ਗੁਰੁ ਕਰਤਾ ਗੁਰੁ ਸਦ ਬਖਸੰਦੁ।।
ਗੁਰ ਜਪੁ ਜਾਪਿ ਜਪਤ ਫਲੁ ਪਾਇਆ
ਗਿਆਨ ਦੀਪਕੁ ਸੰਤ ਸੰਗਨਾ।।12।।
ਜੋ ਪੇਖਾ ਸੋ ਸਭੁ ਕਿਛੁ ਸੁਆਮੀ।।
ਜੋ ਸੁਨਣਾ ਸੋ ਪ੍ਰਭ ਕੀ ਬਾਨੀ।।

ਜੋ ਕੀਨੋ ਸੋ ਤੁਮਹਿ ਕਰਾਇਓ
ਸਰਣਿ ਸਹਾਈ ਸੰਤਹ ਤਨਾ।।13।।
ਜਾਚਕੁ ਜਾਚੈ ਤੁਮਹਿ ਅਰਾਧੈ।।
ਪਤਿਤ ਪਾਵਨ ਪੂਰਨ ਪ੍ਰਭ ਸਾਧੈ।।
ਏਕੋ ਦਾਨੁ ਸਰਬ ਸੁਖ ਗੁਣ ਨਿਧਿ
ਆਨ ਮੰਗਨ ਨਿਹਕਿੰਚਨਾ।।14।।
ਕਾਇਆ ਪਾਤ੍ਰੁ ਪ੍ਰਭੁ ਕਰਣੈਹਾਰਾ।।
ਲਗੀ ਲਾਗਿ ਸੰਤ ਸੰਗਾਰਾ।।
ਨਿਰਮਲ ਸੋਇ ਬਣੀ ਹਰਿ ਬਾਣੀ
ਮਨੁ ਨਾਮਿ ਮਜੀਠੈ ਰੰਗਨਾ।।15।।
ਸੋਲਹ ਕਲਾ ਸੰਪੂਰਨ ਫਲਿਆ।।
ਅਨਤ ਕਲਾ ਹੋਇ ਠਾਕੁਰੁ ਚੜਿਆ।।
ਅਨਦ ਬਿਨੋਦ ਹਰਿ ਨਾਮਿ ਸੁਖ ਨਾਨਕ
ਅੰਮ੍ਰਿਤ ਰਸੁ ਹਰਿ ਭੁੰਚ ਨਾ।।19।।2।।9।।[81]

ਗੁਰੂ ਅਰਜਨ ਦੇਵ ਜੀ ਦੀ ਬਾਣੀ 'ਬਿਰਹੜੇ' ਬ੍ਰਿਹਾ ਮਨ ਦੀ ਸੰਵੇਦਨਾ ਪ੍ਰਗਟਾਉਣ ਵਾਲੀ ਹੈ। ਬਿਰਹੜੇ ਨਾਂ ਤੋਂ ਹੀ ਸੰਕੇਤ ਹੈ ਕਿ ਇਸ ਵਿਚ ਪ੍ਰਭੂ ਤੋਂ ਵਿਛੜੀ ਜੀਵ ਆਤਮਾ ਦੀ ਪੁਕਾਰ ਹੈ। ਇਨ੍ਹਾਂ ਬਿਰਹੜਿਆਂ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਸਿੱਕ ਹੈ, ਮਨ ਤਨ ਆਪਾ ਕੁਰਬਾਨ ਕਰਨ ਦੀ ਭਾਵਨਾ ਪ੍ਰਗਟਾਈ ਗਈ ਹੈ। ਮਾਇਆ ਦੇ ਸਾਰੇ ਸ਼ਿੰਗਾਰ ਪ੍ਰਭੂ ਸਿੱਕ ਅੱਗੇ ਫਿੱਕੇ ਹਨ। ਪ੍ਰਭੂ ਦੇ ਵਿਛੋੜੇ ਵਿਚ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਮਿੱਟ ਗਏ ਹਨ। ਜੋ ਇਕ ਵਾਰ ਪ੍ਰਭੂ ਨਾਮ ਦਾ ਰਸ ਚੱਖ ਲੈਂਦੇ ਹਨ, ਉਹ ਭਵਸਾਗਰ ਤੋਂ ਪਾਰ ਹੋ ਜਾਂਦੇ ਹਨ। ਬਾਣੀ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:—

ਪਾਰਬ੍ਰਹਮੁ ਪ੍ਰਭੁ ਸਿਮਰੀਐ ਪਿਆਰੇ ਦਰਸਨ ਕਉ ਬਲਿ ਜਾਉ।।1।।

ਜਿਸੁ ਸਿਮਰਤ ਦੁਖ ਬੀਸਰਹਿ ਪਿਆਰੇ ਸੋ ਕਿਉ ਤਜਣਾ ਜਾਇ।।2।।
ਇਹੁ ਤਨੁ ਵੇਚੀ ਸੰਤ ਪਹਿ ਪਿਆਰੇ ਪ੍ਰੀਤਮੁ ਦੇਇ ਮਿਲਾਇ।।3।।
ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ।।4।।
ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ।।5।।
ਜੋ ਜਨ ਰਾਤੇ ਰਾਮ ਸਿਉ ਪਿਆਰੇ ਅਨਤ ਨ ਕਾਹੂ ਜਾਇ।।6।।
ਹਰਿ ਰਸੁ ਜਿਨ੍ਹੀ ਚਾਖਿਆ ਪਿਆਰੇ ਤ੍ਰਿਪਤਿ ਰਹੇ ਆਘਾਇ।।7।।
ਅੰਚਲੁ ਗਹਿਆ ਸਾਧ ਕਾ ਨਾਨਕ ਭੈ ਸਾਗਰੁ ਪਾਰਿ ਪਰਾਇ।।8।।[82]

ਗੁਰੂ ਅਰਜਨ ਬਾਣੀ ਸਹਿਜ ਦੀ ਬਾਣੀ ਹੈ, ਇਸ ਵਿਚ ਲਗਾਓ ਦਾ ਅਨੁਭਵ, ਵਿਛੋੜੇ ਦੀ ਪੀੜਾ ਹੈ, ਮਿਲਾਪ ਦੀ ਤਾਂਘ ਹੈ, ਮਿਠ ਬੋਲਣ ਦੀ ਪ੍ਰੇਰਣਾ ਹੈ ਅਤੇ ਹਰ ਘੜੀ ਆਪਣੇ ਪ੍ਰੀਤਮ ਦੀ ਯਾਦ ਵਿਚ ਲੀਨ ਰਹਿਣ ਦੀ ਜੀਵਨ ਜਾਚ ਹੈ। ਆਪੁ ਤਿਆਗਿ ਸਰਣੀ ਪਵਾਂ'' ਦਾ ਮਿੱਠਾ ਬੋਲ ਹੈ। ਪ੍ਰਭੂ ਪ੍ਰੀਤਮ ਦੇ ਵਿਛੋੜੇ ਦਾ ਡੂੰਘਾ ਸੱਲ ਹੈ। ਗੁਰੂ ਅਰਜਨ ਬਾਣੀ ਦਾ ਕੇਂਦਰੀ ਨੁਕਤਾ ਇਹ ਹੈ ਕਿ ''ਜਨਮ ਜਨਮ ਕਾ ਵਿਛੜਿਆ ਹਰਿ ਮੇਲਹੁ ਸਜਣੁ ਸੈਣ'' ਕਿਉਂਕਿ ਮੂਲ ਸੱਚ ਹੀ ਇਹ ਹੈ– ''ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ।।'' ਆਪਣੀ ਵੇਦਨਾ, ਮੋਹ, ਤਿਆਗਿ ਅਤੇ ਪ੍ਰੀਤਮ ਨੂੰ ਮਿਲਣ ਦੀ ਲੋਚਾ ਗੁਰੂ ਅਰਜਨ ਇੰਜ ਪ੍ਰਗਟਾਉਂਦੇ ਹਨ:–

ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ।।
ਆਪੁ ਤਿਆਗਿ ਸਰਦੀ ਪਵਾਂ ਮੁਖਿ ਬੋਲੀ ਮਿਠੜੇ ਵੈਣ।।
ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ।।
ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ।।
ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ।
ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ।।
ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ।।

ਹਰਿ ਤੁਧੁ ਵਿਣੁ ਖਾਕੁ ਰੂਲਣਾ ਕਹੀਐ ਕਿਥੈ ਵੈਣ।।
ਨਾਨਕ ਕੀ ਬੇਨੰਤੀਆ ਹਰਿ ਸੁਜਨੁ ਦੇਖਾ ਨੈਣ।।1।।[83]

ਅਸਲ ਅਰਦਾਸ ਹੀ ਇਹ ਹੈ ਕਿ "ਮਨੁ ਵਿਛੁੜਿਆ ਹਰਿ ਮੇਲੀਐ ਨਾਨਕ ਏਹੁ ਸੁਆਉ।।" ਗੁਰੂ ਅਰਜਨ ਬਾਣੀ ਵਿਚ ਸਿਧਾਂਤ ਜਾਂ ਦਰਸ਼ਨ ਨੂੰ ਕੇਂਦਰੀ ਵਿਚਾਰ ਨਹੀਂ ਬਣਾਇਆ। ਉਨ੍ਹਾਂ ਦੀ ਬਾਣੀ ਦਾ ਸੂਤਰ ਪ੍ਰੇਮਾ ਭਗਤੀ ਹੈ। ਪਿਰੁ ਵਿਜੋਗ ਹੈ ਅਤੇ ਮਿਲਾਪ ਲਈ ਅਰਦਾਸ ਹੈ। ਉਨ੍ਹਾਂ ਦੀ ਬਾਣੀ 'ਬਾਰਹ ਮਾਹਾ' ਵਿਚ ਇਹ ਸਾਰੇ ਰਹੱਸ ਉਘੜੇ ਹਨ। ਬਾਣੀ ਦਾ ਆਰੰਭ ਹੀ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ ਕਿ "ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ।।" ਇਸ ਵਿਚ ਵਿਜੋਗਣਿ ਦਾ ਭਰਵਾਂ ਬਿੰਬ ਹੈ। ਵਿਛੋੜੇ ਦੀ ਅਵਸਥਾ ਜਲ ਬਿਨ ਸਾਖ ਕੁਮਲਾ ਜਾਣ ਵਾਲੀ ਹੈ। ਵਿਛੋੜੇ ਦੀ ਹਾਲਤ "ਕਤ ਪਾਈਐ ਬਿਸਰਾਮ" ਵਾਲੀ ਹੈ। ਵਿਜੋਗ ਵਿਚ ਦਰਦ ਹੈ ਪਰ ਬਾਣੀ ਵਿਚ ਇਸ ਦਰਦ ਨੂੰ ਸੁਖ ਵਿਚ ਬਦਲਾਉਣ ਦਾ ਮਾਰਗ ਆਪਣਾ ਹੈ। ਗੁਰੂ ਅਰਜਨ ਬਾਣੀ ਵਿਚ ਇਹ ਮਾਰਗ ਪ੍ਰੀਤਮ ਦੇ ਸਿਮਰਨ ਨਾਲ ਜੋੜਿਆ ਗਿਆ ਹੈ। ਕੰਤੁ ਵਿਹੂਣੀ ਬੇਚੈਨ ਆਤਮਾ ਹੈ ਅਤੇ ਆਪਣੇ ਕੰਤ ਨੂੰ ਮਿਲਣ ਲਈ ਸਤਸੰਗਿ, ਗੁਰੂ ਦੀ ਕਿਰਪਾ, ਮਿੱਠੇ ਬੋਲ ਅਤੇ ਕਰਮ ਕਮਾਉਣ ਲਈ ਉਪਦੇਸਿਆ ਹੈ। ਬਾਰਹ ਮਾਹਾ ਦੇ ਵੱਖ ਵੱਖ ਮਹੀਨਿਆਂ ਦੀ ਪ੍ਰਕ੍ਰਿਤੀ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਸੁਹਾਗਣ ਅਤੇ ਦੁਹਾਗਣ ਦੋਹਾਂ ਦਾ ਬਿੰਬ ਉਸਾਰਿਆ ਹੈ। ਦੁਹਾਗਣ ਉਹ ਹੈ ਜੋ ਭਰਮ ਵਿਚ ਭੁੱਲੀ ਬੈਠੀ ਹੈ। ਦੁਹਾਗਣ ਆਪਣੇ ਕਰਮਾਂ ਕਰਕੇ ਤਪਦੀ ਹੈ ਅਤੇ ਦੂਤਾਂ ਦੇ ਵੱਸ ਪੈਂਦੀ ਹੈ ਜਦ ਕਿ ਸੁਹਾਗਣ ਰਾਮ ਨਾਮੁ ਚਿਤਵਦੀ ਹੋਈ ਮਨ ਤਨ ਸ਼ਾਂਤ ਕਰ ਲੈਂਦੀ ਹੈ। ਸੁਹਾਗਣ ਅੰਦਰ "ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ" ਦੀ ਇੱਛਾ ਹੈ ਜਦ ਕਿ ਦੁਹਾਗਣ ਦੀ ਅਵਸਥਾ ਇਹ ਹੈ– "ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।।" ਇਸ ਸਾਰੀ ਸਥਿਤੀ ਵਿਚ ਉਪਦੇਸ਼ ਅਤੇ ਮਾਡਲ ਇਹ ਹੈ:–

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ।।

ਸੇਜ ਸੁਹਾਵੀ ਸਰਬ ਸੁਖ ਹੁਣ ਦੁਖਾ ਨਾਹੀ ਜਾਇ।।
ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ।।
ਮਿਲਿ ਸਹੀਆ ਮੰਗਲ ਗਾਵਹੀ ਗੀਤ ਗੋਵਿੰਦ ਅਲਾਇ।।
ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ।

ਮਿਲਾਪ ਦੇ ਇਸ ਮਾਡਲ ਨੂੰ ਗੁਰੂ ਅਰਜਨ ਨੇ ਆਪਣੀ ਬਾਣੀ ਵਿਚ ਬਾਰ ਬਾਰ ਦੁਹਰਾਇਆ ਹੈ। ''ਪਿਰੁ ਬਿਨੁ ਚੈਨੁ ਨ ਪਾਈਐ'' ਦੀ ਗੱਲ ਕਰਦਿਆਂ ਸਤਿਗੁਰੂ ਦੇ ਸਿਮਰਨ ਵੱਲ ਪ੍ਰੇਰਿਆ ਹੈ। ਅਸਲ ਵਿਚ ਗੁਰੂ ਅਰਜਨ ਬਾਣੀ ਵਿਚ ਇਸਤ੍ਰੀ ਦੀ ਕਾਰਜਸ਼ੀਲਤਾ ਦੇ ਬਾਵਜੂਦ ਪ੍ਰੀਤਮ ਪ੍ਰਭੂ ਦੀ ਕਿਰਪਾ ਨੇ ਹੀ ਅੰਤਿਮ ਅਵਸਥਾ ਵੱਲ ਲੈ ਕੇ ਜਾਣਾ ਹੈ। ਇਸਤ੍ਰੀ ਬੇਨਤੀ ਉਪਰ ਟਿਕੀ ਹੋਈ ਹੈ। 'ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।'' ਦਾ ਮਾਡਲ ਦਿੱਤਾ ਹੈ। ਗੁਰੂ ਅਰਜਨ ਬਾਣੀ ਵਿਚੋਂ ਹੇਠ ਲਿਖੀਆਂ ਤੁਕਾਂ ਬੜੀਆਂ ਅਰਥ ਭਰਪੂਰ ਹਨ ਜੋ ਪੀੜਾ ਅਤੇ ਮਿਲਾਪ ਦੀਆਂ ਅਵਸਥਾਵਾਂ ਨੂੰ ਪ੍ਰਗਟਾਉਣ ਵਾਲੀਆਂ ਹਨ ਜੋ ਆਪਣੇ ਪ੍ਰੀਤਮ ਤੋਂ ਦੂਰ ਹਨ, ਉਹ ਭਟਕ ਰਹੀਆਂ ਹਨ ਅਤੇ ਜੋ ਆਪਣੇ ਪ੍ਰਭੂ ਪਿਆਰੇ ਪ੍ਰੀਤਮ ਕੰਤ ਨੂੰ ਪ੍ਰਵਾਣ ਹਨ, ਉਹ ਮਿਲਾਪ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ:-

— ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ।।
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ।।
ਦੁਯੈ ਪਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ।।
ਜੇਹਾ ਬੀਜੈ ਸੁ ਲੁਣੈ ਮਥੈ ਜੋ ਲਿਖਿਆਸੁ।।
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ।।
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸ।।

— ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ।।
ਹਰਿ ਦਰਸਨ ਕਉ ਮਨ ਲੋਚਦਾ ਨਾਨਕ ਪਿਆਸ ਮਨਾ।।
ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ।।

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ।।
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ।।

ਗੁਰੂ ਅਰਜਨ ਬਾਣੀ ਵਿਚ ਤਾਂ ਬਾਰ ਬਾਰ ਇਹੀ ਬੇਨਤੀ ਹੈ ''ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ'' ਕਿਉਂਕਿ ''ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ'' ਭਾਵ ਪ੍ਰੀਤਮ ਹੀ ਧੀਰਜ ਬਣਾਉਣ ਵਾਲਾ ਹੈ, ਮੁਕਤ ਕਰਨ ਵਾਲਾ ਹੈ ਅਤੇ ਸ਼ਾਂਤ ਅਵਸਥਾ ਤੀਕ ਲੈ ਜਾਣ ਵਾਲਾ ਹੈ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਅਤੇ ਵਿਜੋਗ ਭਾਵਨਾ ਨੂੰ ਜੇਕਰ ਅਗਰਭੂਮੀ ਉਪਰ ਚਿਤਵਿਆ ਗਿਆ ਹੈ ਤਾਂ ਇਸਦਾ ਰਹੱਸ ਇਹ ਹੈ ਕਿ ਗੁਰੂ ਸਾਹਿਬ ਨੇ ਬਾਣੀ ਦਰਸ਼ਨ ਨੂੰ ਅਨੁਭਵ ਦੇ ਝਰੋਖੇ ਰਾਹੀਂ ਪ੍ਰਗਟਾਇਆ ਹੈ। ਇਸ ਬਾਣੀ ਵਿਚ ਗਿਆਨ ਨੂੰ ਅਨੁਭਵ ਅੰਦਰ ਆਤਮਸਾਤ ਕੀਤਾ ਗਿਆ ਹੈ। ਗੁਰੂ ਅਰਜਨ ਬਾਣੀ ਵਿਚ ਅਨੁਭਵ ਪਹਿਲੀ ਪਰਤ ਉਪਰ ਹੈ। ਇਸ ਅਨੁਭਵ ਵਿਚੋਂ ਜੇਕਰ ਬ੍ਰਿਹਾ ਦੀ ਹੂਕ ਨਿਕਲੀ ਹੈ ਤਾਂ ਇਸ ਹੂਕ ਵਿਚ ਵੀ ਨਿਮਰਤਾ ਹੈ, ਸ਼ਾਂਤ ਰਸ ਹੈ, ਬੇਨਤੀ ਹੈ ਅਤੇ ਆਪਣੇ ਨਾਲ ਮੇਲ ਲੈਣ ਦੀ ਅਨੰਤ ਅਰਦਾਸ ਹੈ। ਇਸ ਅਰਦਾਸ ਰੂਪੀ ਵਿਜੋਗ ਭਾਵਨਾ ਨੇ ਬੜੇ ਹੀ ਨਿਵੇਕਲੇ ਚਰਿਤਰ ਦੀ ਪੇਸ਼ਕਾਰੀ ਕੀਤੀ ਹੈ। ਸਪੱਸ਼ਟ ਹੀ ਹੈ ਕਿ ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਅਤੇ ਵਿਜੋਗ ਨੇ ਬੜੇ ਰਚਨਾਤਮਕ ਰੂਪ ਵਿਚ ਬਾਣੀ ਚਿੰਤਨ ਅਤੇ ਰਹੱਸ ਦੀ ਵਿਆਖਿਆ ਕੀਤੀ ਹੈ।

ਬਿਰਹੜੇ ਬਾਣੀ ਵਿਚ ਗੁਰੂ ਅਰਜਨ ਦੇਵ ਜੀ ਜੀਵ ਇਸਤ੍ਰੀ ਦੇ ਮਨ ਤਨ ਦੀ ਕਾਮਨਾ ਪ੍ਰਗਟਾਉਂਦੇ ਹਨ ਕਿ ਉਹੀ ਦਿਨ ਚੰਗਾ ਲਗਦਾ ਹੈ ਜਦੋਂ ਪ੍ਰੀਤਮ ਪ੍ਰਭੂ ਨੂੰ ਯਾਦ ਕੀਤਾ ਜਾਂਦਾ ਹੈ। ਪ੍ਰੀਤਮ ਪਿਆਰਾ ਘਟਿ ਘਟਿ ਰਮਿਆ ਹੋਇਆ ਹੈ। ਉਸ ਦੀ ਯਾਦ ਵਿਚ ਦਿਨ ਰਾਤ ਸੁਹਾਵਣੇ ਲਗਦੇ ਹਨ। ਇਹ ਪ੍ਰੀਤਮ ਪਾਲਣਹਾਰ ਵੀ ਹੈ ਅਤੇ ਸੰਜੋਗ ਵਿਜੋਗ ਉਸੇ ਦੀ ਹੀ ਲੀਲ੍ਹਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਮਾਣ ਦੇਖੋ:—

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ।।1।।

ਤੂੰ ਦਾਤਾ ਜੀਆ ਸਭਨਾ ਕਾ ਤੇਰਾ ਦਿਤਾ ਪਹਿਰਹਿ ਖਾਇ।।2।।
ਸੁਖੁ ਦੁਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ।।3।।
ਜੇ ਤੂੰ ਕਰਾਵਹਿ ਸੋ ਕਰੀ ਪਿਆਰੇ ਅਵਰੁ ਕਿਛੁ ਕਰਣੁ ਨ ਜਾਇ।।4।।
ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ।।5।।
ਸਾਈ ਕਾਰ ਕਮਾਵਣੀ ਪਿਆਰੇ ਧੁਰਿ ਮਸਤਕਿ ਲੇਖੁ ਲਿਖਾਇ।।6।।
ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ।।7।।
ਸੰਸਾਰ ਕੂਪ ਤੇ ਉਧਰਿ ਲੈ ਪਿਆਰੇ ਨਾਨਕ ਹਰਿ ਸਰਣਾਇ।।8।।[84]

ਜੋ ਜੀਵ-ਇਸਤ੍ਰੀ ਆਪਣੇ ਜੀਵਨ ਦੇ ਵਿਕਾਰਾਂ ਨੂੰ ਮਾਰ ਕੇ ਪ੍ਰਭੂ ਪ੍ਰੇਮ/ਵਿਛੋੜੇ ਵਿਚ ਲੀਨ ਰਹਿੰਦੀ ਹੈ, ਉਹੀ ਪਰਮਾਤਮਾ ਨੂੰ ਪ੍ਰਾਪਤ ਕਰਦੀ ਮਿਲਾਪ ਬਿੰਦੂ ਤਕ ਪਹੁੰਚਦੀ ਹੈ। ਗੁਰੂ ਅਰਜਨ ਦੇਵ ਜੀ ਲਿਖਦੇ ਹਨ ਕਿ "ਹਰਿ ਨਾਹ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ।।" ਗੁਰੂ ਜੀ ਆਪਣੇ ਬਾਰਹਮਾਹ ਮਾਝ ਵਿਚ ਬੜੀ ਵੇਦਨਾ ਨਾਲ ਇਹ ਬਿੰਬ ਉਸਾਰਦੇ ਹਨ ਕਿ ਜਿਸ ਜੀਵ-ਇਸਤ੍ਰੀ ਨੂੰ ਆਪਣੇ ਪ੍ਰੀਤਮ ਦਾ ਦਰ ਨਹੀਂ ਮਿਲਦਾ, ਉਹ ਉਸ ਤਰ੍ਹਾਂ ਹੈ ਜਿਵੇਂ ਖੇਤੀ ਪਾਣੀ ਬਿਨਾ ਸੁੱਕ ਜਾਂਦੀ ਹੈ, ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ। ਜਿਸ ਜੀਵ ਇਸਤ੍ਰੀ ਵਿਚ ਪ੍ਰਭੂ ਦੀ ਯਾਦ ਨਹੀਂ, ਉਹ ਦਾ ਤਨ ਤਪਦੀ ਭੱਠੀ ਵਰਗਾ ਬਣ ਜਾਂਦਾ ਹੈ। ਹੇਠ ਲਿਖੇ ਸ਼ਬਦਾਂ ਵਿਚ ਪ੍ਰਭੂ ਪਿਆਰ ਦੀ ਵੇਦਨਾ ਦਾ ਜੀਵੰਤ ਬਿੰਬ ਹੈ:—

ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ।।
ਚਾਰਿ ਕੁੰਟ ਦਹਦਿਸ ਭ੍ਰਮੇ, ਥਕਿ ਆਏ ਪ੍ਰਭ ਕੀ ਸਾਮ।।
ਧੇਨੁ ਦੁਧੈ ਤੇ ਬਾਹਰੀ, ਕਿਤੈ ਨ ਆਵੈ ਕਾਮਿ।।
ਜਲ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ।।
ਹਰਿ ਨਾਹ ਨ ਮਿਲੀਐ ਸਾਜਨੈ, ਕਤ ਪਾਈਐ ਬਿਸਰਾਮ।।
ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ, ਭਠਿ ਨਗਰ ਸੇ ਗ੍ਰਾਮ।।
ਸ੍ਰਬ ਸੀਗਾਰ ਤੰਬੋਲ ਰਸ, ਸਣੁ ਦੇਹੀ ਸਭ ਖਾਮ।।

ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ।।
ਨਾਨਕ ਕੀ ਬੇਨੰਤੀਆ, ਕਰ ਕਿਰਪਾ ਦੀਜੈ ਨਾਮੁ।।
ਹਰਿ ਮੇਲਹੁ ਸੁਆਮੀ ਸੰਗਿ ਪ੍ਰਭ, ਜਿਸ ਕਾ ਨਿਹਚਲ ਧਾਮ।।1।[85]

ਸਪੱਸ਼ਟ ਸੰਕੇਤ ਹੈ: 'ਜਿੰਨ੍ਹੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ।।'' ਜੀਵ ਇਸਤ੍ਰੀ ਨੂੰ ਮਿਲਾਪ ਲਈ ਆਪਾ ਤਿਆਗਣਾ ਪਵੇਗਾ। ਆਨੰਦ ਦੀ ਪ੍ਰਤੀਤੀ ਉਸ ਪ੍ਰਭੂ ਦੇ ਚਰਨਾਂ ਵਿਚੋਂ ਹੀ ਮਿਲਣੀ ਹੈ। ਜਿਨ੍ਹਾਂ ਜੀਵ-ਇਸਤ੍ਰੀਆਂ ਨੇ ਪ੍ਰਭੂ ਪ੍ਰੇਮ ਦਾ ਰਸ ਚੱਖ ਲਿਆ ਹੁੰਦਾ ਹੈ, ਉਹ ਪ੍ਰੇਮ ਭਾਵ ਵਿਚ ਲੀਨ ਰਹਿੰਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਇਹ ਸੰਕੇਤ ਦਿੱਤਾ ਹੈ ਕਿ ਜਿਨ੍ਹਾਂ ਨੂੰ ਕੰਤ-ਪ੍ਰੀਤਮ ਆਪਣੇ ਨਾਲ ਮਿਲਾ ਲੈਂਦਾ ਹੈ, ਉਹ ਕਦੀ ਵੀ ਵਿਛੋੜੇ ਦਾ ਦਰਦ ਨਹੀਂ ਸਹਿੰਦੀਆਂ। ਉਹ ਲਿਖਦੇ ਹਨ:—

ਅਸੁਨਿ ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ।।
ਮਨਿ ਤਨਿ ਪਿਆਸ ਦਰਸਨ ਘਣੀ, ਕੋਈ ਆਣਿ ਮਿਲਾਵੈ ਮਾਇ।
ਸੰਤ ਸਹਾਈ ਪ੍ਰੇਮ ਕੇ, ਹਉ ਤਿਨ ਕੈ ਲਾਗਾ ਪਾਇ।।
ਵਿਣ ਪ੍ਰਭ ਕਿਉ ਸੁਖੁ ਪਾਈਐ, ਦੂਜੀ ਨਾਹੀ ਜਾਇ।।
ਜਿੰਨ੍ਹੀ ਚਾਖਿਆ ਪ੍ਰੇਮ ਰਸੁ, ਸੇ ਤ੍ਰਿਪਤਿ ਰਹੇ ਆਘਾਇ।।
ਆਪੁ ਤਿਆਗਿ ਬਿਨਤੀ ਕਰਹਿ, ਲੇਹੁ ਪ੍ਰਭੂ ਲੜਿ ਲਾਇ।।
ਜੋ ਹਰਿ ਕੰਤਿ ਮਿਲਾਈਆ, ਸਿ ਵਿਛੁੜਿ ਕਤਹਿ ਨ ਜਾਇ।।
ਪ੍ਰਭ ਵਿਣੁ ਦੂਜਾ ਕੋ ਨਹੀ, ਨਾਨਕ ਹਰਿ ਸਰਣਾਇ।।
ਅਸੂ ਸੁਖੀ ਵਸੰਦੀਆ, ਜਿਨਾ ਮਇਆ ਹਰਿ ਰਾਇ।।8।।[86]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਦੀ ਪੀੜਾ ਉਹ ਜੀਵ-ਇਸਤ੍ਰੀ ਭੋਗਦੀ ਹੈ ਜੋ ਮਾਇਆ ਵਿਚ ਲੀਨ ਹੈ। ਜੋ ਪਿਆਰ ਵਿਚ ਬਿਹਬਲ ਹੈ, ਉਹ ਆਪਣੇ ਕੰਤ-ਪ੍ਰੀਤਮ ਨੂੰ ਪ੍ਰਾਪਤ ਕਰਕੇ ਸਦਾ ਲਈ ਲੀਨ ਹੋ ਜਾਂਦੀ ਹੈ।

# ਟਿੱਪਣੀਆਂ ਤੇ ਹਵਾਲੇ

1. ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਅਰਜਨ ਦੇਵ ਜੀਵਨ ਤੇ ਰਚਨਾ, ਪੰਨੇ–24–25.
2. ਭਾਈ ਵੀਰ ਸਿੰਘ, ਵਾਰਾਂ ਭਾਈ ਗੁਰਦਾਸ ਸਟੀਕ, ਪੰਨੇ–401–402.
3. –ਉਹੀ–, ਪੰਨੇ–401.
4. ਡਾ. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪੰਨਾ–68.
5. –ਉਹੀ–, ਪੰਨੇ–118–119.
6. ਡਾ. ਬਲਕਾਰ ਸਿੰਘ (ਸੰਪਾ.), ਸਿੱਖ ਅਧਿਐਨ, ਪੰਨਾ–197.
7. ਸਰਬਜਿੰਦਰ ਸਿੰਘ (ਸੰਪਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਇੱਕੀਵੀਂ ਸਦੀ, ਪੰਨਾ–6.
8. ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਅਰਜਨ ਦੇਵ ਜੀਵਨ ਤੇ ਰਚਨਾ, ਪੰਨੇ–63.
9. ਸ਼ਬਦ ਬੂੰਦ (ਗੁਰੂ ਅਰਜਨ ਦੇਵ ਵਿਸ਼ੇਸ਼ ਅੰਕ) ਜੁਲਾਈ–ਦਸੰਬਰ, 2006, ਪੰਨਾ–100–101.
10. –ਉਹੀ–, ਪੰਨਾ–358.
11. –ਉਹੀ–, ਪੰਨਾ–352.
12. –ਉਹੀ–, ਪੰਨੇ–358–359.
13. –ਉਹੀ–, ਪੰਨਾ–186.
14. ਡਾ. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪੰਨਾ–270.
15. –ਉਹੀ–, ਪੰਨਾ–268.
16. ਗੁਰਸ਼ਰਨਜੀਤ ਸਿੰਘ, ਅਜੋਕੇ ਪ੍ਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਪਰੰਪਰਾ ਅਤੇ ਇਤਿਹਾਸ, ਪੰਨੇ–45 ਤੋਂ 47.
17. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ, ਪੰਨਾ–31.

18. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ, ਪੰਨਾ–32–33.

19. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–181.

20. ਡਾ. ਗੁਰਸ਼ਰਨ ਕੌਰ ਜੱਗੀ, ਗੁਰੂ ਅਰਜਨ ਦੇਵ ਜੀਵਨ ਤੇ ਰਚਨਾ, ਪੰਨਾ–91.

21. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–247.

22. –ਉਹੀ–, ਪੰਨਾ–391.

23. –ਉਹੀ–, ਪੰਨਾ–703–04.

24. –ਉਹੀ–, ਪੰਨਾ–1209.

25. –ਉਹੀ–, ਪੰਨਾ–1209.

26. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਕਲਾ ਤੇ ਚਿੰਤਨ, ਪੰਨਾ–101.

27. ਰਜਵੰਤ ਕੌਰ ਮਠਾੜੂ, ਬਾਰਹਮਾਹ ਮਾਝ ਚਿੰਤਨ ਤੇ ਕਲਾ, ਪੰਨਾ–34.

28. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–100.

29. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਵਿਸਮਾਦ ਨਾਦ ਵਿਸ਼ੇਸ਼ ਅੰਕ ਪੰਨਾ–594.

30. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਚਿੰਤਨ ਤੇ ਕਲਾ, ਪੰਨਾ–160.

31. ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਰਾਂਮਾਹ, ਮਾਝ ਮ: 5.

32. ਰਜਵੰਤ ਕੌਰ ਮਠਾੜੂ, ਬਾਰਹਮਾਹ ਮਾਝ ਚਿੰਤਨ ਤੇ ਕਲਾ, ਪੰਨਾ–35.

33. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ–70.

34. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਵਿਸਮਾਦੁ ਨਾਦ, ਵਿਸ਼ੇਸ਼ ਅੰਕ, ਪੰਨਾ–522.

35. –ਉਹੀ–, ਪੰਨਾ–518.

36. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–62.

37. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-50.

38. -ਉਹੀ-, ਪੰਨਾ-78.

39. -ਉਹੀ-, ਪੰਨਾ-888.

40. -ਉਹੀ-, ਪੰਨਾ-134.

41. ਭਗਤ ਸਿੰਘ ਹੀਰਾ, ਗੁਰਮਤਿ ਵਿਚਾਰਧਾਰਾ, ਪੰਨਾ-513.

42. ਦੀਵਾਨ ਸਿੰਘ, ਬਿਕਰਮ ਸਿੰਘ ਘੁੰਮਣ, ਵਾਰਿਸ ਸ਼ਾਹ ਦਾ ਕਾਵਿ ਲੋਕ, ਪੰਨਾ- 148.

43. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1422.

44. -ਉਹੀ-, ਪੰਨਾ-838.

45. -ਉਹੀ-, ਪੰਨਾ-659.

46. -ਉਹੀ-, ਪੰਨਾ-640.

47. ਸ੍ਰੀ ਗੁਰੂ ਗ੍ਰੰਥ ਸਾਹਿਬ, ਬਾਰਹਮਾਹ ਮਾਝ ਮ: 5.

48. ਰਜਵੰਤ ਕੌਰ ਮਠਾੜੂ, ਬਾਰਹਮਾਹਾ ਮਾਝ ਚਿੰਤਨ ਤੇ ਕਲਾ, ਪੰਨਾ-36.

49. ਡਾ. ਵਜ਼ੀਰ ਸਿੰਘ, ਗੁਰੂ ਅਰਜਨ ਦੇਵ, ਪੰਨਾ-56.

50. ਡਾ. ਪਰਮਿੰਦਰ ਸਿੰਘ ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਡਾ. ਗੋਬਿੰਦ ਸਿੰਘ ਲਾਂਬਾ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਪੰਨਾ-192.

51. -ਉਹੀ-, ਪੰਨਾ-197.

52. ਪ੍ਰੋ. ਸੀ. ਐਲ. ਨਾਰੰਗ, ਸ਼ਾਹ ਹੁਸੈਨ ਇਕ ਅਧਿਐਨ, ਪੰਨਾ-10.

53. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-431.

54. -ਉਹੀ-, ਪੰਨਾ-94.

55. -ਉਹੀ-, ਪੰਨਾ-96.

56. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਕਲਾ ਤੇ ਚਿੰਤਨ, ਪੰਨਾ-103.

57. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-134.

58. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–888.

59. –ਉਹੀ–, ਪੰਨਾ–97.

60. –ਉਹੀ–, ਪੰਨਾ–624.

61. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਚਿੰਤਨ ਤੇ ਕਲਾ, ਪੰਨਾ–103.

62. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–674.

63. –ਉਹੀ–, ਪੰਨਾ–375.

64. –ਉਹੀ–, ਪੰਨਾ–1007.

65. ਕਰਤਾਰ ਸਿੰਘ ਸੂਰੀ, ਗੁਰੂ ਅਰਜਨ ਦੇਵ ਚਿੰਤਨ ਤੇ ਕਲਾ, ਪੰਨਾ–117.

66. ਰਜਵੰਤ ਕੌਰ ਮਠਾੜੂ, ਬਾਰਹਮਾਹ ਮਾਝ ਚਿੰਤਨ ਤੇ ਕਲਾ, ਪੰਨਾ–65.

67. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–808.

68. –ਉਹੀ–, ਪੰਨਾ–1019.

69. –ਉਹੀ–, ਪੰਨਾ–394.

70. –ਉਹੀ–, ਪੰਨਾ–1004.

71. –ਉਹੀ–, ਪੰਨਾ–915.

72. –ਉਹੀ–, ਪੰਨਾ–1271.

73. –ਉਹੀ–, ਪੰਨਾ–50.

74. –ਉਹੀ–, ਪੰਨਾ–1086.

75. –ਉਹੀ–, ਪੰਨਾ–671.

76. –ਉਹੀ–, ਪੰਨਾ–73.

77. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ, ਪੰਨੇ–107–108.

78. –ਉਹੀ–, ਪੰਨਾ–106.

79. ਸ਼੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ–96–97.

80. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-97-98.
81. ਡਾ. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪੰਨਾ-197-198.
82. -ਉਹੀ-, ਪੰਨਾ-171.
83. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-136.
84. ਡਾ. ਜੋਧ ਸਿੰਘ, ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ, ਪੰਨਾ-173.
85. ਪ੍ਰੋ. ਸਾਹਿਬ ਸਿੰਘ, ਬਾਰਹਮਾਹ ਤੁਖਾਰੀ ਤੇ ਮਾਝ ਬਹੁਪੱਖੀ ਵਿਚਾਰ, ਪੰਨਾ-91.
86. -ਉਹੀ-, ਪੰਨੇ-100-101.

# ਨਿਸ਼ਕਰਸ਼

# ਨਿਸ਼ਕਰਸ਼

ਪੰਜਾਬੀ ਸਾਹਿਤ ਦੀਆਂ ਵਿਭਿੰਨ ਗੌਰਵਮਈ ਕਾਵਿ ਪਰੰਪਰਾਵਾਂ ਦੇ ਰਚਨਾਤਮਕ ਸੂਤਰਾਂ ਦੀ ਤਲਾਸ਼ ਕਰੀਏ ਤਾਂ ਇਸ ਰਹੱਸ ਦੀ ਸੋਝੀ ਹੁੰਦੀ ਹੈ ਕਿ ਇਨ੍ਹਾਂ ਕਾਵਿ ਪਰੰਪਰਾਵਾਂ ਦੇ ਆਰ ਪਾਰ ਬ੍ਰਿਹਾ ਅਤੇ ਦਰਦ ਦੀਆਂ ਪੀਡੀਆਂ ਤੰਦਾਂ ਪਸਰੀਆਂ ਹੋਈਆਂ ਹਨ। ਇਹ ਬ੍ਰਿਹਾ ਸੰਵੇਦਨਾ ਅਤੇ ਸੋਜ਼ ਇਕ ਅਜਿਹੇ ਇਕਾਗਰ ਸੂਤਰ ਵਜੋਂ ਫੈਲਿਆ ਹੋਇਆ ਹੈ ਕਿ ਇਸ ਦੇ ਝਰੋਖੇ ਬਿਨਾਂ ਇਨ੍ਹਾਂ ਕਾਵਿ ਪਰੰਪਰਾਵਾਂ ਦੀ ਥਾਹ ਹੀ ਨਹੀਂ ਪਾਈ ਜਾ ਸਕਦੀ। ਇਹ ਤੱਥ ਤਾਂ ਸਪੱਸ਼ਟ ਹੀ ਹੈ ਕਿ ਇਸ ਬ੍ਰਿਹਾ ਸੰਵੇਦਨਾ ਨੂੰ ਪਛਾਣਨ ਲਈ ਇਨ੍ਹਾਂ ਕਾਵਿ ਪਰੰਪਰਾਵਾਂ ਪਿਛੇ ਕਾਰਜਸ਼ੀਲ ਵਿਚਾਰਧਾਰਾ ਨੂੰ ਵੀ ਸਮਝਣਾ ਜ਼ਰੂਰੀ ਸੀ। ਇਸ ਆਸ਼ੇ ਦੀ ਪੂਰਤੀ ਲਈ ਅਸੀਂ ਬਾਣੀ, ਸੂਫੀ ਸ਼ਾਇਰੀ, ਕਿੱਸਾ ਕਾਵਿ ਅਤੇ ਆਧੁਨਿਕ ਪੰਜਾਬੀ ਕਵਿਤਾ ਦੇ ਡੂੰਘ ਦੀ ਪਛਾਣ ਕੀਤੀ ਹੈ ਤਾਂ ਜੋ ਇਸ ਸਾਰੀ ਕਵਿਤਾ ਵਿਚ ਫੈਲੀ ਬ੍ਰਿਹਾ ਵੇਦਨਾ ਦੀ ਰੇਖਾਕਾਰੀ ਕੀਤੀ ਜਾ ਸਕੇ। ਸਾਡੇ ਸ਼ੋਧ-ਪ੍ਰਬੰਧ ਦਾ ਮੂਲ ਵਿਸ਼ਾ ਉਨ੍ਹਾਂ ਵਿਭਿੰਨ ਪਰਿਪੇਖਾਂ ਅਤੇ ਪਾਸਾਰਾਂ ਦੀ ਨਿਸ਼ਾਨਦੇਹੀ ਕਰਨਾ ਸੀ, ਜਿਸ ਦੇ ਫਲਸਰੂਪ ਇਸ ਬ੍ਰਿਹਾ ਅਤੇ ਦਰਦ ਦੀ ਰਮਜ਼ ਸਮਝੀ ਜਾ ਸਕੇ। ਆਪਣੇ ਇਸ ਖੋਜ ਕਾਰਜ ਨੂੰ ਪ੍ਰਮਾਣਕ ਬਣਾਉਣ ਲਈ ਅਸੀਂ ਆਪਣੇ ਅਧਿਐਨ ਨੂੰ ਚਾਰ ਅਧਿਆਵਾਂ ਵਿਚ ਵੰਡਿਆ ਹੈ। ਪਹਿਲਾ ਅਧਿਆਇ ਜਿਥੇ ਪਿੱਠਭੂਮੀ ਵਜੋਂ ਸਮੁੱਚੀ ਪੰਜਾਬੀ ਕਾਵਿ ਪਰੰਪਰਾ ਦੀ ਬ੍ਰਿਹਾ ਸੰਵੇਦਨਾ ਦੀ ਚਰਚਾ ਕਰਦਾ ਹੈ, ਉਥੇ ਬਾਕੀ ਦੇ ਅਧਿਆਇ ਕਵੀਆਂ ਉਪਰ ਕੇਂਦਰਿਤ ਹਨ। ਪਹਿਲਾ ਅਧਿਆਇ ਵਿਭਿੰਨ ਪਰਿਪੇਖ ਅਤੇ ਪਾਸਾਰਾਂ ਦੀ ਤਲਾਸ਼ ਕਰਨ ਵਾਲਾ ਹੈ, ਦੂਜੇ ਤਿੰਨ ਅਧਿਆਇ ਪ੍ਰਮਾਣਕ ਕਵੀਆਂ ਉਪਰ ਵਿਚਾਰ ਕਰਨ ਵੱਲ ਰੁਚਿਤ ਹਨ।ਸ ਤਰ੍ਹਾਂ ਇਹ ਅਧਿਐਨ ਸਿਧਾਂਤ ਅਤੇ ਵਿਹਾਰ ਦੋਹਾਂ ਨੂੰ ਇਕ ਦੂਜੇ ਦੀ ਪਿੱਠਭੂਮੀ ਵਿਚ ਸਮਝਣ ਵਾਲਾ ਹੈ। ਪ੍ਰਮਾਣ ਵਜੋਂ ਜੋ

ਚਰਚਾ ਬਾਣੀ ਦੀ ਬ੍ਰਿਹਾ ਸੰਵੇਦਨਾ ਉਪਰ ਪਹਿਲੇ ਅਧਿਆਇ ਵਿਚ ਹੋਈ ਹੈ, ਉਸੇ ਸਿਧਾਂਤਕ ਚਰਚਾ ਦਾ ਵਿਹਾਰਕ ਰੂਪ ਤੀਸਰੇ ਅਧਿਆਇ ਗੁਰੂ ਅਰਜਨ ਦੀ ਬ੍ਰਿਹਾ ਸੰਵੇਦਨਾ ਉਪਰ ਉਸਰਿਆ ਹੋਇਆ ਹੈ। ਇਸੇ ਤਰ੍ਹਾਂ ਜਿਹੜੀ ਚਰਚਾ ਸੂਫੀ ਸਿਧਾਂਤਾਂ ਉਪਰ ਪਹਿਲੇ ਅਧਿਆਇ ਵਿਚ ਕੀਤੀ ਹੈ, ਉਸ ਦੀ ਪੁਸ਼ਟੀ ਬਾਬਾ ਫਰੀਦ ਦੀ ਬਾਣੀ ਰਾਹੀਂ ਦੂਜੇ ਅਧਿਆਇ ਵਿਚ ਦੇਖੀ ਜਾ ਸਕਦੀ ਹੈ। ਪਹਿਲੇ ਅਧਿਆਇ ਵਿਚ ਵਿਭਿੰਨ ਕਾਵਿ ਪਰੰਪਰਾਵਾਂ ਦੇ ਉਨ੍ਹਾਂ ਰਚਨਾਤਮਕ ਪਰਿਪੇਖਾਂ ਅਤੇ ਪਾਸਾਰਾਂ ਦੀ ਤਲਾਸ਼ ਕੀਤੀ ਹੈ, ਜਿਨ੍ਹਾਂ ਦੇ ਅੰਤਰਗਤ ਉਸ ਕਾਵਿ ਪਰੰਪਰਾ ਦੀ ਬ੍ਰਿਹਾ ਸੰਵੇਦਨਾ ਨੇ ਆਪਣੀ ਰੇਖਾਕਾਰੀ ਕੀਤੀ ਹੈ।

ਆਪਣੇ ਪਹਿਲੇ ਅਧਿਆਇ ''ਪੰਜਾਬੀ ਕਾਵਿ ਚਿੰਤਨ ਵਿਚ ਬ੍ਰਿਹਾ ਦੀ ਸੰਵੇਦਨਾ'' ਵਿਚ ਅਸੀਂ ਆਪਣੀ ਖੋਜ ਚਰਚਾ ਉਪਰ ਵਿਚਾਰ ਕਰਦਿਆਂ ਇਸ ਸਿੱਟੇ ਉਪਰ ਪੁੱਜੇ ਹਾਂ ਕਿ ਪੰਜਾਬੀ ਦੀਆਂ ਵਿਭਿੰਨ ਕਾਵਿ ਪਰੰਪਰਾਵਾਂ ਵਿਚ ਬ੍ਰਿਹਾ ਅਤੇ ਦਰਦ ਦੀ ਤਿੱਖੀ ਹੂਕ ਹੈ। ਇਹ ਹੂਕ ਸਭ ਵਿਚ ਸਾਂਝੀ ਹੈ ਪਰ ਵੱਖਰਤਾ ਪ੍ਰਗਟਾਵੇ ਦੀਆਂ ਕਲਾਤਮਕ ਜੁਗਤਾਂ ਅਤੇ ਮੂਲ ਸਰੋਕਾਰਾਂ ਵਿਚ ਹੈ। ਮਿਸਾਲ ਵਜੋਂ ਬਾਣੀ ਸੰਸਾਰ ਵਿਚ ਵੀ ਬ੍ਰਿਹਾ ਦੀ ਤਿੱਖੀ ਪੀੜਾ ਹੈ ਅਤੇ ਸੂਫੀ ਸ਼ਾਇਰੀ ਵਿਚ ਵੀ ਇਹ ਸੋਜ਼ ਕੇਂਦਰੀ ਪੈਰਾਡਾਇਮ ਬਣਿਆ ਹੈ। ਪਰਿਪੇਖ ਅਤੇ ਪਾਸਾਰ ਦਾ ਫਰਕ ਮੂਲ ਸਰੋਕਾਰਾਂ ਅਤੇ ਪ੍ਰਗਟਾਵੇ ਦੀਆਂ ਸੁਰਾਂ ਵਿਚੋਂ ਸਪਸ਼ਟ ਹੋ ਜਾਂਦਾ ਹੈ। ਇਸ ਵੱਖਰਤਾ ਦਾ ਪਰਿਪੇਖ ਉਸਾਰਨਾ ਹੀ ਇਸ ਅਧਿਆਇ ਦਾ ਮੁੱਖ ਪ੍ਰਯੋਜਨ ਸੀ। ਇਸ ਅਧਿਆਇ ਵਿਚ ਅਸੀਂ ਪਹਿਲਾ ਸੂਫੀ ਸ਼ਾਇਰੀ ਦਾ ਪਰਿਪੇਖ ਉਸਾਰਿਆ ਹੈ, ਜਿਸ ਦੇ ਅੰਤਰਗਤ ਬਾਬਾ ਫਰੀਦ ਤੋਂ ਲੈ ਕੇ ਗੁਲਾਮ ਫ਼ਰੀਦ ਦੀ ਕਾਵਿ ਪ੍ਰਾਪਤੀ ਟਿਕੀ ਹੋਈ ਹੈ। ਸੂਫੀ ਸ਼ਾਇਰੀ ਵਿਚ ਬਾਣੀ ਨਾਲੋਂ ਭਿੰਨਤਾ ਪ੍ਰਤੀਕ ਪ੍ਰਬੰਧ ਦੀ ਤਾਂ ਹੈ ਹੀ, ਨਾਲ ਹੀ ਸੰਬੋਧਨ ਅਤੇ ਸੁਹਜ ਵਿਚ ਫਰਕ ਦੇਖਿਆ ਜਾ ਸਕਦਾ ਹੈ। ਸੂਫੀ ਸ਼ਾਇਰੀ ਵਿਚ ਬ੍ਰਿਹਾ ਦੀ ਸੁਰ ਸ਼ੋਖ ਹੈ ਜਦਕਿ ਬਾਣੀ ਸੰਸਾਰ ਵਿਚ ਇਹ ਸੁਰ ਅੰਤਰਮੁੱਖੀ ਅਤੇ ਸ਼ਾਂਤ ਰਸ ਰਾਹੀਂ ਹੋਈ ਹੈ। ਸੂਫੀਆਂ ਦੇ ਪਰਿਪੇਖ ਵਿਚ ਖੁਲ੍ਹਾਂ ਹਨ

ਜਦ ਕਿ ਬਾਣੀ ਸੰਸਾਰ ਵਿਚ ਸਾਰੀ ਰਮਜ਼ ਨਿਮਰਤਾ ਅਤੇ ਸੰਜਮ ਵਾਲੀ ਹੈ। ਬ੍ਰਿਹਾ ਸੰਵੇਦਨਾ ਤਾਂ ਦੋਹਾਂ ਕਾਵਿ ਪਰੰਪਰਾਵਾਂ ਵਿਚ ਰਚਨਾਤਮਕ ਸੂਤਰ ਹੈ ਪਰੰਤੂ ਫ਼ਰਕ ਇਹ ਹੈ ਕਿ ਬਾਣੀ ਬ੍ਰਿਹਾ ਵੇਦਨਾ ਤੋਂ ਇਲਾਵਾ ਵੀ ਦੂਜੇ ਸਰੋਕਾਰਾਂ ਨੂੰ ਨਾਲ ਨਾਲ ਤੋਰਦੀ ਹੈ। ਸੂਫੀ ਸ਼ਾਇਰੀ ਵਿਚ ਬ੍ਰਿਹਾ ਇਕੋ ਇਕ ਰਚਨਾਤਮਕ ਸੂਤਰ ਹੈ। ਇਹੀ ਪਰਿਪੇਖ ਦਾ ਫ਼ਰਕ ਹੈ, ਜਿਸ ਨੇ ਦੋਹਾਂ ਕਾਵਿ ਪਰੰਪਰਾਵਾਂ ਦੇ ਚਰਿਤਰ ਦੀ ਰੇਖਾਕਾਰੀ ਕਰਕੇ ਮੂਲ ਫ਼ਰਕਾਂ ਨੂੰ ਉਸਾਰਿਆ ਹੈ। ਬਾਣੀ ਸੰਸਾਰ ਵਿਚ ਬ੍ਰਿਹਾ ਨੂੰ ਨਾਮ ਸਿਮਰਨ ਰਾਹੀਂ ਟਿਕਾਓ ਵਿਚ ਲਿਆਉਣ ਦਾ ਉਪਦੇਸ਼ ਹੈ, ਜਦ ਕਿ ਸੂਫੀ ਸ਼ਾਇਰੀ ਵਿਚ ਇਹ ਅਭੇਦਤਾ ਦੀ ਤਾਂਘ ਵਿਚ ਮਿੱਟਦਾ ਹੈ। ਸੂਫੀਆਂ ਦਾ ਪ੍ਰਤੀਕ ਪ੍ਰਬੰਧ ਪ੍ਰੇਮੀ ਪ੍ਰੇਮਿਕਾ ਵਾਲਾ ਹੈ ਜਦ ਕਿ ਬਾਣੀ ਸੰਸਾਰ ਵਿਚ ਇਹ ਪ੍ਰਤੀਕ ਪਤੀ ਪਤਨੀ ਵਾਲਾ ਹੈ। ਪ੍ਰਤੀਕ ਦੀ ਭਿੰਨਤਾ ਨੇ ਹੀ ਪਰਿਪੇਖ ਦੀ ਭਿੰਨਤਾ ਨੂੰ ਉਘਾੜ ਦਿੱਤਾ ਹੈ। ਇਸੇ ਤਰ੍ਹਾਂ ਬ੍ਰਿਹਾ ਅਤੇ ਦਰਦ ਪ੍ਰਗਟਾਓ ਦੀ ਭਿੰਨਤਾ ਕਾਰਣ ਵੱਖਰੇ ਪਾਸਾਰ ਵਾਲੇ ਬਣ ਗਏ ਹਨ। ਅਧਿਆਤਮਕ ਕਾਵਿ ਦੇ ਸਮਵਿੱਥ ਕਿੱਸਾ ਕਾਵਿ ਵਿਚ ਬ੍ਰਿਹਾ ਦੀ ਤਿੱਖੀ ਹੂਕ ਹੈ ਪਰ ਇਸ ਦਾ ਪਰਿਪੇਖ ਪਾਰਲੌਕਿਕ ਦੀ ਥਾਂ ਲੌਕਿਕ ਹੈ। ਅਧਿਆਤਮਕ ਕਵਿਤਾ ਦਾ ਪਰਿਪੇਖ ਬ੍ਰਹਮ ਕੇਂਦਰਿਤ ਸੀ ਅਤੇ ਬ੍ਰਿਹਾ ਦੀ ਸਾਰੀ ਪੀੜਾ ਪ੍ਰਭੂ ਪ੍ਰੀਤਮ ਦੇ ਵਿਜੋਗ ਵਿਚੋਂ ਪੈਦਾ ਹੋਈ ਸੀ ਜਦਕਿ ਇਸ਼ਕ ਦੇ ਕਿੱਸਿਆਂ ਵਿਚ ਪਰਿਪੇਖ ਔਰਤ ਮਰਦ ਦੀ ਪ੍ਰਸਪਰ ਖਿੱਚ ਹੈ। ਅਧਿਆਤਮਕ ਕਵਿਤਾ ਵਿਚ ਬ੍ਰਿਹਾ ਮਾਇਆ 'ਚੋਂ ਪੈਦਾ ਹੋ ਰਿਹਾ ਹੈ, ਇਸ਼ਕ ਦੇ ਕਿੱਸਿਆਂ ਵਿਚ ਬ੍ਰਿਹਾ ਸਮਾਜਕ ਬੰਧਨਾਂ ਦਾ ਸਿੱਟਾ ਹੈ। ਸਪੱਸ਼ਟ ਹੀ ਹੈ ਕਿ ਬ੍ਰਿਹਾ ਸੰਵੇਦਨਾ ਦਾ ਪ੍ਰਗਟਾਵਾ ਅਧਿਆਤਮਕ ਅਤੇ ਲੌਕਿਕ ਕਾਵਿ ਵਿਚ ਇਕੋ ਜਿੰਨੀ ਸ਼ਿੱਦਤ ਨਾਲ ਹੈ। ਬੁਨਿਆਦੀ ਫਰਕ ਪਰਿਪੇਖ ਦਾ ਹੈ। ਬਾਣੀ ਅਤੇ ਸੂਫੀ ਕਾਵਿ ਵਿਚ ਬ੍ਰਿਹਾ ਅਤੇ ਦਰਦ ਪ੍ਰਭੂ ਪ੍ਰੇਮ 'ਚੋਂ ਪੈਦਾ ਹੋ ਕੇ ਵੀ ਪ੍ਰਗਟਾਵੇ ਦੀ ਵੱਖਰਤਾ ਕਾਰਣ ਭਿੰਨ ਪਾਸਾਰਾ ਹੋ ਗਿਆ ਹੈ। ਪਰਿਪੇਖ ਅਤੇ ਪਾਸਾਰ ਭਿੰਨ ਹਨ ਪਰ ਮਧਕਾਲੀ ਸਾਹਿਤ ਵਿਚ ਬ੍ਰਿਹਾ ਮੂਲ

ਰਚਨਾਤਮਕ ਸੂਤਰ ਹੈ। ਸਮੁੱਚੀਆਂ ਕਾਵਿ ਪਰੰਪਰਾਵਾਂ ਇਸੇ ਵਿਜੋਗ ਵਿਚੋਂ ਆਪਣਾ ਕਾਵਿ ਪ੍ਰਵਚਨ ਉਸਾਰ ਰਹੀਆਂ ਹਨ।

ਮਧਕਾਲੀ ਪੰਜਾਬੀ ਸਾਹਿਤ ਚਿੰਤਨ ਦਾ ਕੇਂਦਰੀ ਮਸਲਾ (ਧੁਰਾ) ਬ੍ਰਿਹਾ ਦੀ ਸੰਵੇਦਨਾ ਹੈ। ਮਧਕਾਲ ਦੇ ਸਮੁੱਚੇ ਕਾਲ ਖੰਡ ਵਿਚ ਰਚੇ ਪੰਜਾਬੀ ਸਾਹਿਤ ਚਿੰਤਨ ਦੀ ਮੂਲ ਸੁਰ ਨੂੰ ਪਛਾਣੀਏ ਤਾਂ ਇਹ ਸੁਰ ਬ੍ਰਿਹਾ ਦੀ ਤਿੱਖੀ ਹੂਕ ਅਤੇ ਸੰਵੇਦਨਾ ਦੀ ਹੀ ਹੈ। ਇਸ ਕਾਲ ਖੰਡ ਵਿਚ ਗੁਰਬਾਣੀ, ਸੂਫੀ ਕਵਿੰਤਾ ਅਤੇ ਕ੍ਰਿੱਸਾ ਕਾਵਿ ਪ੍ਰਮੁੱਖ ਰਚਨਾਤਮਕ ਸੋਮੇ ਹਨ। ਇਨ੍ਹਾਂ ਸੋਮਿਆਂ ਦੇ ਧੁਰ ਅੰਦਰ ਬ੍ਰਿਹਾ ਦੀ ਪੀੜਾ ਅਤੇ ਚੇਤਨਾ ਹੈ। ਇਹੀ ਪੀੜਾ ਕਾਵਿ-ਸੰਵੇਦਨਾ ਬਣ ਕੇ ਸਮੁੱਚੇ ਮਧਕਾਲੀ ਸਾਹਿਤ ਦੀ ਮੂਲ ਪ੍ਰੇਰਣਾ ਸਰੋਤ ਬਣੀ ਹੈ। ਪ੍ਰਮਾਣ ਵਜੋਂ ਮਧਕਾਲੀ ਸਾਹਿਤ ਦੇ ਪਹਿਲੇ ਪ੍ਰਮਾਣਕ ਸ਼ਾਇਰ ਬਾਬਾ ਫ਼ਰੀਦ ਜੀ ਹਨ। ਉਨ੍ਹਾਂ ਦੀ ਬਾਣੀ ਵਿਚ ਬ੍ਰਿਹਾ ਦੀ ਜੋ ਤਪਸ਼ ਪ੍ਰਗਟ ਹੋਈ ਹੈ, ਉਹ ਤਪਸ਼ ਸਮੁੱਚੀ ਸੂਫੀ ਸ਼ਾਇਰੀ ਦਾ ਹਾਸਲ ਬਣ ਗਈ ਹੈ। ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਅਤੇ ਗੁਲਾਮ ਫ਼ਰੀਦ ਦੀਆਂ ਕਾਫ਼ੀਆਂ ਵਿਚ ਵੀ ਇਹੀ ਬ੍ਰਿਹਾ ਸੰਵੇਦਨਾ ਮੂਲ ਸਰੋਤ ਹੈ। ਬਾਬਾ ਫ਼ਰੀਦ ਜੀ ਦਾ ਇਹੀ ਪੈਰਾਡਾਇਮ ਬਾਣੀਕਾਰਾਂ ਦੀ ਰਚਨਾਤਮਕ ਧਰਾਤਲ ਬਣਿਆ ਹੈ। ਇਹੀ ਧਰਾਤਲ ਭਗਤ ਬਾਣੀ ਵਿਚ ਵੀ ਟਿਕੀ ਹੋਈ ਹੈ। ਪਾਰਲੌਕਿਕ/ਅਧਿਆਤਮਕ ਅਨੁਭਵ ਦਾ ਕੇਂਦਰੀ ਬਿੰਦੂ ਹੀ ਬ੍ਰਿਹਾ/ ਵਿਛੋੜਾ ਹੈ। ਇਸ ਲਈ ਇਹ ਮੰਨਿਆ ਜਾ ਸਕਦਾ ਹੈ ਕਿ ਮਧਕਾਲੀ ਸਾਹਿਤ ਵਿਚ ਬਾਣੀ/ਸ਼ਾਇਰੀ ਦੇ ਆਰ ਪਾਰ ਬ੍ਰਿਹਾ ਭਾਵ ਪਸਰਿਆ ਪਿਆ ਹੈ। ਸੰਵੇਦਨਾ ਦਾ ਇਹ ਪਾਸਾਰ ਲੌਕਿਕ ਕਾਵਿ ਵਿਚ ਵੀ ਪ੍ਰਗਟ ਹੋਇਆ ਹੈ। ਕਿੱਸਾ ਕਾਵਿ ਲੌਕਿਕ ਕਾਵਿ ਦਾ ਪ੍ਰਮਾਣਕ ਪ੍ਰਗਟਾਅ ਹੈ। ਇਸ ਕਾਵਿ ਵਿਚ ਇਸ਼ਕ ਅਨੁਭਵ ਰਚਨਾ ਦਾ ਆਧਾਰ ਬਣ ਰਿਹਾ ਹੈ। ਪ੍ਰੀਤ ਦੇ ਕਿੱਸਿਆਂ ਵਿਚ ਤਾਂ ਬ੍ਰਿਹਾ ਦੀ ਭਾਵਨਾ ਏਨੀ ਸ਼ਿੱਦਤ ਵਾਲੀ ਹੈ ਕਿ ਇਸ ਕਾਵਿ ਦੇ ਨਾਇਕ ਨਾਇਕਾਵਾਂ ਅਧਿਆਤਮਕ ਕਾਵਿ ਦਾ ਪ੍ਰਤਿਮਾਨ ਬਣ ਗਏ ਹਨ। ਬ੍ਰਿਹਾ ਦੀ ਦਰਦੀਲੀ ਸਥਿਤੀ ਇਸ਼ਕ ਦੇ ਕਿੱਸਿਆਂ ਦੀ ਧਰਤ-ਭੂਮੀ ਹੈ। ਦਿਲਚਸਪ ਤੱਥ ਇਹ ਹੈ ਕਿ ਇਹੀ

ਬ੍ਰਿਹਾ ਸੰਵੇਦਨਾ ਇਨ੍ਹਾਂ ਕਿੱਸਿਆਂ ਵਿਚ ਲੌਕਿਕ ਤੋਂ ਪਾਰਲੌਕਿਕ ਚਰਿਤਰ ਵਾਲੀ ਬਣ ਗਈ ਹੈ। ਇਹ ਨਾਇਕ/ਨਾਇਕਾਵਾਂ ਇਕ ਦੂਜੇ ਦੀ ਪ੍ਰੀਤ ਵਿਚ ਏਨੇ ਲੀਨ ਹਨ ਕਿ ਉਹ ਮੌਤ ਉਪਰੰਤ ਵੀ ਪ੍ਰਸਪਰ ਅਭੇਦਤਾ ਵਿਚ ਚਲੇ ਗਏ ਹਨ। ਭਗਤੀ ਦੇ ਕਿੱਸਿਆਂ ਵਿਚ ਜਗਿਆਸੂ ਦੀ ਆਪਣੇ ਗੁਰੂ ਪ੍ਰਤਿ ਆਸਥਾ ਵੀ ਇਸ ਬ੍ਰਿਹਾ ਦੀ ਸਥਿਤੀ ਰਾਹੀਂ ਜ਼ਾਹਿਰ ਹੋਈ ਹੈ।

ਪੰਜਾਬੀ ਕਾਵਿ ਪਰੰਪਰਾ ਦੇ ਅੰਤਰਗਤ ਜਦੋਂ ਆਧੁਨਿਕ ਕਾਲ ਵਿਚ ਪ੍ਰਵੇਸ਼ ਕਰੀਏ ਤਾਂ ਇਸ ਕਾਵਿ ਪਰੰਪਰਾ ਵਿਚ ਵੀ ਬ੍ਰਿਹਾ ਦੀ ਧੁਨੀ ਬੜੀ ਸਪੱਸ਼ਟ ਸੁਣਾਈ ਦੇਂਦੀ ਹੈ। ਮੱਧਕਾਲ ਦੀ ਪੰਜਾਬੀ ਕਾਵਿ ਪਰੰਪਰਾ ਦੇ ਆਰ ਪਾਰ ਬ੍ਰਿਹਾ ਦੀ ਵੇਦਨਾ ਦਾ ਸੁਰ ਬੜਾ ਤਿੱਖਾ ਅਤੇ ਕੇਂਦਰੀ ਸੂਤਰ ਵਜੋਂ ਹੈ ਜਦ ਕਿ ਆਧੁਨਿਕ ਕਾਲ ਵਿਚ ਇਹ ਵੇਦਨਾ ਆਪਣਾ ਸਰੂਪ ਭਿੰਨ ਕਰ ਲੈਂਦੀ ਹੈ। ਆਧੁਨਿਕ ਕਾਲ ਵਿਚ ਕਵਿਤਾ ਮਾਨਵ ਕੇਂਦਰਿਤ ਹੋਣ ਨਾਲ ਬਹੁ-ਰੰਗੀ ਹੋ ਜਾਂਦੀ ਹੈ। ਇਸ ਕਾਵਿ ਝਰੋਖੇ ਵਿਚ ਪ੍ਰਭੂ ਵਿਛੋੜੇ ਦਾ ਰੰਗ ਫਿਕਾ ਹੋ ਗਿਆ ਸੀ। ਮੂਲ ਸਰੋਕਾਰ ਬਦਲ ਗਏ ਸਨ। ਫਲਸਰੂਪ ਜੋ ਬ੍ਰਿਹਾ ਅਤੇ ਸੋਜ਼ ਅਧਿਆਤਮਕ ਕਾਵਿ ਵਿਚੋਂ ਉਭਰਿਆ ਸੀ, ਉਹ ਆਧੁਨਿਕ ਕਾਲ ਵਿਚ ਲਗ ਭਗ ਗ਼ੈਰ ਹਾਜ਼ਰ ਹੈ। ਇਸੇ ਤਰ੍ਹਾਂ ਸੂਫੀ ਰੰਗ ਵਾਲੀ ਬ੍ਰਿਹਾ ਸੰਵੇਦਨਾ ਵੀ ਆਧੁਨਿਕ ਕਾਵਿ ਪਰੰਪਰਾ ਵਿਚ ਨਹੀਂ ਮਿਲਦੀ। ਇਸ ਕਾਲ ਵਿਚ ਉਸ ਬ੍ਰਿਹਾ ਦਰਦ ਦਾ ਦੀਦਾਰ ਨਹੀਂ ਹੁੰਦਾ ਜੋ ਮੱਧਕਾਲ ਦੀ ਅਧਿਆਤਮਕ ਪਰੰਪਰਾ ਵਿਚ ਸੀ। ਇਸ ਨਵੇਂ ਪਰਿਪੇਖ ਵਿਚ ਰੱਬ ਇਕ ਗੁੰਝਲਦਾਰ ਬੁਝਾਰਤ ਪ੍ਰਤੀਤ ਹੋਣ ਲਗ ਪਿਆ ਸੀ। ਧਰਤੀ ਦੀ ਛੋਹ ਨਾਲ ਜੁੜੀ ਚੇਤਨਾ ਜਾਗ ਰਹੀ ਸੀ। ਮਨੁੱਖ ਕੇਂਦਰਿਤ ਹੋਣ ਕਾਰਨ ਬ੍ਰਿਹਾ ਦਾ ਪਰਿਪੇਖ ਬਦਲ ਗਿਆ ਸੀ। ਇਸ ਨਵੇਂ ਪਰਿਪੇਖ ਵਿਚ ਧਿਰਾਂ ਬਦਲ ਗਈਆਂ ਹਨ। ਪਰਮਾਤਮਾ ਦੀ ਥਾਂ ਮਨੁੱਖ ਨੇ ਲੈ ਲਈ ਸੀ। ਇਸ ਕਾਵਿ ਪਰੰਪਰਾ ਵਿਚ ਬ੍ਰਿਹਾ ਹੈ, ਵਿਜੋਗ ਦੀ ਸੰਵੇਦਨਾ ਹੈ ਅਤੇ ਮਿਲਣ ਦੀ ਤਾਂਘ ਗੂੰਜਦੀ ਹੈ ਪਰ ਨਿਰਸੰਦੇਹ ਧਿਰਾਂ ਅਤੇ ਸਰੋਕਾਰ ਬਦਲ ਗਏ ਹਨ। ਔਰਤ ਮਰਦ ਦੀ ਪ੍ਰੀਤ ਇਸ ਕਾਵਿ ਚੇਤਨਾ ਦੇ ਕੇਂਦਰ ਵਿਚ ਹੈ। ਇਸ

ਕਾਵਿ ਪਰੰਪਰਾ ਦੀ ਪਿਆਰ ਕਵਿਤਾ ਵਿਚ ਵਿਜੋਗ ਔਰਤ ਮਰਦ ਵਿਚਕਾਰ ਹੈ। ਮਾਇਆ ਦੀ ਥਾਂ ਸਮਾਜ ਹੈ ਜਾਂ ਔਰਤ ਦੀ ਬੇਵਫ਼ਾਈ ਹੈ। ਸੋ ਇਹ ਪਰਿਪੇਖ ਬਿਲਕੁਲ ਨਵਾਂ ਹੈ, ਸਰੋਕਾਰ ਵੱਖਰੇ ਹਨ ਅਤੇ ਪਾਸਾਰ ਬਿਲਕੁਲ ਭਿੰਨ ਹਨ। ਇਸ ਪ੍ਰਵਾਹ ਦੇ ਨਾਲ ਨਾਲ ਰੱਬੀ ਪ੍ਰੀਤ ਵਾਲੀ ਸ਼ਾਇਰੀ ਦਾ ਰੰਗ ਵੀ ਮਿਲਦਾ ਹੈ ਪਰ ਇਹ ਰੰਗ ਬੜਾ ਵਿਰਲਾ ਹੈ। ਭਾਈ ਵੀਰ ਸਿੰਘ ਤੋਂ ਬਾਅਦ ਇਹ ਰੰਗ ਹੋਰ ਵੀ ਧੁੰਦਲਾ ਹੋ ਜਾਂਦਾ ਹੈ। ਇਸ ਦਾ ਕਾਰਣ ਬੜਾ ਸਪੱਸ਼ਟ ਹੈ ਕਿ ਉਹ ਧਿਰ ਜੋ ਗਗਨੀ ਮੰਡਲਾਂ ਉਪਰ ਸੀ, ਉਹ ਧਿਰ ਹੁਣ ਇਸ ਕਾਵਿ ਪਰੰਪਰਾ ਦੇ ਕੇਂਦਰ ਵਿਚ ਨਹੀਂ ਸੀ। ਸੋ ਆਧੁਨਿਕ ਕਾਲ ਦੀ ਕਾਵਿ ਪਰੰਪਰਾ ਵਿਚ ਬ੍ਰਿਹਾ ਅਤੇ ਵਿਜੋਗ ਭਾਵਨਾ ਤਾਂ ਮਿਲਦੀ ਹੈ ਪਰ ਇਸ ਪ੍ਰਗਟਾਵੇ ਦੀਆਂ ਧਿਰਾਂ ਬਦਲ ਗਈਆਂ ਹਨ। ਦੂਜਾ ਬ੍ਰਿਹਾ ਦੇ ਕਾਰਣ ਬਦਲ ਗਏ ਹਨ, ਸਰੋਕਾਰ ਨਵੇਂ ਉਭਰ ਆਏ ਹਨ। ਇਹ ਪਰਿਪੇਖ ਮਧਕਾਲ ਦੀ ਕਾਵਿ ਪਰੰਪਰਾ ਤੋਂ ਭਿੰਨ ਹੈ।

ਆਧੁਨਿਕ ਕਾਲ ਦੀ ਕਾਵਿ ਪਰੰਪਰਾ ਵਿਚ ਜਦੋਂ ਅਸੀਂ ਬ੍ਰਿਹਾ ਸੰਵੇਦਨਾ ਦੀ ਤਲਾਸ਼ ਕਰਦੇ ਹਾਂ ਤਾਂ ਉਦੋਂ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਕਾਵਿ ਦਾ ਬਿੰਬ ਉਭਰਦਾ ਹੈ। ਭਾਈ ਵੀਰ ਸਿੰਘ ਉਹ ਸ਼ਾਇਰ ਹੈ, ਜਿਥੋਂ ਪੰਜਾਬੀ ਕਾਵਿ ਪਰੰਪਰਾ ਇਕ ਨਵੇਂ ਕਾਵਿ ਮੁਹਾਵਰੇ ਨਾਲ ਤਾਂ ਜੁੜਦੀ ਜ਼ਰੂਰ ਹੈ ਪਰ ਉਸ ਦੀ ਕਾਵਿ ਚੇਤਨਾ ਵਿਚ ਧਰਮ ਚੇਤਨਾ ਦੇ ਟਿਕੇ ਹੋਣ ਨਾਲ ਮਧਕਾਲੀ ਕਾਵਿ ਪਰੰਪਰਾ ਦਾ ਝਲਕਾਰਾ ਵੀ ਮਿਲਦਾ ਹੈ। ਭਾਈ ਵੀਰ ਸਿੰਘ ਉਹ ਪੜ੍ਹਾਅ ਹੈ, ਜਿਥੋਂ ਨਵੀਂ ਕਾਵਿ ਪਰੰਪਰਾ ਆਪਣਾ ਰਾਹ ਨਿਖੇੜਦੀ ਹੈ। ਇਸ ਨਿਖੜਨ ਸਮੇਂ ਅਤੀਤ ਦੀ ਯਾਦ ਵੀ ਉਭਰਦੀ ਰਹੀ ਹੈ। ਇਹੀ ਭਾਈ ਵੀਰ ਸਿੰਘ ਦੀ ਮੂਲ ਪਛਾਣ ਹੈ।

ਆਧੁਨਿਕ ਪੰਜਾਬੀ ਕਵਿਤਾ ਵਿਚ ਬ੍ਰਿਹਾ ਦਾ ਪਰਿਪੇਖ ਤਲਾਸ਼ ਕਰੀਏ ਤਾਂ ਇਸ ਪਰਿਪੇਖ ਦੇ ਦੋ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਪਹਿਲਾ ਪਾਸਾਰ ਉਸ ਕਾਵਿ ਚੇਤਨਾ ਦਾ ਹੈ ਜੋ ਅਰਸ਼ੀ ਅਨੁਭਵ ਵਿਚ ਫੈਲਿਆ ਹੈ। ਇਹ ਪਾਸਾਰ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੀਤਮ ਸਿੰਘ ਅਤੇ ਜਸਵੰਤ ਸਿੰਘ ਨੇਕੀ ਦੇ ਕਾਵਿ

ਅਨੁਭਵ ਵਿਚੋਂ ਉਘੜਦਾ ਹੈ। ਇਹ ਪਾਸਾਰ ਇਨ੍ਹਾਂ ਦੀ ਸ਼ਾਇਰੀ ਦਾ ਇਕ ਰੰਗ ਹੈ ਜਦ ਕਿ ਉਸੇ ਸ਼ਾਇਰੀ ਵਿਚੋਂ ਲੌਕਿਕ ਰੰਗ ਵੀ ਉਘੜੇ ਹਨ।

ਆਧੁਨਿਕ ਪੰਜਾਬੀ ਕਾਵਿ ਸੰਵੇਦਨਾ ਵਿਚ ਬ੍ਰਿਹਾ, ਵਿਜੋਗ ਅਤੇ ਦਰਦ ਸੋਜ਼ ਦਾ ਇਕ ਨਿਵੇਕਲਾ ਪਾਸਾਰ ਪੰਜਾਬੀ ਗ਼ਜ਼ਲ ਰਾਹੀਂ ਵੀ ਹੋਇਆ ਹੈ। ਗ਼ਜ਼ਲ ਕਾਵਿ ਰੂਪ ਬਾਰੇ ਇਹ ਕਿਹਾ ਗਿਆ ਹੈ ਕਿ ਇਸ ਵਿਚ ਆਸ਼ਕ ਮਾਸ਼ੂਕ ਦੀ ਗੁਫ਼ਤਗੂ, ਨਿਹੋਰੇ ਅਤੇ ਪਿਆਰ ਪ੍ਰਗਟਾਵੇ ਹੁੰਦੇ ਹਨ। ਇਸ ਕਾਵਿ ਰੂਪ ਦਾ ਪਰੰਪਰਾਗਤ ਚਰਿਤਰ ਵੀ ਇਹੀ ਰਿਹਾ ਹੈ। ਗ਼ਜ਼ਲ ਵਿਚ ਵਿਛੋੜੇ ਦੀ ਹੂਕ ਵੱਖ ਵੱਖ ਸ਼ੇਅਰਾਂ ਵਿਚ ਫੈਲਦੀ ਹੋਈ ਅੰਤਰ ਮਨ ਦੀਆਂ ਵੇਦਨਾਵਾਂ ਨੂੰ ਸਾਕਾਰ ਕਰਦੀ ਹੈ। ਗ਼ਜ਼ਲ ਦੇ ਪਰਿਪੇਖ ਵਿਚ ਬ੍ਰਿਹਾ ਸੰਵੇਦਨਾ ਬਹੁ-ਰੰਗੀ ਚਰਿਤਰ ਵਾਲੀ ਹੈ। ਔਰਤ ਮਰਦ ਦੀਆਂ ਗੁੱਝੀਆਂ ਪੀੜਾਂ ਕਈ ਪਰਤਾਂ ਵਿਚ ਸਾਕਾਰ ਹੋਈਆਂ ਹਨ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਸ਼ਾਇਰਾਂ ਨੂੰ ਬੜੀ ਪ੍ਰਵਾਨਗੀ ਮਿਲੀ ਹੈ, ਜਿਨ੍ਹਾਂ ਨੇ ਗ਼ਜ਼ਲ ਵਿਚ ਪ੍ਰਬੀਨਤਾ ਹਾਸਲ ਕੀਤੀ ਹੈ। ਨਿਰਸੰਦੇਹ ਗ਼ਜ਼ਲ ਕਾਵਿ ਰੂਪ ਦੇ ਝਰੋਖੇ ਵਿਚੋਂ ਪਿਆਰ, ਵਿਛੋੜਾ, ਤੜਪ, ਮਿਲਣ ਦੀ ਤਾਂਘ ਅਤੇ ਬੇਵਫ਼ਾਈ ਵਰਗੀਆਂ ਸੁਰਾਂ ਉਜਾਗਰ ਹੋਈਆਂ ਹਨ।

ਨਿਰਸੰਦੇਹ ਅਸੀਂ ਕਹਿਣਾ ਚਾਹਾਂਗੇ ਕਿ ਪੰਜਾਬੀ ਕਾਵਿ ਚੇਤਨਾ ਹਰ ਕਾਲ ਵਿਚ ਬ੍ਰਿਹਾ ਅਤੇ ਵਿਜੋਗ ਦੇ ਅਨੁਭਵ ਨੂੰ ਪ੍ਰਗਟਾਉਂਦੀ ਰਹੀ ਹੈ। ਪਰਿਪੇਖ ਅਵੱਸ਼ ਬਦਲਦੇ ਰਹੇ ਹਨ ਪਰ ਕੇਂਦਰੀ ਸੁਰ ਵਿਜੋਗ ਵਾਲੀ ਬੜੀ ਰਮਜ਼ਭਰੀ ਰਹੀ ਹੈ। ਅਧਿਆਤਮਵਾਦੀਆਂ ਨੇ ਰੱਬੀ ਪ੍ਰੀਤ ਦਾ ਪਰਿਪੇਖ ਉਸਾਰਿਆ ਹੈ ਜਦ ਕਿ ਮਜਾਜ਼ੀ ਰੰਗ ਵਾਲੀ ਸ਼ਾਇਰੀ ਵਿਚ ਇਹ ਵਿਛੋੜਾ ਔਰਤ ਮਰਦ ਵਿਚਕਾਰ ਹੈ। ਇਹ ਤੱਥ ਤਾਂ ਬੜਾ ਸਪੱਸ਼ਟ ਹੈ ਕਿ ਬ੍ਰਿਹਾ ਦੀ ਸੁਰ ਪੰਜਾਬੀ ਕਾਵਿ ਚੇਤਨਾ ਦੀ ਧਰਾਤਲ ਵਿਚ ਹਮੇਸ਼ਾ ਟਿਕੀ ਰਹੀ ਹੈ।

ਸ਼ੋਧ ਪ੍ਰਬੰਧ ਦੇ ਦੂਜੇ ਅਧਿਆਇ ''ਫ਼ਰੀਦ ਬਾਣੀ ਦੀ ਬ੍ਰਿਹਾ ਸੰਵੇਦਨਾ'' ਵਿਚ ਅਸੀਂ ਆਪਣੀ ਵਿਚਾਰ ਚਰਚਾ ਦਾ ਕੇਂਦਰ ਫਰੀਦ ਬਾਣੀ ਨੂੰ ਬਣਾਇਆ ਹੈ। ਸੂਫੀ

ਵਿਚਾਰਧਾਰਾ ਮਧਕਾਲੀ ਪੰਜਾਬੀ ਸਾਹਿਤ ਦੀ ਗੌਰਵਮਈ ਰਚਨਾਤਮਕ ਕਾਵਿ-ਪਰੰਪਰਾ ਹੈ। ਇਸ ਵਿਚਾਰਧਾਰਾ ਦਾ ਉੱਦਭਵ ਭਾਵੇਂ ਇਸਲਾਮ ਤੋਂ ਮੰਨਿਆ ਜਾਂਦਾ ਹੈ ਪਰ ਇਹ ਵਿਚਾਰਧਾਰਾ ਲੰਮੇ ਸਮੇਂ ਤਕ ਆਪਣੇ ਸੋਮੇ ਨਾਲ ਜੁੜੀ ਨਾ ਰਹਿ ਸਕੀ। ਇਸਲਾਮ ਦੀ ਕੱਟੜਤਾ ਅਤੇ ਸੰਕੀਰਨਤਾ ਸੱਚੇ ਸੁੱਚੇ ਪੀਰਾਂ ਫ਼ਕੀਰਾਂ ਲਈ ਬੰਧਨ ਸੀ। ਇਨ੍ਹਾਂ ਰੱਬੀ ਦਰਵੇਸ਼ਾਂ ਨੇ ਸਹਿਜੇ ਸਹਿਜੇ ਆਪਣਾ ਨਾਤਾ ਇਸਲਾਮ ਤੋਂ ਨਿਖੇੜਨਾ ਸ਼ੁਰੂ ਕਰ ਦਿੱਤਾ। ਇਹੀ ਰੱਬੀ ਦਰਵੇਸ਼ ਬਾਅਦ ਵਿਚ ਸੂਫ਼ੀਆਂ ਵਜੋਂ ਜਾਣੇ ਜਾਣ ਲਗ ਪਏ। ਇਹ ਕਾਲੀ ਉਨ ਪਹਿਨਣ ਵਾਲੇ ਫ਼ਕੀਰ ਆਪਣੇ ਕਰਮ ਧਰਮ ਵਿਚ ਬੜੇ ਪਵਿੱਤਰ ਅਤੇ ਪ੍ਰਭੂ ਦੀ ਹਕੀਕੀ ਪ੍ਰੀਤ ਵਿਚ ਰੰਗੇ ਹੋਏ ਸਨ। ਇਨ੍ਹਾਂ ਦਰਵੇਸ਼ਾਂ ਨੇ ਸੂਫੀ ਵਿਚਾਰਧਾਰਾ ਨੂੰ ਸੁਤੰਤਰ ਪਛਾਣ ਦਿੱਤੀ। ਇਹ ਦਰਵੇਸ਼ ਰੱਬੀ ਸ਼ਾਇਰ ਵੀ ਸਨ। ਜਦੋਂ ਇਨ੍ਹਾਂ ਨੇ ਆਪਣੇ ਪ੍ਰੇਮ-ਰੰਗੇ ਇਲਾਹੀ ਅਨੁਭਵ ਅਤੇ ਰਹੱਸਮਈ ਰਮਜ਼ਾਂ ਨੂੰ ਕਾਵਿ-ਸੰਵੇਦਨਾ ਵਿਚ ਢਾਲਿਆ ਤਾਂ ਇਨ੍ਹਾਂ ਸੰਤਾਂ ਫ਼ਕੀਰਾਂ ਨੂੰ ਲੋਕਾਂ ਨੇ ਆਪਣਾ ਆਦਰਸ਼ ਬਣਾ ਲਿਆ।

ਸੂਫ਼ੀ ਵਿਚਾਰਧਾਰਾ ਨੇ ਆਪਣੇ ਮੂਲ ਦੀ ਕੱਟੜਤਾ ਤੋਂ ਵੱਖ ਹੋ ਕੇ ਪ੍ਰੇਮਾ-ਭਗਤੀ ਵਾਲਾ ਮਾਰਗ ਅਖ਼ਤਿਆਰ ਕੀਤਾ ਹੈ। ਇਹ ਅਜਿਹੀ ਵਿਚਾਰਧਾਰਾ ਹੈ ਜਿਸ ਦੀਆਂ ਜੜ੍ਹਾਂ ਇਸਲਾਮ ਅਤੇ ਕੁਰਾਨ ਵਿਚੋਂ ਪਛਾਣੀਆਂ ਜਾ ਸਕਦੀਆਂ ਹਨ ਪਰ ਇਸ ਵਿਚਾਰਧਾਰਾ ਦੇ ਅਨੁਆਈਆਂ ਨੇ ਆਪਣੀ ਪ੍ਰਭੂ ਭਗਤੀ, ਪ੍ਰੇਮ ਭਾਵਨਾ ਅਤੇ ਸਦਾਚਾਰਕ ਮੁੱਲਾਂ ਰਾਹੀਂ ਆਪਣੀ ਸੁਤੰਤਰ ਹੋਂਦ ਅਤੇ ਹਸਤੀ ਕਾਇਮ ਕਰ ਲਈ ਸੀ। ਇਸ ਵਿਚਾਰਧਾਰਾ ਦੇ ਪਾਂਧੀਆਂ ਨੂੰ ਸੂਫੀ ਕਿਹਾ ਜਾਂਦਾ ਹੈ ਜੋ ਉਚੇਰੀ ਸੁਰਤਿ ਸੰਵੇਦਨਾ ਅਤੇ ਰਹੱਸ ਅਨੁਭੂਤੀ ਵਾਲੇ ਸਨ। ਇਸਲਾਮ ਦੇ ਮੂਲ ਸੋਮੇ ਵਿਚੋਂ ਪੈਦਾ ਹੋਣ ਵਾਲੀ ਇਸ ਵਿਚਾਰਧਾਰਾ ਨੇ ਆਪਣੀ ਪ੍ਰੇਮ ਭਾਵਨਾ ਨਾਲ ਉਹ ਕਰਤਾਰੀ ਕੰਮ ਕੀਤਾ ਜੋ ਇਸਲਾਮ ਦੇ ਕੱਟੜਧਰਮੀ ਅਤੇ ਸ਼ਾਸਕ ਨਾ ਕਰ ਸਕੇ। ਖੁਦਾ ਦੇ ਨੂਰ ਪ੍ਰਤਿ ਮੁਹੱਬਤ ਦਾ ਜਜ਼ਬਾ ਸੂਫ਼ੀਆਂ ਦੀ ਅਨੁਭੂਤੀ ਦਾ ਆਧਾਰ ਸੀ। ਸੂਫੀ ਉਹ ਹੈ ਜੋ ਆਪਣੇ ਪ੍ਰਭੂ ਪ੍ਰੀਤਮ ਤੋਂ ਇਲਾਵਾ ਕਿਸੇ ਹਸਤੀ ਨੂੰ ਸਵੀਕਾਰ ਨਹੀਂ ਕਰਦਾ। ਰੱਬ

ਨੂੰ ਜ਼ਰੇ ਜ਼ਰੇ ਵਿਚ ਮਹਿਸੂਸ ਕਰਨ ਵਾਲਾ ਸੂਫੀ ਬੁਧਿ ਵਿਵੇਕ ਤੋਂ ਵਧੇਰੇ ਜਜ਼ਬਿਆਂ ਵਿਚ ਵਿਚਰਦਾ ਹੈ। ਪਿਆਰ ਦਾ ਜਜ਼ਬਾ, ਪ੍ਰਭੂ ਪ੍ਰੀਤਮ ਦੇ ਵਿਛੋੜੇ ਵਿਚ ਤੜਪਣਾ ਅਤੇ ਸਦਾਚਾਰੀ ਰਹਿੰਦਿਆਂ ਪ੍ਰਭੂ ਵਿਚ ਅਭੇਦ ਹੋਣ ਦੀ ਇੱਛਾ ਸੂਫੀਆਂ ਦੀ ਮੂਲ ਪਛਾਣ ਹੈ। ਆਤਮ-ਗਿਆਨ ਸੂਫੀ ਦੀ ਸੁਰਤਿ ਸੰਵੇਦਨਾ ਬਣਦਾ ਹੈ।

ਫਰੀਦ ਉਸ ਮਨੁੱਖ ਦੀ ਅਵੱਸਥਾ ਦੇਖ ਕੇ ਹੈਰਾਨ ਹੈ ਜੋ ਆਪਣੇ ਸ਼ਹੁ ਨੂੰ ਵਿਸਾਰੀ ਬੈਠਾ ਹੈ। ਮੂਲ ਪ੍ਰਸ਼ਨ ਹੀ ਹੈ ਕਿ ਉਹ ਗ਼ਾਲਿਫ਼ ਮਨੁੱਖ ਕਿਵੇਂ ਜੀਉ ਰਿਹਾ ਹੈ ਜੋ ਪ੍ਰਭੂ ਦੇ ਵਿਜੋਗ ਵਿਚ ਤੜਪਦਾ ਨਹੀਂ। ਲੀਨ ਵਿਅਕਤੀ ਪ੍ਰਸ਼ਨ ਪੁਛ ਰਿਹਾ ਹੈ ਕਿ ਉਸ ਵਿਅਕਤੀ ਦੀ ਮੁਕਤੀ ਕਿਵੇਂ ਹੋਵੇਗੀ ਜੋ ਮਾਇਆ ਵਿਚ ਖਚਿਤ ਹੈ, ਕੋਠੇ ਮੰਡਪ ਮਾੜੀਆਂ ਵਿਚ ਚਿੱਤ ਲਾਈ ਬੈਠਾ ਹੈ। ਉਸ ਦੀ ਅਵਸਥਾ ਉਦੋਂ ਅਧੀਰ ਹੋਣੀ ਹੈ ਜਦੋਂ ਗੋਰ ਨੇ ਵੀ ਪੁਛਣਾ ਹੈ ਕਿ ਕਿਹੜੇ ਕਰਮ ਕਮਾ ਕੇ ਏਥੇ ਆਇਆ ਹੈਂ। ਫਰੀਦ ਬਾਣੀ ਦਾ ਹਰ ਸ਼ਲੋਕ ਇਸੇ ਬ੍ਰਿਹਾ ਦੀ ਵੇਦਨਾ ਉਪਰ ਉਸਰਦਾ ਦੇਖਿਆ ਜਾ ਸਕਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਬ੍ਰਿਹਾ ਅੰਦਰ ਅਗਨੀ ਹੈ, ਤੜਪ ਜਗਿਆਸੂ ਨੂੰ ਤੜਪਾਉਂਦੀ ਹੈ, ਮਿਲਾਪ ਲਈ ਵਿਲਕਦੀ ਹੈ ਪਰੰਤੂ ਇਹੀ ਤੜਪ, ਅਗਨੀ ਅਤੇ ਪੀੜਾ ਇਸ ਗੱਲ ਦਾ ਸੰਕੇਤ ਹੈ ਕਿ ਮਨੁੱਖ ਅੰਦਰ ਆਪਣੇ ਅਸਲੇ ਦੀ ਪਛਾਣ ਜਾਗ ਪਈ ਹੈ, ਉਹ ਮੁਕਤੀ ਦੇ ਮਾਰਗ ਉਪਰ ਤੁਰ ਪਿਆ ਹੈ।

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸ਼ੇਖ ਫ਼ਰੀਦ ਰਚਿਤ ਬਾਣੀ ਦਾ ਕੇਂਦਰਬਿੰਦੂ ਬ੍ਰਿਹਾ, ਜਿਥੇ ਪਿਆਰ ਦਾ ਪ੍ਰਤੀਕ ਹੈ ਉਥੇ ਸਾਧਕ ਲਈ ਇਹ ਆਤਮ-ਚੇਤਨਾ ਵੀ ਪੈਦਾ ਕਰਦਾ ਹੈ ਕਿਉਂਕਿ ਇਸ ਬ੍ਰਿਹਾ ਰੂਪੀ ਵੇਦਨਾ ਰਾਹੀਂ ਸਾਧਕ ਅੰਦਰ ਇਹ ਚੇਤਨਾ ਪੈਦਾ ਹੁੰਦੀ ਹੈ ਕਿ ਉਸ ਦੀ ਆਤਮਾ ਦਾ ਆਪਣੇ ਮੂਲ ਸ੍ਰੋਤ ਪ੍ਰਭੂ ਨਾਲ ਅਭੇਦ ਹੋਣਾ ਅਤੀ ਜ਼ਰੂਰੀ ਹੈ। ਇਸ ਦਾ ਭਾਵ ਇਹ ਹੈ ਕਿ ਹੁਣ ਉਸ ਅੰਦਰ ਮੋਕਸ਼ ਦੀ ਪ੍ਰਾਪਤੀ ਪ੍ਰਤੀ ਚੇਤਨਾ ਜਾਗ੍ਰਿਤ ਹੋ ਗਈ ਹੈ ਅਤੇ ਉਹ ਮੁਕਤੀ ਦੀ ਹੀ ਲੋਚਾ ਕਰਦਾ ਹੈ। ਫਰੀਦ ਜੀ ਮਨੁੱਖ ਨੂੰ ਦਰਵੇਸ਼ਾਂ ਵਾਲਾ, ਉੱਚ

ਆਦਰਸ਼ਕ ਜੀਵਨ ਜੀਊਣ ਦੀ ਪ੍ਰੇਰਨਾ ਦਿੰਦੇ ਹਨ। ਮੰਦੇ ਕਰਮਾਂ ਤੋਂ ਰੋਕਣ ਲਈ ਮੌਤ ਦਾ ਤੇ ਨਰਕ ਦੇ ਭਿਆਨਕ ਦ੍ਰਿਸ਼ਾਂ ਦਾ ਡਰ ਦਰਸਾਇਆ ਗਿਆ ਹੈ। ਨਿਮਰਤਾ ਤੇ ਸਾਦਗੀ ਭਰਪੂਰ ਜੀਵਨ ਜੀਊਣ ਦਾ ਸੁਨੇਹਾ ਦਿੰਦੇ ਹੋਏ ਬਾਬਾ ਫਰੀਦ ਜੀ ਜਿਥੇ ਬੁਢਾਪੇ ਵਿਚ ਵੀ ਪ੍ਰਭੂ-ਮਿਲਾਪ ਲਈ ਤਰਸਦੇ ਜੀਵ ਦਾ ਦ੍ਰਿਸ਼ ਪੇਸ਼ ਕਰਦੇ ਹਨ ਉਥੇ ਉਨ੍ਹਾਂ ਦੇ ਸ਼ਲੋਕਾਂ ਵਿਚ ਮਨੁੱਖ ਲਈ ਨਵੀਆਂ ਦਿਸ਼ਾਵਾਂ ਵੀ ਦਰਸਾਈਆਂ ਗਈਆਂ ਹਨ। ਪੰਜਾਬੀ ਸੂਫ਼ੀਆਂ ਦਾ ਬ੍ਰਿਹਾ ਜਿੱਥੇ ਮਨੁੱਖ ਮਾਤਰ ਨੂੰ ਸੱਚੇ ਪ੍ਰਭੂ ਨਾਲ ਇਸ਼ਕ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉੱਥੇ ਜੀਵ ਨੂੰ ਆਪਣਾ ਆਪ ਪਛਾਨਣ ਤੇ ਵੀ ਜ਼ੋਰ ਦਿੰਦਾ ਹੈ। ਸੇਖ਼ ਫ਼ਰੀਦ ਜੀ ਦੇ ਸੰਦਰਭ ਵਿਚ ਇਹ ਬ੍ਰਿਹਾ ਉਨ੍ਹਾਂ ਦੀ ਅੰਤਿਮ ਅਵਸਥਾ ਤਕ ਵੀ ਉਨ੍ਹਾਂ ਦਾ ਸਾਥੀ ਰਿਹਾ ਹੈ। ਫ਼ਰੀਦ ਜੀ ਦੇ ਰੱਬੀ ਇਸ਼ਕ ਦੀ ਪੂਰਨਤਾ ਵਿਚ ਤੇ ਤ੍ਰਿਪਤੀ ਵਿਚ ਵੀ ਇਸ ਬ੍ਰਿਹਾ ਦੀ ਵੇਦਨਾ ਦਾ ਅੰਤ ਨਹੀਂ ਹੁੰਦਾ ਹੈ। ਸੇਖ਼ ਫ਼ਰੀਦ ਇਸ਼ਕ ਹਕੀਕੀ ਦੀ ਮੰਜ਼ਿਲ ਤੇ ਪਹੁੰਚ ਕੇ ਵੀ ਬ੍ਰਿਹਾ ਵਿਚ ਹੀ ਬੇਚੈਨ ਰਹਿੰਦਾ ਹੈ। ਬ੍ਰਿਹਾ, ਫਰੀਦ ਜੀ ਲਈ ਸਾਧਨਾ ਮਾਰਗ ਦਾ ਸੁਲਤਾਨ ਹੈ ਅਤੇ ਬ੍ਰਿਹਾ ਉਸ ਦੇ ਪ੍ਰਾਣਾਂ ਦੀ ਇਸ਼ਕ-ਵੇਦਨਾ ਹੈ। ਇਹ ਇਕ ਅਜਿਹੀ ਪੀੜਾ ਹੈ ਜਿਸ ਦੀ ਵਿਥਿਆ ਉਸ ਸਾਈਂ ਤੋਂ ਬਿਨਾ ਹੋਰ ਕੋਈ ਵੀ ਨਹੀਂ ਬੁੱਝ ਸਕਦਾ। ਪ੍ਰਭੂ-ਪਿਆਰ ਦੀ ਇਹ ਬਿਰਹਾ, ਬਿਹਬਲਤਾ ਤੋਂ ਵਿਛੋੜੇ ਦੀ ਤੜਪ ਹੀ ਹੈ ਜੋ ਸਾਈਂ ਫਰੀਦ ਜਿਹੇ ਸੂਫ਼ੀ ਫ਼ਕੀਰ ਨੂੰ ਇਸ਼ਕ-ਹਕੀਕੀ ਦੀ ਦਰਗਾਹ ਵਿਚ ਪਹੁੰਚਾ ਦਿੰਦੀ ਹੈ।

ਨਿਰਸੰਦੇਹ ਬਾਬਾ ਫਰੀਦ ਸਿਰਫ ਸੂਫੀ ਕਾਵਿ ਪਰੰਪਰਾ ਦਾ ਹੀ ਪਿਤਾਮਾ ਨਹੀਂ ਸੀ ਬਲਕਿ ਉਹ ਪੰਜਾਬੀ ਕਵਿਤਾ ਦਾ ਮੋਢੀ ਸੰਤ ਕਵੀ ਹੈ। ਉਨ੍ਹਾਂ ਦੀ ਬਾਣੀ ਨੇ ਜਿਹੜੀ ਵਿਜੋਗੀ ਸੁਰ ਲਹਿਰਾਈ ਸੀ, ਉਹ ਸੁਰ ਸੰਵੇਦਨਾ ਸਾਰੇ ਮਧਕਾਲੀ ਪੰਜਾਬੀ ਅਧਿਆਤਮਕ ਸਾਹਿਤ ਵਿਚ ਪਸਰੀ ਹੋਈ ਹੈ। ਆਪਣੀ ਚਰਚਾ ਦੌਰਾਨ ਅਸੀਂ ਇਹ ਸਪੱਸ਼ਟ ਕੀਤਾ ਹੈ ਕਿ ਬਾਬਾ ਫਰੀਦ ਦੀ ਬ੍ਰਿਹਾ ਸੰਵੇਦਨਾ ਦਾ ਪਰਿਪੇਖ ਬਾਣੀ ਸੰਸਾਰ ਦੇ ਨੇੜੇ ਹੈ ਜਦ ਕਿ ਉਨ੍ਹਾਂ ਤੋਂ ਬਾਅਦ ਦੇ ਸੂਫੀ ਸ਼ਾਇਰਾਂ ਵਿਚ

ਇਹ ਸੰਵੇਦਨਾ ਬੜੀ ਸ਼ੋਖ ਹੋ ਜਾਂਦੀ ਹੈ। ਫਰੀਦ ਬਾਣੀ ਵਿਚ ਬ੍ਰਿਹਾ ਪ੍ਰਭੂ ਕੰਤ ਦੇ ਵਿਛੜਨ ਵਿਚੋਂ ਹੈ ਅਤੇ ਇਸੇ ਵਿਛੋੜੇ ਰਾਹੀਂ ਮੁੜ ਪ੍ਰੀਤਮ ਨੂੰ ਮਿਲਣ ਦਾ ਮਾਰਗ ਉਲੀਕਿਆ ਹੈ। ਫਰੀਦ ਬਾਣੀ ਵਿਚ ਬ੍ਰਿਹਾ ਉਹ ਸੁਲਤਾਨ ਹੈ ਜਿਸਨੇ ਮਨੁੱਖ ਦੀ ਮੁੱਕਤੀ ਦੇ ਰਾਹ ਨਿਵੇਕਲੇ ਕਰਨੇ ਹਨ। ਫਰੀਦ ਬਾਣੀ ਵਿਚ ਬ੍ਰਿਹਾ ਭਾਵੇਂ ਦੁੱਖ ਦਾ ਕਾਰਣ ਹੈ ਪਰ ਇਸੇ ਬ੍ਰਿਹਾ ਦੀ ਪ੍ਰਤੀਤੀ ਵਿਚੋਂ ਹੀ ਮਨੁੱਖ ਦੀ ਗਤੀ ਹੋਣੀ ਹੈ। ਫਰੀਦ ਬਾਣੀ ਦੇ ਕਾਵਿ ਪ੍ਰਵਚਨ ਵਿਚ ਜਿਹੜੀ ਨੈਤਿਕਤਾ ਉਲੀਕੀ ਹੈ, ਉਸ ਨੈਤਿਕਤਾ ਦੇ ਰਹੱਸ ਵਿਚੋਂ ਵੀ ਪ੍ਰਭੂ ਪ੍ਰੇਮ ਦਾ ਝਲਕਾਰਾ ਹੈ। ਇਹ ਧਾਰਨਾ ਬੜੀ ਅਰਥ ਭਰਪੂਰ ਹੈ ਕਿ ਫਰੀਦ ਬਾਣੀ ਦਾ ਇਕੋ ਇਕ ਰਚਨਾਤਮਕ ਸੂਤਰ ਵਿਜੋਗ ਦੀ ਤਿੱਖੀ ਸੁਰ ਹੈ, ਜੋ ਅਨੁਭਵ ਦੇ ਝਰੋਖੇ ਵਿਚੋਂ ਪੈਦਾ ਹੋਈ ਹੈ। ਤਨ ਝਾਗੇ ਅਨੁਭਵ ਫਰੀਦ ਬਾਣੀ ਦੀ ਬ੍ਰਿਹਾ ਸੰਵੇਦਨਾ ਦਾ ਝਰੋਖਾ ਉਸਾਰਦੇ ਹਨ।

ਸ਼ੋਧ ਪ੍ਰਬੰਧ ਦਾ ਤੀਜਾ ਅਧਿਆਇ 'ਗੁਰੂ ਨਾਨਕ ਬਾਣੀ ਦੀ ਬ੍ਰਿਹਾ ਸੰਵੇਦਨਾ' ਨਾਲ ਸੰਬੰਧਿਤ ਹੈ। ਬਾਣੀ ਚਿੰਤਨ ਦਾ ਮੂਲ ਪੈਰਾਡਾਇਮ ਹੀ ਪ੍ਰਭੂ ਪ੍ਰੇਮਾ ਭਗਤੀ ਹੈ। ਇਹੀ ਪ੍ਰੇਮਾ ਭਗਤੀ ਮਨੁੱਖ ਨੂੰ ਪ੍ਰਭੂ ਮਿਲਾਪ ਤਕ ਲੈ ਕੇ ਜਾਂਦੀ ਹੈ। ਬਾਣੀ ਅਨੁਸਾਰ ਪ੍ਰੇਮ ਕਰਨ ਵਾਲਾ ਹੀ ਪ੍ਰਭੂ ਨੂੰ ਪ੍ਰਾਪਤ ਕਰਦਾ ਹੈ। ਇਹੀ ਪ੍ਰੇਮਾ ਭਗਤੀ ਜਗਿਆਸੂ ਨੂੰ ਆਪਣੇ ਪ੍ਰੀਤਮ ਨਾਲ ਮਿਲਾਉਂਦੀ ਹੈ। ਇਹ ਮਿਲਾਪ ਹੀ ਪਾਰਗਾਮੀ ਅਵਸਥਾ ਹੈ ਜੋ ਜੀਵ-ਇਸਤ੍ਰੀ ਨੂੰ ਮੂਲ ਜੋਤਿ ਦਾ ਹਿੱਸਾ ਬਣਾ ਦਿੰਦਾ ਹੈ। ਗੁਰੂ ਨਾਨਕ ਬਾਣੀ ਵਿਚ ਵੀ ਸਾਰੀ ਯਾਤਰਾ ਵਿਛੋੜੇ ਤੋਂ ਮਿਲਾਪ ਵਾਲੀ ਹੈ। ਇਹ ਮਿਲਾਪ ਹੀ ਜਗਿਆਸੂ ਦੀ ਬ੍ਰਿਹਾ ਪੀੜਾ ਨੂੰ ਸ਼ਾਂਤ ਅਤੇ ਸਹਿਜ ਕਰਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਪ੍ਰੇਮਾ ਭਗਤੀ ਨੂੰ ਸਭ ਤੋਂ ਉੱਤਮ ਅਵਸਥਾ ਮੰਨਦੇ ਹਨ ਜੋ ਜਗਿਆਸੂ ਅੰਦਰਲੀ ਬ੍ਰਿਹਾ ਦੀ ਤਪਸ਼ ਨੂੰ ਸ਼ਾਂਤ ਕਰਦੀ ਹੈ। ਪ੍ਰੇਮ ਜਿਥੇ ਮਿਲਾਪ ਦਾ ਸਾਧਨ ਹੈ, ਉਥੇ ਨਾਲ ਹੀ ਇਸ ਪ੍ਰੇਮ ਦੇ ਚਾਉ ਵਾਲੇ ਕੋਲੋਂ ਸਿਰ ਦੇਣ ਦੀ ਮੰਗ ਕੀਤੀ ਜਾਂਦੀ ਹੈ। ਪ੍ਰਭੂ ਦੀ ਪ੍ਰੇਮ-ਗਲੀ ਵਿਚ ਤਾਂ ਸਿਰ ਤਲੀ ਉਪਰ ਰੱਖ ਕੇ ਆਉਣ ਦੀ ਗੱਲ ਕਹੀ ਗਈ ਹੈ। ਗੁਰੂ ਨਾਨਕ ਬਾਣੀ ਕਿਉਂਕਿ ਬਾਣੀ ਚਿੰਤਨ ਦਾ

ਮੂਲ ਮਾਡਲ ਸਿਰਜਣ ਵਾਲੀ ਹੈ, ਇਸ ਲਈ ਬਾਣੀ ਦਾ ਵੀ ਕੇਂਦਰੀ ਪੈਰਾਡਾਇਮ ਪ੍ਰਭੂ ਵਿਜੋਗ ਤੋਂ ਪ੍ਰਭੂ ਮਿਲਾਪ ਤੀਕ ਹੈ। ਆਪਣੇ ਇਸ ਅਧਿਆਇ ਵਿਚ ਅਸੀਂ ਨਾਨਕ-ਬਾਣੀ ਦੀ ਬ੍ਰਿਹਾ ਵੇਦਨਾ ਉਪਰ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਬਾਣੀ ਦੇ ਕੁਝ ਅਜਿਹੇ ਸਰੋਕਾਰਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਦੇ ਝਰੋਖੇ ਵਿਚ ਬਾਣੀ ਦਾ ਵਿਚਾਰਧਾਰਕ ਪਰਿਪੇਖ ਸਪੱਸ਼ਟ ਹੋ ਜਾਂਦਾ ਹੈ। ਇਹ ਵਿਚਾਰਧਾਰਕ ਪਿੱਠਭੂਮੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਗੁਰਬਾਣੀ ਵਿਚਲੀ ਪ੍ਰੇਮਾ ਭਗਤੀ ਸੂਫੀਆਂ ਨਾਲੋਂ ਵੱਖਰੀ ਤਾਂ ਹੈ ਪਰ ਇਸ ਪ੍ਰੇਮ ਭਗਤੀ ਦੀ ਲੀਲ੍ਹਾ ਨਿਵੇਕਲੀ ਹੈ। ਬ੍ਰਿਹਾ ਵੇਦਨਾ ਵੀ ਬਾਣੀ ਵਿਚ ਹੈ ਪਰ ਇਸ ਵੇਦਨਾ ਦੀ ਹੂਕ ਠਹਿਰੀ ਹੋਈ ਹੈ। ਇਹ ਸਾਰੇ ਮਸਲੇ ਉਦੋਂ ਸਪੱਸ਼ਟ ਹੋ ਜਾਂਦੇ ਹਨ ਜਦੋਂ ਅਸੀਂ ਬਾਣੀ ਦਾ ਉਹ ਵਿਚਾਰਧਾਰਕ ਬਿੰਬ ਉਸਾਰਦੇ ਹਾਂ ਜੋ ਜਗਿਆਸੂ ਦੀ ਹੋਂਦ ਦੇ ਆਰ ਪਾਰ ਫੈਲਿਆ ਹੋਇਆ ਹੈ। ਇਸੇ ਬਿੰਬ ਵਿਚੋਂ ਹੀ ਨਾਨਕ ਬਾਣੀ ਦੀ ਬ੍ਰਿਹਾ ਵੇਦਨਾ ਦੀ ਲੀਲ੍ਹਾ ਸਾਕਾਰ ਹੁੰਦੀ ਹੈ।

ਗੁਰੂ ਨਾਨਕ ਬਾਣੀ ਅਨੁਸਾਰ ਪ੍ਰਭੂ ਪ੍ਰੇਮ ਦਾ ਰੰਗ ਏਨਾ ਗੂੜ੍ਹਾ ਹੈ ਕਿ ਨਾਮ ਤੋਂ ਬਿਨਾਂ ਇਨ੍ਹਾਂ ਲਈ ਜੀਉਣਾ ਇਕ ਬੰਧਨ ਬਣ ਜਾਂਦਾ ਹੈ। ਸ਼ਬਦਿ ਸੁਰਤਿ ਅੰਦਰਲੀ ਹਸਤੀ ਨੂੰ ਅਜਿਹਾ ਸੰਵਾਰਦਾ ਹੈ ਕਿ ਮਨ ਇਕ ਪਾਰਗਾਮੀ ਅਵਸਥਾ ਵਿਚ ਪਹੁੰਚ ਕੇ ਟਿਕ ਜਾਂਦਾ ਹੈ। ਸ਼ਬਦ ਅੰਮ੍ਰਿਤ ਹੀ ਇਨ੍ਹਾਂ ਦੀ ਪਿਆਸ ਬਣ ਜਾਂਦੀ ਹੈ। ਪ੍ਰਭੂ ਨੂੰ ਮਨੋਂ ਤਨੋਂ ਪਿਆਰ ਕਰਨ ਵਾਲੀ ਜੀਵਾਤਮਾ ਮਜੀਠੇ ਰੰਗ ਵਿਚ ਰੰਗੀ ਜਾਂਦੀ ਹੈ। ਉਨ੍ਹਾਂ ਲਈ "ਬਿਨੁ ਨਾਵੈ ਧ੍ਰਿਗੁ ਵਾਸੁ ਫਿਟੁ ਸੁ ਜੀਵਿਆ" ਵਾਲੀ ਅਵਸਥਾ ਪੈਦਾ ਹੋ ਜਾਂਦੀ ਹੈ। ਅਜਿਹੀ ਜੀਵਾਤਮਾ ਪ੍ਰਭੂ ਦੇ ਦਰਿ ਬਿਨਾਂ ਇਕ ਪਲ ਨਹੀਂ ਜੀਉਂਦੀਆਂ। ਸਪੱਸ਼ਟ ਵਿਚਾਰ ਪ੍ਰਗਟਾਇਆ ਗਿਆ ਹੈ ਕਿ ਪਰਮਾਤਮਾ ਦੇ ਪ੍ਰੇਮ ਵਿਚ, ਉਸ ਦੇ ਵੈਰਾਗ ਅਤੇ ਬ੍ਰਿਹਾ ਭਾਵ ਵਿਚ ਜੀਊਣ ਵਾਲਾ ਜਗਿਆਸੂ ਹੀ ਅਸਲ ਵਿਚ ਪ੍ਰੇਮਾ ਭਗਤੀ ਦੇ ਰਾਹ ਦਾ ਸਵਾਮੀ ਹੈ। ਇਹ ਵੀ ਸੰਕੇਤ ਬਾਣੀ ਵਿਚੋਂ ਮਿਲਦਾ ਹੈ ਕਿ ਪ੍ਰੇਮਾ ਭਗਤੀ ਹੀ ਬਾਣੀ ਸੰਸਾਰ ਵਿਚ ਉਚੇਰੀ ਅਵਸਥਾ ਹੈ। ਪ੍ਰੇਮਾ ਭਗਤੀ ਦੇ ਇਸ ਬਿੰਬ ਨੂੰ ਬਾਣੀਕਾਰ ਗੁਰੂ ਨਾਨਕ ਨੇ ਭਗਤੀ ਅਤੇ

ਸੰਸਾਰਕਤਾ ਦੀ ਵਿਰੋਧੀ ਜੁੱਟ ਰਾਹੀਂ ਪ੍ਰਸਤੁਤ ਕੀਤਾ ਹੈ। ਸੰਸਾਰਕਤਾ ਵਿਚ ਭੋਗ ਹੈ, ਭਗਤੀ ਵਿਚ ਜੋਗ ਹੈ। ਦੋਵੇਂ ਇਕ ਦੂਜੇ ਦੇ ਵਿਰੋਧ ਵਿਚ ਹਨ। ਇਸੇ ਲਈ ਇਸ ਵਾਰ ਦੀ ਸੋਲ੍ਹਵੀਂ ਪਉੜੀ ਵਿਚ ਇਹ ਕਿਹਾ ਗਿਆ ਹੈ ਕਿ ''ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ।।'' ਸੰਸਾਰਕਤਾ ਵਿਚ ਮੋਹ ਮਾਇਆ ਹੈ ਜਿਸ ਨੂੰ ਗੁਰੂ ਨਾਨਕ ਕੂੜ ਕਹਿੰਦੇ ਹਨ। ਬਾਣੀ ਦਾ ਅਸਲ ਮੰਤਵ ਹੀ ਇਸ ਕੂੜ ਦੀ ਪਾਲ ਨੂੰ ਤੋੜਨਾ ਹੈ। ਸੰਸਾਰਕਤਾ ਵਿਚ ਪੰਜੇ ਵਿਕਾਰ ਵਧਦੇ ਫੂਲਦੇ ਹਨ, ''ਚਲਣ ਸਾਰ ਨ ਜਾਣਨੀ ਕਾਮੁ ਕਰੋਧੁ ਵਿਸੁ ਵਧਾਇਆ।'' ਜਦ ਕਿ ਭਗਤ ''ਸਚੋ ਸੱਚੁ'' ਕਮਾਉਂਦਾ ਹੈ। ਬੁਨਿਆਦੀ ਟਕਰਾਓ ਹੀ ਇਹ ਹੈ ਕਿ ਭਗਤ ਤਾਂ ਅੰਦਰ ਝਾਕਦਾ ਹੈ ਜਦ ਕਿ ਸੰਸਾਰ ਬਾਹਰ ਵੱਲ ਖਿੱਚਿਆ ਰਹਿੰਦਾ ਹੈ। ਭਗਤ ਉਹ ਹੈ ਜਿਸ ਨੇ ''ਵਿਚਹੁ ਆਪੁ ਗਵਾਇਆ'' ਹੈ ਅਤੇ ਉਸ ਦਾ ''ਖਸਮੈ ਕੈ ਦਰਿ ਮੁਖ ਉਜਲੇ'' ਹੈ। ਦੂਜੇ ਪਾਸੇ ''ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ ਬੋਲਿ ਬੋਲਿ ਬਿਖੁ ਖਾਇਆ'' ਹੈ। ਇਨ੍ਹਾਂ ਦੋਹਾਂ ਵਿਚ ਪਰਸਪਰ ਦੂਰੀਆਂ ਹਨ। ਇਨ੍ਹਾਂ ਦੂਰੀਆਂ ਵਿਚ ਇਕ ਕੋਲ ਮੁਕਤੀ ਹੈ, ਦੂਜੇ ਕੋਲ ਆਵਾਗੌਣ ਦੀ ਮਾਰ ਹੈ। ਵਾਰ ਵਿਚ ਸਪੱਸ਼ਟ ਕੀਤਾ ਹੈ ਕਿ ''ਕਰਤਾ ਆਪਿ ਅਭੁਲੁ ਹੈ'' ਇਸ ਲਈ ਸੰਸਾਰੀ ਨੂੰ ਚੋਟਾਂ ਖਾਣੀਆਂ ਪੈਣੀਆਂ ਹਨ।

ਗੁਰੂ ਨਾਨਕ ਨੇ ਆਪਣੀ ਅਧਿਆਤਮਕ ਵਾਰ 'ਮਾਝ ਕੀ ਵਾਰ' ਵਿਚ ਪ੍ਰਭੂ ਪ੍ਰੇਮ ਭੋਜਨ ਰਾਹੀਂ ਅਗਨੀ ਨੂੰ ਸ਼ਾਂਤ ਕਰਨ ਦਾ ਮਾਰਗ ਦੱਸਿਆ ਹੈ। ''ਸਚਾ ਭੋਜਨੁ ਭਾਉ ਸਤਿਗੁਰਿ ਦੱਸਿਆ'' ਹੀ ਮਨੁੱਖ ਨੂੰ ਅੰਦਰੋਂ ਸ਼ਾਂਤ ਕਰ ਸਕਦਾ ਹੈ। ਪ੍ਰਭੂ ਦਾ ਨਾਮ ਮੰਨਣ ਸੁਣਨ ਨਾਲ ਅੰਦਰਲੇ ਵਿਕਾਰ ਮਿਟਦੇ ਹਨ। ਵਾਰ ਵਿਚ ਹਮੇਸ਼ਾ ਫ਼ੈਸਲਾ ਰਣਭੂਮੀ ਵਿਚ ਹੁੰਦਾ ਹੈ। ਅਧਿਆਤਮਕ ਵਾਰਾਂ ਵਿਚ ਇਹ ਰਣਭੂਮੀ ਮਨੁੱਖੀ ਸਰੀਰ ਹੈ। ਇਸੇ ਸਰੀਰ ਵਿਚੋਂ ਦੇਵਤਾ ਜਗਾ ਲਓ ਜਾਂ ਇਸੇ ਵਿਚੋਂ ਰਾਖਸ਼ਸ। ਯੁੱਧ ਅੰਦਰ ਹੋ ਰਿਹਾ ਹੈ। ਸੱਚ ਕੂੜ ਵਿਚ ਟਕਰਾਓ ਰਹਿਣਾ ਹੀ ਹੈ। ''ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ'' ਦਾ ਮਾਡਲ ਇਹੀ ਸੰਕੇਤ ਕਰਦਾ ਹੈ ਕਿ ''ਤਨ ਮਹਿ ਤ੍ਰਿਸਨਾ ਅਗਿ ਸ਼ਬਦਿ ਬੁਝਾਈਐ'' ਭਾਵ ਇਹ ਅੱਗ ਸ਼ਾਂਤ ਉਦੋਂ ਹੋਵੇਗੀ ਜਦੋਂ

ਅੰਦਰ ਮਨ ਨੂੰ ਜਿੱਤਣ ਦੀ ਸ਼ਕਤੀ ਪੈਦਾ ਹੋਵੇਗੀ। ਇਨ੍ਹਾਂ ਪਉੜੀਆਂ ਵਿਚ ਜਿਸ ਟਕਰਾਓ ਦਾ ਸੰਕੇਤ ਬਾਰ ਬਾਰ ਆਇਆ ਹੈ, ਉਹ ਸੰਕੇਤ ਸੱਚ ਕੂੜ ਅਤੇ ਗਿਆਨ-ਅਗਿਆਨ ਵਿਚਕਾਰ ਹੈ। ਗੁਰੂ ਸਪੱਸ਼ਟ ਕਹਿ ਰਹੇ ਹਨ ਕਿ "ਝੂਠਾ ਇਹੁ ਸੰਸਾਰੁ ਕਿਨਿ ਸਮਝਾਈਐ।।" ਪਰੰਤੂ ਸਥਿਤੀ ਦੀ ਤ੍ਰਾਸਦੀ ਇਹ ਹੈ ਕਿ ਗੁਰੂ ਅਨੇਕ ਵਾਰ ਮਨੁੱਖ ਨੂੰ ਚੇਤੰਨ ਕਰ ਰਹੇ ਹਨ ਪਰ ਮਾਇਆ ਦੀ ਸ਼ਕਤੀ ਏਨੀ ਬਲਵਾਨ ਹੈ ਕਿ ਕੂੜ ਦੀ ਪਾਲ ਵਿਚ ਮਨੁੱਖ ਡੱਸਿਆ ਜਾ ਰਿਹਾ ਹੈ। ਅਧਿਆਤਮਕ ਸੰਸਾਰ ਵਿਚ ਮਨੁੱਖ ਨੂੰ ਡੁੱਬਣੋਂ ਜਿੰਨਾ ਵਰਜਿਆ ਗਿਆ ਹੈ, ਮਨੁੱਖ ਉਨਾ ਹੀ ਫਿਰ ਇਸ ਵਿਚ ਫਸ ਜਾਂਦਾ ਹੈ। ਕਾਰਣ ਮਾਇਆ ਅੰਦਰ ਵੀ ਹੈ ਅਤੇ ਬਾਹਰ ਵੀ। ਅਜਿਹੀ ਸਥਿਤੀ ਨੂੰ ਗੁਰੂ ਨਾਨਕ ਇੰਜ ਕਹਿੰਦੇ ਹਨ ਕਿ ਕਿਸੇ ਵਿਰਲੇ ਨੂੰ ਹੀ ਕੂੜ ਦੀ ਪਾਲ ਦੀ ਸਮਝ ਆਉਂਦੀ ਹੈ। ਮਾਡਲ ਇਹ ਉਸਾਰਿਆ ਹੈ ਕਿ ਜੀਵਦਿਆਂ ਹੀ ਮਰਨ ਦੀ ਜਾਚ ਸਿੱਖਣੀ ਪਵੇਗੀ। ਤ੍ਰਿਸ਼ਨਾਵਾਂ ਭਟਕਾ ਰਹੀਆਂ ਹਨ ਅਤੇ ਜਦੋਂ ਕੂੜ ਦੀ ਕੰਧ ਉਸਰ ਜਾਂਦੀ ਹੈ ਤਾਂ ਪਲੋ ਪਲੀ ਤੁਰਨਾ ਪੈ ਜਾਂਦਾ ਹੈ।[8] ਬਾਣੀ ਦਾ ਇਹ ਰਹੱਸ ਬੜਾ ਵਿਚਾਰਨਯੋਗ ਹੈ ਕਿ ਜੀਂਵਦਿਆਂ ਮਰਨ ਦੀ ਜਾਚ ਉਸ ਜਗਿਆਸੂ ਨੂੰ ਆਉਂਦੀ ਹੈ ਜੋ ਪ੍ਰੇਮ ਭਾਵਨਾ ਵਿਚ ਲੀਨ ਹੋ ਜਾਂਦਾ ਹੈ। ਅਜਿਹੇ ਜਗਿਆਸੂ ਲਈ ਸੰਸਾਰਕਤਾ ਉਪਰਾਮਤਾ ਪੈਦਾ ਕਰਦੀ ਹੈ। ਬਾਣੀ ਵਿਚ ਜੀਵ ਨੂੰ ਪ੍ਰੇਮ ਦੀ ਭਾਵਨਾ ਪੈਦਾ ਕਰਨ ਵੱਲ ਪ੍ਰੇਰਿਆ ਹੈ। ਜਿਨ੍ਹਾਂ ਅੰਦਰ ਪ੍ਰਭੂ ਪ੍ਰੇਮ ਦੀ ਚਿਣਗ ਜਾਗ ਪੈਂਦੀ ਹੈ, ਉਹ ਹਰ ਪਲ ਵਿਆਕੁਲ ਰਹਿੰਦੇ ਹਨ, ਅੰਦਰ ਇਕ ਵਿਛੋੜੇ ਦੀ ਸਥਿਤੀ ਬਣ ਰਹਿੰਦੀ ਹੈ। ਪ੍ਰੇਮ ਵਿਚ ਸ਼ਰਸ਼ਾਰ ਭਗਤੀ ਹੀ ਜਗਿਆਸੂ ਦੀ ਕਮਾਈ ਮੰਨੀ ਗਈ ਹੈ। ਜੋ ਪ੍ਰੇਮ ਵਿਚ ਰੱਤੇ ਹੋਏ ਹਨ, ਉਨ੍ਹਾਂ ਭਗਤਾਂ ਨੂੰ ਪ੍ਰਭੂ ਆਪਣੇ ਨਾਲ ਮਿਲਾ ਲੈਂਦਾ ਹੈ। ਗੁਰੂ ਸਾਹਿਬਾਨ ਸੰਸਾਰੀ ਜੀਵਾਂ ਨੂੰ ਪਰਮਾਤਮਾ ਦੀ ਭਗਤੀ ਕਰਨ ਲਈ ਪ੍ਰੇਰਦੇ ਹਨ, ਉਥੇ ਉਹ ਇਸ ਪੂਰੇ ਦਿਨ ਨੂੰ ਚਾਰ ਪਹਿਰਾਂ ਵਿਚ ਵੰਡ ਕੇ ਉਸ ਦੀ ਭਗਤੀ ਕਰਨ ਦੇ ਸਹੀ ਸਮੇਂ ਦੀ ਪਹਿਚਾਣ ਵੀ ਕਰਵਾਉਂਦੇ ਹਨ। ਗੁਰੂ ਸਾਹਿਬ ਅਨੁਸਾਰ ਪਹਿਲੇ ਪਹਿਰ ਭਾਵ ਪ੍ਰਭਾਤ ਵੇਲੇ ਜੋ

ਵਾਹਿਗੁਰੂ ਜੀ ਦੀ ਸਿਫਤਿ-ਸਾਲਾਹ ਕਰਦੇ ਹਨ ਤੇ ਉਸ ਪ੍ਰਭੂ ਨੂੰ ਇਕ ਮਨ ਹੋ ਕੇ ਅਰਾਧਦੇ ਹਨ, ਅਸਲ ਵਿਚ ਉਹੀ ਪੂਰੇ ਸ਼ਾਹ ਹਨ, ਜੋ ਸਹੀ ਸਮੇਂ ਸਿਰ ਸੰਕਲਪ ਵਿਕਲਪ ਦੀ ਸੈਨਾ ਨਾਲ ਜੂਝਦੇ ਹਨ ਭਾਵ ਅੰਮ੍ਰਿਤ ਵੇਲੇ ਮਨ ਨਾਲ ਜੰਗ ਕਰਦੇ ਅਤੇ ਆਲਸ ਨੂੰ ਛੱਡ ਕੇ ਬੰਦਗੀ ਕਰਨ ਦਾ ਉੱਦਮ ਕਰਦੇ ਹਨ। ਦੂਜੇ ਪਹਿਰ ਵਿਚ ਦਿਨ ਚੜ੍ਹਿਆਂ ਮਨ ਦੀਆਂ ਮਤਾਂ ਅਨੇਕਾਂ ਹੀ ਮਨੋਰਥਾਂ ਵੱਲ ਖਿੰਡ ਜਾਂਦੀਆਂ ਹਨ, ਮਨ ਕਈ ਪਾਸੀਂ ਦੌੜਦਾ ਹੈ, ਉਹ ਦੁਨੀਆਂ ਵਿਚ ਐਸੇ ਫਸਦੇ ਹਨ ਕਿ ਨਿਕਲ ਹੀ ਨਹੀਂ ਸਕਦੇ। ਤੀਜੇ ਪਹਿਰ ਵੇਲੇ ਭੁੱਖ ਤੇ ਤ੍ਰੇਹ ਦੋਵੇਂ ਹੀ ਮਨੁੱਖ ਨੂੰ ਆ ਘੇਰਦੀਆਂ ਹਨ ਤੇ ਜੀਵ ਰੋਟੀ ਬਣਾਉਣ ਖਾਣ ਦੇ ਆਹਰ ਵਿਚ ਜੁੱਟ ਜਾਂਦਾ ਹੈ। ਚੌਥੇ ਪਹਿਰ ਭਾਵ ਰਾਤ ਨੂੰ ਨੀਂਦ ਦੀ ਊਂਘ ਆ ਜਾਂਦੀ ਹੈ, ਭਾਵ ਨੀਂਦ ਆ ਦਬਾਉਂਦੀ ਹੈ ਤੇ ਮਨੁੱਖ ਅੱਖਾਂ ਮੀਟ ਕੇ ਘੂਕ ਨੀਂਦ ਵਿਚ ਸੌਂ ਜਾਂਦਾ ਹੈ। ਫਿਰ ਸਵੇਰੇ ਨੀਂਦਰੋਂ ਉਠ ਕੇ ਸੰਸਾਰਕ ਵਿਉਹਾਰਾਂ ਦੇ ਝਗੜੇ ਮਚਾ ਲੈਂਦਾ ਹੈ ਤੇ ਉਸ ਵਿਚ ਹੀ ਉਲਝਿਆ ਰਹਿੰਦਾ ਹੈ। ਇਸ ਲਈ ਗੁਰੂ ਸਾਹਿਬਾਨ ਮਨੁੱਖ ਨੂੰ ਸਮਝਾਉਂਦੇ ਹਨ ਕਿ ਇਕ ਅੰਮ੍ਰਿਤ ਵੇਲਾ ਹੀ ਸਿਮਰਨ ਲਈ ਜ਼ਰੂਰੀ ਹੈ ਪਰ ਜਦੋਂ ਅੰਮ੍ਰਿਤ ਵੇਲੇ ਦੇ ਅਭਿਆਸ ਨਾਲ ਅੱਠੇ ਪਹਿਰ ਪਰਮਾਤਮਾ ਦਾ ਡਰ ਅਦਬ ਮਨ ਵਿਚ ਟਿਕ ਜਾਏ ਤਾਂ ਸਾਰੇ ਵੇਲੇ ਸਾਰੇ ਵਕਤ ਸਫਲ ਹਨ। ਬਾਣੀ ਚਿੰਤਨ ਦੇ ਇਹ ਸਾਰੇ ਸਰੋਕਾਰ ਜੀਵ ਨੂੰ ਪ੍ਰੇਮ ਦੇ ਰਾਹ ਉਪਰ ਤੁਰਨ ਵੱਲ ਪ੍ਰੇਰਦੇ ਹਨ।

ਬਾਣੀ ਚਿੰਤਨ ਦੀ ਮਾਨਤਾ ਹੈ ਕਿ ਪ੍ਰਭੂ ਸੰਜੋਗ ਵਿਜੋਗ ਦੀ ਲੀਲ੍ਹਾ ਰਚਨ ਵਾਲਾ ਹੈ। ਵਿਜੋਗ ਪ੍ਰਭੂ ਤੋਂ ਦੂਰ ਜਾਣ ਵਿਚ ਹੈ, ਸੰਜੋਗ ਉਸ ਸਤਿਗੁਰ ਦੇ ਹੱਥ ਵਿਚ ਹੈ ਜੋ ਰੋਗ ਸੋਗ ਅਤੇ ਭੋਗ ਤੋਂ ਮੁਕਤੀ ਦਿਵਾਉਂਦਾ ਹੈ। ''ਕਾਇਆ ਹੰਸਿ'' ਭਾਵ ਸਰੀਰ ਤੇ ਆਤਮਾ ਦਾ ਮੇਲ ਕਰਵਾਉਣ ਵਾਲਾ ਪ੍ਰਭੂ ਆਪ ਹੈ ਪਰੰਤੂ ਵਿਅੰਗ ਇਹ ਹੈ ਕਿ ਪ੍ਰਭੂ ਤਾਂ ਸੰਜੋਗ ਕਰਵਾਉਣ ਦੀ ਭੂਮਿਕਾ ਨਿਭਾਉਂਦਾ ਹੈ ਪਰ ਮਨੁੱਖ ਭੋਗਾਂ ਤੇ ਸੁੱਖਾਂ ਦੇ ਸੁਆਦ ਵਿਚ ਪ੍ਰਭੂ ਨਾਲੋਂ ਵਿਛੜ ਜਾਂਦਾ ਹੈ। ਸਾਰੇ ਦੁੱਖਾਂ ਦਾ ਕਾਰਨ ਮਨੁੱਖ ਆਪ ਹੈ ਜੋ ਮਾਇਆ ਅਤੇ ਅਗਿਆਨਤਾ ਵਿਚ ਫਸਿਆ ਆਪਣੇ

ਰਚਨਾਕਾਰ ਤੋਂ ਦੂਰ ਚਲਾ ਜਾਂਦਾ ਹੈ। ਸੰਜੋਗ ਵਿਜੋਗ ਦੀ ਲੀਲ੍ਹਾ ਦੇ ਰਹੱਸ ਨੂੰ ਸਤਿਗੁਰ ਸਮਝਾਉਣ ਵਾਲਾ ਹੈ ਜੋ ਅਗਿਆਨ ਤੋਂ ਗਿਆਨ ਵੱਲ ਲੈ ਕੇ ਜਾਂਦਾ ਹੈ। ਬਾਣੀ ਦੀ ਵਿਚਾਰਧਾਰਾ ਵਿਚੋਂ ਜੋ ਮਾਨਤਾਵਾਂ ਸਾਕਾਰ ਹੋਈਆਂ ਹਨ, ਉਨ੍ਹਾਂ ਨੂੰ ਇੰਜ ਪਰਿਭਾਸ਼ਤ ਕੀਤਾ ਜਾ ਸਕਦਾ ਹੈ ਕਿ ਜੀਵ ਪ੍ਰਭੂ ਦੀ ਸਿਰਜਣਾ ਤਾਂ ਹੈ ਪਰ ਇਸ ਸਿਰਜਣਾ ਦੀ ਸਥਿਤੀ ਵਿਛੋੜੇ ਵਾਲੀ ਹੈ। ਮਨੁੱਖ ਜੋਤਿ ਸਰੂਪ ਹੀ ਸੀ ਪਰ ਧਰਤੀ ਉਪਰ ਆਉਣਾ ਉਸ ਨੂੰ ਵਿਜੋਗ ਦੀ ਅਵਸਥਾ ਦੀ ਚੇਤਨਾ ਦੇਂਦਾ ਹੈ। ਮਾਨਵੀ ਮੁੱਕਤੀ ਦਾ ਪ੍ਰਤਿਮਾਨ ਇਹ ਹੈ ਕਿ ਉਹ ਨਾਮ ਸਿਮਰਨ ਅਤੇ ਪ੍ਰੇਮਾ ਭਗਤੀ ਵਿਚ ਟਿਕ ਕੇ ਜੋਤਿ ਸੰਗ ਦੁਬਾਰਾ ਲੀਨ ਹੋ ਜਾਵੇ। ਲੀਨ ਹੋਣ ਦਾ ਇਕੋ ਇਕ ਆਧਾਰ ਹਰ ਛਿੰਨ੍ਹ ਪ੍ਰਭੂ ਪ੍ਰੇਮ ਅਤੇ ਪ੍ਰਭੂ ਵਿਜੋਗ ਵਿਚ ਟਿਕੇ ਰਹਿਣਾ ਹੈ। ਧਿਆਨਯੋਗ ਨੁੱਕਤਾ ਇਹ ਹੈ ਕਿ ਗੁਰੂ ਸਾਹਿਬਾਨ ਆਪਣੇ ਵਿਛੋੜੇ/ਬ੍ਰਿਹਾ ਭਾਵਾਂ ਨੂੰ ਸੂਫੀਆਂ ਵਾਂਗ ਸ਼ੋਖ ਪ੍ਰਗਟਾਵੇ ਰਾਹੀਂ ਨਹੀਂ ਕਰਦੇ ਬਲਕਿ ਬੜੇ ਸਹਿਜ ਵਿਚ ਨਿਮਰਤਾ ਦਾ ਪ੍ਰਤੀਕ ਬਣ ਕੇ ਪ੍ਰਗਟਾਉਂਦੇ ਹਨ। ਗੁਰੂ ਸਾਹਿਬਾਨ ਦੀ ਪ੍ਰੇਮਾ ਭਗਤੀ ਵਿਚ ਬੇਨਤੀ ਭਾਵ ਹਰ ਪਲ ਬਣੇ ਰਹਿੰਦੇ ਹਨ। ਇਹ ਸਥਿਤੀ ਤਾਂ ਸਪੱਸ਼ਟ ਹੈ ਕਿ ਜਿਥੇ ਪ੍ਰੇਮਾਭਗਤੀ ਹੈ, ਉਥੇ ਨਾ ਮਿਲਣ ਦੀ ਅਵਸਥਾ ਵਿਚ ਬ੍ਰਿਹਾ ਵੇਦਨਾ ਬਣੀ ਰਹਿੰਦੀ ਹੈ। ਬਾਣੀਕਾਰ ਆਪਣੀ ਇਸ ਬ੍ਰਿਹਾ ਵੇਦਨਾ ਨੂੰ ਤਿੱਖੀ ਸੁਰ ਵਿਚ ਨਹੀਂ ਪ੍ਰਗਟਾਉਂਦੇ ਬਲਕਿ ਅਰਜ਼ੋਈ ਦੇ ਰੂਪ ਆਪਣੀ ਵੇਦਨਾ ਜ਼ਾਹਰ ਕਰਦੇ ਹਨ। ਇਹੀ ਰਹੱਸ ਹੈ ਕਿ ਜਿਥੇ ਸੂਫੀ ਸ਼ਾਇਰੀ ਆਪਣੀ ਵਿਜੋਗ ਭਾਵਨਾ ਨੂੰ ਆਸ਼ਕ ਮਾਸ਼ੂਕ ਦੇ ਪ੍ਰਤੀਕ ਵਿਚ ਪ੍ਰਗਟਾਉਂਦੇ ਹਨ, ਉਥੇ ਗੁਰੂ ਸਾਹਿਬਾਨ ਆਪਣੀ ਇਸ ਬ੍ਰਿਹਾ ਹੂਕ ਨੂੰ ਪਤੀ ਪਤਨੀ ਦੇ ਰੂਪਕ ਰਾਹੀਂ ਸਿਰਜਦੇ ਹਨ। ਪ੍ਰਤੀਕ ਦੀ ਭਿੰਨਤਾ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਜਿਥੇ ਪ੍ਰੇਮੀਆਂ ਵਿਚਕਾਰ ਪ੍ਰਗਟਾਵਾ ਸ਼ੋਖ ਹੋਵੇਗਾ, ਉਥੇ ਪਤੀ ਪਤਨੀ ਵਿਚਕਾਰ ਸਹਿਜ ਅਤੇ ਠਹਿਰਾਓ ਹੋਵੇਗਾ। ਬਾਣੀਕਾਰ ਪ੍ਰੇਮ ਦੀ ਵਿਜੋਗੀ ਸਥਿਤੀ ਵਿਚ ਨੈਤਿਕ ਬੰਧਨਾਂ ਦੀ ਉਲੰਘਣਾ ਨਹੀਂ ਕਰਦੇ।

ਸਪੱਸ਼ਟ ਸੰਕੇਤ ਹੈ ਕਿ 'ਮਿਲਿਆ ਹੋਇ ਨ ਵਿਛੁੜੇ, ਜਿਸ ਅੰਤਰਿ ਜੋਤਿ ਅਪਾਰ।।'' ਮਨੁੱਖ ਨੂੰ ਜਦੋਂ ਆਪਣੇ ਪਿੰਡੇ ਵਿਚੋਂ ਰੱਬੀ ਜੋਤਿ ਦਿਖਾਈ ਦਿੰਦੀ ਹੈ ਤਾਂ ਉਹ ਇਸ ਜੋਤਿ ਨੂੰ ਗਿਆਨ ਰਾਹੀਂ ਸਮਝਣ ਦਾ ਜਤਨ ਕਰਦਾ ਹੈ। ਗਿਆਨ ਵਿਛੜੇ ਹੋਏ ਜਗਿਆਸੂ ਨੂੰ ਪੂਰੇ ਬ੍ਰਹਿਮੰਡ ਵਿਚੋਂ ਪ੍ਰਭੂ ਦਾ ਜਲੌ ਦਿਖਾਉਂਦਾ ਹੈ। ਇਹੀ ਰਹੱਸ ਹੈ ਕਿ ਜੀਵ ਅੰਦਰ ਮਿਲਾਪ ਦੀ ਚਿਣਗ ਪੈਦਾ ਹੋ ਜਾਂਦੀ ਹੈ। ਇਹ ਚੇਤਨਾ ਪ੍ਰਬਲ ਹੋ ਜਾਂਦੀ ਹੈ ਕਿ ''ਸਹਿਜੇ ਹੋਇ ਮਿਲਾਵੜਾ, ਸਾਚੇ ਸਾਚੁ ਮਿਲਾਉ।'' ਬ੍ਰਿਹਾ ਅੰਦਰੋਂ ਮਿਲਾਪ ਵਿਚ ਬਦਲ ਜਾਂਦਾ ਹੈ ਜਦੋਂ ਪ੍ਰਭੂ ਨੂੰ ਜਗਿਆਸੂ ਦੀ ਭਾਵਨਾ ਦਾ ਪਤਾ ਲਗਦਾ ਹੈ। ਇਹੀ ਬ੍ਰਿਹਾ ਮਿਲਾਪ ਦਾ ਬਿੰਦੂ ਸਿਰਜਦਾ ਹੈ। ਇਹੀ ਉਚੇਰੀ ਅਵਸਥਾ ਹੈ। ਇਹੀ ਜੀਵ-ਮੁਕਤੀ ਹੈ।

ਆਪਣੇ ਸ਼ੋਧ ਕਾਰਜ ਦੇ ਚੌਥੇ ਅਧਿਆਇ 'ਗੁਰੂ ਅਰਜਨ ਬਾਣੀ ਦੀ ਬ੍ਰਿਹਾ ਸੰਵੇਦਨਾ' ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੀ ਬ੍ਰਿਹਾ ਸੰਵੇਦਨਾ ਉਪਰ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਅਸੀਂ ਪਿੱਠਭੂਮੀ ਵਿਚ ਗੁਰੂ ਸਾਹਿਬ ਦੀ ਅਲੌਕਿਕ ਸ਼ਖਸੀਅਤ ਅਤੇ ਇਤਿਹਾਸਕ ਕਰਮਭੂਮੀ ਨੂੰ ਵਿਚਾਰਨ ਦਾ ਜਤਨ ਕਰਾਂਗੇ ਤਾਂ ਜੋ ਬ੍ਰਿਹਾ ਸੰਵੇਦਨਾ ਦੀ ਤੜਪ ਅਤੇ ਤਿੱਖੀ ਹੂਕ ਨੂੰ ਪਛਾਣਿਆ ਜਾ ਸਕੇ। ਇਹ ਤੱਥ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦਾ ਵਿਅਕਤਿਤ੍ਵ ਅਤੇ ਬਾਣੀ ਵਿਭਿੰਨ ਪ੍ਰਸੰਗਾਂ ਵਿਚ ਨਿਵੇਕਲਾ ਅਤੇ ਪਾਰਗਾਮੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਅਸੀਂ ਇਸ ਵਿਚਾਰ ਚਰਚਾ ਨੂੰ ਅਧਿਆਇ ਦੇ ਆਰੰਭ ਵਿਚ ਹੀ ਪ੍ਰਸਤੁਤ ਕੀਤਾ ਹੈ। ਸਿੱਖ ਧਰਮ ਅਤੇ ਬਾਣੀ ਚਿੰਤਨ ਵਿਚ ਗੁਰੂ ਅਰਜਨ ਦੇਵ ਜੀ ਦੀ ਇਤਿਹਾਸਕ ਭੂਮਿਕਾ ਬੜੀ ਮੁੱਲਵਾਨ ਹੈ। ਉਹ ਨਾਨਕ-ਗੁਰਗੱਦੀ ਦੇ ਪੰਜਵੇਂ ਗੁਰੂ ਸਨ ਜਿਨ੍ਹਾਂ ਨੇ ਬਾਣੀ ਦਾ ਸੰਕਲਨ ਕਰਕੇ ਪੋਥੀ ਨੂੰ ਪਰਮੇਸਰ ਦਾ ਥਾਨ ਬਣਾਇਆ। ਉਨ੍ਹਾਂ ਦੀ ਪ੍ਰਤਿਭਾ ਦੇ ਅਨੇਕ ਪਾਸਾਰ ਹਨ। ਸ਼ਬਦ ਚੇਤਨਾ ਤੋਂ ਲੈ ਕੇ ਨਗਰ ਚੇਤਨਾ ਤਕ ਉਨ੍ਹਾਂ ਦੀ ਦੈਵੀ ਯਾਤਰਾ ਪਸਰੀ ਹੋਈ ਹੈ। ਉਨ੍ਹਾਂ ਦੀ ਸ਼ਹਾਦਤ ਵੀ ਇਤਿਹਾਸ ਵਿਚ ਅਜਿਹੀ ਕੁਰਬਾਨੀ ਸੀ ਜਿਸ ਨੇ ਗੁਰਮਤਿ ਵਿਚਾਰਧਾਰਾ ਦੀ ਸ਼ਕਤੀ ਦਾ

ਮਾਨਵੀ ਬਿੰਬ ਉਸਾਰਿਆ ਹੈ। ਉਹ ਨਿਮਰਤਾ ਦੇ ਪੁੰਜ, ਰੱਬੀ ਜੋਤਿ ਵਿਚ ਲੀਨ, ਨਿਰਭਉ ਅਤੇ ਨਿਰਵੈਰ ਸਨ। ਉਹ ਨਾ ਤਾਂ ਜਹਾਂਗੀਰੀ ਸ਼ਕਤੀ ਤੋਂ ਡਰੇ ਅਤੇ ਨਾ ਹੀ ਅਮਾਨਵੀ ਸ਼ਕਤੀਆਂ ਨਾਲ ਸਮਝੌਤਾ ਕੀਤਾ। ਉਨ੍ਹਾਂ ਦੀ ਮਹਾਨ ਸ਼ਹਾਦਤ ਇਸੇ ਨਿਰਭਉ ਅਤੇ ਨਿਰਵੈਰ ਹੋਣ ਦਾ ਬਿੰਬ ਹੈ।

ਗੁਰੂ ਅਰਜਨ ਬਾਣੀ ਵਿਚ ਪ੍ਰੀਤਮ ਵਿਛੋੜੇ ਦਾ ਸੱਲ੍ਹ ਬੜਾ ਸੰਵੇਦਨਸ਼ੀਲ ਹੈ ਪਰ ਇਹ ਸਾਰਾ ਪ੍ਰਗਟਾਵਾ ਬੜੇ ਸ਼ਾਂਤ ਬੋਲਾਂ ਵਿਚ ਹੈ। ਨਿਰਮਾਣਤਾ ਅਤੇ ਅਰਜ਼ੋਈ ਇਸ ਬ੍ਰਿਹਾ ਦੇ ਦਰਦ ਦੇ ਨਾਲ ਨਾਲ ਚਲਦੇ ਹਨ। ਬਾਣੀ ਸੰਸਾਰ ਵਿਚ ਬ੍ਰਿਹਾ ਦੀ ਪੀੜਾ ਹੈ ਪਰੰਤੂ ਇਹ ਬ੍ਰਿਹਾ ਮਿਲਾਪ ਦੀਆਂ ਘੜੀਆਂ ਵਿਚ ਨਹੀਂ ਬਦਲਦਾ ਜਦਕਿ ਸੂਫੀ ਸ਼ਾਇਰੀ ਵਿਚ ਮਿਲਾਪ ਦੇ ਬਿੰਬ ਦੇਖੇ ਜਾ ਸਕਦੇ ਹਨ। ਇਸ ਰਹੱਸ ਦਾ ਅੰਤਰ ਹੀ ਇਹ ਹੈ ਕਿ ਬਾਣੀ ਆਪਣੀ ਮਰਯਾਦਾ ਤੋਂ ਬਾਹਰ ਨਹੀਂ ਜਾਂਦੀ। ਪਤੀ ਪਤਨੀ ਵਿਚਕਾਰ ਜੋ ਵਿੱਥ ਰਹਿੰਦੀ ਹੈ, ਉਹ ਵਿੱਥ ਪ੍ਰੇਮੀ ਪ੍ਰੇਮਿਕਾ ਦੇ ਪ੍ਰਤੀਕ ਵਿਚ ਨਹੀਂ ਰਹਿੰਦੀ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਦੀ ਸੰਵੇਦਨਾ ਨੂੰ ਪ੍ਰਕ੍ਰਿਤੀ ਦੇ ਝਰੋਖੇ ਨਾਲ ਜੋੜ ਕੇ ਸਾਰੀ ਸਥਿਤੀ ਨੂੰ ਜੀਵੰਤ ਝਾਕੀ ਦਿਤੀ ਹੈ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਦੇ ਦਰਦ ਨੂੰ ਨਿਮਰਤਾ ਅਤੇ ਅਰਦਾਸ ਰਾਹੀਂ ਸਹਿਨ ਦਾ ਆਦੇਸ਼ ਉਪਦੇਸ਼ ਹੈ। ਬਾਣੀ ਸੰਸਾਰ ਦੇ ਅੰਤਰਗਤ ਗੱਲ ਕਰੀਏ ਤਾਂ ਇਸ ਤੱਥ ਦਾ ਗਿਆਨ ਹੋਵੇਗਾ ਕਿ ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਭਾਵ ਸਭ ਗੁਰੂ ਸਾਹਿਬਾਨ ਨਾਲੋਂ ਵਧੇਰੇ ਹੈ, ਟਿਕਾਓ ਵਿਚ ਹੈ ਅਤੇ ਅਨੁਭਵ ਦੀ ਲੀਲ੍ਹਾ ਵਿਚੋਂ ਉਸਰਿਆ ਹੈ। ਗੁਰੂ ਅਰਜਨ ਬਾਣੀ ਵਿਚ ਸਿਧਾਂਤ ਜਾਂ ਦਰਸ਼ਨ ਨੂੰ ਕੇਂਦਰੀ ਵਿਚਾਰ ਨਹੀਂ ਬਣਾਇਆ। ਉਨ੍ਹਾਂ ਦੀ ਬਾਣੀ ਦਾ ਸੂਤਰ ਪ੍ਰੇਮਾ ਭਗਤੀ ਹੈ। ਪਿਰੁ ਵਿਜੋਗ ਹੈ ਅਤੇ ਮਿਲਾਪ ਲਈ ਅਰਦਾਸ ਹੈ। ਉਨ੍ਹਾਂ ਦੀ ਬਾਣੀ 'ਬਾਰਹ ਮਾਹਾ' ਵਿਚ ਇਹ ਸਾਰੇ ਰਹੱਸ ਉਘੜੇ ਹਨ। ਬਾਣੀ ਦਾ ਆਰੰਭ ਹੀ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ ਕਿ ''ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ।।'' ਇਸ ਵਿਚ ਵਿਜੋਗਣਿ ਦਾ ਭਰਵਾਂ ਬਿੰਬ ਹੈ। ਵਿਛੋੜੇ ਦੀ ਅਵਸਥਾ ਜਲ ਬਿਨ ਸਾਖ ਕੁਮਲਾ ਜਾਣ ਵਾਲੀ

ਹੈ। ਵਿਛੋੜੇ ਦੀ ਹਾਲਤ ''ਕਤ ਪਾਈਐ ਬਿਸਰਾਮ'' ਵਾਲੀ ਹੈ। ਵਿਜੋਗ ਵਿਚ ਦਰਦ ਹੈ ਪਰ ਬਾਣੀ ਵਿਚ ਇਸ ਦਰਦ ਨੂੰ ਸੁਖ ਵਿਚ ਬਦਲਾਉਣ ਦਾ ਮਾਰਗ ਆਪਣਾ ਹੈ। ਗੁਰੂ ਅਰਜਨ ਬਾਣੀ ਵਿਚ ਇਹ ਮਾਰਗ ਪ੍ਰੀਤਮ ਦੇ ਸਿਮਰਨ ਨਾਲ ਜੋੜਿਆ ਗਿਆ ਹੈ। ਕੰਤੁ ਵਿਹੂਣੀ ਬੇਚੈਨ ਆਤਮਾ ਹੈ ਅਤੇ ਆਪਣੇ ਕੰਤ ਨੂੰ ਮਿਲਣ ਲਈ ਸਤਸੰਗਿ, ਗੁਰੂ ਦੀ ਕਿਰਪਾ, ਮਿੱਠੇ ਬੋਲ ਅਤੇ ਕਰਮ ਕਮਾਉਣ ਲਈ ਉਪਦੇਸਿਆ ਹੈ। ਬਾਰਹ ਮਾਹਾ ਦੇ ਵੱਖ ਵੱਖ ਮਹੀਨਿਆਂ ਦੀ ਪ੍ਰਕ੍ਰਿਤੀ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਸੁਹਾਗਣ ਅਤੇ ਦੁਹਾਗਣ ਦੋਹਾਂ ਦਾ ਬਿੰਬ ਉਸਾਰਿਆ ਹੈ। ਦੁਹਾਗਣ ਉਹ ਹੈ ਜੋ ਭਰਮ ਵਿਚ ਭੁੱਲੀ ਬੈਠੀ ਹੈ। ਦੁਹਾਗਣ ਆਪਣੇ ਕਰਮਾਂ ਕਰਕੇ ਤਪਦੀ ਹੈ ਅਤੇ ਦੂਤਾਂ ਦੇ ਵੱਸ ਪੈਂਦੀ ਹੈ ਜਦ ਕਿ ਸੁਹਾਗਣ ਰਾਮ ਨਾਮੁ ਚਿਤਵਦੀ ਹੋਈ ਮਨ ਤਨ ਸ਼ਾਂਤ ਕਰ ਲੈਂਦੀ ਹੈ। ਸੁਹਾਗਣ ਅੰਦਰ ''ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ'' ਦੀ ਇੱਛਾ ਹੈ ਜਦ ਕਿ ਦੁਹਾਗਣ ਦੀ ਅਵਸਥਾ ਇਹ ਹੈ– ''ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ।।''ਮਿਲਾਪ ਦੇ ਇਸ ਮਾਡਲ ਨੂੰ ਗੁਰੂ ਅਰਜਨ ਨੇ ਆਪਣੀ ਬਾਣੀ ਵਿਚ ਬਾਰ ਬਾਰ ਦੁਹਰਾਇਆ ਹੈ। ''ਪਿਰੁ ਬਿਨੁ ਚੈਨੁ ਨ ਪਾਈਐ'' ਦੀ ਗੱਲ ਕਰਦਿਆਂ ਸਤਿਗੁਰੂ ਦੇ ਸਿਮਰਨ ਵੱਲ ਪ੍ਰੇਰਿਆ ਹੈ। ਅਸਲ ਵਿਚ ਗੁਰੂ ਅਰਜਨ ਬਾਣੀ ਵਿਚ ਇਸਤ੍ਰੀ ਦੀ ਕਾਰਜਸ਼ੀਲਤਾ ਦੇ ਬਾਵਜੂਦ ਪ੍ਰੀਤਮ ਪ੍ਰਭੂ ਦੀ ਕਿਰਪਾ ਨੇ ਹੀ ਅੰਤਿਮ ਅਵਸਥਾ ਵੱਲ ਲੈ ਕੇ ਜਾਣਾ ਹੈ। ਇਸਤ੍ਰੀ ਬੇਨਤੀ ਉਪਰ ਟਿਕੀ ਹੋਈ ਹੈ। 'ਦਿਨੁ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ।'' ਦਾ ਮਾਡਲ ਦਿੱਤਾ ਹੈ। ਗੁਰੂ ਅਰਜਨ ਬਾਣੀ ਵਿਚੋਂ ਹੇਠ ਲਿਖੀਆਂ ਤੁਕਾਂ ਬੜੀਆਂ ਅਰਥ ਭਰਪੂਰ ਹਨ ਜੋ ਪੀੜਾ ਅਤੇ ਮਿਲਾਪ ਦੀਆਂ ਅਵਸਥਾਵਾਂ ਨੂੰ ਪ੍ਰਗਟਾਉਣ ਵਾਲੀਆਂ ਹਨ ਜੋ ਆਪਣੇ ਪ੍ਰੀਤਮ ਤੋਂ ਦੂਰ ਹਨ, ਉਹ ਭਟਕ ਰਹੀਆਂ ਹਨ ਅਤੇ ਜੋ ਆਪਣੇ ਪ੍ਰਭੂ ਪਿਆਰੇ ਪ੍ਰੀਤਮ ਕੰਤ ਨੂੰ ਪ੍ਰਵਾਣ ਹਨ, ਉਹ ਮਿਲਾਪ ਦੇ ਰੰਗ ਵਿਚ ਰੰਗੀਆਂ ਹੋਈਆਂ ਹਨ।

ਗੁਰੂ ਅਰਜਨ ਬਾਣੀ ਵਿਚ ਤਾਂ ਬਾਰ ਬਾਰ ਇਹੀ ਬੇਨਤੀ ਹੈ ''ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ'' ਕਿਉਂਕਿ ''ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੇਦਿ'' ਭਾਵ ਪ੍ਰੀਤਮ ਹੀ ਧੀਰਜ ਬਣਾਉਣ ਵਾਲਾ ਹੈ, ਮੁਕਤ ਕਰਨ ਵਾਲਾ ਹੈ ਅਤੇ ਸ਼ਾਂਤ ਅਵਸਥਾ ਤੀਕ ਲੈ ਜਾਣ ਵਾਲਾ ਹੈ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਅਤੇ ਵਿਜੋਗ ਭਾਵਨਾ ਨੂੰ ਜੇਕਰ ਅਗਰਭੂਮੀ ਉਪਰ ਚਿਤਵਿਆ ਗਿਆ ਹੈ ਤਾਂ ਇਸਦਾ ਰਹੱਸ ਇਹ ਹੈ ਕਿ ਗੁਰੂ ਸਾਹਿਬ ਨੇ ਬਾਣੀ ਦਰਸ਼ਨ ਨੂੰ ਅਨੁਭਵ ਦੇ ਝਰੋਖੇ ਰਾਹੀਂ ਪ੍ਰਗਟਾਇਆ ਹੈ। ਇਸ ਬਾਣੀ ਵਿਚ ਗਿਆਨ ਨੂੰ ਅਨੁਭਵ ਅੰਦਰ ਆਤਮਸਾਤ ਕੀਤਾ ਗਿਆ ਹੈ। ਗੁਰੂ ਅਰਜਨ ਬਾਣੀ ਵਿਚ ਅਨੁਭਵ ਪਹਿਲੀ ਪਰਤ ਉਪਰ ਹੈ। ਇਸ ਅਨੁਭਵ ਵਿਚੋਂ ਜੇਕਰ ਬ੍ਰਿਹਾ ਦੀ ਹੂਕ ਨਿਕਲੀ ਹੈ ਤਾਂ ਇਸ ਹੂਕ ਵਿਚ ਵੀ ਨਿਮਰਤਾ ਹੈ, ਸ਼ਾਂਤ ਰਸ ਹੈ, ਬੇਨਤੀ ਹੈ ਅਤੇ ਆਪਣੇ ਨਾਲ ਮੇਲ ਲੈਣ ਦੀ ਅਨੰਤ ਅਰਦਾਸ ਹੈ। ਇਸ ਅਰਦਾਸ ਰੂਪੀ ਵਿਜੋਗ ਭਾਵਨਾ ਨੇ ਬੜੇ ਹੀ ਨਿਵੇਕਲੇ ਚਰਿਤਰ ਦੀ ਪੇਸ਼ਕਾਰੀ ਕੀਤੀ ਹੈ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਅਤੇ ਵਿਜੋਗ ਨੇ ਬੜੇ ਰਚਨਾਤਮਕ ਰੂਪ ਵਿਚ ਬਾਣੀ ਚਿੰਤਨ ਅਤੇ ਰਹੱਸ ਦੀ ਵਿਆਖਿਆ ਕੀਤੀ ਹੈ। ਗੁਰੂ ਅਰਜਨ ਬਾਣੀ ਵਿਚ ਬ੍ਰਿਹਾ ਦੀ ਪੀੜਾ ਉਹ ਜੀਵ-ਇਸਤ੍ਰੀ ਭੋਗਦੀ ਹੈ ਜੋ ਮਾਇਆ ਵਿਚ ਲੀਨ ਹੈ। ਜੋ ਪਿਆਰ ਵਿਚ ਬਿਹਬਲ ਹੈ, ਉਹ ਆਪਣੇ ਕੰਤ-ਪ੍ਰੀਤਮ ਨੂੰ ਪ੍ਰਾਪਤ ਕਰਕੇ ਸਦਾ ਲਈ ਲੀਨ ਹੋ ਜਾਂਦੀ ਹੈ।

ਕੁਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਬ੍ਰਿਹਾ ਭਾਵ ਪੰਜਾਬੀ ਕਾਵਿ ਪਰੰਪਰਾਵਾਂ ਦਾ ਰਚਨਾਤਮਕ ਸੂਤਰ ਬਣਿਆ ਹੈ। ਵਿਭਿੰਨ ਪਰੰਪਰਾਵਾਂ ਦੇ ਪਰਿਪੇਖ ਅਤੇ ਪਾਸਾਰ ਅਵੱਸ਼ ਭਿੰਨ ਹਨ ਪਰੰਤੂ ਇਹ ਦਰਦ, ਸੋਜ਼ ਅਤੇ ਸੱਲ੍ਹ ਪੰਜਾਬੀ ਕਵਿਤਾ ਦਾ ਕਰਤਾਰੀ ਨੇਮ ਬਣ ਕੇ ਉਦੈ ਹੋਇਆ ਹੈ।

—0—

# ਸਹਾਇਕ ਪੁਸਤਕ-ਸੂਚੀ

# ਸਹਾਇਕ ਪੁਸਤਕ-ਸੂਚੀ

## ਪੰਜਾਬੀ ਪੁਸਤਕਾਂ


**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,** ਭਾ. ਚਤਰ ਸਿੰਘ ਜੀਵਨ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

ਉਬਰਾ, ਮੋਹਨ ਸਿੰਘ, **ਸੂਫ਼ੀਆਂ ਦੇ ਕਲਾਮ,** ਦੇਵੀ ਦਾਸ ਜਾਨਕੀ ਦਾਸ, ਅੰਮ੍ਰਿਤਸਰ, 1943.

ਅਤਰ ਸਿੰਘ (ਡਾ.), **ਦ੍ਰਿਸ਼ਟੀਕੋਣ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1963.

————, **ਸਮਦਰਸ਼ਨ,** ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ, 1975.

————, **ਸਾਹਿਤ ਸੰਵੇਦਨਾ,** ਰਘਬੀਰ ਰਚਨਾ ਪ੍ਰਕਾਸ਼ਨ, ਚੰਡੀਗੜ੍ਹ, ਪਹਿਲੀ ਵਾਰ, 1984.

————, **ਕਾਵਿ ਅਧਿਐਨ,** ਲੋਕਗੀਤ ਪ੍ਰਕਾਸ਼ਨ, ਸਰਹਿੰਦ, 1990.

ਅਮੋਲ, ਸ.ਸ., **ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955.

————, **ਬਾਬਾ ਫ਼ਰੀਦ: ਜੀਵਨ ਤੇ ਰਚਨਾ,** ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਅਜਮੇਰ ਸਿੰਘ (ਡਾ.), **ਸਾਹਿਤ ਚਿੰਤਨਧਾਰਾ,** ਚੇਤਨ ਪ੍ਰਕਾਸ਼ਨ ਪੰਜਾਬੀ ਭਵਨ, ਲੁਧਿਆਣਾ, ਪਹਿਲੀ ਵਾਰ, 2001.

ਅਰਸ਼ੀ, ਗੁਰਚਰਨ ਸਿੰਘ, **ਪੰਜਾਬੀ ਸਾਹਿਤ ਦਾ ਵਿਚਾਰਧਾਰਕ ਪਰਿਪੇਖ,** ਪੰਜਾਬੀ ਅਕਾਦਮੀ ਡੀ. ਡੀ. ਏ. ਕਮਿਊਨਿਟੀ ਫੈਸਿਲੀਟੀਜ਼ ਕੰਪਲੈਕਸ ਪਹਾੜ੍ਹ ਗੰਜ ਦਿੱਲੀ, 1989.

ਅਰੋੜਾ, ਪ੍ਰੇਮ ਕੌਰ, **ਜੋ ਬ੍ਰਹਿਮੰਡੇ ਸੋਈ ਪਿੰਡੇ,** ਮਨਪ੍ਰੀਤ ਪ੍ਰਕਾਸ਼ਨ, ਦਿੱਲੀ ਪਹਿਲੀ ਵਾਰ, 2007.

ਅਵਤਾਰ ਸਿੰਘ (ਡਾ.), **ਸਿੱਖ ਧਰਮ ਦਾ ਨੈਤਿਕ ਪ੍ਰਸੰਗ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਸਾਹਿਬ ਸਿੰਘ (ਪ੍ਰੋ.), **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ,** ਰਾਜ ਪਬਲਿਸ਼ਰਜ਼, ਜਲੰਧਰ, ਤੀਜੀ ਛਾਪ।

————————, **ਸੁਖਮਨੀ ਸਾਹਿਬ ਸਟੀਕ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1976.

ਸੇਖੋਂ, ਸੰਤ ਸਿੰਘ, **ਸਾਹਿਤਿਆਰਥ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, ਤੀਜੀ ਵਾਰ, 1987.

ਸਤਬੀਰ ਸਿੰਘ (ਪ੍ਰਿੰ.), **ਸਾਡਾ ਇਤਿਹਾਸ ਦਸ ਪਾਤਸ਼ਾਹੀਆਂ ਭਾਗ-ਪਹਿਲਾ,** ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, 2004.

————————, **ਬਲਿਓ ਚਿਰਾਗ,** ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ ਜਲੰਧਰ, ਸੱਤਵੀਂ ਵਾਰ, 1996.

ਸੀਤਲ, ਸੋਹਨ ਸਿੰਘ, **ਗੁਰਬਾਣੀ ਵਿਚਾਰ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, 1978.

ਸੀਤਲ, ਜੀਤ ਸਿੰਘ (ਡਾ.), **ਪੰਜਾਬੀ ਸਾਹਿਤ ਦਾ ਆਲੋਚਨਾਤਮਕ ਇਤਿਹਾਸ,** ਪੈਪਸੂ ਬੁੱਕ ਡਿਪੂ, ਪਟਿਆਲਾ, 1979.

————————, **ਸ਼ਾਹ ਹੁਸੈਨ: ਜੀਵਨ ਤੇ ਰਚਨਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1995.

ਸੋਢੀ, ਟੀ. ਐਸ., **ਗੁਰੂ ਨਾਨਕ ਦਾ ਵਿਦਿਅਕ ਫਲਸਫਾ,** ਬਾਵਾ ਪਬਲੀਕੇਸ਼ਨਜ਼ 4141, ਅਰਬਨ ਅਸਟੇਟ ਫੇਜ਼-2, ਪਟਿਆਲਾ, 1997.

ਸ਼ਮਸ਼ੇਰ ਸਿੰਘ, **ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ,** ਪਟਿਆਲਾ, 1995.

ਸ਼ੇਰ ਸਿੰਘ (ਡਾ.), **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

ਸਰਬਜਿੰਦਰ ਸਿੰਘ (ਡਾ.), **ਗੁਰੂ ਗ੍ਰੰਥ ਸਾਹਿਬ ਸਰੂਪ ਤੇ ਵਿਚਾਰਧਾਰਾ,** ਸਿੱਖ ਫਾਊਡੇਸ਼ਨ, ਏ-35, ਲਾਜਪਤ ਨਗਰ, ਨਵੀਂ ਦਿੱਲੀ।

ਸਵਰਨ ਸਿੰਘ (ਡਾ.), **ਕਿੱਸਾ ਕਾਵਿ ਵਿਚ ਸਮਾਜ ਤੇ ਸਭਿਆਚਾਰ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, ਪਹਿਲੀ ਵਾਰ, 1981.

ਸਰੂਪ ਸਿੰਘ ਭੱਲਾ, **ਮਹਿਮਾ ਪ੍ਰਕਾਸ਼,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਸਿੰਗਲ, ਧਰਮਪਾਲ (ਡਾ.) (ਸੰਪਾ.) **ਸੋਲ੍ਹਵੀਂ ਸਦੀ ਦਾ ਚੌਣਵਾਂ ਪੰਜਾਬੀ ਸਾਹਿਤ,** ਨੇਸ਼ਨਲ ਬੁੱਕ ਟਰੱਸਟ, ਦਿੱਲੀ।

ਸੁਰਜੀਤ ਸਿੰਘ (ਡਾ.), **ਸੁਖਮਨੀ ਇਕ ਆਲੋਚਨਾਤਮਕ ਅਧਿਐਨ** (ਸ਼ੋਧ ਪ੍ਰਬੰਧ) ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1976.

ਹਰਿਭਜਨ ਸਿੰਘ (ਡਾ.), **ਮੁੱਲ ਅਤੇ ਮੁਲਅੰਕਣ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972.

——————, **ਅਧਿਐਨ ਅਤੇ ਅਧਿਆਪਨ,** ਨਵਚੇਤਨ ਪਬਲਿਸ਼ਰਜ਼, ਅੰਮ੍ਰਿਤਸਰ, 1972.

——————, **ਸਾਹਿਤ ਸ਼ਾਸਤਰ,** ਨਵਚੇਤਨ ਪਬਲਿਸਰਜ਼, ਅੰਮ੍ਰਿਤਸਰ, 1973.

——————, **ਗੁਰਮਤਿ ਵਿਆਖਿਆਨ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1974.

——————, **ਸਾਹਿਤ ਅਧਿਐਨ,** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1981.

ਹੀਰਾ, ਭਗਤ ਸਿੰਘ, **ਗੁਰਮਤਿ ਵਿਚਾਰਧਾਰਾ,** ਨੈਸ਼ਨਲ ਬੁੱਕ ਸ਼ਾਪ, ਦਿੱਲੀ, 1991.

ਕਵੀਸ਼ਰ, ਸਰਦੂਲ ਸਿੰਘ, **ਸਿੱਖ ਧਰਮ ਦਰਸ਼ਨ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.

ਕਾਂਗ, ਅਮਰਜੀਤ ਸਿੰਘ (ਡਾ.), **ਮੱਧਕਾਲੀ ਸਾਹਿਤ ਚਿੰਤਨ,** ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, 1980.

ਕਾਂਗ, ਅਮਰਜੀਤ ਸਿੰਘ (ਡਾ.), **ਕਿੱਸਾ ਸੰਸਾਰ,** ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, ਪਹਿਲੀ ਵਾਰ, 1980.

————————, **ਮੱਧਕਾਲੀ ਪੰਜਾਬੀ ਸਾਹਿਤ ਮੰਥਨ,** ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ, ਪਹਿਲੀ ਵਾਰ, 1992.

ਕਾਂਗ, ਕੁਲਬੀਰ ਸਿੰਘ (ਡਾ.), **ਕਿੱਸਾ ਕਾਵਿ ਇਕ ਸਮੀਖਿਆ,** ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ, ਪਹਿਲੀ ਵਾਰ, 1989.

ਕੁਲਜੀਤ ਸ਼ੈਲੀ, **ਪੰਜਾਬੀ ਸੂਫ਼ੀ ਕਵਿਤਾ ਦਾ ਬਿੰਬ ਵਿਵੇਕ,** ਪੰਜਾਬ ਪ੍ਰਕਾਸ਼ਨ, ਚੰਡੀਗੜ੍ਹ, 1989.

ਕੁਸ਼ਤਾ, ਮੌਲਾ ਬਖ਼ਸ਼, **ਪੰਜਾਬ ਦੇ ਹੀਰੇ,** ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1939.

ਗੁਲਵੰਤ ਸਿੰਘ, **ਇਸਲਾਮ ਤੇ ਸੂਫ਼ੀਵਾਦ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਗੁਰਚਰਨ ਸਿੰਘ (ਡਾ.), **ਬਾਣੀ : ਕੇਂਦਰ ਤੇ ਵਿਕੇਂਦਰ,** ਵਿਦਿਅਕ ਏਕਤਾ ਪ੍ਰਕਾਸ਼ਨ, ਦਿੱਲੀ, 1979.

ਗੁਰਦੇਵ ਸਿੰਘ (ਡਾ.), **ਹਾਸ਼ਮ ਦੀ ਕਾਵਿ ਰਚਨਾ,** ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪਹਿਲੀ ਵਾਰ, 1969.

————————(ਸੰਪਾ.), **ਸੱਸੀ-ਹਾਸ਼ਮ,** ਲਾਹੌਰ ਬੁਕ ਸ਼ਾਪ, ਲੁਧਿਆਣਾ, 1985.

ਗੁਰਦੇਵ ਸਿੰਘ (ਡਾ.), **ਪੰਜਾਬੀ ਸੂਫੀ-ਸਾਹਿਤ ਸੰਦਰਭ ਗ੍ਰੰਥ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989.

ਗਿੱਲ, ਤੇਜਵੰਤ ਸਿੰਘ, **ਪੰਜਾਬੀ ਸਾਹਿਤ ਸਮੀਖਿਆ ਅਤੇ ਵਿਹਾਰ,** ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ।

ਗੰਗਾ ਸਿੰਘ (ਪ੍ਰਿੰਸੀਪਲ), **ਸਿੱਖ ਧਰਮ ਫ਼ਿਲਾਸਫ਼ੀ,** ਸਿੰਘ ਬ੍ਰਦਰਜ਼, ਅੰਮ੍ਰਿਤਸਰ, 1998.

ਗੁਪਤਾ, ਐਮ. ਜੀ. (ਸੰਪਾ.), **ਸ੍ਰੀ ਗੁਰੂ ਅਰਜਨ ਦੇਵ — ਪਰਤੱਖ ਹਰਿ,** ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 1997.

ਗੋਪਾਲ ਸਿੰਘ, **ਗਰੰਥ ਸਾਹਿਬ-ਕਾਵਿ ਸਮਾਲੋਚਨਾ,** ਵਰਲਡ ਬੁੱਕ ਸੈਂਟਰ, ਨਵੀਂ ਦਿੱਲੀ, 1987.

ਘੁੰਮਣ, ਬਿਕਰਮ ਸਿੰਘ (ਡਾ.), **ਮੱਧਕਾਲੀਨ ਪੰਜਾਬੀ ਸਾਹਿਤ,** ਚੰਨ ਪ੍ਰਿੰਟਿੰਗ ਪ੍ਰੈਸ, ਅੰਮ੍ਰਿਤਸਰ, ਪਹਿਲੀ ਵਾਰ, 1989.

ਜਗਤਾਰ (ਸੰਪਾ.), **ਸੂਫ਼ੀ ਕਾਵਿ ਤੇ ਉਸਦਾ ਪਿਛੋਕੜ** (ਅਲੀ ਅਬਾਸ ਸਯਦ ਜਲਾਲਪੁਰੀ) ਦੀਪਕ ਪਬਲਿਸ਼ਰਜ਼, ਜਲੰਧਰ, 1971.

ਜੱਗੀ, ਗੁਰਸ਼ਰਨ ਕੌਰ, (ਡਾ.), **ਗੁਰੂ ਅਰਜਨ ਦੇਵ: ਜੀਵਨ ਤੇ ਰਚਨਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਦਰਸ਼ਨ ਸਿੰਘ (ਡਾ.), **ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,** ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਦਰਸ਼ਨ ਸਿੰਘ (ਡਾ.) (ਸੰਪਾ.), **ਸਤਾਰ੍ਹਵੀਂ ਸਦੀ ਦਾ ਚੌਣਵਾਂ ਪੰਜਾਬੀ ਸਾਹਿਤ,** ਨੇਸ਼ਨਲ ਬੁੱਕ ਟਰੱਸਟ, ਦਿੱਲੀ।

ਦੀਵਾਨ ਸਿੰਘ (ਡਾ.), **ਗੁਰਮਤਿ ਨਿਰਣਯ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1994.

————————, **ਗੁਰਮਤਿ ਵਿਚਾਰ,** ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, 1989.

ਦੀਵਾਨ ਸਿੰਘ (ਪ੍ਰੋ.), **ਸਿੱਖ ਧਰਮ ਵਿਚ ਭਗਤੀ ਅਤੇ ਸ਼ਕਤੀ,** ਰੂਹੀ ਪ੍ਰਕਾਸ਼ਨ ਅੰਮ੍ਰਿਤਸਰ ਪਹਿਲੀ ਵਾਰ, 2007.

ਦੇਵਿੰਦਰ ਸਿੰਘ, **ਪੰਜਾਬੀ ਸੂਫ਼ੀ ਸਾਹਿਤ ਅਧਿਐਨ,** ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1986.

ਦੁੱਗਲ, ਕਰਤਾਰ ਸਿੰਘ, **ਅੰਮ੍ਰਿਤ ਬਾਣੀ (ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਵਿਚੋਂ ਚੋਣ),** ਸਾਹਿਤ ਅਕਾਦੇਮੀ, ਦਿੱਲੀ, 1997.

ਨੂਰ, ਸਤਿੰਦਰ ਸਿੰਘ (ਡਾ.), **ਆਧੁਨਿਕ ਪੰਜਾਬੀ ਕਾਵਿ : ਸਿਧਾਂਤਕ ਪਰਿਪੇਖ,** ਆਰਸੀ ਪਬਲਿਸ਼ਰਜ਼, ਦਿੱਲੀ, 1971.

ਪਦਮ, ਪਿਆਰਾ ਸਿੰਘ, **ਪੰਜਾਬੀ ਸਾਹਿਤ ਦੀ ਰੂਪ-ਰੇਖਾ,** ਕਲਮ ਮੰਦਰ, ਪਟਿਆਲਾ, 1971.

ਪਦਮ, ਪਿਆਰਾ ਸਿੰਘ, **ਹਾਸ਼ਮ ਰਚਨਾਵਲੀ,** ਸਰਦਾਰ ਸਾਹਿਤ ਭਵਨ, ਪਟਿਆਲਾ, ਤੀਜੀ ਵਾਰ, 1996.

————————, **ਬਾਣੀ ਗੁਰੂ ਅਰਜਨ ਦੇਵ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਪਰਮਿੰਦਰ ਸਿੰਘ, ਕਸੇਲ, ਕਿਰਪਾਲ ਸਿੰਘ ਲਾਂਭਾ, ਗੋਬਿੰਦ ਸਿੰਘ **ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,** ਲਾਹੌਰ ਬੁਕ ਸ਼ਾਪ, ਲੁਧਿਆਣਾ ਪੰਜਵਾਂ ਸੰਸਕਰਣ, 1982.

ਪੂਰਨ ਸਿੰਘ, **ਗੁਰੂ ਸ਼ਬਦ ਵਿਸਮਾਦ ਭੇਦ,** ਅਜੀਤ ਸਿੰਘ ਲਾਂਭਾ, ਪੰਜਾਬੀ ਪਬਲੀਕੇਸ਼ਨਜ਼ 412/7 ਪਟਿਆਲਾ ਪਹਿਲਾ ਸੰਸਕਰਣ, 2003.

ਪ੍ਰੇਮ ਪ੍ਰਕਾਸ਼ ਸਿੰਘ (ਡਾ.), **ਗੁਰੂ ਨਾਨਕ ਅਤੇ ਨਿਰਗੁਣਧਾਰਾ,** ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973.

ਪ੍ਰੀਤਮ ਸਿੰਘ (ਪ੍ਰੋ.), **ਸਿੱਖ ਵਿਚਾਰਧਾਰਾ,** ਸ਼੍ਰੋਮਣੀ ਗੁ. ਪ੍ਰ. ਕਮੇਟੀ, ਅੰਮ੍ਰਿਤਸਰ।

ਬਦਨ, ਬਲਦੇਵ ਸਿੰਘ, **ਗੁਰਬਾਣੀ ਵਿਚਾਰਧਾਰਾਈ ਪਰਿਪੇਖ,** ਨੈਸ਼ਨਲ ਬੁੱਕ ਟਰੱਸਟ ਇੰਡੀਆ, ਨਵੀਂ ਦਿੱਲੀ, 1989.

————————, **ਗੁਰਬਾਣੀ ਚਿੰਤਨ,** ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2003.

ਬੇਦੀ, ਕਾਲਾ ਸਿੰਘ, **ਗੁਰੂ ਨਾਨਕ ਕਾਵਿ ਚਿੰਤਨ,** ਪੰਜਾਬੀ ਬੁੱਕ ਸਟੋਰ, ਮੇਨ ਬਾਜ਼ਾਰ, ਪਹਾੜ ਗੰਜ, ਨਵੀਂ ਦਿੱਲੀ।

ਬੇਦੀ, ਕਾਲਾ ਸਿੰਘ, **ਵਾਰਕਾਰ ਗੁਰੂ ਨਾਨਕ,** ਪੰਜਾਬੀ ਬੁੱਕ ਸਟੋਰ, ਨਵੀਂ ਦਿੱਲੀ।

ਬੇਦੀ, ਗੁਰਨਾਮ ਕੌਰ, **ਗੁਰਮਤਿ ਵਿਵੇਚਨ,** ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, ਪਹਿਲੀ ਵਾਰ, 1994.

————————, **ਜਪੁਜੀ ਸਚਿਆਰ ਸੰਕਲਪ,** ਵਾਰਿਸ ਸ਼ਾਹ ਫਾਊਂਡੇਸ਼ਨ ਸਨਜ਼ ਅੰਮ੍ਰਿਤਸਰ, 1994.

ਬ੍ਰਹਮ ਜਗਦੀਸ਼ ਸਿੰਘ, **ਗੁਰੂ ਨਾਨਕ ਬਾਣੀ ਦਾ ਸਾਹਿਤਕ ਪਰਿਪੇਖ,** ਰੂਹੀ ਪ੍ਰਕਾਸ਼ਨ, ਅੰਮ੍ਰਿਤਮਸਰ, 1995.

————————, **ਗੁਰੂ ਨਾਨਕ ਦੇਵ ਦੀ ਜੀਵਨ ਦਰਸ਼ਨ ਅਤੇ ਬਾਣੀ,** ਵਾਰਿਸ ਸ਼ਾਹ ਫਾਊਂਡੇਸ਼ਨ ਅੰਮ੍ਰਿਤਸਰ, ਪਹਿਲੀ ਵਾਰ, 2003.

ਭੱਲਾ, ਜਸਬੀਰ ਸਿੰਘ (ਡਾ.), **ਸਿੱਖ ਸਿਧਾਂਤ ਗੁਰਮਤਿ ਵਿਚਾਰਧਾਰਾ,** ਮਨਪ੍ਰੀਤ ਪ੍ਰਕਾਸ਼ਨ, ਪਹਿਲੀ ਛਾਪ, ਦਿੱਲੀ, 2003.

ਭਾਰਤੀ, ਹਰੀ ਸਿੰਘ (ਪ੍ਰੋ.) **ਗੁਰੂ ਨਾਨਕ ਦਾ ਅਧਿਆਤਮਕ ਮਾਰਗ,** ਪ੍ਰਕਾਸ਼ਨ, ਸੰਦੀਪ ਪਬਲੀਕੇਸ਼ਨ 3236/2, ਡੀ, ਚੰਡੀਗੜ੍ਹ।

ਵਜ਼ੀਰ ਸਿੰਘ, (ਡਾ.), **ਸਿੱਖ ਦਰਸ਼ਨਧਾਰਾ,** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.

ਸ਼ੇਰ ਸਿੰਘ (ਪ੍ਰੋ.), **ਗੁਰਮਤਿ ਦਰਸ਼ਨ,** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

## ਖੋਜ ਪੱਤ੍ਰਕਾਵਾਂ

**ਖੋਜ ਪੱਤ੍ਰਿਕਾ** (ਗੁਰਮਤਿ ਕਾਵਿ ਅੰਕ), ਸਤੰਬਰ 1985, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਨਾਨਕ ਪ੍ਰਕਾਸ਼ ਪੱਤ੍ਰਿਕਾ** (ਭਗਤੀ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਨਾਨਕ ਪ੍ਰਕਾਸ਼ ਪੱਤ੍ਰਿਕਾ** (ਸਿੱਖ ਅਧਿਅਨ ਅੰਕ),1990, ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਪੰਜਾਬੀ ਦੁਨੀਆ** (ਭਗਤੀ ਵਿਸ਼ੇਸ਼ ਅੰਕ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

**ਪੰਜਾਬੀ ਦੁਨੀਆ** (ਗੁਰਮਤਿ ਸਾਹਿਤ ਚਿੰਤਨ ਵਿਸ਼ੇਸ਼ ਅੰਕ), ਅਪ੍ਰੈਲ ਮਈ ਜੂਨ 1999, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

## ਹਿੰਦੀ ਪੁਸਤਕਾਂ

ਓਮ ਪ੍ਰਕਾਸ਼ (ਡਾ.), **ਮੱਧਕਾਲੀਨ ਹਿੰਦੀ ਔਰ ਪੰਜਾਬੀ ਪ੍ਰੇਮਾਖਿਆਨ,** ਹਿੰਦੀ ਸਾਹਿਤ ਸੰਸਾਰ, ਦਿੱਲੀ, 1971.

ਸਹਿਗਲ, ਮਨਮੋਹਨ, **ਗੁਰੂ ਗ੍ਰੰਥ ਸਾਹਿਬ ਏਕ ਸਾਂਸਕ੍ਰਿਤਕ ਸਰਵੇਖਣ,** ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971.

ਦਿਵੇਦੀ, ਹਜ਼ਾਰੀ ਪ੍ਰਸਾਦ, **ਮੱਧਕਾਲੀਨ ਬੋਧ ਕਾ ਸਵਰੂਪ,** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ,1970.

————————, **ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ,** ਚੰਡੀਗੜ੍ਹ, 1965.

ਗੁਲਾਟੀ ਯਸ਼, **ਸੂਫ਼ੀ ਕਵਿਤਾ ਕੀ ਪਹਿਚਾਨ,** ਪ੍ਰਵੀਨ ਪ੍ਰਕਾਸ਼ਨ, ਮਹਿਰੌਲੀ, ਨਈ ਦਿੱਲੀ, 1979.

ਪਾਂਡੇ, ਰਾਜਬਲੀ, **ਹਿੰਦੂ ਧਰਮ ਕੋਸ਼,** ਉਤਰ ਪ੍ਰਦੇਸ਼ ਹਿੰਦੀ ਸੰਸਥਾਨ, ਹਿੰਦੀ ਸਮਿਤੀ ਪ੍ਰਭਾਗ, ਲਖਨਊ, 1975.

ਰਾਮ ਨਰੈਣ ਪਾਂਡੇ, **ਭਗਤੀ ਕਾਵਿ ਮੇਂ ਰਹੱਸਵਾਦ,** ਪੁਸਤਕ ਭੰਡਾਰ, ਪਟਨਾ।

ਸ਼ੁਕਲ, ਰਾਮ ਸ਼ੰਕਰ, **ਭਾਸ਼ਾ ਸ਼ਬਦ ਕੋਸ਼,** ਰਾਮ ਨਾਰਾਇਣ ਲਾਲ ਈਨੀ ਪ੍ਰਸਾਦ, ਇਲਾਹਾਬਾਦ, 1974.

ਸ਼ਰਮਾ, ਰਾਜ ਕੁਮਾਰ (ਡਾ.), **ਕਵਿਤਾ ਕੀ ਰਚਨਾ ਯਾਤਰਾ,** ਲੋਕ ਪ੍ਰਕਾਸ਼ਨ, ਗਾਜੀਆਬਾਦ, 1984.


## English Books


Avtar Singh, **Ethics of the Sikhs,** Punjabi University Patiala, 1970.

Darshan Singh (Dr.), **Indian Bhakti Movement and the Sikh Gurus,** Lyall Book Depot, Ludhiana, 1968.

Duncan Grenleese, **The Gospel of Guru Granth Sahib,** The Theosophical, Publishing House, Adyar, Madra, 1960.

Diwana,Mohan Singh (Dr.) **An Introduction to Punjabi Literature,** Kasturi Lal & Sons Amritsar, 1958.

Ishwari Prasad, **History of Medieval India,** The Indian Press Publication pvt. Ltd. Allahabad, 1966.

Kirpal Singh (Dr.), **Guru Nanak's Concept of Naam,** Panjab University, Chandigarh, 1976.

Kohli, Surinder Singh (Dr.) **A Critical Study of Adi Granth,** Pbi. Writer's, co-op, Ind. Society, New Delhi, 1961.

---------------------- **Outlines of Sikh Thoughts,** Punjabi Pustakmala New Delhi, 1966.

-----------------------, **Philosophy of Guru Nanak,** Punjabi University, Chandigarh, 1969.

Sher Singh (Dr.), **Philosophy of Sikhism,** Sikh University Press, Lahore, 1943.


*Sohal*

*******
*****
***
*

692479